ਸਾਹਿਤ, ਕਲਾ ਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ
SHABAD is an International Quarterly of Literature, Art and Culture

# ਸ਼ਬਦ

ਸਾਲ : 23 ਪੁ : ਲੜੀ : 89 ਜਨਵਰੀ-ਮਾਰਚ, 2020

*ਮੁੱਖ ਸੰਪਾਦਕ*
**ਹਰਮਹਿੰਦਰ ਚਹਿਲ**
7305, Sterling Grove Dr., Springfield VA 22150 U.S.A.
Ph. 001-703-362-3239
Email : Chahals57@Yahoo.com

*ਸੰਪਾਦਕ*
**ਹਰਜੀਤ ਅਟਵਾਲ**
67, Hillside Road, Southall, Middlesex , England. UB1 2PE
Ph. : 020-85780393 Mobile : 07782-265726
e mail: harjeetatwal@yahoo.co.uk

**ਜਿੰਦਰ**
984, Rajput Nagar, Near Surinder Welding Works,
Model House, Jalandhar-144003
Mobile : 98148 03254
Email : jinder340@gmail.com
Website : www.shabadsaar.com

ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।
Saiffi, Bank Of India, Account No 640410100003680, IFSC No BKID0006404. Branch Satluj Markeet , Jalandhar

**ਵਿਸ਼ੇਸ਼ ਨੋਟ** : ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।
***ਚੰਦਾ :*** 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,
***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ 'ਚ ਹੋਵੇਗੀ।

## ਮੇਰਾ ਪੰਨਾ

ਕਿਸੇ ਵੀ ਸਾਹਿਤ ਦੇ ਮੂੰਹ-ਮੱਥੇ ਨੂੰ ਸੰਵਾਰਨ ਵਿੱਚ ਸੰਪਾਦਕਾਂ ਦਾ ਅਹਿਮ ਰੋਲ ਹੁੰਦਾ ਹੈ। ਯੂਰਪ ਵਿੱਚ ਕਿਤਾਬਾਂ ਦੇ ਵੀ ਸੰਪਾਦਕ ਹੁੰਦੇ ਹਨ ਤੇ ਹੁੰਦੇ ਵੀ ਜ਼ਰੂਰੀ ਹਨ। ਜਿਥੇ ਲੇਖਕ ਆਪਣੀ ਕਿਤਾਬ ਪੂਰੀ ਕਰਦਾ ਹੈ ਉਥੋਂ ਸੰਪਾਦਕ ਦਾ ਕੰਮ ਸ਼ੁਰੂ ਹੁੰਦਾ ਹੈ। ਹਰ ਕਿਤਾਬ ਸੰਪਾਦਕ ਦੇ ਹੱਥਾਂ ਵਿੱਚ ਦੀ ਜ਼ਰੂਰ ਲੰਘਦੀ ਹੈ। ਫੇਰ ਹੀ ਪਬਲਿਸ਼ਰ ਉਸ ਨੂੰ ਛਾਪਦਾ ਹੈ। ਪਰ ਪੰਜਾਬੀ ਸਾਹਿਤ ਵਿੱਚ ਇਹ ਰਿਵਾਜ ਨਹੀਂ ਹੈ ਇਸ ਲਈ ਅਸੀਂ ਇੱਥੇ ਸਾਹਿਤਕ ਮੈਗਜ਼ੀਨਾਂ ਦੇ ਸੰਪਾਦਕਾਂ ਦੀ ਗੱਲ ਕਰ ਰਹੇ ਹਾਂ। ਪੰਜਾਬੀ ਦੇ ਸੰਪਾਦਕਾਂ ਦੀ ਸਾਹਿਤ ਨੂੰ ਬਹੁਤ ਵੱਡੀ ਦੇਣ ਹੈ। ਸੰਪਾਦਨਾ ਬਹੁਤ ਅਹਿਮ ਕੰਮ ਹੈ ਪਰ ਇਹਨਾਂ ਵਿੱਚੋਂ ਬਹੁਤੇ ਸੰਪਾਦਕ ਅਣਗੌਲ਼ੇ ਹੀਰੋ ਹੀ ਰਹਿ ਜਾਂਦੇ ਹਨ। ਬਹੁਤ ਸਾਰੇ ਸੰਪਾਦਕ ਅਜਿਹੇ ਹੋਏ ਹਨ ਜਿਹਨਾਂ ਨੇ ਪੰਜਾਬੀ ਸਾਹਿਤ ਨੂੰ ਵੱਧਣ-ਫੁੱਲਣ ਵਿੱਚ ਬਹੁਤ ਵੱਡਾ ਹਿੱਸਾ ਪਾਇਆ ਹੈ ਪਰ ਅੱਜ ਉਹਨਾਂ ਨੂੰ ਕੋਈ ਚੇਤੇ ਵੀ ਨਹੀਂ ਕਰਦਾ। ਸੱਠਵਿਆਂ ਵਿੱਚ ਪੰਜਾਬੀ ਦੇ ਦੋ ਸਪਤਾਹਿਕ ਮੈਗਜ਼ੀਨ ਨਿਕਲਿਆ ਕਰਦੇ ਸਨ, 'ਸਮਰਾਟ' ਤੇ 'ਹਾਣੀ'। ਇਹਨਾਂ ਦਾ ਪੱਧਰ ਤਾਂ ਕੋਈ ਖਾਸ ਨਹੀਂ ਸੀ ਪਰ ਇਹ ਨਵੇਂ ਲੇਖਕਾਂ ਨੂੰ ਪੂਰੀ ਥਾਂ ਦਿਆ ਕਰਦੇ ਸਨ। ਇਹ ਇਕ ਕਿਸਮ ਨਾਲ ਲੇਖਕਾਂ ਲਈ ਨਰਸਰੀ ਜਾਂ ਪ੍ਰਾਈਮਰੀ ਸਕੂਲ ਵਾਂਗ ਸਨ। ਬਹੁਤ ਸਾਰੇ ਅੱਜ ਦੇ ਸਥਾਪਤ ਲੇਖਕ ਵੀ ਇਹਨਾਂ ਵਿੱਚ ਛਪਦੇ ਰਹੇ ਹਨ।ਨਵੇਂ ਲੇਖਕਾਂ ਨੂੰ ਛਪਣ ਲਈ ਮੈਗਜ਼ੀਨ ਚਾਹੀਦੇ ਹੁੰਦੇ ਹਨ। ਜਿੰਨਾ ਚਿਰ ਉਹਨਾਂ ਦੀ ਲਿਖਤ ਵਿੱਚ ਪੁਖਤਗੀ ਨਹੀਂ ਆਉਂਦੀ ਬਹੁਤੇ ਮੈਗਜ਼ੀਨ ਉਹਨਾਂ ਨੂੰ ਛਾਪਣ ਤੋਂ ਝਿਜਕਦੇ ਹੁੰਦੇ ਹਨ ਸੋ ਉਹਨਾਂ ਨੂੰ ਛਪਣ ਲਈ 'ਹਾਣੀ' ਜਾਂ 'ਸਮਰਾਟ' ਜਿਹੇ ਮੈਗਜ਼ੀਨਾਂ ਦੀ ਲੋੜ ਹੁੰਦੀ ਹੈ। ਇਹ ਕੰਮ ਇਹਨਾਂ ਦੋਵਾਂ ਮੈਗਜ਼ੀਨਾਂ ਨੇ ਬਾਖੂਬੀ ਨਾਲ ਕੀਤਾ ਸੀ ਪਰ ਇਹਨਾਂ ਦੇ ਸੰਪਾਦਕ ਕੌਣ ਸਨ ਇਹਨਾਂ ਬਾਰੇ ਬਹੁਤੇ ਲੋਕ ਨਹੀਂ ਜਾਣਦੇ। ਇਹਨਾਂ ਤੋਂ ਉੱਤੇ 'ਅਮਰ ਕਹਾਣੀਆਂ', 'ਪ੍ਰੀਤਮ','ਕੰਵਲ' ਤੇ 'ਪੂਜਾ' ਨਾਂ ਦੇ ਮੈਗਜ਼ੀਨ ਵੀ ਛਪਦੇ ਸਨ। ਬੱਸ-ਅੱਡਿਆਂ 'ਤੇ ਅਜਿਹੇ ਮੈਗਜ਼ੀਨ ਧੜਾ-ਧੜ ਵਿਕਦੇ ਸਨ ਭਾਵੇਂ ਅੱਜ ਇਹ ਬੱਸ-ਅੱਡਿਆਂ ਵਾਲੀਆਂ ਕਿਤਾਬਾਂ ਦੀਆਂ ਦੁਕਾਨਾਂ ਬੰਦ ਹੋ ਰਹੀਆਂ ਹਨ। ਹੋਰ ਵੀ ਬਹੁਤ ਸਾਰੇ ਮੈਗਜ਼ੀਨ ਆਏ ਤੇ ਆਪਣਾ ਰੋਲ ਨਿਭਾਅ ਕੇ ਤੁਰ ਗਏ। ਉਹਨਾਂ ਮੈਗਜ਼ੀਨਾਂ ਜਾਂ ਸੰਪਾਦਕਾਂ ਦਾ ਕਿਧਰੇ ਜ਼ਿਕਰ ਨਹੀਂ ਮਿਲਦਾ। ਛੋਟੀ ਪੱਧਰ 'ਤੇ ਜਾਂ ਕਹਿ ਲਈਏ ਕਿ ਆਰਜ਼ੀ ਤੌਰ 'ਤੇ ਬਹੁਤ ਸਾਰੇ ਗੰਭੀਰ ਕਿਸਮ ਦੇ ਮੈਗਜ਼ੀਨ ਵੀ ਪਰਦੇ 'ਤੇ ਆਏ ਜਿਵੇਂ ਕਿ 'ਪੰਜ ਦਰਿਆ', 'ਭੂਮਿਕਾ', 'ਸੇਧ', 'ਇਕੱਤੀ ਫਰਵਰੀ', 'ਸੰਪਰਕ', 'ਸਰਦਲ', 'ਸੱਜਰੀ ਪੈੜ', 'ਦਿਸ਼ਾ', 'ਅੰਬਰ', 'ਵਿਕਲਪ', 'ਆਬਸ਼ਾਰ', 'ਝਾਂਜਰ', 'ਸਿਆੜ' ਤੇ ਬਹੁਤ ਸਾਰੇ ਹੋਰ। 'ਦ੍ਰਿਸ਼ਟੀ' ਨਾਮੀ ਇਕ ਸਾਹਿਤਕ ਮੈਗਜ਼ੀਨ ਜਲੰਧਰ ਤੋਂ ਨਿਕਲਿਆ ਸੀ ਜਿਸ ਦਾ ਸੰਪਾਦਕ ਬਰਜਿੰਦਰ ਹਮਦਰਦ ਸੀ। ਇਸ ਮੈਗਜ਼ੀਨ ਦਾ ਵਾਹਵਾ ਨਾਂ ਸੀ ਪਰ ਸੰਪਾਦਕ ਦੀ ਤਰਜੀਹ ਅਖ਼ਬਾਰ ਹੋਣ ਕਰਕੇ ਇਹ ਮੈਗਜ਼ੀਨ ਬੰਦ ਕਰਨਾ ਪਿਆ। ਇਕ ਵਾਰ ਤਾਂ 'ਦ੍ਰਿਸ਼ਟੀ' ਨੇ ਬਾਕੀ ਦੇ ਸਾਰੇ ਮੈਗਜ਼ੀਨ ਪਿੱਛੇ ਛੱਡ ਦਿੱਤੇ ਸਨ।

ਕੇ. ਸ. ਵਿਜੈ ਨੇ ਜਲੰਧਰ ਤੋਂ 'ਨੀਲਮਣੀ' ਸ਼ੁਰੂ ਕੀਤਾ ਸੀ। ਸਵਰਨ ਚੰਦਨ ਨੇ ਵੀ ਇਕ ਮੈਗਜ਼ੀਨ ਕੱਢਿਆ ਸੀ ਜਿਸ ਦਾ ਨਾਂ 'ਸੂਰਜ' ਸੀ। ਕਿਸੇ ਗੱਲੋਂ ਇਹ ਮੈਗਜ਼ੀਨ ਉਸ ਨੂੰ ਕੁਝ ਅੰਕ ਕੱਢ ਕੇ ਬੰਦ ਕਰਨਾ ਪਿਆ ਪਰ ਇਸ ਮੈਗਜ਼ੀਨ ਦਾ ਅਹਿਮ ਰੋਲ ਰਿਹਾ ਹੈ। ਸਵਰਨ ਚੰਦਨ ਦਾ ਸੰਪਾਦਕ ਦੇ ਤੌਰ 'ਤੇ ਕਦੇ ਜ਼ਿਕਰ ਨਹੀਂ ਹੋਇਆ। ਉਸ ਵਾਂਗ ਹੋਰ ਵੀ ਕਈ ਸੰਪਾਦਕ ਹਨ ਜਿਹੜੇ ਲੇਖਕ ਵੀ ਸਨ ਪਰ ਉਹ ਸੰਪਾਦਕ ਵਜੋਂ ਚੇਤੇ ਨਹੀਂ ਕੀਤੇ ਜਾਂਦੇ, ਲੇਖਕ ਭਾਵੇਂ ਉਹ ਅੱਜ ਵੀ ਵੱਡੇ ਗਿਣੇ ਜਾਂਦੇ ਹਨ।

ਵਿਦੇਸ਼ਾਂ ਵਿੱਚ ਵੀ ਪੰਜਾਬੀ ਦੇ ਮੈਗਜ਼ੀਨ ਕੱਢਣ ਦੇ ਯਤਨ ਹੁੰਦੇ ਰਹੇ ਹਨ। ਜਦੋਂ ਤੋਂ ਪੰਜਾਬੀ ਬਾਹਰਲੇ ਮੁਲਕਾਂ ਵਿੱਚ ਸੈਟਲ ਹੋਣੇ ਸ਼ੁਰੂ ਹੋਏ ਉਦੋਂ ਤੋਂ ਹੀ ਸਾਹਿਤਕ ਸਰਗਰਮੀਆਂ ਦੇਖਣ ਨੂੰ ਮਿਲਦੀਆਂ ਹਨ। ਸਾਹਿਤਕ ਮੈਗਜ਼ੀਨ ਵੀ ਨਿਕਲਦੇ ਰਹੇ ਹਨ। ਇੰਗਲੈਂਡ ਤੋਂ ਜ਼ਿਕਰ ਯੋਗ ਮੈਗਜ਼ੀਨਾਂ ਵਿੱਚੋਂ ਇਕ ਪਰਚਾ ਗੁਰਸ਼ਰਨ ਅਜੀਬ ਨੇ ਕੱਢਿਆ ਸੀ, 'ਰਚਨਾ'। ਕੁਝ ਸਾਲ ਇਹ ਬੜੀ ਕਾਮਯਾਬੀ ਨਾਲ ਨਿਕਲਿਆ ਪਰ ਬਾਅਦ ਵਿੱਚ ਇਕਦਮ ਹੀ ਬੰਦ ਹੋ ਗਿਆ। ਐਦਾਂ ਹੀ ਇਕ ਹੋਰ ਮੈਗਜ਼ੀਨ 'ਮੇਰੀ ਬੋਲੀ ਮੇਰਾ ਧਰਮ' ਗੁਰਬਚਨ ਸਿੰਘ ਭੂਈ ਨੇ ਇੰਡੀਆ ਤੋਂ ਜਾ ਕੇ ਵਿਸ਼ੇਸ਼ ਤੌਰ 'ਤੇ ਕੱਢਿਆ ਸੀ ਪਰ ਇਹ ਵੀ ਬੰਦ ਹੋ ਗਿਆ ਸੀ। ਭੂਈ ਦੇ ਇਸ ਯਤਨ ਦਾ ਕਦੇ ਜ਼ਿਕਰ ਨਹੀਂ ਹੋਇਆ।ਐਦਾਂ ਹੀ ਇਕ ਹੋਰ ਮੈਗਜ਼ੀਨ 'ਪਰਦੇਸਣ' ਵੀ ਬਹੁਤ ਸਾਲ ਨਿਕਲਦਾ ਰਿਹਾ। ਐਵੇਂ ਹੀ ਕਨੇਡਾ ਦੇ ਲੇਖਕਾਂ ਨੇ ਵੀ 'ਵਤਨ', 'ਆਰ-ਪਾਰ' ਵਰਗੇ ਮੈਗਜ਼ੀਨ ਕੱਢੇ। ਇਹਨਾਂ ਮੈਗਜ਼ੀਨਾਂ ਨੂੰ ਤਾਂ ਸ਼ਾਇਦ ਕੋਈ ਚੇਤੇ ਕਰਦਾ ਹੋਵੇਗਾ ਪਰ ਇਹਨਾਂ ਦੇ ਸੰਪਾਦਕਾਂ ਦਾ ਕਦੇ ਕਿਸੇ ਦੀ ਗੱਲ ਨਹੀਂ ਹੋਈ।

ਅਮਰੀਕ ਅਮਨ ਨੇ ਅੰਮ੍ਰਿਤਸਰ ਤੋਂ 'ਲੋਅ' ਕੱਢਿਆ ਤੇ ਬਹੁਤ ਸਾਲ ਇਹ ਮੈਗਜ਼ੀਨ ਕਾਮਯਾਬੀ ਨਾਲ ਚੱਲਦਾ ਰਿਹਾ। ਕਿਸੇ ਕਾਰਨ ਇਹ ਮੈਗਜ਼ੀਨ ਬੰਦ ਹੋ ਗਿਆ ਸੀ। ਅੱਜ 'ਲੋਅ' ਦੀ ਚਰਚਾ ਤਾਂ ਹੁੰਦੀ ਹੋਵੇਗੀ ਪਰ ਅਮਰੀਕ ਅਮਨ ਬਾਰੇ ਸ਼ਾਇਦ ਹੀ ਕੋਈ ਗੱਲ ਕਰਦਾ ਹੋਵੇ। ਪੰਜਾਬੀ ਵਿੱਚ ਕੁਝ ਮੈਗਜ਼ੀਨ ਅਜਿਹੇ ਵੀ ਨਿਕਲੇ ਹਨ ਜੋ ਲੋਕਾਂ ਦੀਆਂ ਬੈਠਕਾਂ ਦਾ ਸ਼ਿੰਗਾਰ ਵੀ ਬਣਦੇ ਰਹੇ ਹਨ। ਇਹਨਾਂ ਵਿੱਚੋਂ ਇਕ 'ਕੌਮੀ ਏਕਤਾ' ਮੈਗਜ਼ੀਨ ਦਿੱਲੀ ਤੋਂ ਨਿਕਲਦਾ ਸੀ। ਇਸ ਮੈਗਜ਼ੀਨ ਵਿੱਚ ਰਾਜਨੀਤਕ, ਧਾਰਮਿਕ, ਸਭਿਆਚਾਰਕ, ਸਾਹਿਤਕ ਆਦਿ ਲੇਖ ਹੁੰਦੇ ਸਨ। ਭਾਵ ਕਿ ਹਰੇਕ ਦੇ ਸੁਆਦ ਦਾ ਧਿਆਨ ਰੱਖਦਾ ਸੀ ਇਹ ਮੈਗਜ਼ੀਨ ਪਰ ਰਜਿੰਦਰ ਸਿੰਘ ਦੀ ਮੌਤ ਨਾਲ ਹੀ ਇਹ ਵੀ ਬੰਦ ਹੋ ਗਿਆ ਸੀ। ਅੱਜ ਰਜਿੰਦਰ ਸਿੰਘ ਦਾ ਕਿਤੇ ਨਾਂ ਨਹੀਂ। ਅਜਿਹੇ ਹੀ ਅਣਗੌਲ਼ੇ ਹੀਰੋਆਂ ਵਿੱਚੋਂ ਇਕ ਵਿਸ਼ੇਸ਼ ਨਾਂ ਹੈ ਅਮਰਜੀਤ 'ਅਕਸ' ਦਾ। ਉਸ ਨੇ ਪੱਚੀ ਸਾਲ ਤੋਂ ਵੱਧ ਸਮਾਂ 'ਅਕਸ' ਨਾਮੀ ਮੈਗਜ਼ੀਨ ਕੱਢਿਆ। ਇਹ ਇਕ ਕਾਮਯਾਬ ਮੈਗਜ਼ੀਨ ਸੀ। ਉਸ ਨੇ ਬਹੁਤ ਸਾਰੇ ਲੇਖਕਾਂ ਨੂੰ ਇਸ ਵਿੱਚ ਥਾਂ ਦਿੱਤੀ। ਨਵੇਂ ਲੇਖਕਾਂ ਨੂੰ ਸਥਾਪਤ ਕੀਤਾ। ਉਸ ਨੇ ਕਹਾਣੀਆਂ ਤੇ ਨਾਵਲ ਵੀ ਲਿਖੇ ਹਨ। ਅੱਜ ਅਮਰਜੀਤ 'ਅਕਸ' ਦਾ ਪੰਜਾਬੀ ਸਾਹਿਤ ਵਿੱਚ



ਕੋਈ ਨਾਂ-ਥਾਂ ਨਹੀਂ ਦਿੱਸਦਾ।ਸਾਨੂੰ ਨਿਸ਼ਾਨਦੇਹੀ ਕਰਨੀ ਚਾਹੀਦੀ ਹੈ ਜਿਨ੍ਹਾਂ ਕਾਰਨਾਂ ਕਰਕੇ ਅਮਰਜੀਤ 'ਅਕਸ' ਜਿਹੇ ਸੰਪਾਦਕਾਂ ਨੂੰ ਵਿਸਾਰਿਆ ਜਾ ਰਿਹਾ ਹੈ।

ਪਰ ਪੰਜਾਬੀ ਸਾਹਿਤ ਵਿੱਚ ਕੁਝ ਅਜਿਹੇ ਸੰਪਾਦਕ ਵੀ ਹੋਏ ਹਨ ਜੋ ਚਾਨਣ-ਮੁਨਾਰਿਆਂ ਵਾਂਗ ਹਨ। ਅੱਜ ਵੀ ਲੇਖਕ ਤੇ ਪਾਠਕ 'ਪ੍ਰੀਤਲੜੀ', 'ਨਾਗਮਣੀ' ਤੇ 'ਆਰਸੀ' ਨੂੰ ਚੇਤੇ ਕਰਦੇ ਹਨ। ਬਿਨਾਂ ਸ਼ੱਕ ਇਨ੍ਹਾਂ ਤਿੰਨਾਂ ਮੈਗਜ਼ੀਨਾਂ ਦੇ ਸੰਪਾਦਕਾਂ ਦਾ ਕੱਦ ਵੱਡਾ ਸੀ। ਇਨ੍ਹਾਂ ਵਿੱਚ ਛਪਣ ਵਾਲੇ ਲੇਖਕਾਂ ਨੂੰ ਸਥਾਪਤ ਲੇਖਕ ਮੰਨ ਲਿਆ ਜਾਂਦਾ ਸੀ। ਇਨ੍ਹਾਂ ਤੋਂ ਬਾਅਦ ਰਘਬੀਰ ਸਿੰਘ ਦਾ 'ਸਿਰਜਣਾ' ਮੈਗਜ਼ੀਨ ਆਉਂਦਾ ਹੈ। ਇਸ ਨੂੰ ਕਹਾਣੀ ਦਾ ਵੱਡਾ ਮੈਗਜ਼ੀਨ ਮੰਨਿਆਂ ਜਾਂਦਾ ਹੈ। ਰਘਬੀਰ ਸਿੰਘ ਨੇ ਇਸ ਦਾ ਇਕ ਮਿਆਰ ਸਥਾਪਤ ਕੀਤਾ। ਹੁਣ ਭਾਵੇਂ ਇਸ ਦਾ ਪਹਿਲਾਂ ਜਿਹਾ ਮਿਆਰ ਤਾਂ ਨਹੀਂ ਰਿਹਾ ਪਰ ਇਸ ਦੀ ਪੰਜਾਬੀ ਸਾਹਿਤ ਨੂੰ ਬਹੁਤ ਵੱਡੀ ਦੇਣ ਹੈ। ਇਸ ਮੈਗਜ਼ੀਨ ਨੇ ਵੱਡੇ ਕਹਾਣੀਕਾਰ ਪੈਦਾ ਕੀਤੇ ਤੇ ਛੋਟਿਆਂ ਨੂੰ ਵੀ ਬਣਦੀ ਥਾਂ ਦਿੱਤੀ। ਪ੍ਰੇਮ ਪ੍ਰਕਾਸ਼ ਦੇ 'ਲਕੀਰ' 'ਚ ਛਪਦੀਆਂ ਬਹਿਸਾਂ ਕਈ ਤਰ੍ਹਾਂ ਦੀਆਂ ਨਵੀਆਂ ਗੱਲਾਂ ਸ਼ੁਰੂ ਕਰਦੀਆਂ, ਭਾਵੇਂ ਉਸ 'ਤੇ ਇਹ ਦੋਸ਼ ਲੱਗਦਾ ਰਿਹਾ ਹੈ ਕਿ ਉਹ ਆਪਣੇ ਆਪ ਨੂੰ ਪ੍ਰਮੋਟ ਕਰ ਰਿਹਾ ਹੈ। 'ਲਕੀਰ' ਦੀ ਵਿਸ਼ੇਸ਼ਤਾ ਇਸ ਗੱਲ 'ਚ ਸੀ ਕਿ ਇਸ ਨੇ ਨਵੇਂ ਕਹਾਣੀਕਾਰਾਂ ਨੂੰ ਬਹੁਤ ਥਾਂ ਦਿੱਤੀ। ਪ੍ਰਮੋਟ ਵੀ ਕੀਤਾ ਤੇ ਇਹ ਵੀ ਅਸਿੱਧੇ ਰੂਪ 'ਚ ਕਿਹਾ ਕਿ ਬਹੁਤੀ ਕਹਾਣੀ ਉਸ ਦੇ ਅਸਰ ਹੇਠਾਂ ਲਿਖੀ ਜਾ ਰਹੀ ਹੈ। 'ਲਕੀਰ' ਤੋਂ ਬਾਅਦ ਹੁਣ ਅਜਿਹਾ ਕੋਈ ਮੈਗਜ਼ੀਨ ਨਹੀਂ ਰਿਹਾ ਜਿਸ ਨੇ ਸੰਪਾਦਕ ਦਾ ਕੱਦ ਵੱਡਾ ਕੀਤਾ ਹੋਵੇ। ਵੱਡੇ ਕੱਦ ਵਾਲੇ ਵੱਡਾ ਕੰਮ ਕਰਦੇ ਹਨ। ਉਹਨਾਂ ਦੀ ਸੋਚ ਵੱਡੀ ਹੁੰਦੀ ਹੈ। ਕੁਝ ਵੀ ਹੋਵੇ 'ਪ੍ਰੀਤਲੜੀ', 'ਨਾਗਮਣੀ', 'ਆਰਸੀ', 'ਲੋਅ', 'ਸਿਰਜਣਾ' ਤੇ 'ਲਕੀਰ' ਦੇ ਸੰਪਾਦਕਾਂ ਨੇ ਪੰਜਾਬੀ ਸਾਹਿਤ ਦੀ ਬਹੁਤ ਸੇਵਾ ਕੀਤੀ ਹੈ। ਅੱਜ ਵੀ ਬਹੁਤ ਸਾਰੇ ਮੈਗਜ਼ੀਨ ਨਿਕਲ ਰਹੇ ਹਨ ਪਰ ਅੱਜ ਦੇ ਸੰਪਾਦਕਾਂ ਵਿੱਚ ਪਹਿਲਿਆਂ ਸੰਪਾਦਕਾਂ ਵਰਗੀ ਕੋਈ ਵੀ ਗੱਲ ਨਹੀਂ ਹੈ। ਪਹਿਲੇ ਸੰਪਾਦਕ ਲੇਖਕਾਂ ਨਾਲ ਨੇੜੇ ਦਾ ਰਾਬਤਾ ਰੱਖਦੇ ਸਨ। ਰਘਬੀਰ ਸਿੰਘ ਲੇਖਕ ਨੂੰ ਉਸ ਦੀ ਕਹਾਣੀ ਬਾਰੇ ਸਲਾਹ ਦਿੰਦਾ ਚਿੱਠੀ ਲਿਖਿਆ ਕਰਦਾ ਸੀ। ਵੱਡੇ ਵੱਡੇ ਲੇਖਕਾਂ ਦੀ ਕਹਾਣੀ ਜੇ ਉਸ ਨੂੰ ਪਸੰਦ ਨਾ ਆਵੇ ਤਾਂ ਵਾਪਸ ਕਰ ਦਿਆ ਕਰਦਾ ਸੀ। ਪ੍ਰੇਮ ਪ੍ਰਕਾਸ਼ ਵੀ ਕਹਾਣੀਕਾਰ ਨੂੰ ਗਾਈਡ ਕਰਦਾ ਹੁੰਦਾ ਸੀ। ਉਹ ਦੋਵੇਂ ਸੰਪਾਦਕ ਲੇਖਕ ਨੂੰ ਉਸ ਦੀ ਰਚਨਾ ਬਾਰੇ ਨਿਰਪੱਖ ਰਾਏ ਦਿੰਦੇ ਸਨ। ਪਰ ਅੱਜ ਉਹੋ ਜਿਹੀਆਂ ਗੱਲਾਂ ਨਹੀਂ ਰਹੀਆਂ। ਅੱਜ ਰਚਨਾ ਨਾਲੋਂ ਦੋਸਤੀਆਂ ਤੇ ਪੈਸਾ ਜ਼ਿਆਦਾ ਪੈਂਡਾ ਕਰਦਾ ਹੈ। ਪੰਜਾਬੀ ਸਾਹਿਤ ਦੇ ਨਿਘਾਰ ਦਾ ਇਕ ਇਹ ਵੀ ਕਾਰਨ ਹੈ।

**ਇਸ ਵਾਰ**

## ਲਹਿੰਦੇ ਪੰਜਾਬ ਦਾ ਨਾਵਲ

# ਕੌਣ/ਮੁਦੱਸਰ ਬਸ਼ੀਰ

*ਮੁਦੱਸਰ ਬਸ਼ੀਰ ਦਾ ਜਨਮ 1974 'ਚ ਹੋਇਆ। ਉਸ ਨੇ ਉਰਦੂ, ਪੋਲੀਟੀਕਲ ਸਾਇੰਸ ਤੇ ਹਿਸਟਰੀ ਦੀ ਮਾਸਟਰ ਡਿਗਰੀ ਤੋਂ ਇਲਾਵਾ, ਕਾਨੂੰਨ ਦੀ ਡਿਗਰੀ ਤੇ ਐਮ. ਬੀ. ਏ. ਕੀਤੀ। ਉਹ ਇਕੋ ਵੇਲੇ ਜਰਨਲਿਸਟ, ਇਤਿਹਾਸਕਾਰ ਤੇ ਗਲਪਕਾਰ ਹੈ ਜਿਸ ਨੇ ਸਾਹਿਤ ਨੂੰ ਗਿਆਰ੍ਹਾਂ ਕਿਤਾਬਾਂ ਦਿੱਤੀਆਂ। ਅਨੇਕਾਂ ਹੀ ਲੇਖ, ਨਾਵਲ, ਕਵਿਤਾ ਤੇ ਇਤਿਹਾਸ ਬਾਰੇ ਪੰਜਾਬੀ ਤੇ ਉਰਦੂ 'ਚ ਲਿਖੇ। ਉਹ ਮਸ਼ਹੂਰ ਲੇਖਕ ਤੇ ਆਲੋਚਕ ਨਜਮ ਹੁਸੈਨ ਸੱਯਦ ਤੋਂ ਪ੍ਰਭਾਵਤ ਹੋਇਆ। ਉਸ ਨੂੰ ਪਾਕਿਸਤਾਨ ਦੇ ਵੱਡੇ ਐਵਾਰਡ ਜਿਵੇਂ ਕਿ ਮਸੂਦ ਖਦਰ ਪੋਸ਼, ਸ.ਫ਼ਾਕਤ ਤਨਵੀਰ ਮਿਰਜਾ ਐਵਾਰਡ ਮਿਲੇ। 'ਕੌਣ' ਨਾਵਲਿਟ ਨੂੰ ਢਾਹਾਂ ਐਵਾਰਡ, 2019 ਮਿਲਿਆ। ਅੱਜ ਕੱਲ੍ਹ ਉਹ ਮਸ਼ਹੂਰ ਅਦਾਰੇ ਸੂਈ ਨਾਰਥਨ ਗੈੱਸ ਪਾਈਪਲਾਈਨ ਲਿਮਟਿਡ ਤੇ ਮੀਡੀਆ ਅਫੇਅਰ ਦੇ ਮਹਿਕਮੇ 'ਚ ਕੰਮ ਕਰ ਰਿਹਾ ਹੈ। ਉਸ ਦਾ ਨਾਵਲ 'ਕੌਣ' ਇਕ ਵੱਖਰੀ ਕਿਸਮ ਦੀ ਰਚਨਾ ਹੈ। ਅਜਿਹਾ ਨਾਵਲ ਸ਼ਾਇਦ ਪੰਜਾਬੀ ਵਿੱਚ ਪਹਿਲਾਂ ਨਾ ਆਇਆ ਹੋਵੇ। ਨਾਵਲਕਾਰ ਨੇ ਇਸ ਨਾਵਲ ਵਿੱਚ ਆਰੀਆਂ ਦੇ ਹਿੰਦੋਸਤਾਨ ਵਿੱਚ ਆਉਣ ਤੋਂ ਲੈ ਕੇ ਅੱਜ ਦੇ ਸੋਸ਼ਲ ਮੀਡੀਆ ਬਾਰੇ ਗੱਲ ਕੀਤੀ ਹੈ। ਇਹ ਨਾਵਲ ਮਨੁੱਖ ਦੇ ਕੁਦਰਤ ਨਾਲ, ਮਨੁੱਖ ਦੇ ਇਤਿਹਾਸ ਨਾਲ, ਮਨੁੱਖ ਦੇ ਉਸਦੀ ਆਪਣੀ ਹੋਣੀ ਨਾਲ ਵਾਹ ਬਾਰੇ ਹੈ। ਸਮੁੱਚੀ ਮਨੁੱਖਤਾ ਦੇ ਇਤਿਹਾਸ ਵਿੱਚ ਔਰਤ ਦੀ ਤਰਾਸਦੀ ਨੂੰ ਬਾਖੂਬੀ ਨਾਲ ਚਿਤਰਿਆ ਗਿਆ ਹੈ। ਨਾਵਲਕਾਰ ਦੀ ਕਲਪਨਾ ਦੀ ਉਡਾਰੀ ਵੀ ਹੈਰਾਨਕੁੰਨ ਹੈ। ਜਦੋਂ ਬਾਬਾ ਨਾਨਕ ਕੀਰਤਨ ਕਰਦਾ ਹੈ ਤਾਂ ਕੁਦਰਤ ਨਾਲ ਐਦਾਂ ਇਕਮਿਕ ਹੋ ਜਾਂਦਾ ਹੈ ਕਿ ਪਸ਼ੂ-ਪੰਛੀ, ਜਲ-ਜੀਵ ਉਸ ਦੁਆਲੇ ਇਕੱਠੇ ਹੋ ਜਾਂਦੇ ਹਨ। ਬਾਬਾ ਨਾਨਕ ਫਰੀਦ ਦੇ ਸ਼ਲੋਕਾਂ ਦਾ ਗਾਇਨ ਵੀ ਕਰਦਾ ਹੈ। ਇਹ ਨਾਵਲ ਨਾਵਲਕਾਰ ਦੀ ਵੱਖ-ਵੱਖ ਵਿਸ਼ਿਆਂ 'ਤੇ ਡੂੰਘੀ ਪਕੜ ਦਾ ਗਵਾਹ ਵੀ ਹੈ। ਇਸ 'ਚ ਨਿਵੇਕਲਾਪਨ ਹੈ। ਪੱਛਮੀ ਪੰਜਾਬ ਦੀ ਬੋਲੀ 'ਚ ਇਕ ਵਿਸ਼ੇਸ਼ ਖਿੱਚ ਤਾਂ ਹੈ ਹੀ।*

ਫ਼ਿਲਮ ਦੀ ਸ਼ੂਟਿੰਗ ਮੁੱਕੀ, ਪੈਕ-ਅਪ ਹੋਇਆ, ਡਾਇਰੈਕਟਰ ਦੇ ਓਕੇ ਮਗਰੋਂ ਲਾਈਟ ਮੈਨ, ਮੇਕ-ਅਪ ਸਟਾਫ਼, ਐਕਸਟਰਾ ਕੁੜੀਆਂ ਮੁੰਡੇ ਨੱਸੀ-ਦੌੜੀ ਜਾ ਰਹੇ ਸਨ। ਕੁੱਝ ਚਿਰ ਅਗਦੋਂ ਇੱਕ ਹੋਰ ਫ਼ਿਲਮ ਦੀ ਅਗਲੀ ਸ਼ਿਫ਼ਟ ਹੋਵਣੀ ਸੀ। ਅਸਿਸਟੈਂਟ ਡਾਇਰੈਕਟਰ ਦੇ ਮਗਰ ਮਗਰ ਐਕਸਟਰਾ ਕੁੜੀਆਂ ਮੁੰਡੇ ਟੁਰ ਪਏ, ਇਸ ਆਸ ਨਾਲ਼, ਖ਼ੌਰੇ ਇੰਜ ਉਨ੍ਹਾਂ ਨੂੰ ਉਸ ਫ਼ਿਲਮ ਵਿੱਚ ਮਾੜਾ ਮੋਟਾ ਕੰਮ ਲੱਭ ਜਾਵੇ। ਮਿਊਜ਼ਿਕ ਡਾਇਰੈਕਟਰ, ਇੱਕ ਪ੍ਰੋਡਿਊਸਰ ਨੂੰ ਨਵੀਆਂ ਤਰਜ਼ਾਂ ਸੁਣਾਉਂਦਾ ਹੋਇਆ ਟੁਰਦਾ ਪਿਆ ਸੀ ਤੇ ਉਨ੍ਹਾਂ ਦੋਹਾਂ ਦੇ ਨਾਲ਼ ਈ ਵਡੇਰੀ ਉਮਰ ਦਾ ਇੱਕ ਸ਼ਾਇਰ ਆਪਣੀਆਂ ਡਾਇਰੀਆਂ ਸਾਂਭਦਾ ਉਨ੍ਹਾਂ ਦੀਆਂ ਗੱਲਾਂ ਉੱਤੇ ਸਿਰ ਹਿਲਾਉਂਦਾ ਜਾ ਰਿਹਾ



ਸੀ। ਅੰਗਰੇਜ਼ਾਂ ਦੇ ਵੇਲੇ ਦਾ ਸਟੂਡਿਓ ਕਈਆਂ ਵਿੱਘਿਆਂ ਦੇ ਪਸਾਰ ਵਿੱਚ ਸੀ, ਜਿਸਦੀ ਆਪਣੀ ਇੱਕ ਵੱਖਰੀ ਦੁਨੀਆ ਸੀ। ਜ਼ਮਾਨੇ ਨਾਲ਼ ਬਦਲਦੇ ਹਿਸਾਬ-ਕਿਤਾਬ ਵਿੱਚ ਦਿਨ ਰਾਤੀਂ ਜਗਣ ਵਾਲੇ ਇਸ ਸਟੂਡਿਓ ਵਿੱਚ ਪਹਿਲੇ ਵਾਲਾ ਵੇਲ਼ਾ ਨਹੀਂ ਰਿਹਾ ਸੀ। ਪਰ ਉਸ ਦੀ ਅੰਦਰਲੀ ਇਮਾਰਤ ਤੇ ਹਯਾਤੀ ਪਹਿਲੇ ਵਾਂਗ ਈ ਖਲੋਤੀ ਹੋਈ ਸੀ। ਪੁਰਾਣੇ ਬਾਗ਼ ਦੇ ਵਿਚਕਾਰ ਇੱਕ ਫ਼ਵਾਰਾ ਲੱਗਿਆ ਹੋਇਆ ਸੀ ਤੇ ਉਸ ਦੇ ਨਾਲ਼ ਚਾਰੇ ਪਾਸੇ ਬੁੱਤ ਉਸਰੇ ਹੋਏ ਸਨ। ਬਾਗ਼ ਦੇ ਸਾਹਮਣੇ ਕੰਟੀਨ ਸੀ, ਜਿਸ ਦੀਆਂ ਕੰਧਾਂ ਉੱਤੇ ਠੇਕੇਦਾਰ ਨੇ ਸਹਿਗਲ, ਨੂਰ ਜਹਾਨ, ਦਲੀਪ ਕੁਮਾਰ, ਮਧੂਬਾਲਾ, ਨਰਗਿਸ, ਨੂਤਨ, ਮੁਹੰਮਦ ਅਲੀ, ਜ਼ੇਬਾ ਤੇ ਵਹੀਦ ਮੁਰਾਦ ਦੀਆਂ ਫ਼ੋਟੋਆਂ ਲਾਈਆਂ ਹੋਈਆਂ ਸਨ। ਸ਼ਿਫ਼ਟ ਮੁੱਕਣ ਮਗਰੋਂ ਕੰਟੀਨ ਉੱਤੇ ਰਸ਼ ਪੈ ਗਿਆ। ਫ਼ਿਲਮ ਦੇ ਡਾਇਰੈਕਟਰ ਜ਼ੋਜ਼ਫ਼ ਨੇ ਸਰਮਦ ਦੀ ਬਾਂਹ ਫੜੀ ਤੇ ਬਾਗ਼ ਦੀ ਇੱਕ ਨੁੱਕਰ ਵਿੱਚ ਮਰਮਰ ਦੇ ਉਸਰੇ ਬੈਂਚ ਉੱਤੇ ਉਹਨੂੰ ਲੈ ਕੇ ਬੈਠ ਗਿਆ:

"ਸਰਮਦ ਜੀ, ਇਹ ਐਕਟਿੰਗ ਵੈਕਟਿੰਗ ਤੁਹਾਡੇ ਵੱਸ ਦਾ ਰੋਗ ਨਹੀਂ!"

"ਜ਼ੋਜ਼ਫ਼, ਬਾਲਪਣ ਦਾ ਯਾਰ ਹੋ ਕੇ, ਇਹੋ ਜਿਹੀਆਂ ਗੱਲਾਂ ਤੇ ਨਾ ਕਰ!"

"ਜਿਗਰ! ਇਹ ਇੱਕ ਕਲਾ ਹੈ। ਇਸ ਨੂੰ ਅਪਣਾ ਖ਼ੂਨ ਦੇਵਣਾ ਪੈਂਦਾ ਏ। ਤੁਸੀਂ ਠਹਿਰੇ ਕਾਮਰਸ ਪੜ੍ਹੇ ਕਾਰੋਬਾਰੀ ਬੰਦੇ ਜਿਹੜੇ ਦੋ ਜਮ੍ਹਾਂ ਦੋ, ਚਾਰ ਕਰਦੇ ਰਹਿੰਦੇ ਨੇਂ। ਪਰ ਇਹ ਆਰਟ ਏ ...... ਇੱਥੇ ਦੋ ਜਮ੍ਹਾਂ ਦੋ, ਤਿੰਨ ਵੀ ਹੁੰਦੇ ਨੇਂ ਤੇ ਪੰਜ ਵੀ ਹੋ ਜਾਂਦੇ ਨੇਂ। ਪਾਤਰ ਨੂੰ ਆਪਣੇ ਅੰਦਰ ਲਾਹੁਣਾ ਪੈਂਦਾ ਏ। ਬੰਦੇ ਦੀ ਆਪਣੀ ਹਸਤੀ ਮੁੱਕ ਜਾਂਦੀ ਏ। ਸਕਰੀਨ ਉੱਤੇ ਬਸ ਪਾਤਰ ਈ ਸੱਭ ਕੁੱਝ ਹੁੰਦਾ ਏ।"

ਜ਼ੋਜ਼ਫ਼ ਨੇ ਸਿਗਰੇਟ ਲਾਉਂਦਿਆਂ ਆਖਿਆ:

"ਯਾਰ, ਮੇਰੇ ਵਾਂਗੂੰ ਕਈ ਹੋਰ ਵੀ ਪਾਰਟ ਟਾਇਮਰ ਹੈਗੇ ਨੇਂ। ਇਸ ਚਾਹ ਵਾਲੇ ਮੁੰਡੇ ਨੂੰ ਕਈ ਵਾਰੀ ਨਿੱਕੇ ਮੋਟੇ ਰੋਲ ਕਰਦਿਆਂ ਵੇਖਿਆ ਏ।"

"ਉਹ ਪਹਿਲਾਂ ਇੱਕ ਐਕਟਰ ਏ ਤੇ ਮਗਰੋਂ ਚਾਹ ਵਾਲਾ ...... ਰੋਜ਼ੀ ਰੋਟੀ ਦੀ ਮਜਬੂਰੀ ਇਸ ਦੇ ਨਾਲ ਏ। ਇਹਦੀ ਮਾਂ ਤੱਪੜ-ਵਾਸੀਆਂ ਵਿੱਚੋਂ ਸੀ, ਜਿਹਨਾਂ ਦੇ ਘਰਾਂ ਵਿੱਚ ਲੋਕ- ਥੇਟਰ ਨਾਲ ਨਾਲ ਟੁਰਦਾ ਏ। ਇਹ ਲੋਕ ਸਾਰੀ ਦਿਹਾੜੀ ਕੰਮ ਕਰਦੇ ਤੇ ਪਾਤਰੋਂ ਬਾਹਰ ਹੋ ਜਾਂਦੇ। ਫ਼ਿਰ ਜਦੋਂ ਪਾਤਰ ਦੇ ਕੰਮ ਵੱਲ ਆਉਂਦੇ, ਰੋਜ਼ੀ ਰੋਟੀ ਭੁੱਲ ਜਾਂਦੇ। ਇਹ ਗੁਣ ਇਨ੍ਹਾਂ ਲੋਕਾਂ ਵਿੱਚ ਪੀੜੀਉ ਪੀੜੀ ਸਦੀਆਂ ਤੋਂ ਟੁਰੀ ਆ ਰਿਹਾ ਏ। ਇੰਜ ਦਾ ਈ ਕੰਮ ਸਾਨੂੰ ਬ੍ਰੇਖ਼ਤ ਦੇ ਥੇਟਰ ਵਿੱਚ ਦਿੱਸਦਾ ਏ। ਉੱਥੇ ਵੀ ਪਾਤਰ, ਪਾਤਰ ਦੀ ਹਸਤੀ ਤੇ ਉਹਦਾ ਰੋਲ, ਯਾਅਨੀ ਹਰ ਸ਼ੈਅ ਨੂੰ ਵੱਖੋ-ਵੱਖ ਤੇ ਇਕੱਠਿਆਂ ਕਰਕੇ ਵੀ ਵੇਖਿਆ ਜਾਂਦਾ ਏ।"

"ਤੁਸੀਂ ਇਹ ਕਹਿਣਾ ਚਾਹੁੰਦੇ ਓ ਕਿ ਪਾਤਰ ਨੂੰ ਵੱਖਰਿਆਂ ਕਰ ਕੇ ਵੇਖਿਆ ਜਾਵੇ?"

ਸਰਮਦ ਨੇ ਵੀ ਸਿਗਰੇਟ ਲਾ ਲਿਆ, ਤੇ ਜ਼ੋਜ਼ਫ਼ ਨੇ ਗੱਲ ਅਗਾਂਹ ਵਧਾਈ:

"ਆਗਸਤੋ ਬਵਾਲ ਦਾ ਆਖਣਾ ਇਸ ਤੋਂ ਅੱਡ ਏ। ਉਹ ਤੇ ਕਾਸਟਯੂਮ ਨੂੰ ਵੀ ਕੋਈ ਖ਼ਾਸ ਥਾਂ ਨਹੀਂ ਦਿੰਦਾ। ਪਾਤਰ ਤੇ ਐਕਟਰ ਇੱਕ ਹੋ ਜਾਵਣ......ਇੱਥੇ ਹਿੰਦੁਸਤਾਨੀ ਫ਼ਿਲਮ ਵਿੱਚ ਇੰਜ ਈ ਹੋਇਆ। ਆਪਣੇ ਵੇਲੇ ਕਈ ਉਚੇਚੇ ਨਾਂ ਜੱਗ ਵਿੱਚ ਮੰਨੇ-ਪ੍ਰਮੰਨੇ ਹੋਏ ਨੇਂ। ਕੁੱਝ ਫ਼ਿਲਮਾਂ ਇੰਜ ਦੀਆਂ ਵੀ ਬਣੀਆਂ ਕਿ ਐਕਟਰ ਅਤੇ ਪਾਤਰ ਦਾ ਪਾਸਾ ਭਾਰਾ ਸੀ, ਤੇ ਫ਼ਿਲਮ ਮੁੱਕਣ ਮਗਰੋਂ ਵੀ ਉਹ ਉਨ੍ਹਾਂ ਦੀ ਹਸਤੀ ਤੋਂ ਨਾ ਲੱਥਿਆ। ਫ਼ਿਰ ਸਾਇਕਾਟ੍ਰਿਸਟ ਡਾਕਟਰਾਂ ਉਨ੍ਹਾਂ

ਦਾ ਇਲਾਜ ਕੀਤਾ।"

ਜ਼ੋਜ਼ਫ਼ ਨੇ ਕੰਟੀਨ ਦੇ ਮੁੰਡੇ ਨੂੰ ਚਾਹ ਲਿਆਉਣ ਦਾ ਆਖਿਆ।

ਇੰਨੇ ਵਿੱਚ ਮੇਨ-ਗੇਟ ਤੋਂ ਕਾਲ਼ੀ ਗੱਡੀ ਵਿੱਚ ਇੱਕ ਫ਼ਿਲਮੀ ਹੀਰੋ ਅੰਦਰ ਆਇਆ ਤੇ ਬਾਗ਼ ਵਿੱਚ ਬੈਠੇ ਕਾਲਜ ਦੇ ਕੁੜੀਆਂ ਮੁੰਡੇ ਆਟੋਗ੍ਰਾਫ਼ ਲੈਵਣ ਪਾਰੋਂ ਉਹਦੇ ਵੱਲ ਲਹਿੰਦੇ ਗਏ ਤੇ ਜ਼ੋਜ਼ਫ਼ ਨੇ ਹੌਲੀ ਜਿਹੀ ਹੱਸ ਕੇ ਸਰਮਦ ਵੱਲ ਤੱਕਿਆ।

"ਸਾਇਕਾਟ੍ਰਿਸਟ ਕੋਲ਼ ਤੇ ਦਲੀਪ ਕੁਮਾਰ ਵੀ ਗਏ ਸਨ। ਇਹ ਵੀ ਆਖਿਆ ਜਾਂਦਾ ਏ ਕਿ ਫ਼ਿਲਮ 'ਦਸਤਕ' ਮਗਰੋਂ ਜ਼ੁਹਰਾ ਨੇ ਖ਼ੁਦਕਸ਼ੀ ਕਰ ਲਈ ਸੀ।"

ਸਰਮਦ ਨੇ ਆਖਿਆ।

"ਸਰਕਾਰ, ਤੁਸਾਂ ਨੂੰ ਵੀ ਲੋੜ ਏ ਇੱਕ ਚੰਗੇ ਜਿਹੇ ਸਾਇਕਾਟ੍ਰਿਸਟ ਦੀ ਕਿਉਂਜੇ ਤੁਸੀਂ ਐਕਟਰ ਨਹੀਂ, ਅਸਲ ਵਿੱਚ ਹੀਰੋ ਬਣਨ ਆਏ ਓ ......ਸਾਹਮਣੇ ਖੜੇ ਉਸ ਹੀਰੋ ਵਾਂਗੂੰ!"

"ਯਾਰ ਤੂੰ ਮੈਨੂੰ ਜੋ ਮਰਜ਼ੀ ਏ ਕਹਿ ਲੈ, ਬਸ ਇਕ ਅਖ਼ੀਰਲਾ ਚਾਂਸ ਦੇ ਛੱਡ!"

"ਸਰਮਦ! ਇੱਕ ਐਕਟਰ ਨੂੰ ਕੁਦਰਤ ਕੋਲੋਂ ਸਿੱਖਣਾ ਪੈਂਦਾ ਏ। ਜ਼ਰਾ ਸਾਹਮਣੇ ਵੇਖ, ਸਫ਼ੈਦੇ ਦੇ ਰੁੱਖ ਕਿਵੇਂ ਇੱਕ ਸੇਧ ਵਿੱਚ ਨੇਂ। ਇੰਜ ਲੱਗਦਾ ਏ ਜਿਵੇਂ ਰੈਂਪ ਉੱਤੇ ਮਾਡਲਾਂ ਖਲੋਤੀਆਂ ਹੋਵਣ!"

ਜ਼ੋਜ਼ਫ਼ ਨੇ ਸਰਮਦ ਨੂੰ ਰੁੱਖਾਂ ਵੱਲ ਧਿਆਨ ਦਵਾਂਦਿਆਂ ਆਖਿਆ ਤੇ ਸਰਮਦ ਨੇ ਇੱਕ ਨਵਾਂ ਸਿਗਰੇਟ ਲਾਇਆ:

"ਮੈਂ ਇੱਕ ਅਖ਼ੀਰਲੇ ਚਾਂਸ ਦੀ ਗੱਲ ਕੀਤੀ ਸੀ। ਤੂੰ ਮੈਨੂੰ ਕੁਦਰਤ ਵੱਲ ਲੈ ਗਿਆ ਏਂ!"

"ਕੁਦਰਤ ਤੋਂ ਬਾਹਰ ਕਿਹੜੀ ਸ਼ੈਅ ਏ ਝੱਲਿਆ!" ਮੇਰੇ ਉਸਤਾਦ ਨੇ ਆਵਾਜ਼ ਦੀ ਪਛਾਣ ਬਾਰੇ ਆਖਿਆ ਸੀ: "ਜੇ ਕਿਸੇ ਨੇ ਵਿਲਨ ਦਾ ਪਾਤਰ ਕਰਨਾ ਹੋਵੇ, ਉਹਨੂੰ ਜ਼ੋਰ ਵਾਲੇ ਜਾਨਵਰਾਂ ਦੀ ਵਾਜ ਵੱਲ ਧਿਆਨ ਦੇਣਾ ਚਾਹੀਦਾ ਏ ......ਸ਼ੇਰ ਤੇ ਹਾਥੀ ਦੀ ਵਾਜ ਕਿਵੇਂ ਉਤਲੇ ਸੁਰਾਂ ਤੀਕਰ ਜਾਂਦੀ ਏ! ਜੇ ਫ਼ਕੀਰ ਦਾ ਪਾਤਰ ਕਰਨਾ ਪਵੇ ਤੇ ਡੱਡੂ ਦੀ ਵਾਜ ਵੱਲ ਧਿਆਨ ਦੇਵੋ, ਕਬੂਤਰ ਦੀ ਵਾਜ ਵੇਖੋ, ਪਿੰਡ ਵਿੱਚ ਚੱਲਦੀ ਪੁਰਾਣੀ ਚੱਕੀ ਦੀ ਵਾਜ ਨੂੰ ਦੂਰੋਂ ਨੇੜਿਓਂ ਸੁਣੋ!"

ਚਾਹ ਵਾਲਾ ਮੁੰਡਾ ਦੋ ਕੱਪ ਚਾਹ ਰੱਖ ਕੇ ਟੁਰ ਗਿਆ।

"ਹੁਣ ਮੈਂ ਇਨ੍ਹਾਂ ਸ਼ੈਵਾਂ ਵੱਲ ਵੀ ਧਿਆਨ ਦੇਵਾਂਗਾ, ਬਸ ਮੇਰਾ ਇੱਕ ਅਖ਼ੀਰਲਾ ਚਾਂਸ......!"

ਸਰਮਦ ਨੇ ਚਾਹ ਦਾ ਘੁੱਟ ਭਰਿਆ।

"ਯਾਰ ਇਹ ਹੀਰੋ ਬਣਨਾ ਵੀ ਕਿਸੇ ਰੋਗ ਤੋਂ ਘੱਟ ਨਹੀਂ ......।"

ਜ਼ੋਜ਼ਫ਼ ਨੇ ਕੰਟੀਨ ਦੇ ਨੇੜੇ ਖਲੋਤੇ ਇੱਕ ਬੰਦੇ ਨੂੰ ਵਾਜ ਮਾਰਦਿਆਂ ਆਖਿਆ:

"ਚਾਚਾ ਸਦੀਕ......ਜ਼ਰਾ ਇੱਧਰ ਤੇ ਆ!"

ਸੱਠਾਂ ਵਰ੍ਹਿਆਂ ਦੇ ਨੇੜੇ ਦਾ ਚਾਚਾ, ਜ਼ੋਜ਼ਫ਼ ਦੀ ਵਾਜ ਸੁਣ ਕੇ ਨੱਠਦਾ ਆਇਆ:

"ਜੀ ਸਾਬ ਜੀ!"

"ਚਾਚਾ, ਬਾਹਰੋਂ ਗੋਲਡ ਲੀਫ਼ ਦੀ ਡੱਬੀ ਨਾਲ ਇੱਕ ਲਾਈਟਰ ਤੇ ਫੜ ਲਿਆ!"

ਜ਼ੋਜ਼ਫ਼ ਨੇ ਅਪਣੇ ਬਟਵੇ 'ਚੋਂ ਸੌ-ਸੌ ਦੇ ਦੋ ਨੋਟ ਕੱਢ ਕੇ ਚਾਚੇ ਸਦੀਕ ਨੂੰ ਫੜਾਏ।

"ਸਰਮਦ ਜੀ! ਅੱਜ ਤੋਂ ਵੀਹ ਵਰ੍ਹੇ ਪਹਿਲਾਂ ਇਹ ਬੰਦਾ ਅਪਣੀਆਂ ਪੈਲੀਆਂ ਵੇਚ ਕੇ



ਇੱਥੇ ਹੀਰੋ ਬਣਨ ਆਇਆ ਸੀ ਤੇ ਅਜੇ ਤਾਈਂ ਨਿੱਕੇ ਮੋਟੇ ਰੋਲ਼ ਪਿਆ ਕਰਦਾ ਏ।"

"ਤੂੰ ਇਹ ਚਾਹੁਣਾ ਏਂ ਕਿ ਮੈਂ ਵੀ ਆਪਣੀ ਕੰਪਨੀ ਦੇ ਸ਼ੇਅਰ ਵੇਚ ਦੇਵਾਂ?"

ਸਰਮਦ ਨੇ ਹੌਲੀ ਜਿਹੀ ਹੱਸ ਕੇ ਆਖਿਆ।

"ਸੋਹਣਿਆ! ਇਹ ਮੇਰੀ ਸ਼ਰਾਫ਼ਤ ਏ ਕਿ ਤੂੰ ਅਜੇ ਤਾਈਂ ਬਚਿਆ ਹੋਇਆ ਏਂ। ਕਿਸੇ ਹੋਰ ਡਾਇਰੈਕਟਰ ਦੇ ਵੱਸ ਪਿਆ ਹੋਂਦੋਂ ਤੇ ਹੁਣ ਤੀਕਰ ਤੇਰੇ ਚਾਲੀ ਪੰਜਾਹ ਲੱਖ ਡੁੱਬ ਗਏ ਹੁੰਦੇ!"

"ਬੜੀ ਮਿਹਰਬਾਨੀ ਸਰਕਾਰ......ਮੇਰੇ ਅਜ਼ੀਮ ਡਾਇਰੈਕਟਰ ਜੀ ਮੁੱਝ ਪਰ ਰਹਿਮ ਖਾਈਏ ਔਰ ਮੇਰੀ ਨੱਈਆ ਪਾਰ ਲਗਾ ਦੀਜੀਏ!"

ਸਰਮਦ ਨੇ ਜ਼ੋਜ਼ਫ਼ ਅੱਗੇ ਨਿਊਂਦਿਆਂ ਆਖਿਆ।

"ਚੰਗਾ......!"

ਜ਼ੋਜ਼ਫ਼ ਨੇ ਸਿਗਰੇਟ ਦਾ ਲੰਮਾ ਕੱਸ਼ ਖਿੱਚਿਆ। ਫ਼ਿਰ ਚਾਹ ਦਾ ਕੱਪ ਮੁਕਾ ਕੇ ਕੁੱਝ ਚਿਰ ਡੂੰਘੀ ਸੋਚ ਵਿੱਚ ਡੁੱਬਿਆ ਰਿਹਾ।

"ਚੱਲ ਉੱਠ......!"

ਜ਼ੋਜ਼ਫ਼ ਨੇ ਸਰਮਦ ਦੀ ਬਾਂਹ ਫੜਦਿਆਂ ਆਖਿਆ।

ਸਰਮਦ ਉੱਠਿਆ ਤੇ ਚਾਚਾ ਸਦੀਕ ਵੀ ਸਿਗਰੇਟ ਲੈ ਆਇਆ। ਜ਼ੋਜ਼ਫ਼ ਨੇ ਬਾਕੀ ਬਚੇ ਪੈਸੇ ਚਾਚੇ ਨੂੰ ਈ ਦੇ ਦਿੱਤੇ ਤੇ ਉਵੇਂ ਈ ਸਰਮਦ ਦੀ ਬਾਂਹ ਫੜ ਕੇ ਉਹਨੂੰ ਸਟੂਡਿਓ ਵਿੱਚ ਬਣੀ ਝੀਲ ਤੋਂ ਅਗਾਂਹ ਲੈ ਗਿਆ ਜਿੱਥੇ ਇੱਕ ਸੁਕਿਆ ਹੋਇਆ ਸਵੀਮਿੰਗ ਪੂਲ ਸੀ ਤੇ ਉਹਦੇ ਨਾਲ ਇੱਕ ਨਿੱਕੀ ਜਿਹੀ ਗਲੀ ਦੇ ਬਾਹਰ ਦੋ ਕਾਲੇ ਰੰਗ ਦੇ ਬੁੱਤ ਖਲੋਤੇ ਸਨ......ਇੱਕ ਸ਼ੈਕਸਪੀਅਰ ਦਾ ਤੇ ਦੂਜਾ ਆਗ਼ਾ ਹਸ਼ਰ ਕਾਸ਼ਮੀਰੀ ਦਾ। ਸਰਮਦ ਨੇ ਸਟੂਡਿਓ ਵਿੱਚ ਮਰਮਰ ਦੇ ਚਿੱਟੇ ਬੁੱਤ ਤੇ ਵੇਖੇ ਸਨ ਪਰ ਇਹ ਕਾਲੇ ਬੁੱਤ ਪਹਿਲੀ ਵਾਰੀ ਤੱਕੇ। ਉਹ ਚੁੱਪ ਚੁਪੀਤਾ ਜ਼ੋਜ਼ਫ਼ ਦੇ ਨਾਲ ਨਾਲ ਚੱਲਦਾ ਰਿਹਾ। ਗਲੀ ਤੋਂ ਕੁੱਝ ਵਿੱਥ ਉੱਤੇ ਇੱਕ ਪੁਰਾਣੀ ਇਮਾਰਤ ਸੀ ਜਿਹਦੀਆਂ ਕੰਧਾਂ ਨਾਲ ਚਿੱਟੇ ਤੇ ਗੁਲਾਬੀ ਫੁੱਲਾਂ ਵਾਲੀ ਝੁਮਕਾ ਵੇਲ ਉਤਾਂਹ ਤੀਕਰ ਜਾ ਰਹੀ ਸੀ। ਵੇਲ ਦਾ ਮੁੱਢ ਕਿਸੇ ਰੁੱਖ ਵਾਂਗੂੰ ਕਾਫ਼ੀ ਚੌੜਾ ਸੀ ਤੇ ਉਹਦੀਆਂ ਟਹਿਣੀਆਂ ਨੇ ਪੂਰੀ ਇਮਾਰਤ ਨੂੰ ਕੱਜਿਆ ਹੋਇਆ ਸੀ।

ਜ਼ੋਜ਼ਫ਼ ਨੇ ਇਮਾਰਤ ਦਾ ਬੂਹਾ ਖੋਲ੍ਹਿਆ ਤੇ ਕੰਧ ਦੀਆਂ ਨਾਨਕਸ਼ਾਹੀ ਇੱਟਾਂ ਤੋਂ ਇਹ ਗਲ ਖੁੱਲ੍ਹੀ ਕਿ ਸਟੂਡਿਓ ਦੀ ਇਹ ਇਮਾਰਤ ਅੰਗਰੇਜ਼ਾਂ ਦੇ ਵੇਲੇ ਤੋਂ ਪਹਿਲਾਂ ਦੀ ਬਣੀ ਹੋਈ ਸੀ। ਜ਼ੋਜ਼ਫ਼ ਅੱਗੇ ਵਧਿਆ ਤੇ ਸਰਮਦ ਨੇ ਇੱਕ ਬਰਾਂਡੇ ਨਾਲ ਤਿੰਨ ਨਿੱਕੇ-ਨਿੱਕੇ ਕਮਰੇ ਵੇਖੇ। ਫ਼ਿਰ ਉਹ ਦੋਵੇਂ ਅਗਾਂਹ ਵੱਧ ਕੇ ਇੱਕ ਵੱਡੇ ਕਮਰੇ ਵਿੱਚ ਵੜੇ ਜਿਹਦੀ ਮੂਹਰਲੀ ਪੂਰੀ ਕੰਧ ਉੱਤੇ ਸ਼ੀਸ਼ਾ ਜੜਿਆ ਹੋਇਆ ਸੀ ਤੇ ਖੱਬੇ ਸੱਜੇ ਦੀਆਂ ਕੰਧਾਂ ਦੀ ਵਿੱਥ ਵਿੱਚ ਲੱਕੜੀ ਦੀਆਂ ਉੱਚੀਆਂ ਉੱਚੀਆਂ ਅਲਮਾਰੀਆਂ ਸਨ। ਖੋਲ੍ਹ ਕੇ ਵੇਖਿਆ ਤੇ ਦੋਹਾਂ ਵਿੱਚ ਜ਼ਨਾਨੇ ਤੇ ਮਰਦਾਨੇ ਲੀੜੇ ਟੰਗੇ ਹੋਏ ਸਨ। ਖੱਬੀ ਕੰਧ ਦੇ ਨਾਲ ਇੱਕ ਸਟੱਡੀ ਟੇਬਲ ਸੀ ਜਿਹਦੇ ਉੱਤੇ ਇੱਕ ਲੈਂਪ ਰੱਖਿਆ ਹੋਇਆ ਸੀ। ਟੇਬਲ ਦੇ ਸਾਹਮਣੇ ਇੱਕ ਲੱਕੜ ਦੀ ਪੁਰਾਣੀ ਕੁਰਸੀ ਸੀ ਜਿਹਦੀਆਂ ਬਾਹੀਆਂ ਉੱਤੇ ਤਾਜ-ਏ ਬਰਤਾਨੀਆ ਦੇ ਬਾਤਸ਼ਾਹ ਦੇ ਨਾਲ ਮਲਿਕਾ ਦੇ ਚਿੱਤਰ ਉਸਾਰੇ ਹੋਏ ਸਨ। ਸਟੱਡੀ ਟੇਬਲ ਦੇ ਨਾਲ ਇੱਕ ਸਾਈਡ ਰੈਕ ਵੀ ਸੀ ਜਿਹਦੇ ਵਿੱਚ ਸਵਾਰ ਕੇ ਫ਼ਾਇਲਾਂ ਰੱਖੀਆਂ ਹੋਈਆਂ ਸਨ। ਫ਼ਾਇਲਾਂ ਵਿੱਚ ਪੁਰਾਣੀਆਂ ਫ਼ਿਲਮਾਂ ਦੇ ਸਕਰਿਪਟ ਸਨ।

ਜ਼ੋਜ਼ਫ਼ ਨੇ ਕੁੱਝ ਸਕਰਿਪਟ ਕੱਢ ਕੇ ਟੇਬਲ ਉੱਤੇ ਰੱਖ ਦਿੱਤੇ:

"ਸਰਮਦ ਜੀ! ਇਹ ਨੇਂ ਨਵੇਂ ਪੁਰਾਣੇ ਸਕਰਿਪਟ......ਪੜ੍ਹ ਕੇ ਇਨ੍ਹਾਂ ਵਿੱਚੋਂ ਅਪਣੀ ਮਰਜ਼ੀ ਦਾ ਰੋਲ ਕੱਢੋ, ਅਪਣੇ ਹਿਸਾਬ ਦਾ ਪਾਤਰ ਵੇਖੋ ਤੇ ਫ਼ਿਰ ਇਸ ਸ਼ੀਸ਼ੇ ਦੇ ਸਾਹਮਣੇ ਖਲੋ ਕੇ ਪਰਫ਼ਾਰਮ ਕਰੋ ਘੜੀ ਮੁੜੀ ਰੀਹਰਸਲ ਕਰੋ ......ਸ਼ੀਸ਼ੇ ਤੋਂ ਵੱਧ ਦੁਨੀਆ ਵਿੱਚ ਐਕਟਿੰਗ ਦਾ ਕੋਈ ਉਸਤਾਦ ਤੇ ਕੋਈ ਡਾਇਰੈਕਟਰ ਨਹੀਂ।"

"ਚੰਗਾ ਡਾਇਰੈਕਟਰ ਜੀ ਤੁਹਾਡਾ ਹੁਕਮ ਸਿੱਰ ਮਿੱਥੇ ਤੇ!"

ਸਰਮਦ ਨੇ ਇੱਕ ਵਾਰੀ ਫ਼ਿਰ ਉਹਦੇ ਅੱਗੇ ਨਿਊਂਦਿਆਂ ਹੋਇਆਂ ਆਖਿਆ।

"ਇਸ ਕਮਰੇ ਦੇ ਨਾਲ ਈ ਇੱਕ ਬਾਥਰੂਮ ਤੇ ਇੱਕ ਕਿਚਨ ਹੈ ਜਿਹਦੇ ਵਿੱਚ ਫ਼ਰਿੱਜ਼ ਮਾਈਕਰੋ-ਵੇਵ-ਓਵਨ ਸੱਭ ਕੁੱਝ ਹਾਜ਼ਿਰ ਏ। ਇੱਥੇ ਈ ਖਾਓ ਪੀਓ ਤੇ ਜਿਹੜਾ ਪਾਤਰ ਤੁਹਾਡੇ ਹੱਥ ਚੜ੍ਹ ਜਾਵੇਗਾ ਉਹੋ ਈ ਕਿਸੇ ਫ਼ਿਲਮ ਵਿੱਚ ਪਾ ਦਿਆਂਗਾ। ਇਨ੍ਹਾਂ ਅਲਮਾਰੀਆਂ ਵਿੱਚ ਕਾਸਟਿਊਮ ਪਏ ਹੋਏ ਨੇਂ ਤੇ ਹੇਠਲਿਆਂ ਖ਼ਾਨਿਆਂ ਵਿੱਚ ਤੈਨੂੰ ਵਾਜੇ ਵੂਜੇ, ਤਬਲੇ ਸਰੰਗੀਆਂ ਤੇ ਪ੍ਰੋਪਸ ਵੀ ਦਿੱਸਣਗੇ। ਜਿਹੜਾ ਰੋਲ ਕਰਨਾ ਹੋਵੇ, ਉਸੇ ਦਾ ਕਾਸਟਿਊਮ ਕੱਢ ਲਵੀਂ!"

"ਥੈਂਕਸ ਜ਼ੋਜ਼ਫ਼ ......!"

"ਤੇ ਇਹ ਬੂਹਾ ਬੰਦ ਕਰ ਲਵੀਂ। ਇੱਥੇ ਲਾਇਟਾਂ ਵੀ ਆਟੋਮੈਟਿਕ ਨੇਂ, ਮਨ ਕਰੇ ਤੇ ਇਨ੍ਹਾਂ ਨੂੰ ਵੀ ਜਗਾ ਲਵੀਂ। ਅਖ਼ੀਰਲੀ ਗੱਲ ਇਹ ਕਿ ਸ਼ੀਸ਼ੇ ਤੋਂ ਉੱਚਾ ਕੋਈ ਡਾਇਰੈਕਟਰ ਨਹੀਂ......ਚੇਤਾ ਰੱਖੀਂ!"

ਜ਼ੋਜ਼ਫ਼ ਇਹ ਆਖਦਾ ਬਾਹਰ ਨਿਕਲ ਗਿਆ ਤੇ ਸਰਮਦ ਬੂਹਾ ਬੰਦ ਕਰ ਕੇ ਕੁੱਝ ਸਕਰਿਪਟ ਸਾਹਮਣੇ ਸਟੱਡੀ ਟੇਬਲ ਉੱਤੇ ਰੱਖ ਕੇ ਕੁਰਸੀ ਤੇ ਬੈਠ ਗਿਆ......ਇੱਕ ਦੋ ਸਕਰਿਪਟ ਤੱਕੇ, ਫ਼ਿਰ ਅਚਨਚੇਤ ਉੱਠਿਆ ਤੇ ਕੰਟੀਨ ਤੋਂ ਚਾਹ ਦਾ ਥਰਮੋਸ ਭਰਵਾ ਕੇ ਲੈ ਆਇਆ। ਟੇਬਲ ਉੱਤੇ ਸਿਗਰੇਟ ਦੀ ਡੱਬੀ ਤੇ ਚਾਹ ਦਾ ਕੱਪ ਰੱਖ ਕੇ ਇੱਕ ਫ਼ਿਲਮ ਦਾ ਸਕਰਿਪਟ ਵੇਖਣ ਲੱਗ ਪਿਆ......ਕਾਲੀ ਰੁਸ਼ਨਾਈ ਦੀ ਖ਼ੱਤਾਤੀ ਦਾ ਨਮੂਨਾ ਕਿਸੇ ਵੱਡੇ ਖ਼ੱਤਾਤ ਦਾ ਲਿਖਿਆ ਜਾਪਦਾ ਸੀ। ਦੋ ਢਾਈ ਘੰਟੇ ਸਕਰਿਪਟ ਪੜ੍ਹਣ ਮਗਰੋਂ ਉਹ ਅਪਣੇ ਆਪ ਨਾਲ ਗੱਲਾਂ ਕਰਦਾ ਉੱਠ ਬੈਠਾ:

"ਇਹ ਠੀਕ ਏ......ਮਜ਼ਦੂਰ ਦਾ ਪਾਤਰ ਉੱਕਾ ਈ ਠੀਕ ਏ! ਮਜ਼ਦੂਰ ਮਜ਼ਦੂਰ......ਕੰਧਾਂ ਕੋਠੇ ਖੜੇ ਕਰਨ ਵਾਲਾ ਇੱਕ ਦਿਹਾੜੀਦਾਰ ਬੰਦਾ......ਡੰਗੋ ਡੰਗ ਕਮਾਵਣ ਤੇ ਖਾਵਣ ਵਾਲਾ ਜੀ!"

ਇਹ ਆਖਦਾ ਹੋਇਆ ਉਹ ਕਾਸਟਿਊਮ ਦੀ ਇੱਕ ਅਲਮਾਰੀ ਵੱਲ ਵਧਿਆ; ਇੱਕ ਮਜ਼ਦੂਰ ਦੇ ਪਾਟੇ ਪੁਰਾਣੇ ਲੀੜੇ ਕੱਢ ਕੇ ਪਾ ਲਏ ਤੇ ਸ਼ੀਸ਼ੇ ਦੇ ਸਾਹਮਣੇ ਜਾ ਖਲੋਤਾ; ਸਕਰਿਪਟ ਕੱਢ ਕੇ ਸਾਹਮਣੇ ਟੇਬਲ ਉੱਤੇ ਰੱਖ ਲਿਆ; ਅੱਧਾ ਗਲਾਸ ਪਾਣੀ ਦਾ ਪੀਤਾ; ਖੰਗੂਰਾ ਮਾਰ ਕੇ ਗਲਾ ਸਾਫ਼ ਕੀਤਾ; ਇੱਕ ਵਾਰੀ ਫ਼ਿਰ ਸਕਰਿਪਟ ਵੱਲ ਧਿਆਨ ਮਾਰਿਆ ਤੇ ਕੁੱਝ ਸੋਚਦਿਆਂ ਹੋਇਆਂ ਬੱਤੀਆਂ ਬਾਲ ਦਿੱਤੀਆਂ। ਸ਼ੀਸ਼ੇ ਵੱਲ ਧਿਆਨ ਮਾਰਿਆ ਤੇ ਹੈਰਾਨ ਹੋ ਗਿਆ ਕਿ ਉਸ ਵਿੱਚ ਕਮਰੇ ਤੋਂ ਵੱਧ ਚਾਨਣ ਸੀ। ਉਹਨੂੰ ਇੰਜ ਲੱਗਾ ਜਿਵੇਂ ਉਹ ਕਿਸੇ ਵੱਡੇ ਥੇਟਰ ਦੀਆਂ ਸਪਾਟ ਲਾਇਟਾਂ ਹੋਵਣ। ਅਜੇ ਉਹ ਹੈਰਾਨੀ 'ਚੋਂ ਬਾਹਰ ਨਹੀਂ ਸੀ ਹੋਇਆ ਕਿ ਉਹਨੂੰ ਕਮਰੇ ਦੀ ਖੱਬੀ ਤੇ ਸੱਜੀ ਕੰਧ ਵੀ ਸ਼ੀਸ਼ੇ ਦੀ ਲੱਗਣ ਲੱਗ ਪਈ, ਬਸ ਮਗਰਲੀ ਕੰਧ ਆਪਣੀ ਅਸਲ ਹਾਲਤ ਵਿੱਚ ਸੀ ਜਿਸ ਵਿੱਚ ਲੱਕੜ ਦਾ ਬੂਹਾ ਲੱਗਿਆ ਹੋਇਆ ਸੀ:

"ਵਾਹ......ਇਹ ਤਾਂ ਬੜਾ ਡਾਢਾ ਰੀਹਰਸਲ ਰੂਮ ਏ ......ਪਹਿਲੇ ਵੇਲਿਆਂ ਦਾ ਬਣਿਆ



ਹੋਇਆ!"

ਆਪਣੇ ਆਪ ਨਾਲ ਗੱਲਾਂ ਕਰਦਿਆਂ ਹੋਇਆਂ ਉਹਨੇ ਇੱਕ ਵਾਰੀ ਫ਼ਿਰ ਸਕਰਿਪਟ ਉੱਤੇ ਨਿਗਾਹ ਮਾਰੀ:

"ਮੇਰਾ ਨਾਂ ਦਿੱਤਾ ਸੈਣੀ ਏ ......!"

ਇੰਨੀ ਗੱਲ ਉਹਨੇ ਹੌਲੀ ਜਿਹੀ ਕੀਤੀ ਤੇ ਫ਼ਿਰ ਬੋਲਿਆ:

"ਨਹੀਂ ਨਹੀਂ ......ਇੱਕ ਮਜ਼ਦੂਰ ਇੰਜ ਤੇ ਨਹੀਂ ਬੋਲਦਾ......ਉੱਚਾ ਬੋਲਣਾ ਪਏਗਾ ਸੰਘ ਨੂੰ ਖ਼ਰਾਬ ਕਰ ਕੇ!"

ਹੁਣ ਉਹ ਪੂਰੇ ਜ਼ੋਰ ਨਾਲ ਬੋਲਿਆ:

"ਮੈਂ ਦਿੱਤਾ ਸੈਣੀ ਆਂ ......ਮੈਂ ਦਿੱਤਾ ਸੈਣੀ ਆਂ!"

ਇੰਨੇ ਵਿੱਚ ਇੱਕ ਅਚਰਜ ਜਿਹੀ ਵਾਜ ਸਰਮਦ ਦੇ ਕੰਨਾਂ ਵਿੱਚ ਪਈ:

"ਇਹ ਸੁਚੱਲ ਏ ......ਚੰਗਾ ਆਖਿਆ ਜੇ!"

ਆਲੇ ਦੁਆਲੇ ਤੱਕਿਆ ਤੇ ਚਾਰ ਚੁਫ਼ੇਰੇ ਜਗਦੀਆਂ ਬੱਤੀਆਂ ਵਿੱਚ ਬਸ ਉਹਦਾ ਆਪਣਾ ਈ ਪਰਛਾਵਾਂ ਸੀ। ਸਿਰ ਨੂੰ ਝਟਕਾ ਦੇ ਕੇ ਉਹਨੇ ਇੱਕ ਵਾਰੀ ਫ਼ਿਰ ਸਕਰਿਪਟ ਵੱਲ ਧਿਆਨ ਕੀਤਾ ਤੇ ਢੇਰ ਉੱਚੀ ਵਾਜ ਕੱਢੀ ਜਿਹੜੀ ਤਿੰਨਾਂ ਸ਼ੀਸ਼ਿਆਂ ਤੋਂ ਗੇੜਾ ਖਾਂਦੀ ਹੋਈ ਉਹਦੇ ਵੱਲ ਪਰਤੀ :

"ਦਿੱਤਾ ਸੈਣੀ ......ਮੈਂ ਦਿੱਤਾ ਸੈਣੀ ਆਂ ......ਇਹ ਮੇਰੀ ਆਪਣੀ ਵਾਜ ਏ ......ਮੇਰੇ ਮਨ ਦੀ ਵਾਜ......ਭੁੱਖ ਨਾਲ ਜੁੜੀ!"

"ਇਹ ਵੀ ਠੀਕ ਆਖਿਆ ਜੇ!"

ਪਹਿਲੇ ਵਾਲੀ ਵਾਜ ਇੱਕ ਵਾਰੀ ਫ਼ਿਰ ਕੰਨਾਂ ਨੂੰ ਵੱਜੀ ਤੇ ਸਰਮਦ ਹੈਰਾਨ ਹੋ ਕੇ ਸਾਹਮਣੇ ਸ਼ੀਸ਼ੇ ਵੱਲ ਤੱਕਣ ਲੱਗ ਪਿਆ।

"ਤੂੰ ਕੌਣ ਏਂ?"

"ਸਰਮਦ ਸਾਹਿਬ! ਚੰਗੇ ਐਕਟਰ ਜੇ......ਅਪਣਾ ਪਾਤਰ ਭੁੱਲ ਕੇ ਮੇਰੇ ਵੱਲ ਧਿਆਨ...... ਤੁਸੀਂ ਤੇ ਦਿੱਤਾ ਸੈਣੀ ਜੇ ......ਮਜ਼ਦੂਰ ਦੇ ਪਾਤਰ 'ਚੋਂ ਬਾਹਰ ਕਿਵੇਂ ਆ ਗਏ?"

ਸਾਹਮਣੀ ਕੰਧ ਦੇ ਸ਼ੀਸ਼ੇ 'ਚੋਂ ਵਾਜ ਆਈ।

"ਮੈਨੂੰ ਇੱਕ ਹੋਰ ਵਾਜ ਆਈ ਸੀ......ਮੈਂ ਤੇਰੇ ਨਾਲ ਤੇ ਗੱਲ ਨਹੀਂ ਕਰਦਾ!"

"ਫ਼ਿਲਮ ਹੋਵੇ ਯਾਂ ਥੇਟਰ......ਇੱਕ ਢੇਰ ਖ਼ਲਕਤ ਆਲੇ ਦੁਆਲੇ ਹੁੰਦੀ ਏ। ਪਾਤਰ ਅਪਣੀ ਥਾਵੇਂ ਕੱਲਾ ਵੀ ਹੁੰਦਾ ਏ ਤੇ ਸੱਭਨਾਂ ਵਿੱਚ ਵੀ......ਤੂੰ ਤੇ ਪਾਤਰ ਤੋਂ ਬਾਹਰ ਹੋ ਗਿਆ ਏਂ......ਫ਼ਿਰ ਧਿਆਨ ਨਾਲ ਡਾਇਲਾਗ ਵੇਖ!"

"ਵਾਹ......ਤੂੰ ਤੇ ਮੈਨੂੰ ਜ਼ੋਜ਼ਫ਼ ਤੋਂ ਵੀ ਵੱਖਰਾ ਡਾਇਰੈਕਟਰ ਲੱਗਣਾ ਏਂ!"

ਸਰਮਦ ਨੇ ਹੱਸਦਿਆਂ ਆਖਿਆ।

"ਜ਼ੋਜ਼ਫ਼ ਨੇ ਆਖਿਆ ਸੀ, 'ਸ਼ੀਸ਼ੇ ਤੋਂ ਵੱਧ ਦੁਨੀਆ ਵਿੱਚ ਐਕਟਿੰਗ ਦਾ ਕੋਈ ਉਸਤਾਦ ਤੇ ਕੋਈ ਡਾਇਰੈਕਟਰ ਨਹੀਂ।' ਭਲਿਆ! ਸ਼ੀਸ਼ਾ ਡਾਇਰੈਕਟਰ ਵੀ ਏ, ਕਲਾ ਵੀ ਏ ਤੇ ਇਹ ਇੱਕ ਸਰਦਲ ਵੀ ਏ। ਇਸ ਸਰਦਲ ਵਿੱਚ ਮੰਜ਼ਰ, ਵੇਲੇ ਤੇ ਜ਼ਮਾਨੇ ਦਾ ਸੱਭ ਕੁੱਝ ਹੈ ਵੀ ਤੇ ਨਹੀਂ ਵੀ। ਤੂੰ ਏਂ, ਖ਼ਲਕਤ ਏ, ਚਾਨਣ ਏ, ਹਨੇਰਾ ਏ, ਚੁੱਪ ਏ, ਰੌਲਾ ਏ, ਸੰਗੀਤ ਏ......ਤੂੰ ਜੋ

ਕੁੱਝ ਚਾਹਵੇਂ ਇਹਦੇ ਵਿੱਚੋਂ ਲੱਭ ਸਕਣਾ ਏਂ!"

ਸ਼ੀਸ਼ੇ 'ਚੋਂ ਇੱਕ ਬਰੀਕ ਜਿਹੀ ਵਾਜ ਆਈ ਜਿਹੜੀ ਸਰਮਦ ਦੇ ਪੂਰੇ ਸਰੀਰ ਵਿੱਚ ਘੁੱਲਦੀ ਗਈ; ਉਹ ਬੋਲਿਆ:

"ਠੀਕ ਸ਼ੀਸ਼ਾ ਸਰਕਾਰ ਬਿਲਕੁਲ ਠੀਕ!......ਵਾਹ ਜ਼ੋਜ਼ਫ਼, ਕਿੱਥੇ ਲਿਆ ਫਸਾਇਆ ਈ!!"

"ਪਰਤ ਦਿੱਤਾ ਸੈਣੀ ਵੱਲ......ਇੱਕ ਮਜ਼ਦੂਰ ਵੱਲ!"

ਸ਼ੀਸ਼ਾ ਫ਼ਿਰ ਬੋਲਿਆ।

"ਮੈਂ ਦਿੱਤਾ ਸੈਣੀ ਆਂ!"

"ਹੋਰ ਉੱਚਾ......ਅਖ਼ੀਰਲੀ ਕੁਰਸੀ ਤੀਕਰ ਵਾਜ ਜਾਏ!"

"ਮੈਂ ਦਿੱਤਾ ਸੈਣੀ ਆਂ......ਮੈਂ ਇੱਕ ਮਜ਼ਦੂਰ ਆਂ!"

"ਇਹ ਗੱਲ ਸਮਝ ਲੈ......ਸ਼ੀਸ਼ਾ ਭਾਵੇਂ ਕੁੱਝ ਵੀ ਨਹੀਂ ਪਰ ਇੱਕ ਡਾਇਰੈਕਟਰ ਜ਼ਰੂਰ ਏ। ਤੂੰ ਜਿਹੜੇ ਸ਼ੀਸ਼ੇ ਸਾਹਮਣੇ ਖਲੋਤਾ ਏਂ ਇਹ ਵੀ ਕਿਸੇ ਮਜ਼ਦੂਰ ਦੀ ਮਜ਼ਦੂਰੀ ਕਾਰਨ ਈ ਉਸਰਿਆ ਸੀ ਤੇ ਕਿਸੇ ਦੂਜੇ ਮਜ਼ਦੂਰ ਇੱਥੇ ਲਿਆ ਖੜ੍ਹਾ ਕੀਤਾ, ਤਰੀਜੇ ਨੇ ਇਸ ਕੰਧ ਨਾਲ ਜੋੜਿਆ; ਤੇ ਉਸ ਕੰਧ ਦੀਆਂ ਇੱਟਾਂ ਕਿਸੇ ਹੋਰ ਮਜ਼ਦੂਰ ਨੇ ਉਸਾਰੀਆਂ ਸਨ......ਜਿਵੇਂ ਦਾ ਤੂੰ ਇੱਕ ਮਜ਼ਦੂਰ ਏਂ ਦਿੱਤਾ ਸੈਣੀ!"

"ਹਾਂ ਮੈਂ ਇੱਕ ਮਜ਼ਦੂਰ ਹਾਂ......ਮੈਂ ਦਿੱਤਾ ਸੈਣੀ ਆਂ!"

ਸਰਮਦ ਨੇ ਸਕਰਿਪਟ ਪੜ੍ਹਦਿਆਂ ਆਖਿਆ।

"ਤੇਰਾ ਕੀ ਧਰਮ ਏ ਤੇ ਇਹ ਕਿਹੋ ਜਿਹਾ ਨਾਂ ਏ ਤੇਰਾ......ਦਿੱਤਾ ਸੈਣੀ ?"

ਸ਼ੀਸ਼ੇ ਨੇ ਪੁੱਛਿਆ।

"ਮਜ਼ਦੂਰ ?......ਮਜ਼ਦੂਰ ਦਾ ਧਰਮ ਮਜ਼ਦੂਰੀ ਏ......ਮਜ਼ਦੂਰੀ ਤਰੋੜ ਏ ਭੁੱਖ ਤੇ ਨੰਗ ਦਾ......ਆਸ ਏ ਢਿੱਡ ਭਰਣ ਦੀ, ਅਪਣਾ ਆਪ ਕੱਜਣ ਦੀ। ਮੇਰੇ ਪਿਓ ਨਾਂ ਧਰਿਆ ਸੀ ਮੇਰਾ......ਦਿੱਤਾ ਸੈਣੀ। ਮੇਰਾ ਪਿਓ ਵੀ ਇੱਕ ਮਜ਼ਦੂਰ ਸੀ, ਉਹਦਾ ਪਿਓ ਵੀ ਮਜ਼ਦੂਰ ਸੀ ਤੇ ਅਗਲੀਆਂ ਪਿਛਲੀਆਂ ਸਭੇ ਪੀੜ੍ਹੀਆਂ ਮਜ਼ਦੂਰ ਈ ਸਨ!"

ਸਰਮਦ ਨੇ ਸਕਰਿਪਟ ਵੱਲ ਵਹਿੰਦਿਆਂ ਆਖਿਆ।

"ਉੱਚੀ ਬੋਲ ਹੋਰ ਉੱਚੀ ਬੋਲ......ਲੱਖਾਂ ਵਰ੍ਹਿਆਂ ਤੋਂ ਢੇਰ ਯੁੱਗਾਂ ਤੋਂ ਮਜ਼ਦੂਰ ਏਂ। ਸੱਭ ਮਜ਼ਦੂਰਾਂ ਦੀ ਵਾਜ ਬਣ......ਪਿਓ ਦਾ ਨਾਂ ਲੈਵਣ ਆਲਿਆ ਤੇਰੇ ਪਿਓ ਦਾ ਕੀ ਨਾਂ ਸੀ ?"

ਸ਼ੀਸ਼ੇ 'ਚੋਂ ਉੱਚੀਆਂ ਉੱਚੀਆਂ ਕਈ ਵਾਜਾਂ ਘੁੰਮਦੀਆਂ ਹੋਈਆਂ ਨਿਕਲੀਆਂ।

"ਮੈਂ ਦਿੱਤਾ ਸੈਣੀ ਆਂ......ਮੇਰੇ ਪਿਓ ਦਾ ਨਾਂ ਸੀ ਮੰਜੂ......ਮੰਜੂ ਦਾ ਪੁੱਤਰ ਦਿੱਤਾ ਸੈਣੀ!"

ਸਰਮਦ ਨੇ ਇੰਨੀ ਉੱਚੀ ਆਖਿਆ ਕਿ ਉਹਦੀ ਵਾਜ ਕੰਧਾਂ ਵਿੱਚ ਘੁੰਮਣ-ਘੇਰੀਆਂ ਖਾਵਣ ਲੱਗ ਪਈ।

"ਚੰਗਾ ਬਹੁਤ ਚੰਗਾ, ਤੂੰ ਮਜ਼ਦੂਰ, ਤੇਰਾ ਧਰਮ ਮਜ਼ਦੂਰੀ ਪਰ ਤੇਰੇ ਪਿਓ ਦਾਦੇ ਦਾ ਕੀ ਧਰਮ ਸੀ ?"

ਸ਼ੀਸ਼ੇ 'ਚੋਂ ਵਾਜ ਆਈ ਤੇ ਸਰਮਦ ਨੇ ਸਕਰਿਪਟ ਦੇ ਅਗਲੇ ਪੰਨੇ ਉਲੱਥੇ।



"ਅਸੀਂ ਜਮ ਪਲ ਮਜ਼ਦੂਰ......ਪੀੜ੍ਹੀਓ ਪੀੜ੍ਹੀ ਮਜ਼ਦੂਰ......ਇਹੋ ਧਰਮ ਅਸਾਡਾ......ਮਜ਼ਦੂਰੀ ਸਾਡੀ ਮਾਨਤਾ......ਧਰਤੀ ਉੱਤੇ ਪਹਿਲਾ ਘਰ ਮਜ਼ਦੂਰ ਨੇ ਈ ਉਸਾਰਿਆ ਸੀ। ਫ਼ਿਰ ਅਸਾਂ ਸਭਨਾਂ ਦੇ ਘਰ ਉਸਾਰੇ। ਮਜ਼ਦੂਰਾਂ ਈ ਮਾੜੀਆਂ ਮਹਿਲ ਉਸਾਰੇ......ਕਿੱਲੇ ਸ਼ਿੰਘਾਰੇ......ਅਸਾਂ ਈ ਮੰਦਰ, ਗਿਰਜੇ ਤੇ ਗੁਰਦਵਾਰੇ ਉੱਚੇ ਕੀਤੇ......ਅਸੀਂ ਮਸੀਤਾਂ ਦੇ ਸਿਰਜਣਹਾਰ......ਦਿਨ ਰਾਤੀਂ ਅਸਾਂ ਸਾੜ-ਸਾੜ ਕੇ ਆਪਣੇ ਸਰੀਰ ਪਕਾਈਆਂ ਇੱਟਾਂ......ਆਤਿਸ਼-ਕਦੇ ਤੇ ਸੂਹੇ ਕਲਸ ਲੱਗੇ ਮਾਅਬਦ ਖ਼ਾਨੇ ਵੀ ਸਾਡੀ ਮਿਹਨਤ ਦੇ ਗਵਾਹ......ਸਾਰੇ ਜੱਗ ਦੇ ਧਰਮਾਂ ਦੀ ਮਾਨਤਾ ਅਸਾਂ ਈ ਕਰਾਈ।"

"ਸੱਚ ਆਖਿਆ ਤੂੰ ਯੁੱਗਾਂ ਦੇ ਯੁੱਗ ਮਜ਼ਦੂਰੀ ਵਿੱਚ ਹੰਢਾਏ......ਰੂਮ ਈਰਾਨ ਦਮਿਸ਼ਕ ਦੇ ਮਹਿਲ ਮੁਨਾਰੇ ਸਜਾਏ, ਮਿਸਰ ਦੇ ਅਹਰਾਮਾਂ ਦੀਆਂ ਨੀਂਹਾਂ ਵਿੱਚ ਕਰੋੜਾਂ ਮਜ਼ਦੂਰਾਂ ਅਪਣਾ ਲਹੂ ਵਗਾਇਆ। ਪਰ ਇਹ ਗੱਲ ਵੀ ਕਿਸੇ ਤੋਂ ਲੁੱਕੀ ਛੁਪੀ ਨਹੀਂ ਕਿ ਤੁਸਾਂ ਹਮੇਸ਼ਾ ਮਜ਼ਦੂਰੀ ਕਰ ਛੱਡੀ......ਸਦਾ ਗ਼ੁਲਾਮੀ ਕੀਤੀ ਬਾਤਸ਼ਾਹਾਂ ਦੀ, ਰਾਜਿਆਂ ਤੇ ਮਹਾਰਾਜਿਆਂ ਦੀ ਨਵਾਬਾਂ ਤੇ ਸਾਹੂਕਾਰਾਂ ਦੀ; ਪਰ ਅਪਣਾ ਹੱਕ ਕਦੇ ਨਾ ਵਰਤਿਆ......ਆਪਣੇ ਹੱਡ ਗਾਲ ਦਿੱਤੇ ਵਗਾਰ ਵਿੱਚ......ਦੂਹਰਾ ਅਜ਼ਾਬ ਜਰਿਆ......ਅਪਣੀ ਹਾਲਤ ਕਦੇ ਨਾ ਬਦਲੀ। ਇਹੋ ਈ ਤੇ ਲਾਲ ਹੁਸੈਨ ਆਖਿਆ ਸੀ:

ਰਹੀ ਵੂੰਨਾ ਤਣਾ ਕੋਈ ਗਜ਼ ਪਾੜ ਨਾ ਲਿੱਤਾ
ਐਵੇਂ ਗਈ ਵਿਹਾ"

ਸ਼ੀਸ਼ਾ ਬੋਲਿਆ।

"ਅਸਾਂ ਹਰ ਵੇਲੇ ਨਾਬਰੀ ਦੇ ਸ਼ਮਲੇ ਵੀ ਤੇ ਉੱਚੇ ਕੀਤੇ। ਕਦੇ ਮਜ਼ਦਕੀ ਆਖ ਕੇ ਸਾਨੂੰ ਮਾਰਿਆ ਗਿਆ, ਕਦੇ ਕਰਾਮਤੀ ਕਹਿ ਕੇ ਰਦਿਆ ਗਿਆ ਤੇ ਕਦੇ ਵਿਚ (Witch) ਡਾਕਟਰ ਆਖ ਕੇ ਸਾੜਿਆ ਗਿਆ। ਭਗਤੀ ਲਹਿਰ ਦੇ ਜਾਣੂ ਵੀ ਅਸਾਂ ਈ ਸਾਂ, ਜਿਹੜੀ ਬਾਵੇ ਮਾਰਗ ਦੀ ਹਜ਼ਾਰਾਂ ਵਰ੍ਹੇ ਪੁਰਾਣੀ ਰੀਤੀ ਵਿੱਚੋਂ ਸੀ। ਸੂਫ਼ੀ ਸ਼ਾਹ ਇਨਾਇਤ ਹੋਰਾਂ ਵੀ ਸਿਰ ਲਵਾਹਿਆ ਤੇ ਸਾਡੇ ਕਾਰਨ ਈ ਫ਼ਰਾਂਸ ਨੇ ਇਨਕਲਾਬ ਵੇਖਿਆ......ਸੀਨੇ ਸਾਡੇ ਈ ਸਨ ਜਿਹਨਾਂ ਖਾਦੀਆਂ ਸ਼ਿਕਾਗੋ ਦੇ ਵਿੱਚ ਗੋਲੀਆਂ!"

"ਕੀ ਇਹ ਸੱਭ ਵੱਡੇ ਫੱਟ ਨੂੰ ਪੂਰਦਾ ਸੀ ......?"

"ਕਿੱਥੇ ਪੂਰਦਾ ਸੀ......ਕਿੱਥੇ ਪੂਰਦਾ ਏ......ਅਸੀਂ ਲੱਖਾਂ ਵਿੱਚ ਸਾਂ, ਉਹ ਸੈਂਕੜਿਆਂ ਵਿੱਚ......ਸਾਨੂੰ ਡਰ ਸੀ ਭੁੱਖ ਦਾ, ਭੁੱਖ ਕਾਰਨ ਮਰਣ ਦਾ......ਨਾ ਤੇ ਉਦੋਂ ਸੀ ਜੀਵਨ ਦੀ ਥਾਂ ਕੋਈ ਤੇ ਨਾ ਹੁਣ ਏ ਜੰਡ ਦਾ ਅੱਕ ਕੋਈ। ਉਨ੍ਹਾਂ ਨੂੰ ਸਾਰ ਸੀ ਸਾਡੇ ਲੋਭ ਦੀ ਡਰ ਦੀ ਤੇ ਇਹੋ ਈ ਉਨ੍ਹਾਂ ਦਾ ਰੱਛ ਸੀ। ਫ਼ਰਾਂਸ, ਚੀਨ, ਬਰਤਾਨੀਆ ਤੇ ਅਮਰੀਕਾ ਦੇ ਇਨਕਲਾਬ ਦਾ ਅੰਤ ਕੀ ਸੀ......ਕਿਵੇਂ ਅਗਲਿਆਂ ਵੇਸ ਵਟਾ ਕੇ ਸਾਂਭੀ ਰੱਖਿਆ ਤੁਹਾਨੂੰ ?"

ਸ਼ੀਸ਼ੇ ਤੋਂ ਇੱਕ ਸੇਂਤਰ ਜਿਹੀ ਵੱਜੀ।

"ਚੰਗਾ......ਹਿੱਪੀ ਮੂਵਮੈਂਟ ਦਾ ਕੀ ਹਾਲ ਹੋਇਆ......ਤੂੰ ਠੀਕ ਆਖਣਾ ਏਂ ਬਰਤਾਨੀਆ ਵਿੱਚ ਕੀ ਹੋਇਆ। ਅਗਲਿਆਂ ਆਖਿਆ ਤੁਸਾਂ ਨੂੰ ਚਾਹੀਦਾ ਕੀ ਏ......ਸਾਨੂੰ ਤੇ ਪੈਦਾਵਾਰੀ ਅਮਲ ਵਿੱਚ ਭਾਈਵਾਲੀ ਚਾਹੀਦੀ ਸੀ......ਦੋ ਪੌਂਡ ਦੀ ਲੱਕੜ ਤੋਂ ਪੰਜਾਹ ਪੌਂਡ ਦੀ ਬਣਨ ਵਾਲੀ ਕੁਰਸੀ ਵਿੱਚ ਅਪਣਾ ਹਿੱਸਾ ਚਾਹੀਦਾ ਸੀ ਅਸਾਂ ਮੰਗ ਲਿੱਤਾ। ਚਰਚ, ਹਸਪਤਾਲ,

ਸਕੂਲ ਡਾਕਖ਼ਾਨਾ ਸੜਕ ਉਨ੍ਹਾਂ ਆਖਿਆ: ਲਵੋ……ਹੋਰ ਕੀ ਲੈਣਾ ਜੇ ? ਅਸਾਂ ਉਹ ਸਭ ਫੜਿਆ। ਹਿੰਦੁਸਤਾਨ ਦੀ ਵਗਾਰ ਤੋਂ ਮਿਲੀ ਫੁੱਟੀ ਨੂੰ ਕਾਟਨ ਵਿੱਚ ਬਦਲਿਆ, ਲੱਖਾਂ ਪੌਂਡ ਕਮਾ ਕੇ ਸਰਕਾਰ ਨੂੰ ਦਿੱਤੇ ਤੇ ਉਨ੍ਹਾਂ ਸੈਂਕੜੇ ਪੌਂਡ ਸਾਡੇ ਉੱਤੇ ਲਾਏ……ਸਾਡੇ ਸਾਹ ਲੈਣ ਜੋਗੇ!"

ਸਰਮਦ ਨੇ ਆਖਿਆ।

ਤੇ ਫ਼ਿਰ ਬੋਲ!

"ਮੈਂ ਇੱਕ ਮਜ਼ਦੂਰ ਆਂ……ਮੇਰਾ ਨਾਂ ਦਿੱਤਾ ਸੈਣੀ ਏ!"

"ਹੋਰ ਉੱਚੀ!"

"ਮੈਂ ਦਿੱਤਾ ਸੈਣੀ ਆਂ……!"

"ਦਿੱਤਾ ਸੈਣੀ……?"

ਸ਼ੀਸ਼ੇ 'ਚੋਂ ਇੱਕ ਉੱਚਾ ਹਾਸਾ ਨਿਕਲਿਆ:

"ਫ਼ਿਰ ਹੁਣ ਤੂੰ ਸਰਮਦ ਨਹੀਂ ?"

"ਨਹੀਂ, ਨਹੀਂ……ਮੈਂ ਸਰਮਦ ਨਹੀਂ……ਮੈਂ ਤਾਂ ਇੱਕ ਮਜ਼ਦੂਰ ਹਾਂ……ਬਸ ਇੱਕ ਮਜ਼ਦੂਰ!"

"ਪਰ ਤੂੰ ਤੇ ਬਸ ਉਦੋਂ ਤੀਕਰ ਮਜ਼ਦੂਰ ਏਂ ਜਦੋਂ ਤੀਕਰ ਇਨ੍ਹਾਂ ਲੀੜਿਆਂ ਵਿੱਚ ਏਂ……ਲੀੜੇ ਬਦਲੇ ਤੇ ਸਭ ਕੁੱਝ ਬਦਲ ਜਾਏਗਾ……।"

"ਚੱਲ ਮੈਂ ਲੀੜੇ ਬਦਲ ਕੇ ਵੇਹਣਾ ਵਾਂ!"

ਇਹ ਆਖ ਕੇ ਸਰਮਦ ਨੇ ਮਜ਼ਦੂਰ ਦੇ ਲੀੜੇ ਲਾਹ ਕੇ ਨਾਲ ਦੀ ਮੇਜ਼ ਹੇਠਾਂ ਰੱਖ ਦਿੱਤੇ ਜਿਹਦੇ ਨਾਲ ਈ ਬੱਤੀਆਂ ਆਪਣੇ ਆਪ ਬੁੱਝ ਗਈਆਂ। ਉਹਨੇ ਆਪਣੇ ਲੀੜੇ ਪਾ ਲਏ……ਹੁਣ ਸਾਹਮਣੀ ਕੰਧ ਉੱਤੇ ਬਸ ਇਕੱਲਾ ਸ਼ੀਸ਼ਾ ਸੀ ਬਾਕੀ ਤਿੰਨੇ ਕੰਧਾਂ ਖ਼ਾਲੀ ਸਨ। ਸਰਮਦ ਕੁੱਝ ਚਿਰ ਸ਼ੀਸ਼ੇ ਵੱਲ ਵੇਹੰਦਾ ਰਿਹਾ, ਫ਼ਿਰ ਅਪਣੇ ਆਪ ਨਾਲ ਗੱਲ ਕੀਤੀ:

"ਮੈਨੂੰ ਮਜ਼ਦੂਰ ਨਹੀਂ ਬਣਨਾ ਚਾਹੀਦਾ, ਇਹ ਔਖਾ ਕੰਮ ਏ……ਅਗਾਂਹ ਸਕਰਿਪਟ ਪੜ੍ਹ ਕੇ ਕੋਈ ਹੋਰ ਪਾਤਰ ਵੇਖਣਾ ਪਏਗਾ।"

ਉਹ ਕੁੱਝ ਪੁਰਾਣੇ ਸਕਰਿਪਟ ਆਪਣੇ ਸਾਹਮਣੇ ਮੇਜ਼ ਉੱਤੇ ਰੱਖ ਕੇ ਉਨ੍ਹਾਂ ਨੂੰ ਉਲੱਥਣ ਲੱਗ ਪਿਆ।

"ਗਵੱਈਆ……ਇਹ ਠੀਕ ਏ……ਗਵੱਈਆ ਬਣ ਕੇ ਵੇਖਣਾ ਵਾਂ, ਭਲਾ ਕੀ ਹੁੰਦਾ ਏ ਖ਼ੌਰੇ ਇਹੋ ਪਾਤਰ ਈ ਹੱਥੇ ਚੜ੍ਹ ਜਾਵੇ……ਮੌਜੀ ਖ਼ਾਨ……ਉਮਰ ਪੰਜਾਹਾਂ ਦੇ ਨੇੜੇ……ਸੰਗੀਤ ਕਾਰਨ ਘਰੋਂ ਬੇਘਰ ਹੋਇਆ ਪਿਆ ਏ।"

ਆਪਣੇ ਆਪ ਨਾਲ ਗੱਲ ਕਰਕੇ ਉਹਨੇ ਖ਼ਾਨ ਸਾਹਿਬਾਂ ਵਾਲਾ ਇੱਕ ਪੁਰਾਣਾ ਜੋੜਾ ਕੱਢਿਆ……ਨੀਲੇ ਸੂਟ ਉੱਤੇ ਜ਼ਰਦੀ ਰੰਗ ਦੀ ਕਢਾਈ ਵੇਖ ਕੇ ਪਹਿਲਾਂ ਤੇ ਉਹਦਾ ਹਾਸਾ ਨਿਕਲ ਗਿਆ ਪਰ ਮਗਰੋਂ ਕੁੱਝ ਸੋਚਦਿਆਂ ਹੋਇਆਂ ਉਹਨੇ ਉਹ ਜੋੜਾ ਪਾ ਲਿੱਤਾ। ਮੇਜ਼ ਹੇਠੋਂ ਇੱਕ ਪੁਰਾਣਾ ਵਾਜਾ ਕੱਢ ਕੇ ਗਲ ਵਿੱਚ ਪਾ ਲਿਆ ਜਿਹਦੀ ਪੱਟੀ ਥਾਂ-ਥਾਂ ਤੋਂ ਉੱਧੜੀ ਹੋਈ ਸੀ। ਤੰਗ ਕਮੀਜ਼ ਹੇਠੋਂ ਅੱਧਾ ਸਲੂਕਾ ਬਾਹਰ ਦਿੱਸਣ ਲੱਗ ਪਿਆ। ਕਮਰੇ ਦੀਆਂ ਬੱਤੀਆਂ ਜਗਾਈਆਂ ਤੇ ਤਿੰਨਾਂ ਕੰਧਾਂ ਵਿੱਚ ਸ਼ੀਸ਼ੇ ਲਿਸ਼ਕਣ ਲੱਗ ਪਏ। ਸਾਹਮਣੇ ਸ਼ੀਸ਼ੇ ਵੱਲ ਧਿਆਨ ਮਾਰਿਆ ਤੇ ਉੱਥੇ ਇੱਕ ਵੱਗਦਾ ਦਰਿਆ ਦਿੱਸਿਆ ਜਿਹਦੇ ਪੱਤਣ ਉੱਤੇ ਜੜੀ-ਬੂਟੀਆਂ ਤੇ ਮੋਤੀਏ ਦੇ ਬੂਟੇ ਹਵਾ



ਨਾਲ ਹਿਲਦੇ ਟੁਰਦੇ ਨਜ਼ਰੀਂ ਪਏ। ਉਹਨੇ ਕਾਲੀ ਰੁਸ਼ਨਾਈ ਨਾਲ ਲਿਖਿਆ ਹੋਇਆ ਸਕਰਿਪਟ ਧਿਆਨ ਨਾਲ ਵੇਖਿਆ ਤੇ ਹੰਗੂਰਾ ਮਾਰ ਕੇ ਡਾਈਲਾਗ ਅਲਾਵਣ ਲੱਗਾ ਈ ਸੀ ਕਿ ਸ਼ੀਸ਼ੇ 'ਚੋਂ ਵਾਜ ਆਈ:

"ਖ਼ਾਨ ਸਾਹਿਬ ਬਣਨ ਲੱਗੇ ਓ……ਸੰਗੀਤ ਦੇ ਜਾਣੂ, ਗਿਆਨੀ ਧਿਆਨੀ ਤੇ ਗਲ ਵਿੱਚ ਪੇਟੀ……ਤੇ ਮੌਜੀ ਖ਼ਾਨ ਸਾਹਿਬ, ਗਾਉਗੇ ਕੀ ?"

"ਅਪਣਾ ਸੰਗੀਤ ਗਾਵਾਂਗਾ।"

"ਇੱਧਰ ਦਾ, ਹਿੰਦੁਸਤਾਨ ਦਾ ਸੰਗੀਤ ?…ਜਿਹਨੂੰ ਹੁਣ ਤੁਸੀਂ ਕਲਾਸੀਕਲ ਆਖਦੇ ਓ!"

"ਤੇ ਹੋਰ ਕੀ…… ਫ਼ਿਲਮੀ ਸੰਗੀਤ ਵੀ ਸੱਭ ਰਾਗਦਾਰੀ ਤੋਂ ਈ ਨਿਕਲਿਆ ਏ……ਸਭੇ ਵੱਡੇ ਮਿਊਜ਼ਿਕ ਡਾਇਰੈਕਟਰ ਇਸ ਸੰਗੀਤ ਦੇ ਚੰਗੇ ਜਾਣੂ ਸਨ।"

"ਠੀਕ ਬਿਲਕੁਲ ਠੀਕ……ਸ਼ੁੱਧ ਸੰਗੀਤ ਗਾਉਣਾ ਏ ਹਿੰਦੁਸਤਾਨ ਦਾ ਤੇ ਸਾਜ਼ ਤੁਸਾਂ ਉਹ ਫੜ ਲਿਆ ਜਿਹੜਾ ਫ਼ਰਾਂਸੀਸੀਆਂ ਉਸਾਰਿਆ ਸੀ……ਉਨ੍ਹਾਂ ਮਗਰੋਂ ਜਰਮਨੀ ਤੇ ਫ਼ਿਰ ਅੰਗਰੇਜ਼ਾਂ ਰਾਹੀਂ ਇੱਥੇ ਅਪੜਿਆ……ਜਵਾਬ ਨਹੀਂ ਤੁਹਾਡਾ ਖ਼ਾਨ ਸਾਹਿਬ!"

ਸ਼ੀਸ਼ਾ ਹੱਸ ਰਿਹਾ ਸੀ।

"ਜੇ ਹਿੰਦੁਸਤਾਨੀਆਂ ਨਹੀਂ ਸਾਂਭਿਆ ਤੇ ਇਸ ਵਿੱਚ ਮੇਰਾ ਕੀ ਕਸੂਰ ਏ……ਮੈਂ ਕਿਹੜਾ ਨਾਇਕ ਆਂ……ਮੈਂ ਤਾਂ ਬਸ ਇੱਕ ਪਾਤਰ ਆਂ……ਹੋਰ ਕੁੱਝ ਵੀ ਨਹੀਂ!"

"ਹਿੰਦੁਸਤਾਨੀਆਂ ਤਾਂ ਬੜੀ ਬਰੀਕੀ ਨਾਲ ਸਾਂਭਿਆ ਸੀ……ਪੂਰੀ ਇੱਕ ਸਾਇੰਸ ਸੀ ਇਹ ਵੀ……ਉਨ੍ਹਾਂ ਇਸ ਦੀਆਂ ਚਾਰ ਵੱਡੀਆਂ-ਵੱਡੀਆਂ ਵੰਡਾਂ ਕੀਤੀਆਂ……ਪਹਿਲੀ ਵੰਡ ਉਨ੍ਹਾਂ ਸਾਜ਼ਾਂ ਦੀ ਜਿਹੜੇ ਤਾਰ ਨਾਲ ਵੱਜਦੇ ਤੇ 'ਤੱਤ' ਅਖਵਾਂਦੇ ਸਨ; ਦੂਜੀ ਵੰਡ 'ਬਤਤ' ਅਖਵਾਂਦੀ ਸੀ। ਇਹ ਸਾਜ਼ ਖੱਲ ਯਾਂ ਚੰਮ ਨਾਲ ਰਲਾ ਕੇ ਵਜਾਇਆ ਜਾਂਦਾ ਸੀ; ਤੀਜਾ ਸਾਜ਼ 'ਘਣ' ਅਖਵਾਂਦਾ ਸੀ ਤੇ ਇਹਦੇ ਵਿੱਚ ਦੋ ਜ਼ੋਰ ਆਲੀਆਂ ਸ਼ੈਵਾਂ ਨੂੰ ਰਲ ਵਜਾਇਆ ਜਾਂਦਾ ਸੀ; ਚੌਥੀ ਵੰਡ ਨੂੰ 'ਸੱਖਰ' ਆਖਦੇ ਸਨ। ਇਹ ਸਾਜ਼ ਸਾਹ ਦੇ ਨਾਲ ਹਵਾ ਦੇ ਆਸਰੇ ਵੱਜਦਾ ਸੀ। ਪਰ ਕੁੱਝ ਉਸਤਾਦ ਇੱਕ ਪੰਜਵੀਂ ਕਿਸਮ ਵੀ ਦੱਸਦੇ ਨੇਂ ਜਿਹਨੂੰ 'ਖਣਕ' ਆਖਿਆ ਜਾਂਦਾ ਏ ਜਿਵੇਂ ਘੁੰਗਰੂ, ਮਰਦੰਗ।"

"ਭਈ, ਤੁਸੀਂ ਤੇ ਬੜੇ ਜਾਣੂ ਓ!"

ਸਰਮਦ ਨੇ ਹੱਸ ਕੇ ਆਖਿਆ।

"ਐਵੇਂ ਤੇ ਸ਼ੀਸ਼ੇ ਨੂੰ ਸੱਚਾ ਡਾਇਰੈਕਟਰ ਨਹੀਂ ਕਹਿੰਦੇ ਭਲਿਆ!"

"ਤੇ ਮੈਂ ਹੁਣ ਕਿਹੜਾ ਸਾਜ਼ ਵਜਾਵਾਂ……ਮੇਰੇ ਕੋਲ ਤੇ ਬਸ ਇਹ ਵਾਜਾ ਈ ਹੈ!"

"ਉਹ ਸਾਜ਼ ਜਿਹੜੇ ਕਈ ਪੀੜ੍ਹੀਆਂ ਤੀਕਰ ਤੇਰੇ ਵੱਡਿਆਂ ਵਜਾਏ ਸਨ……ਆਮ ਲੋਕਾਂ ਦੀਆਂ ਰੋਜ਼ ਦਿਹਾੜੀ ਦੀਆਂ ਵਰਤਾਰਣ ਆਲੀਆਂ ਸ਼ੈਵਾਂ ਤੋਂ ਉਸਰੇ ਸਾਜ਼। ਤੂੰ ਜੰਤਰ ਵਜਾ; ਬੀਨ ਵਜਾ; ਬੀਨ ਵਰਗੀ ਕਜ਼ਬੀਨ, ਸਰ ਬੀਨ ਅੰਬਰਤੀ ਵਜਾ। ਪਹਾੜਾਂ ਤੋਂ ਲਹਿੰਦਾ ਰੁਬਾਬ ਵਜਾ। ਸੁਰ ਮੰਡਲ ਸਜਾ; ਕਾਨੂੰਨ, ਸਾਰੰਗੀ, ਪਨਾਕ, ਧੋਤੀ, ਕਿੰਗਰ, ਤੰਬੂਰਾ, ਡਮਰੂ, ਢੋਲ, ਢੋਲਕੀ, ਪਖਾਵਜ, ਆਵੱਜ, ਦੁਹਲ, ਡੇਂਡਾ, ਅਰਧਾਜ, ਖ਼ੰਜਰੀ, ਸੰਜ, ਕੰਠ ਤਾਲ, ਜਲਤਰੰਗ, ਤੂਤੜੀ, ਵੰਝਲੀ, ਸੰਖ, ਖੜਤਾਲ, ਭੈੜੀ, ਮੁਸ਼ਕ, ਮੁਰਲੀ, ਅਪਨਕ……ਇਹ ਸਭੇ ਤੇਰੇ ਈ ਤੇ ਸਾਜ਼ ਸਨ। ਤੇਰੇ ਬਜ਼ੁਰਗਾਂ ਦੀਆਂ ਕਈਆਂ ਪੀੜ੍ਹੀਆਂ ਇਨ੍ਹਾਂ ਨੂੰ ਉਸਾਰਣ ਲਈ ਜਤਨ ਕੀਤੇ ਪਰ ਤੂੰ ਇੱਕ ਵਾਜੇ

ਕਾਰਨ ਹਰ ਸ਼ੈਅ ਪਰਾਂਹ ਸੁੱਟ ਛੱਡੀ ਏ!"

"ਡਾਇਰੈਕਟਰ ਜੀ! ਮੇਰੇ ਕੋਲ਼ ਤਾਂ ਫ਼ਿਰ ਵੀ ਵਾਜਾ ਏ। ਹੁਣ ਤਾਂ ਸਭ ਕੁੱਝ ਕੰਪਿਊਟਰ ਉੱਤੇ ਉਸਾਰਿਆ ਜਾਂਦਾ ਏ। ਟਰੈਕ (Track) ਬਣਾਏ ਜਾਂਦੇ ਨੇਂ। ਮਾੜੇ ਚੰਗੇ ਪੀਸ (piece) ਜੋੜੋ, ਸੋਹਣੀਆਂ ਸੋਹਣੀਆਂ ਕੁੜੀਆਂ ਵਿਡਿਓ ਵਿੱਚ ਪਾਓ, ਗਾਣਾ ਤਿਆਰ!"

"ਫ਼ਿਰ ਕਿੱਧਰ ਦਾ ਗਵੱਈਆ ਹੋਇਉਂ ਮੌਜੀ ਖ਼ਾਨ?......ਛੱਡ ਪਰਾਂਹ ਇਹ ਪਾਤਰ ਵੀ!"

"ਮੈਂ ਤਾਂ ਬਸ ਇੱਕ ਪਾਤਰ ਆਂ ਕੋਈ ਉਸਤਾਦ ਨਹੀਂ!"

ਸਰਮਦ ਨੇ ਹੱਸ ਕੇ ਆਖਿਆ।

"ਤੂੰ ਉਸਤਾਦ ਵੀ ਸੈਂ, ਤੂੰ ਪੰਡਤ ਸੈਂ, ਇਸ ਤੋਂ ਅਗਾਂਹ ਗੁਣੀ ਹੋਇਆ, ਫ਼ਿਰ ਗੰਧਰਵ ਬਣਿਆ, ਤੇ ਅਖ਼ੀਰ ਖ਼ਲਕਤ ਤੇ ਬਾਤਸ਼ਾਹੀ ਦੋਹਾਂ ਤੈਨੂੰ ਨਾਇਕ ਬਣਾ ਛੱਡਿਆ।"

"ਹੁਣ ਤੁਸੀਂ ਸਾਮ ਵੇਦ ਦੀ ਗੱਲ ਵੀ ਕਰੋਗੇ ਕਿ ਉਹਨੇ ਮੋਰਛਨਾ ਦੇ ਅਸੂਲ ਉਸਾਰੇ, ਵਾਜ ਨੂੰ ਬਾਈ ਸ਼ਰੂਤੀਆਂ ਵਿੱਚ ਵੰਡਿਆ, ਫ਼ਿਰ ਸਾਡਾ ਸ਼ੁੱਧ ਸੰਗੀਤ ਸੰਪੂਰਨ ਕੀਤਾ!"

"ਮੈਂ ਨਹੀਂ ਕਹਿੰਦਾ, ਪਰ ਕੁੱਝ ਨਾਇਕ ਲੋਕ ਆਖਦੇ ਸਨ ਕਿ ਉਹਦਾ ਗਾਉਣ, ਆਤਮਾ ਵੀ ਸੀ, ਦੇਵਤਾ ਵੀ ਸੀ। ਜਦੋਂ ਗਾਉਂਦਾ, ਸੂਰਜ ਇੱਕ ਅੱਖ ਵਿੱਚ ਆਣ ਸਮਾਉਂਦਾ ਸੀ; ਪਰ ਅਗਲਿਆਂ ਤੇਰੇ ਸੱਤੇ ਸੁਰ ਮਿੰਨੇ ਮਿੱਥੇ ਜੋੜੇ, ਟੋਰ ਬਣਾਈ ਤੇ ਸੱਭ ਕੁੱਝ ਕੁਦਰਤ ਕੋਲੋਂ ਸਿੱਖਿਆ ਜਿਹਦੇ ਆਪਣੇ ਰੰਗ, ਆਪਣੇ ਚਾਲੇ ਸਨ।"

"ਮੈਨੂੰ ਹੁਣ ਤੁਸੀਂ ਸਕਰਿਪਟ ਵੱਲ ਜਾਵਣ ਦੇਵੋ, ਪਤਾ ਨਹੀਂ ਇਹ ਪਾਤਰ ਵੀ ਬੰਨੇ ਲੱਗਣਾ ਏ ਕਿ ਨਹੀਂ!"

"ਗਵੱਈਆ ਵੀ ਕੁਦਰਤ ਦਾ ਇੱਕ ਚਿੱਤਰ ਏ। ਬਸ ਅਖ਼ੀਰਲੀ ਗੱਲ ਇਹ ਕਿ ਹਰ ਬੰਦੇ ਅੰਦਰ ਸੁਰ ਪਾਰੋਂ ਬਾਈ ਰਗਾਂ ਲੱਭਦੀਆਂ ਨੇਂ: ਨਾਫ਼, ਢਿੱਡ, ਗਲੇ ਤੋਂ ਹੁੰਦਿਆਂ ਪੰਜਵੀਂ, ਛੇਵੀਂ, ਨੌਂਵੀਂ, ਦਸਵੀਂ ਰੱਗ ਤੋਂ ਬਾਈਵੀਂ ਰੱਗ ਤੀਕਰ, ਫ਼ਿਰ ਪਹਿਲਾਂ ਚਾਰ ਹਿੱਸਿਆਂ ਵਿੱਚ ਵੰਡ ਮਗਰੋਂ ਉਸਤਾਦਾਂ ਸੱਤ, ਫ਼ਿਰ ਜੋੜੇ ਵਿੱਚ ਬਾਰਾਂ ਹਿੱਸਿਆਂ ਵਿੱਚ ਵੰਡਿਆ......ਉਹੋ ਈ ਸੱਤ ਸੁਰਾਂ ਦੀ ਜ਼ਬਾਨ, ਬੋਲੀ ਤੇ ਹਜ਼ਾਰਾਂ ਲੱਖਾਂ ਰਾਗ ਰਾਗਣੀਆਂ ਉਸਰੀਆਂ, ਉਹ ਸਾਰੀਆਂ ਵਾਜਾਂ ਜਿਹੜੀਆਂ ਕੁਦਰਤ ਧਰਤੀ ਉੱਤੇ ਜਣੀਆਂ ਸਨ।"

"ਫ਼ਿਰ ਸੱਤ ਸੁਰ ਵੀ ਦੱਸ ਛੱਡੋ!"

ਸਰਮਦ ਨੇ ਵਾਜੇ ਉੱਤੇ ਸਰਗਮ ਛੇੜਦਿਆਂ ਆਖਿਆ।

"ਇੱਕ ਵਾਰੀ ਫ਼ੇਰ ਵਜਾ!"

"ਸਾਰੇ ਗਾਮਾ ਪਾ ਧਾ ਨੀ ਸਾ...... !"

ਸਰਮਦ ਨੇ ਫ਼ਿਰ ਵਾਜਾ ਵਜਾਇਆ।

"ਸਾ: ਇਹ ਪਹਿਲਾ ਸੁਰ ਏ। ਇਹਨੂੰ ਖਰਜ ਆਖਿਆ ਜਾਂਦਾ ਏ। ਉਸਤਾਦਾਂ ਮੋਰ ਦੀ ਵਾਜ ਤੋਂ ਲਿੱਤਾ ਸੀ। ਬੰਦੇ ਦੀ ਚੌਥੀ ਰੱਗ ਵਿੱਚ ਜਾ ਦਿੱਸਦਾ ਏ। ਸੁਰ ਦਾ ਮੁਖ਼ਰਿਜ ਨੱਕ ਤੋਂ ਗਲੇ ਤੀਕਰ, ਗਲੇ ਤੋਂ ਸੀਨੇ ਵੱਲ, ਫ਼ਿਰ ਸੀਨੇ ਤੋਂ ਮੂੰਹ ਤੇ ਜ਼ਬਾਨ ਵੱਲ......ਰੇ: ਪਪੀਹੇ ਦੀ ਮੰਗ ਤੋਂ ਮੰਗਿਆ ਸੁਰ। ਇਹਨੂੰ ਰਿਖਬ ਕਹਿੰਦੇ ਨੇਂ। ਇਹ ਸੱਤਵੀਂ ਤੋਂ ਦਸਵੀਂ ਰੱਗ ਤੀਕਰ ਅੱਪੜਦਾ ਏ, ਅਰਥ ਹੋਇਆ ਨਾਫ਼ ਤੋਂ ਗਲੇ ਤੀਕਰ, ਗਲੇ ਤੋਂ ਤਾਲੂ ਤੀਕਰ ਤੇ ਫ਼ਿਰ ਮਖ਼ਰਜ ਵੱਲ......ਗਾ:



ਬੱਕਰੀ ਦੀ ਵਾਜ ਤੋਂ ਲਿੱਤਾ ਗਿਆ। ਨੌਂਵੀਂ ਤੋਂ ਤੇਰ੍ਹਵੀਂ ਰੱਗ ਤੀਕਰ, ਅਰਥ ਹੋਇਆ ਨਾਫ਼ ਤੋਂ ਗਲੇ ਤੀਕਰ ਫ਼ਿਰ ਮੱਥੇ ਤੋਂ ਹੁੰਦਿਆਂ ਗੰਧਾਰ......ਮਾ: ਇਹਨੂੰ ਮੱਧਮ ਸੁਰ ਦਾ ਨਾਂ ਦਿੱਤਾ ਗਿਆ, ਕੂੰਜ ਦੀ ਵਾਜ ਤੋਂ ਲਿੱਤਾ ਗਿਆ, ਤੇਰ ਵੀਂ ਤੋਂ ਸੋਲ੍ਹਵੀਂ ਰੱਗ ਤੀਕਰ, ਅਰਥ ਹੋਇਆ ਨਾਫ਼ ਤੋਂ ਸੀਨੇ ਤੀਕਰ ਅੱਪੜਦਾ ਏ......ਪਾ: ਕੋਇਲ ਦੀ ਵਾਜ ਤੋਂ ਲਿੱਤਾ ਗਿਆ, ਇਹ ਪੰਚਮ ਅਖਵਾਂਦਾ ਏ, ਸਤਾਰ੍ਹਵੀਂ ਰੱਗ ਵਿੱਚ ਕੱਠਾ ਹੁੰਦਾ ਏ......ਨਾਫ਼ ਤੋਂ ਵੱਖੀ ਵੱਲ ਤੇ ਫ਼ਿਰ ਸਿਰ ਤੀਕਰ......ਧਾ: ਇਹ ਮੁਰਗ਼ਾਬੀ ਦੀ ਵਾਜ ਤੋਂ ਏ, ਇਹਨੂੰ ਧੈਵਤ ਆਖਿਆ ਜਾਂਦਾ ਏ। ਨਾਫ਼ ਤੋਂ ਤਾਲੂ, ਤਾਲੂ ਤੋਂ ਗਲੇ, ਤੇ ਗਲੇ ਤੋਂ ਸਿਰ ਵੱਲ......ਨੀ: ਇਹ ਹਾਥੀ ਦੀ ਵਾਜ ਤੋਂ ਏ, ਇਹਨੂੰ ਨਖਾਦ ਆਖਿਆ ਜਾਂਦਾ ਏ। ਸੁਰ ਦਾ ਮਖ਼ਰਜ ਨਾਫ਼ ਤੋਂ ਗਲੇ, ਗਲੇ ਤੋਂ ਤਾਲੂ ਤੇ ਤਾਲੂ ਤੋਂ ਹੁੰਦਿਆਂ ਸਿਰ ਤੀਕਰ।"

"ਤੂੰ ਤਾਂ ਬੜਾ ਈ ਜਾਣੂ ਸੰਗੀਤਕਾਰ ਏਂ!"

ਸਰਮਦ ਨੇ ਹੱਸ ਕੇ ਸ਼ੀਸ਼ੇ ਵੱਲ ਤੱਕਿਆ।

"ਕਦੇ ਵੇਲ ਲੱਭੇ ਤਾਂ ਬਜ਼ੁਰਗਾਂ ਦੀ ਲਿਖੀ ਕਿਤਾਬ 'ਰਾਗ ਦਰਪਣ' ਇੱਕ ਵਾਰੀ ਪੜ੍ਹ ਲਵੀਂ!"

ਸ਼ੀਸ਼ੇ ਦੀਆਂ ਗੱਲਾਂ ਤੋਂ ਸਰਮਦ ਨੂੰ ਜ਼ੋਜ਼ਫ਼ ਚੇਤੇ ਆਇਆ ਕਿ ਐਕਟਰ ਕੁਦਰਤ ਤੋਂ ਸੱਭ ਕੁੱਝ ਸਿੱਖਦਾ ਏ।

ਕੁਦਰਤ ਦੀ ਗੱਲ ਹੁੱਲੀ ਤੇ ਸ਼ੀਸ਼ੇ ਵਿੱਚ ਵੱਗਦਾ ਦਰਿਆ ਤੇ ਪੱਤਨ ਹੋਰ ਖੁੱਲ੍ਹ ਕੇ ਸਾਹਮਣੇ ਆ ਗਏ।

"ਹੂੰਹ......ਸਕਰਿਪਟ ਵਿੱਚ ਦਰਿਆ ਈ ਲਿਖਿਆ ਹੈ!"

ਇਹ ਆਖਦਿਆਂ ਸਰਮਦ ਨੇ ਇੱਕ ਵਾਰੀ ਫ਼ਿਰ ਵਾਜਾ ਛੇੜਿਆ।

"ਸਾ ਰੇ ਗਾ ਪਾ ਧਾ ਸਾ!"

"ਇਹ ਤਾਂ ਭੋਪਾਲੀ ਬਣ ਗਿਆ!"

ਸਰਮਦ ਦੇ ਕੰਨਾਂ ਵਿੱਚ ਇਕ ਵਡੇਰੀ ਉਮਰ ਦੀ ਵਾਜ ਪਈ।

"ਸਾ ਰੇ ਗਾ ਪਾ ਧਾ ਸਾ!"

ਸਰਮਦ ਨੇ ਇੱਕ ਵਾਰੀ ਫ਼ਿਰ ਸਰਗਮ ਵਜਾਈ।

"ਇਹ ਰਾਗ ਭੋਪਾਲੀ ਏ......ਇਸ ਨੂੰ ਭੋਪ ਕਲਿਆਣ ਵੀ ਆਖਿਆ ਜਾਂਦਾ ਏ।"

ਸਰਮਦ ਨੂੰ ਇੱਕ ਹੋਰ ਵਡੇਰੀ ਵਾਜ ਆਈ। ਧਿਆਨ ਮਾਰਿਆ ਤੇ ਦਰਿਆ ਦੇ ਕੰਢੇ ਉੱਤੇ ਉਹਨੂੰ ਦੋ ਬਾਬੇ ਟੁਰਦੇ ਦਿੱਸੇ। ਫ਼ਿਰ ਉਹਨੂੰ ਲੱਗਾ ਕਿ ਉਹ ਆਪ ਵੀ ਦਰਿਆ ਦੇ ਕੰਢੇ ਉੱਤੇ ਸੀ। ਉਹਦੇ ਹੱਥ ਇੱਕ ਵਾਰੀ ਫ਼ਿਰ ਵਾਜੇ ਉੱਤੇ ਸਨ:

"ਸਾਰੇ ਗਾ ਪਾ ਧਾ ਸਾ!"
ਪ੍ਰਭੂ ਰੰਗ ਬਿਨਾਂ
ਮੋਹੇ ਸੱਭ ਸੁੱਖ ਦੇਣਾ
ਪ੍ਰਭੂ ਰੰਗ ਬਿਨਾਂ
ਮੋਹੇ ਸੱਭ ਸੁੱਖ ਦੇਣਾ
ਦੂਧ, ਪੂਦ ਔਰ ਆਨਾ ਧਾਨਾ
ਲੱਛਮੀ ਸੱਭ ਰੰਗ

ਸੱਭ ਬਾਤਾਂ ਮੇਂ
ਮੋਹੇ ਲਾਇਕ ਕੀਨਾ
ਪ੍ਰਭੂ ਰੰਗ ਬਿਨਾਂ
ਮੋਹੇ ਸੱਭ ਸੁੱਖ ਦੇਣਾ

ਸਰਮਦ ਨੂੰ ਸ਼ੀਸ਼ੇ 'ਚੋਂ ਦਰਿਆ, ਹਵਾ ਤੇ ਸੱਭ ਥਾਵਾਂ 'ਚੋਂ ਰਾਗ ਦਾ ਟੋਰਾ ਦਿੱਸਿਆ; ਤੇ ਉਹਨੂੰ ਅਗਾਂਹ ਟੁਰਦੇ ਇੱਕ ਬਾਬੇ ਦੀ ਵਾਜ ਆਈ:

"ਬਾਬਾ ਜੀ, ਇਹ ਭੋਪਾਲੀ ਤਾਂ ਚਾਰ ਚੁਫ਼ੇਰੇ ਹੋ ਗਿਆ ਏ!"

"ਠੀਕ ਆਖਣਾ ਏਂ!"

ਸਰਮਦ ਨੇ ਅਗਾਂਹ ਟੁਰਦੇ ਦੂਜੇ ਬਾਬੇ ਦੀ ਵਾਜ ਸੁਣੀ।

"ਬਾਬਾ ਜੀ, ਅੱਜ ਦੀ ਗੁਰਬਾਣੀ?"

ਪਹਿਲੇ ਬਾਬੇ ਨੇ ਆਖਿਆ।

"ਨਹੀਂ ਮਰਦਾਨੇ, ਅੱਜ ਤਾਂ ਫ਼ਰੀਦ ਹੋਰਾਂ ਨੂੰ ਗਵਣ ਦਾ ਮਨ ਏ।"

ਦੂਜੇ ਬਾਬੇ ਨੇ ਪਰਤਾਵਾ ਦਿੱਤਾ ਤੇ ਪਹਿਲੇ ਬਾਬੇ ਨੇ ਪਰਤ ਕੇ ਸਰਮਦ ਵੱਲ ਤੱਕਿਆ:

"ਤੂੰ ਵੀ ਆਜਾ......ਸਾਡੇ ਨਾਲ ਨਾਲ ਟੁਰ, ਪਿੱਛੇ ਪਿੱਛੇ ਕਿਉਂ ਏਂ?"

ਸਰਮਦ ਅੱਚਨਚੇਤੀ ਚੀਕਣੀ ਮਿੱਟੀ ਵਿੱਚ ਢੈ ਪਿਆ। ਉਹਦਾ ਸਾਰਾ ਸਰੀਰ ਤੇ ਲੀੜੇ ਲਿੱਬੜ ਗਏ। ਉਹ ਨੰਗੇ ਪੈਰੀਂ ਬਾਬਿਆਂ ਦੇ ਮਗਰ ਮਗਰ ਹੋ ਪਿਆ; ਪਰ ਡਿਗਦਿਆਂ ਢਹਿੰਦਿਆਂ ਵੀ ਉਹਨੇ ਹਾਰਮੋਨੀਅਮ ਸਾਂਭੀ ਰੱਖਿਆ।

"ਮਰਦਾਨੇ ਇਸ ਨੂੰ ਵੀ ਬਰਾਦਰੀ ਆਲਿਆਂ ਸੰਗੀਤ ਪਾਰੋਂ ਕੱਢ ਛੱਡਿਆ ਏ ......ਮੌਜੀ ਖ਼ਾਨ ਨਾਂ ਏ ਇਸ ਦਾ!"

ਬਾਬੇ ਦੀ ਵਾਜ ਸੁਣ ਕੇ ਸਰਮਦ ਨੇ ਇੱਕ ਵਾਰੀ ਫ਼ਿਰ ਅਪਣੇ ਵੱਲ ਤੱਕਦਿਆਂ ਸੋਚਿਆ:

"ਸਕਰਿਪਟ ਵਿੱਚ ਵੀ ਕੁੱਝ ਇੰਜ ਦਾ ਈ ਲਿਖਿਆ ਹੋਇਆ ਸੀ!"

"ਜਵਾਨਾ, ਤੇਰੇ ਹੱਥ ਵਿੱਚ ਇਹ ਕਿਹੋ ਜਿਹਾ ਸਾਜ਼ ਏ......ਅਸਾਂ ਤਾਂ ਕਦੇ ਇੰਜ ਦੀ ਵਜਾਵਣ ਵਾਲੀ ਸ਼ੈਅ ਨਹੀਂ ਤੱਕੀ!"

ਮਰਦਾਨੇ ਨੇ ਵੀਨਾ ਵਜਾਉਂਦਿਆਂ ਆਖਿਆ।

"ਜੀ ਇਸ ਨੂੰ ਹਾਰਮੋਨੀਅਮ ਆਖਦੇ ਨੇਂ!"

"ਵਜਾ ਤਾਂ ਸਹੀ!"

"ਸਾ ਰੇ ਗਾ ਮਾ ਪਾ ਧਾ ਨੀ ਸਾ"

ਸਰਮਦ ਨੇ ਸੰਪੂਰਨ ਸਰਗਮ ਵਜਾਈ ਤੇ ਠੇਡਾ ਖਾ ਕੇ ਡਿੱਗ ਪਿਆ; ਪਰ ਵਾਜਾ ਫ਼ਿਰ ਵੀ ਸਾਂਭੀ ਰੱਖਿਆ।

"ਮੌਜੀ ਖ਼ਾਨ ਸਾਜ਼ ਨੂੰ ਪੂਰਾ ਆਦਰ ਦੇਵੋ......ਇਹ ਤੁਹਾਨੂੰ ਆਦਰ ਦੇਵੇਗਾ। ਸਮਾਜ ਤਾਂ ਇੰਜ ਇਸ ਟੌਰ ਉੱਤੇ ਨਹੀਂ ਹੈਗਾ!"

ਮਰਦਾਨੇ ਨੇ ਆਖਿਆ।

"ਸੱਚ ਆਖਿਆ ਈ......ਤੇ ਨਾਲ ਹੇਠਾਂ ਵੀ ਧਿਆਨ ਰੱਖੀ ਦਾ ਏ। ਖ਼ੌਰੇ ਕਿਸ ਦੀ ਢੇਰੀ ਪੈਰਾਂ ਹੇਠ ਆ ਜਾਵੇ!"

ਅਗਾਂਹ ਟੁਰਦੇ ਬਾਬੇ ਨੇ ਆਖਿਆ।

"ਬਾਬਾ ਜੀ ਇਹ ਕਿਸ ਦੀ ਢੇਰੀ ਸੀ ਦਰਿਆ ਦੇ ਕੰਢੇ?"

ਸਰਮਦ ਨੇ ਹੇਠਾਂ ਇੱਕ ਢੇਰੀ ਵੱਲ ਵਿਹੰਦਿਆਂ ਆਖਿਆ।

"ਇਹ ਇੱਕ ਗ਼ਜ਼ਨਵੀ ਸਰਦਾਰ ਦੀ ਢੇਰੀ ਸੀ। ਮਹਿਮੂਦ ਮਗਰੋਂ ਕੁੱਝ ਗ਼ਜ਼ਨਵੀ ਸਰਦਾਰ ਇੱਥੇ ਆਣ ਵੱਸੇ। ਫ਼ਿਰ ਉਨ੍ਹਾਂ ਰੱਬ ਦਾ ਨਾਂ ਲੈ-ਲੈ ਇੱਕ ਢੇਰ ਖ਼ਲਕਤ ਦਾ ਕੋਹ ਛੱਡਿਆ। ਇਸ ਮਗਰੋਂ ਉਨ੍ਹਾਂ ਨਾਲ ਕੀ ਹੋਈ......ਉਨ੍ਹਾਂ ਨੂੰ ਵੀ ਰੱਬ ਦਾ ਨਾਂ ਲੈਵਣ ਆਲੇ ਗ਼ੋਰੀਆਂ ਕੋਹ ਕੋਹ ਮਾਰਿਆ; ਨੁੱਕਰਾਂ ਗੁੱਠਾਂ 'ਚੋਂ ਕੱਢ-ਕੱਢ ਗਾਟੇ ਵੱਢੇ। ਬਾਲ ਅੰਨ੍ਹੇ ਕੀਤੇ, ਜ਼ਨਾਨੀਆਂ ਚੁੱਕ ਲਈਆਂ, ਰਾਣੀਆਂ ਕਨੀਜ਼ਾਂ ਬਣ ਗਈਆਂ। ਉਨ੍ਹਾਂ ਮਗਰੋਂ ਉਸੇ ਈ ਰੱਬ ਨੂੰ ਮੰਨਣ ਆਲਿਆਂ ਇੱਕ ਦੂਜੇ ਦੇ ਸਿਰ ਵੱਢ-ਵੱਢ ਮੁਨਾਰੇ ਖੜ੍ਹੇ ਕਰ ਛੱਡੇ। ਹੁਣ ਇਹੋ ਈ ਕੰਮ ਇਹ ਬਗਲਾ ਸਰਦਾਰ ਬਾਬਰ ਵੀ ਕਰਨ ਟੁਰ ਪਿਆ ਏ। ਇੱਕ ਵਾਰੀ ਖ਼ਲਕਤ ਫ਼ਿਰ ਬਿਨਾਂ ਕਿਸੇ ਗੁਨਾਹ ਤੋਂ ਕੋਹੀ ਜਾਵੇਗੀ, ਸਿਰਾਂ ਦੇ ਮੁਨਾਰੇ ਖੜ੍ਹੇ ਹੋਵਣਗੇ, ਦਰਿਆ ਲਹੂ ਦਾ ਵਗਣਾ ਏ। ਲੋਧੀ ਸਰਦਾਰ ਤੇ ਹੁਣੇ ਤੋਂ ਈ ਨੱਸੇ ਭੱਜੇ ਫਿਰਦੇ ਨੇਂ......ਬਿਰਾਜਾ ਪਿਆ ਹੋਇਆ ਏ!"

ਬਾਬੇ ਨੇ ਇੱਕ ਲੰਮਾ ਸਾਹ ਭਰ ਕੇ ਆਖਿਆ।

"ਬਾਬਾ ਜੀ, ਉਹ ਫ਼ਰੀਦ ਹੋਰਾਂ ਦਾ ਗਵਣ......?"

ਮਰਦਾਨੇ ਨੇ ਵੀਨਾ ਦੇ ਸੁਰ ਛੇੜਦਿਆਂ ਆਖਿਆ।

"ਹਲਾ......ਫ਼ਰੀਦ ਹੋਰਾਂ ਕੀ ਕੁੱਝ ਆਖਿਆ, ਸਮਝਾਇਆ; ਪਰ ਇਨ੍ਹਾਂ ਨੂੰ ਸਾਰ ਨਾ ਹੋਈ। ਚੱਲ ਭਈ ਮੌਜੀ ਖ਼ਾਨ, ਤੂੰ ਵੀ ਅਪਣਾ ਸਾਜ਼ ਵਜਾ!"

ਬਾਬੇ ਹੋਰਾਂ ਇੱਕ ਹੋਰ ਢੇਰੀ ਦੇ ਨੇੜੇ ਬਹਿੰਦਿਆਂ ਆਖਿਆ।

"ਦਰਿਆ ਦਾ ਪਾਣੀ ਉਛੱਲਾਂ ਮਾਰਦਾ, ਆਣ ਪੈਰ ਚੁੰਮਦਾ। ਦੋਹਾਂ ਬਾਬਿਆਂ ਦੇ ਲੀੜੇ ਵੀ ਗਿੱਲੇ ਹੋ ਗਏ ਸਨ। ਮਰਦਾਨੇ ਨੇ ਇੱਕ ਵਾਰੀ ਵੀਨਾ ਛੋਹੀ ਤੇ ਬਾਬੇ ਹੋਰਾਂ ਦੇ ਨੇੜੇ ਕੁੱਝ ਪੱਖੂ ਤੇ ਕੁੱਝ ਡੰਗਰ ਵੀ ਆਣ ਬੈਠੇ। ਉਨ੍ਹਾਂ ਦੇ ਮਗਰ ਮਗਰ ਸਰਮਦ ਵੀ ਵਾਜਾ ਵਜਾਣ ਲੱਗ ਪਿਆ ਤੇ ਫ਼ਿਰ ਬਾਬੇ ਹੋਰਾਂ ਇੱਕ ਤਾਣ ਮਾਰਦਿਆਂ ਆਖਿਆ:

"ਵਾਹ ਫ਼ਰੀਦਾ!

ਫ਼ਰੀਦਾ ਜਿਨ ਲੋਇਣ ਜੱਗ ਮੋਹਿਆ, ਸੈ ਲੋਇਣ ਮੈਂ ਡਿੱਠ
ਕੱਜਲ ਰੇਖ ਨਾ ਸਹਿੰਦੀਆਂ ਸੈ ਪੰਖੀ ਸੂਹੇ ਬਿੱਠ"

ਮਰਦਾਨੇ ਹੋਰਾਂ ਦੀ ਵੀਨਾ ਵੱਜੀ ਜਾ ਰਹੀ ਸੀ। ਬਾਬੇ ਹੋਰਾਂ ਦੇ ਆਲ ਦੁਆਲੇ ਪੱਖੂਆਂ ਦੀ ਭੀੜ ਵੱਧ ਗਈ, ਰੰਗ ਰੰਗ ਦੇ ਨਿੱਕੇ ਵੱਡੇ ਪੱਖੂ ਸੰਗੀਤ ਦੇ ਨਾਲ ਰਲੀ ਜਾ ਰਹੇ ਸਨ। ਪੱਖੂਆਂ ਦੀ ਵਿੱਥ ਵਿੱਚ ਹਿਰਨ, ਭੇਡਾਂ, ਵੱਛੇ ਤੇ ਉਨ੍ਹਾਂ ਦੇ ਨਾਲ ਸ਼ੇਰ, ਚੀਤੇ ਤੇ ਬਘਿਆੜ ਵੀ ਆਦਰ ਨਾਲ ਬੈਠੇ ਸਨ। ਦਰਿਆ ਦੀਆਂ ਛੱਲਾਂ ਦੇ ਨਾਲ-ਨਾਲ ਵੱਗਦੇ ਪਾਣੀ ਵਿੱਚ ਕਈਆਂ ਰੰਗਾਂ ਦੀਆਂ ਮੱਛੀਆਂ ਆਪਣੇ ਪੱਖ ਵਖੇਰੇ ਕੰਢੇ ਆਣ ਖਲੋਤੀਆਂ ਤੇ ਉਨ੍ਹਾਂ ਦੇ ਨਾਲ ਈ ਬਗਲਿਆਂ ਦੀਆਂ ਡਾਰਾਂ ਲੱਥਦੀਆਂ ਜਾਵਣ; ਪੱਤਣ ਉੱਤੇ ਰਿੱਛ, ਕੱਛੂਕੁੰਮੇ ਤੇ ਹੋਰ ਦਰਿਆਈ ਜੀ ਵੀ ਆਣ ਬੈਠੇ; ਰੁੱਖ ਬੂਟੇ ਆਪਣੀ ਥਾਵੇਂ ਗਵੀਂ ਜਾ ਰਹੇ ਸਨ......ਗਾਉਣ ਏਡਾ ਸੋਹਣਾ ਕਿ ਇੱਕ ਵੇਲਾ ਇੰਜ ਦਾ ਆਇਆ ਜਦੋਂ ਸਰਮਦ ਨੂੰ ਲੱਗਿਆ ਕਿ ਹਰ ਸ਼ੈਅ ਇੱਕੋ ਸੁਰ ਲੈਅ ਵਿੱਚ ਆ ਗਈ ਏ ਤੇ ਸੱਭੇ ਰਲ

ਕੇ ਬਾਬਾ ਫ਼ਰੀਦ ਦਾ ਅਸ਼ਲੋਕ ਗਾਉਂਦੇ ਪਏ ਨੇਂ......ਵੇਖਦਿਆਂ ਵੇਖਦਿਆਂ ਕੁੱਝ ਸਰਕਾਰੀ ਅਹਿਲਕਾਰ ਵੀ ਸਰਮਦ ਦੇ ਸਿਰ ਉੱਤੇ ਆਣ ਖਲੋਤੇ ਤੇ ਉਨ੍ਹਾਂ ਸਰਮਦ ਨੂੰ ਗਿੱਚੀਓਂ ਫੜ ਲਿਆ:

"ਚੱਲ ਭਈ ਗਵੱਈਏ ਉੱਠ......ਤੈਨੂੰ ਬਾਤਸ਼ਾਹ ਨੇ ਸੱਦਿਆ ਏ। ਬਾਤਸ਼ਾਹ ਨੂੰ ਦੱਸ ਪਈ ਸੀ ਕਿ ਬਾਹਰੋਂ ਇੱਕ ਗਵੱਈਆ ਆਇਆ ਏ!"

"ਮੈਂ ਕੋਈ ਗਵੱਈਆ ਨਹੀਂ, ਮੈਂ ਤਾਂ ਬਸ ਇੱਕ ਪਾਤਰ ਹਾਂ!"

ਸਰਮਦ ਨੇ ਘਾਬਰਦਿਆਂ ਆਖਿਆ।

ਅਹਿਲਕਾਰਾਂ ਕਾਰਨ ਸੱਭ ਪੱਖੂ, ਡੰਗਰ, ਦਰਿਆ ਆਪਣੀ ਆਪਣੀ ਥਾਵੇਂ ਟੁਰ ਗਏ ਸਨ। ਸਰਮਦ ਨੇ ਬਾਬਿਆਂ ਵੱਲ ਨਿਗਾਹ ਮਾਰੀ ਤੇ ਬਾਬਾ ਜੀ ਨੇ ਆਖਿਆ:

"ਸੁਲਤਾਨ ਖ਼ਾਨ ਮਲੂਕ ਉਮਰੇ ਗਏ ਕਰ ਕਰ ਕੂਚ
ਘੜੀ ਮਹਿਤ ਕਿ ਚੱਲਣਾ ਦਿਲ ਸਭ ਤੂੰ ਭੀ ਪਹੂਚ"

"ਤੁਸੀਂ ਇਨ੍ਹਾਂ ਬਾਬਿਆਂ ਨੂੰ ਵੀ ਤੇ ਨਾਲ ਲਵੋ!"

ਸਰਮਦ ਨੇ ਅਹਿਲਕਾਰਾਂ ਨੂੰ ਬਾਬਿਆਂ ਵੱਲ ਟੋਹੰਦਿਆਂ ਆਖਿਆ।

"ਉਹ ਤਾਂ ਪਹੁੰਚੇ ਹੋਏ ਲੋਕ ਨੇਂ ਬਾਤਸ਼ਾਹ ਨੂੰ ਉਨ੍ਹਾਂ ਦੀ ਬਦਦੁਆ ਤੋਂ ਡਰ ਲੱਗਦਾ ਏ!"

ਇੱਕ ਅਹਿਲਕਾਰ ਨੇ ਉਹਨੂੰ ਧਰੂੰਦਿਆਂ ਹੋਇਆਂ ਆਖਿਆ।

"ਬਾਤਸ਼ਾਹ ਨੂੰ ਵੀ ਡਰ ਲੱਗਦਾ ਏ? ਡਰ ਤਾਂ ਦਿੱਤੇ ਸੈਣੀ ਨੂੰ ਵੀ ਲੱਗਦਾ ਸੀ, ਪਰ ਉਹ ਤਾਂ ਇੱਕ ਮਜ਼ਦੂਰ ਸੀ!"

ਸਰਮਦ ਨੇ ਹੈਰਾਨ ਹੋ ਕੇ ਆਖਿਆ:

"ਬਹੁਤੀਆਂ ਗੱਲਾਂ ਨਾ ਕਰ......ਚੱਲ ਉੱਠ ਇਬਰਾਹੀਮ ਲੋਧੀ ਬਾਤਸ਼ਾਹ ਤੈਨੂੰ ਸੱਦਿਆ ਏ......ਕੋਈ ਮਖ਼ੌਲ ਨਹੀਂ!"

ਇਕ ਦੂਜੇ ਅਹਿਲਕਾਰ ਨੇ ਉਸਦਾ ਹੱਥ ਫੜਦਿਆਂ ਆਖਿਆ।

ਸਰਮਦ ਨੇ ਇੱਕ ਵਾਰੀ ਪਿੱਛੇ ਮੁੜ ਕੇ ਤੱਕਿਆ ਤੇ ਪਖੂਆਂ ਨਾਲ ਬਾਬੇ ਵੀ ਕਿਧਰੇ ਉੱਡ ਗਏ ਸਨ। ਪੱਤਣ ਉੱਤੇ ਬਸ ਪਾਣੀ ਸੀ ਤੇ ਅਹਿਲਕਾਰ!

"ਤੂੰ ਕਾਹਤੋਂ ਘਾਬਰਣਾ ਏਂ। ਸੁਲਤਾਨ ਸਿਕੰਦਰ ਲੋਧੀ ਦੇ ਮਰਣ ਮਗਰੋਂ ਅਫ਼ਗਾਨੀਆਂ ਤੇ ਦੂਜੇ ਅਮੀਰਾਂ ਰਲ ਕੇ ਸਲਤਨਤ ਦੋ ਹਿੱਸਿਆਂ ਵਿੱਚ ਵੰਡੀ......ਦਿੱਲੀ ਤੋਂ ਜੌਨਪੁਰ ਤੀਕ ਇਬਰਾਹੀਮ ਲੋਧੀ ਕੋਲ ਤੇ ਜੌਨਪੁਰ ਤੋਂ ਅਗਾਂਹ ਉਸ ਦੇ ਭਰਾ ਜਲਾਲ-ਉੱਦ-ਦੀਨ ਕੋਲ। ਇਹ ਵੰਡ ਆਗਰੇ ਵਿੱਚ ਹੋਈ ਸੀ ਤੇ ਤਾਜ ਵੱਖਰੇ ਵੱਖਰੇ ਪਾਏ ਗਏ ਸਨ। ਮਗਰੋਂ ਹੈਬਤ ਖ਼ਾਨ ਨੇ ਖੇਡ ਖੇਡੀ ਤੇ ਜਲਾਲ-ਉੱਦ-ਦੀਨ ਜਿਹੜਾ ਮੁੱਢੋਂ ਡਰ ਵਾਲਾ ਸੀ, ਤ੍ਰੀਹ ਹਜ਼ਾਰ ਸਵਾਰ ਤੇ ਇੱਕ ਸੌ ਸੱਠ ਜੰਗੀ ਹਾਥੀ, ਪਰ ਅਪਣੇ ਭਰਾ ਦੇ ਸਾਹਮਣੇ ਨਾ ਖਲੋਇਆ; ਨੱਸ ਗਿਆ ਗਵਾਲਿਆਰ। ਇਬਰਾਹੀਮ ਨੇ ਗਵਾਲਿਆਰ ਵੱਲ ਚੜ੍ਹਾਈ ਕੀਤੀ, ਉੱਥੇ ਜਲਾਲ ਉੱਦ ਦੀਨ ਨੂੰ ਹਾਂਸੀ ਦੇ ਕਿਲ੍ਹੇ ਵੱਲ ਟੋਰਿਆ ਤੇ ਫ਼ਿਰ ਰਾਹ ਵਿੱਚ ਅਹਿਮਦ ਖ਼ਾਨ ਦੇ ਹੱਥੋਂ ਕਤਲ ਕਰਵਾ ਦਿੱਤਾ।"

ਇੱਕ ਅਹਿਲਕਾਰ ਬੋਲਦਾ ਗਿਆ ਤੇ ਸਰਮਦ ਕੰਬਦਾ ਕੰਬਦਾ ਘੜੀ ਮੁੜੀ ਹਾਰਮੋਨੀਅਮ ਫੜ ਲਵੇ।

"ਇੰਜ ਤਾਂ ਬਾਤਸ਼ਾਹਵਾਂ ਦੀ ਹਯਾਤੀ ਵਿੱਚ ਹੁੰਦਾ ਈ ਆਇਆ ਏ। ਪਰ ਇਬਰਾਹੀਮ



ਲੋਧੀ ਲੋਕਾਂ ਵਾਸਤੇ ਬਹੁਤ ਚੰਗਾ ਏ।"

ਦੂਜੇ ਅਹਿਲਕਾਰ ਨੇ ਆਖਿਆ।

"ਉਹ ਕਿਵੇਂ ......?"

ਸਰਮਦ ਨੇ ਡਰਦਿਆਂ ਡਰਦਿਆਂ ਪੁੱਛਿਆ।

"ਇੱਕ ਤਾਂ ਉਹ ਲਗਾਨ ਨਕਦ ਨਹੀਂ ਲੈਂਦਾ, ਅਨਾਜ ਦੀ ਸ਼ਕਲ ਵਿੱਚ ਲੈਂਦਾ ਏ। ਦੂਜੀ ਗੱਲ ਇਹ ਕਿ ਇੱਕ ਬਹਿਲੂਲ ਵਿੱਚ ਦਸ ਮੰਨ ਅਨਾਜ ਮੁੱਲ ਲੈ ਲਵੋ; ਇੱਕ ਬਹਿਲੂਲ ਵਿੱਚ ਪੰਜ ਸੇਰ ਘਿਓ ਵੀ ਲੱਭਦਾ ਏ ਤੇ ਇੱਕ ਬਹਿਲੂਲ ਵਿੱਚ ਈ ਦੱਸ ਗਜ਼ ਕੱਪੜਾ ਵੀ।"

ਪਹਿਲੇ ਅਹਿਲਕਾਰ ਨੇ ਅਗਾਂਹ ਟੁਰਦਿਆਂ ਆਖਿਆ।

"ਜਦੋਂ ਦਾ ਉਹ ਆਇਆ ਏ, ਹਰ ਵਰ੍ਹੇ ਮੀਂਹ ਚੋਖਾ ਪੈਂਦਾ ਏ, ਫ਼ਸਲਾਂ ਚੰਗੀਆਂ ਹੁੰਦੀਆਂ ਨੇਂ; ਤੇ ਜਿਸ ਕਿਸੇ ਕੋਲ ਪੰਜ ਟੰਕੇ ਹੋਵਣ ਤੇ ਉਸ ਦਾ ਪਰਵਾਰ ਵੀ ਅੱਠ ਦੱਸ ਜੀਆਂ ਦਾ ਹੋਵੇ ਉਹਦਾ ਵੇਲਾ ਸੌਖਾ ਲੰਘ ਜਾਂਦਾ ਏ ......"

ਦੂਜੇ ਅਹਿਲਕਾਰ ਨੇ ਆਖਿਆ:

"ਤੇ ਇਸ ਨਾਲ ਇੱਕ ਸਵਾਰ ਦੀ ਤਨਖ਼ਾਹ ਕੁੱਝ ਥਾਵਾਂ ਤੇ ਵੀਹ ਟੰਕੇ ਤੇ ਕੁੱਝ ਥਾਵਾਂ ਤੇ ਤ੍ਰੀਹ ਟੰਕੇ ਵੀ ਏ; ਤੇ ਜਿਸ ਬੰਦੇ ਨੇ ਦਿੱਲੀ ਤੋਂ ਆਗਰੇ ਜਾਣਾ ਹੋਵੇ ਇੱਕ ਬਹਿਲੂਲ ਵਿੱਚ, ਉਸ ਦਾ ਉਸ ਦੇ ਘੋੜੇ ਤੇ ਸਾਈਸ ਦਾ ਖ਼ਰਚਾ ਵੀ ਨਿਕਲ ਆਉਂਦਾ ਏ।"

"ਉਹ ਭਾਵੇਂ ਹਾਤਿਮ ਤਾਈ ਹੋਵੇ, ਮੈਂ ਅਗਾਂਹ ਨਹੀਂ ਟੁਰਣਾ।"

ਸਰਮਦ ਭੋਏਂ ਉੱਤੇ ਪਾਣੀ ਵਿੱਚ ਬਹਿ ਗਿਆ ਤੇ ਸਰਕਾਰੀ ਅਹਿਲਕਾਰ ਹੱਸਣ ਲੱਗ ਪਏ।

"ਤੈਨੂੰ ਖ਼ੌਰੇ ਪਤਾ ਨਹੀਂ ਕਿ ਉਹ ਗਾਉਣ ਵਾਲਿਆਂ ਨੂੰ ਚੋਖਾ ਇਨਾਮ ਦਿੰਦਾ ਏ। ਨਾਲੇ ਸ਼ੈਵਾਂ ਦਾ ਏਡਾ ਘੱਟ ਮੁੱਲ ਬਸ ਅਲਾਉੱਦ-ਦੀਨ ਖ਼ਿਲਜੀ ਦੇ ਸਮੇਂ ਸੀ ਪਰ ਉਹ ਸਰਕਾਰ ਦੇ ਡਰ ਤੋਂ ਸੀ ਤੇ ਨਾਲੇ ਉਹ ਜੰਗ ਵਾਸਤੇ ਪੈਸਾ ਕੱਠਾ ਕਰਦਾ ਪਿਆ ਸੀ। ਤੂੰ ਕਿਉਂ ਡਰਦਾ ਏਂ ਬਸ ਦਰਿਆ ਵੱਲ ਟੁਰ!"

"ਮੈਂ ਅਗਾਂਹ ਜਾਣਾ ਈ ਨਹੀਂ!"

"ਪਾਓ ਇਸ ਦੇ ਪੈਰਾਂ ਵਿੱਚ ਬੇੜੀਆਂ!"

ਇੱਕ ਅਹਿਲਕਾਰ ਨੇ ਆਖਿਆ।

"ਮੈਂ ਇਹ ਪਾਤਰ ਕਰਨਾ ਈ ਨਹੀਂ!"

ਸਰਮਦ ਨੇ ਉੱਚੀ ਵਾਜ ਵਿੱਚ ਆਖਿਆ।

"ਸਕਰਿਪਟ ਤੂੰ ਸਾਰਾ ਪੜ੍ਹਿਆ ਸੀ?"

ਸ਼ੀਸ਼ਾ ਹੱਸ ਕੇ ਬੋਲਿਆ।

"ਸਕਰਿਪਟ ਵਿੱਚ ਤਾਂ ਅਕਬਰ ਦਾ ਦਰਬਾਰ ਸੀ ਤੇ ਮੈਂ ਸਾਂ ਇੱਕ ਦਰਬਾਰੀ ਗਵੱਈਆ!"

"ਪਰ ਤੂੰ ਨੀਲੇ ਰੰਗ ਦਾ ਜੋੜਾ ਕਿਉਂ ਪਾਇਆ, ਦਰਬਾਰੀ ਗਵੱਈਆ ਤਾਂ ਲਾਲ ਸੂਹਾ ਜੋੜਾ ਪਾਉਂਦਾ ਸੀ......ਲਹੂ ਤੇ ਸੋਨਾ ਦੋਵੇਂ ਇਕੱਠੇ ਹੁੰਦੇ ਨੇਂ!"

ਸ਼ੀਸ਼ਾ ਫ਼ਿਰ ਹੱਸਿਆ......ਸਰਮਦ ਨੇ ਭੋਏਂ ਉੱਤੇ ਬੈਠਿਆਂ, ਦਰਿਆ ਦੇ ਕੰਢੇ ਇੱਕ ਵੱਡੇ ਪੱਥਰ ਵੱਲ ਧਿਆਨ ਮਾਰਿਆ ਤੇ ਉੱਥੇ ਇੱਕ ਨੁੱਕਰੇ ਉਹੋ ਈ ਦੋਵੇਂ ਬਾਬੇ ਬੈਠੇ ਦਿੱਸੇ......ਤੇ

ਪੱਥਰ ਉੱਤੇ ਲਿਖਿਆ ਹੋਇਆ ਸੀ:

"ਨਾ ਮੈਲਾ, ਨਾ ਧੁੰਦਲਾ, ਨਾ ਭਗਵਾ, ਨਾ ਕੱਚ
ਨਾਨਕ, ਲਾਲੋ ਲਾਲ ਹੈ ਸੱਚੇ ਰਤਾ ਸੱਚ"

ਅਹਿਲਕਾਰ ਇੱਕ ਵਾਰੀ ਫ਼ਿਰ ਸਰਮਦ ਵੱਲ ਵੱਧੇ ਤੇ ਉਹਨੇ ਗਵੱਈਏ ਦੇ ਲੀੜੇ ਲਾਹ ਪਰਾਂਹ ਸੁੱਟੇ; ਸਿਰ ਤੋਂ ਪਰਨਾ ਲੱਥਿਆ ਤੇ ਬੱਤੀਆਂ ਇੱਕ ਵਾਰੀ ਫ਼ਿਰ ਬੁੱਝ ਗਈਆਂ......ਰਾਵੀ ਦਾ ਕੰਢਾ ਦਿੱਸਿਆ ਤੇ ਮਗਰੋਂ ਫ਼ਿਰ ਇੱਕ ਹਨੇਰਾ ਸੀ।

"ਜ਼ੋਜ਼ਫ਼ ਨੇ ਮੈਨੂੰ ਕਿਸ ਸਿਆਪੇ ਵਿੱਚ ਪਾ ਛੱਡਿਆ ਏ......ਪਾਤਰ ਵਿੱਚ ਜਾਨ ਪਾਉਣਾ ਤੇ ਡਾਇਰੈਕਟਰ ਦਾ ਕੰਮ ਏ!"

ਸਰਮਦ ਨੇ ਆਪਣੇ ਆਪ ਨਾਲ ਗੱਲ ਕਰਦਿਆਂ ਆਖਿਆ।

"ਮੇਰੇ ਤੋਂ ਵੱਡਾ ਕੋਈ ਡਾਇਰੈਕਟਰ ਨਹੀਂ......ਮੈਂ ਹਾਂ ਨਾ ਤੇਰੇ ਕੋਲ਼......ਤੂੰ ਹੌਸਲਾ ਕਰ, ਹਿੰਮਤ ਫੜ!"

ਸ਼ੀਸ਼ੇ 'ਚੋਂ ਵਾਜ ਆਈ।

"ਮੈਂ ਕੋਈ ਹੌਸਲਾ ਨਹੀਂ ਕਰਨਾ: ਬਸ ਮੈਂ ਨਹੀਂ ਚੱਲਣਾ, ਮੈਂ ਨਹੀਂ ਕਰਨੀ ਕੋਈ ਐਕਟਿੰਗ ਵੈਕਟਿੰਗ......!"

"ਅੱਜ ਦੀ ਰਾਤ ਮਗਰੋਂ ਮੁੜ ਐਕਟਿੰਗ ਕਰਨ ਦਾ ਸੋਚੀਂ ਵੀ ਨਾ......ਐਕਟਰ ਬਣਨਾ ਕੋਈ ਸੌਖਾ ਕੰਮ ਨਹੀਂ ਪਰ ਤੁਸੀਂ ਤਾਂ ਆਏ ਸੀ ਹੀਰੋ ਬਣਨ!"

"ਨਹੀਂ ਡਾਇਰੈਕਟਰ ਸਾਹਿਬ ਮੇਰਾ ਮਨ ਬਸ ਹੁਣ ਐਕਟਰ ਬਣਨ ਨੂੰ ਈ ਕਰਦਾ ਏ! ਇੱਕ ਵਾਰੀ ਵੱਡੀ ਸਕਰੀਨ ਉੱਤੇ ਆ ਜਾਵਾਂ ਤੇ ਇੱਕ ਵਾਰੀ ਜਰਮਨੀ ਦੇ ਫਲਾਰਮੋਨੀ ਹਾਲ ਵਿੱਚ......ਮਨ ਤੇ ਬਹੁਤ ਕੁੱਝ ਕਰਨ ਨੂੰ ਕਰਦਾ ਏ ਪਰ ਕੀ ਕਰਾਂ, ਮੇਰੇ ਕੋਲੋਂ ਹੁੰਦਾ ਈ ਨਹੀਂ, ਉਹ ਜਿਹੜਾ ਮਨ ਵਿੱਚ ਏ!"

"ਗੁਰੂ ਦੱਤ ਸੋਲ੍ਹਾਂ ਵਰ੍ਹਿਆਂ ਦੀ ਉਮਰੇ ਟੈਲੀਫ਼ੋਨ ਆਪ੍ਰੇਟਰ ਲੱਗਿਆ ਤੇ ਜਦੋਂ ਉਹਨੇ ਖ਼ੁਦਕੁਸ਼ੀ ਕੀਤੀ, ਉਸ ਵੇਲੇ ਉਹ ਉਨਤਾਲੀ ਵਰ੍ਹਿਆਂ ਦਾ ਸੀ। ਇਸ ਨਿੱਕੀ ਉਮਰ ਵਿੱਚ ਉਹਨੇ ਕੀ ਕੁੱਝ ਨਹੀਂ ਕਰ ਛੱਡਿਆ!"

"ਪਰ ਮੈਂ ਗੁਰੂ ਦੱਤ ਨਹੀਂ......ਮੈਂ ਤਾਂ ਬਸ ਸਰਮਦ ਹਾਂ!"

"ਮੈਂ ਕਦੋਂ ਤੈਨੂੰ ਗੁਰੂ ਦੱਤ ਆਖਿਆ ਏ......ਮੈਂ ਤਾਂ ਬਸ ਹੌਸਲਾ ਵਧਾਉਣ ਦੀ ਗੱਲ ਕੀਤੀ ਏ। ਮੈਂ ਇੱਕ ਅਜਿਹੇ ਲਿਖਾਰੀ ਨੂੰ ਜਾਣਦਾ ਹਾਂ ਜਿਹੜਾ ਹੈਗਾ ਤੇ ਲੇਖਕ ਏ ਪਰ ਗੁਰੂ ਦੱਤ ਦੇ ਕੰਮ ਤੋਂ ਹੌਸਲਾ ਲੈਂਦਾ ਏ।"

"ਹੋਵਣਾ ਏ ਕੋਈ ਪਾਗਲ......ਪਰ ਡਾਇਰੈਕਟਰ ਸਾਹਿਬ, ਮੈਨੂੰ ਦੱਸੋ, ਮੈਂ ਕੀ ਕਰਾਂ......?"

ਸਰਮਦ ਨੇ ਸ਼ੀਸ਼ੇ ਅੱਗੇ ਢਿੱਲੇ ਪੈਂਦਿਆਂ ਆਖਿਆ।

"ਕਰਨਾ ਕੀ ਏ......ਅਜੇ ਤਾਂ ਰਾਤ ਦੀ ਪਹਿਲੀ ਘੜੀ ਏ......ਸਾਰੀ ਰਾਤ ਮਗਰੋਂ ਅਗਲੇ ਦਿਨ ਰਾਤ ਵੀ ਆਪਣੇ ਕੋਲ ਈ ਨੇਂ। ਸਕਰਿਪਟਾਂ ਦਾ ਢੇਰ ਏ ਮੁੱਕਦੇ ਨਹੀਂ......ਪੜ੍ਹੋ ਤੇ ਆਵੋ ਮੈਦਾਨ ਵਿੱਚ!"

ਸ਼ੀਸ਼ੇ ਦੀ ਗੱਲ ਸੁਣ ਕੇ ਸਰਮਦ ਨੇ ਇੱਕ ਵਾਰੀ ਫ਼ਿਰ ਸਕਰਿਪਟ ਸਾਹਮਣੇ ਰੱਖ ਲਏ।



ਥਰਮੋਸ 'ਚੋਂ ਚਾਹ ਦਾ ਕੱਪ ਭਰ ਕੇ ਸਾਈਡ ਸਟੈਂਡ ਉੱਤੇ ਰੱਖਿਆ ਤੇ ਸਿਗਰਿਟਾਂ ਦੀ ਇੱਕ ਨਵੀਂ ਡੱਬੀ ਖੋਲ੍ਹ ਲਈ। ਚਾਹ ਸਿਗਰੇਟ ਪੀਵੀ ਜਾਵੇ ਤੇ ਸਕਰਿਪਟ ਪੜ੍ਹੀ ਜਾਵੇ। ਇਸ ਵਿੱਚ ਅੱਧੀ ਡੱਬੀ ਸਿਗਰਿਟਾਂ ਦੀ ਤੇ ਤਿੰਨ ਕੱਪ ਚਾਹ ਦੇ ਪੀ ਗਿਆ।

"ਇਹ ਕਲਰਕ ਦਾ ਪਾਤਰ ਕੁੱਝ ਸਮਝ ਲੱਗਦਾ ਏ ਪਰ ਕਦੇ ਇਹ ਇੱਕ ਪਿਓ ਦਾ ਪਾਤਰ ਲੱਗਦਾ ਏ ਤੇ ਕਦੇ ਕਲਰਕ ਦਾ।"

"ਕਲਰਕ ਤੇ ਬੜਾ ਖ਼ਾਸ ਪਾਤਰ ਏ......ਹਰ ਪਾਤਰ ਦੇ ਕਈ ਰੂਪ ਹੁੰਦੇ ਨੇਂ; ਕਲਰਕ ਪਿਓ ਵੀ ਹੋ ਸਕਦਾ ਏ ਤੇ ਕੋਈ ਜਵਾਨ ਆਦਮੀ ਵੀ ਕਲਰਕ ਹੋ ਸਕਦਾ ਏ।"

ਸ਼ੀਸ਼ੇ ਨੇ ਆਖਿਆ।

"ਤੁਹਾਡੀ ਗੱਲ ਠੀਕ ਏ ਪਰ ਇੱਥੇ ਹਰ ਬਜਟ ਮਗਰੋਂ ਕਲਰਕ ਸੜਕਾਂ ਉੱਤੇ ਲੰਮੇ ਪਏ ਹੁੰਦੇ ਨੇਂ; ਗੱਲ ਵਿੱਚ ਜੁੱਤੀਆਂ ਤੇ ਸੁੱਕੀਆਂ ਰੋਟੀਆਂ ਪਾਈਆਂ ਹੁੰਦੀਆਂ ਨੇਂ।"

ਸਰਮਦ ਨੇ ਹੱਸਦਿਆਂ ਆਖਿਆ।

"ਇਹ ਤਾਂ ਵੰਡ ਮਗਰੋਂ ਹੋਇਆ ਸੀ। ਇਸ ਤੋਂ ਪਹਿਲਾਂ ਪੂਰੇ ਹਿੰਦੁਸਤਾਨ ਵਿੱਚ ਪੰਜੀ ਹਜ਼ਾਰ ਗੋਰੇ ਸਨ ਜਿਹਨਾਂ ਨਾਲ ਇਹ ਕਾਲੇ ਕਲਰਕ ਬਾਊ ਈ ਸਨ। ਗੋਰਿਆਂ ਆਪਣੀ ਤਾਕਤ ਨਾਲ ਸੱਭ ਕੁੱਝ ਸਾਂਭਿਆ ਹੋਇਆ ਸੀ।"

"ਹੁਣ ਤਾਂ ਬੁਰੇ ਈ ਹਾਲ ਨੇਂ।"

"ਕੁੱਝ ਮਹਿਕਮੇ ਤਾਂ ਮਾੜੇ ਨੇਂ ਪਰ ਕੁਝ ਰੂਸ ਅਮਰੀਕਾ ਜੰਗ ਮਗਰੋਂ ਕਿੱਥੋਂ ਤੀਕਰ ਅੱਪੜ ਗਏ ਨੇਂ!"

"ਅੱਜ ਕੱਲ੍ਹ ਤੇ ਚਾਹੀਦਾ ਏ ਕਿ ਤੁਰਕੀ ਯਾਂ ਚੀਨ ਦੇ ਕਲਰਕ ਹੋਵਣ ਜਿਹੜੇ ਅਰਬੀ ਤੇ ਚੀਨੀ ਜ਼ਬਾਨ ਵਿੱਚ ਹਿਸਾਬ ਕਿਤਾਬ ਲਿਖਦੇ ਹੋਵਣ।"

"ਤੂੰ ਬਸ ਆਪਣੇ ਪਾਤਰ ਵੱਲ ਧਿਆਨ ਕਰ, ਤੇ ਇਹ ਗੱਲ ਚੇਤੇ ਰੱਖੀਂ ਕਿ ਕਿਸੇ ਦੀ ਰੱਖੀ ਰਖੇਲ ਜੇ ਕਿਧਰੇ ਹੋਰ ਮੁੜੇ ਤੇ ਅਗਲੇ ਮੂੰਹ ਉੱਤੇ ਤੇਜ਼ਾਬ ਵੀ ਪਾ ਸੁੱਟਦੇ ਨੇਂ!"

ਸ਼ੀਸ਼ੇ 'ਚੋਂ ਬਰੀਕ ਜਿਹੀ ਵਾਜ ਨਕਲੀ।

"ਸਾਨੂੰ ਕੀ ਬਾਜ਼ਾਰ ਦੇ ਭਾਵਾਂ ਨਾਲ......ਮੇਰਾ ਪਾਤਰ ਤਾਂ ਇੱਕ ਘਰ ਬੈਠੇ ਕਲਰਕ ਦਾ ਏ, ਸਗੋਂ ਯੂਨੀਵਰਸਿਟੀ ਤੋਂ ਰਿਟਾਇਰ ਇੱਕ ਹੈੱਡ ਕਲਰਕ ਦਾ ਜਿਸ ਦੀਆਂ ਤਿੰਨ ਕੁੜੀਆਂ ਤੇ ਦੋ ਮੁੰਡੇ ਨੇਂ।"

ਸਰਮਦ ਨੇ ਸਿਗਰੇਟ ਲਾਉਂਦਿਆਂ ਆਖਿਆ।

"ਠੀਕ ਏ, ਰੋਜ਼ ਦਿਹਾੜੀ ਦੇ ਜੀ ਨੇਂ ......ਖ਼ਲਕਤ 'ਚੋਂ ਨੇਂ।"

ਸਰਮਦ ਨੇ ਕਲਰਕ ਬਾਊ ਦੇ ਲੀੜੇ ਪਾ ਲਏ। ਬੱਤੀਆਂ ਇੱਕ ਵਾਰੀ ਫ਼ਿਰ ਜਗ ਪਈਆਂ। ਉਹ ਸ਼ੀਸ਼ੇ ਦੇ ਸਾਹਮਣੇ ਆਣ ਖਲੋਤਾ ਤੇ ਵੇਖਿਆ ਕਿ ਇੱਕ ਪੁਰਾਣੇ ਘਰ ਦੀ ਟੁੱਟੀ ਹੋਈ ਮੰਜੀ ਉੱਤੇ ਇਕ ਬੰਦਾ ਲੰਮਾ ਪਿਆ ਹੋਇਆ ਸੀ। ਦੂਰੋਂ ਇੱਕ ਤੀਵੀਂ ਦੀ ਵਾਜ ਆਉਂਦੀ ਏ:

"ਡਿਪਟੀ ਨਜ਼ੀਰ ਅਹਿਮਦ ਉੱਠੋ......ਉੱਠੋ ਡਿਪਟੀ ਜੀ!"

"ਉੱਠਣਾ ਵਾਂ......ਕੀ ਰੌਲ਼ਾ ਪਾਇਆ ਹੋਇਆ ਈ!"

ਸਰਮਦ ਨੇ ਸਕਰਿਪਟ ਪੜ੍ਹਦਿਆਂ ਆਖਿਆ।

"ਜਾਵੋ, ਜਾ ਕੇ ਆਟਾ ਚੀਨੀ ਲੈ ਕੇ ਆਵੋ......ਕੱਲ੍ਹ ਦੀ ਪੈਂਸ਼ਨ ਆਈ ਹੋਈ ਏ,

ਜਾਵੇ ਕਿੱਧਰੇ ਬਿਲਾਂ ਵਿੱਚ ਈ ਮੁੱਕ ਨਾ ਜਾਵੇ!"

ਤੀਵੀਂ ਦੀ ਵਾਜ ਹੁਣ ਨੇੜਿਓਂ ਆਉਂਦੀ ਏ।

"ਪੈਂਸ਼ਨ ਵੀ ਤੇ ਮੇਰੀ ਨੌਕਰੀ ਕਾਰਨ ਈ ਏ......ਉਠਾ ਆਪਣੇ ਇਨ੍ਹਾਂ ਜਵਾਨ ਮੁੰਡਿਆਂ ਨੂੰ; ਕੋਈ ਜਾ ਕੇ ਕੰਮ ਧੰਦਾ ਕਰਨ!"

"ਜਵਾਨ ਉਲਾਦ ਉੱਤੇ ਕਾਹਦਾ ਜ਼ੋਰ ਏ......ਨੌਕਰੀ ਨਾਲ ਕੁੱਝ ਬਣਾ ਲਿੱਤਾ ਹੁੰਦਾ ਤੇ ਅੱਜ ਇਹ ਦਿਨ ਨਾ ਵੇਖਣੇ ਪੈਂਦੇ!"

ਇਕ ਢਲਦੀ ਉਮਰ ਦੀ ਜ਼ਨਾਨੀ ਨੇ, ਮੰਜੀ ਦੀ ਪੈਂਦੀਂ ਬਹਿੰਦਿਆਂ ਆਖਿਆ।

"ਡਿਪਟੀ ਹੈੱਡ ਕਲਰਕ ਰਿਟਾਇਰ ਹੋਇਆ ਵਾਂ ਯੂਨੀਵਰਸਿਟੀ ਤੋਂ......ਪੁਲਿਸ ਤੋਂ ਕੋਈ ਡੀ.ਐੱਸ.ਪੀ. ਰਿਟਾਇਰ ਨਹੀਂ ਹੋਇਆ ਕਿ ਉੱਤੇ ਦੀਆਂ ਕਮਾਈਆਂ ਹੁੰਦੀਆਂ।"

"ਤੁਹਾਡੇ ਨਾਲ ਦੇ ਕਲਰਕ, ਲੋਕਾਂ ਦੇ ਪਰਚੇ ਤੇ ਨਤੀਜੇ ਬਦਲ ਕੇ ਕਿੱਥੇ ਅੱਪੜ ਗਏ......ਤੁਸੀਂ ਤਾਂ ਆਪਣੇ ਮੁੰਡਿਆਂ ਨੂੰ ਵੀ ਕੋਈ ਡਿਗਰੀ ਲੈ ਕੇ ਨਾ ਦੇ ਸਕੇ।"

"ਮੇਰੇ ਮੂੰਹ ਨੂੰ ਹਰਾਮ ਨਹੀਂ ਸੀ ਲੱਗਾ, ਇਸ ਵਾਸਤੇ ਮੈਂ ਨੌਕਰੀ ਤੋਂ ਕੁੱਝ ਨਹੀਂ ਖੱਟਿਆ......ਬਸ ਇਹੋ ਈ ਚਾਹੁਣਾ ਸਾਂ ਕਿ ਕੋਈ ਮਾੜਾ ਮੋਟਾ ਅਪਣਾ ਕੰਮ ਕਰ ਲੈਂਦੇ।"

ਡਿਪਟੀ ਨਜ਼ੀਰ ਨੇ ਮੰਜੀ ਤੋਂ ਉੱਠਦਿਆਂ ਆਖਿਆ।

"ਮਾੜੇ ਮੋਟੇ ਕੰਮ ਲਈ ਵੀ ਚਾਰ ਪੈਸੇ ਕੋਲ ਹੋਣੇ ਚਾਹੀਦੇ ਨੇਂ। ਪੁੱਤਰਾਂ ਕੋਲ ਡਿਗਰੀ ਹੁੰਦੀ ਤੇ ਕਿਧਰੇ ਨਾ ਕਿਧਰੇ ਕੰਮ ਆ ਜਾਂਦੀ।"

"ਤੂੰ ਠੀਕ ਆਖਣੀ ਏਂ ਡਿਗਰੀ ਕੰਮ ਆ ਜਾਂਦੀ, ਲੋਕਾਂ ਡਿਗਰੀਆਂ ਲਿੱਤੀਆਂ ਵੀ......ਮੈਂ ਅਠੱਤੀ ਵਰ੍ਹੇ ਯੂਨੀਵਰਸਿਟੀ ਦੇ ਕੋਰਸ ਤੱਕੇ, ਸੱਭ ਝੂਠ ਦੀਆਂ ਨੀਂਹਾਂ ਉੱਤੇ ਉਸਾਰੇ ਹੋਏ ਸਨ। ਬਸ ਇੱਕੋ ਈ ਬੰਦੇ ਨੂੰ ਕਵੀ ਆਖਿਆ ਗਿਆ। ਸਿਆਸਤਦਾਨ ਵੀ, ਫ਼ਿਲਾਸਫ਼ਰ ਵੀ ਤੇ ਉਸ ਦੇ ਨਾਲ ਦੇ ਉਸ ਵਰਗੇ ਬੰਦੇ ਨੂੰ ਕਾਂਗਰਸੀ ਆਖ ਕੇ ਗਾਲ੍ਹਾਂ ਵੀ ਕੱਢੀਆਂ ਗਈਆਂ। ਇੱਕੋ ਈ ਧਰਮ ਦੇ ਬੰਦੇ, ਇੱਕ ਧਰਮ ਅੰਦਰ, ਤੇ ਦੂਜਾ ਧਰਮੋਂ ਬਾਹਰ!"

"ਤੁਸੀਂ ਕੀ ਪਏ ਆਖਦੇ ਓ......ਅਸਾਂ ਤਾਂ ਅਪਣਾ ਢਿੱਡ ਅਪਣਾ ਘਰ ਵੇਖਣਾ ਏ। ਭੁੱਖੇ ਬੰਦੇ ਦਾ ਕਿਹੜਾ ਆਦਰ ਤੇ ਕਿਹੜਾ ਧਰਮ!"

"ਧਰਮ ਨੂੰ ਵਿੱਚ ਲੈ ਕੇ ਨਾ ਆ......ਵੰਡ ਤੋਂ ਪਹਿਲਾਂ ਅਸੀਂ ਬਟਾਲੇ ਰਹਿਣੇ ਸਾਂ। ਮੈਂ ਸੱਭੇ ਬੁੱਤ ਵੇਖ ਛੱਡੇ ਨੇਂ। ਜੇ ਉਨ੍ਹਾਂ ਧੰਨਪਤੀ, ਚੰਦਰ ਗੁਪਤ, ਏਸ਼ਾਨ ਦੀਆਂ ਮੂਰਤੀਆਂ ਉਸਾਰੀਆਂ ਸਨ ਤੇ ਉੱਥੇ ਇਨ੍ਹਾਂ ਨੂੰ ਵੀ ਲੋੜ ਸੀ ਦੂਜੇ ਨਾਵਾਂ ਦੇ ਨਾਲ ਬੰਦਿਆਂ ਦੇ ਬੁੱਤਾਂ ਦੀ। ਉਨ੍ਹਾਂ ਦੇ ਬੁੱਤ ਹਜ਼ਾਰਾਂ ਵਰ੍ਹੇ ਪੁਰਾਣੇ ਸਨ; ਪਰ ਅਸਾਂ ਇੱਥੇ ਸੱਤਰ ਵਰ੍ਹਿਆਂ ਵਿੱਚ ਉਸਾਰੇ ਤੇ ਮਗਰੋਂ ਦਿਮਾਗ਼ ਦੇ ਸਾਰੇ ਰਾਹ ਹੌਲੀ-ਹੌਲੀ ਬੰਦ ਕਰ ਦਿੱਤੇ। ਹੁਣ ਜੇ ਉਨ੍ਹਾਂ ਨੂੰ ਜਾਣਕਾਰੀ ਦੀ ਕੋਈ ਆਕਸੀਜਨ ਲੱਭੇ ਤੇ ਮਰਣ ਮਾਰਣ ਨੂੰ ਟੁਰ ਪੈਂਦੇ ਨੇਂ......ਕਿੰਜ ਦੀ ਤਬਾਹੀ ਲਾਈ ਅਸਾਂ! ਜਿਹਨਾਂ ਥਾਵਾਂ ਤੋਂ ਗਿਆਨ ਧਿਆਨ ਲੱਭਣਾ ਸੀ, ਉਨ੍ਹਾਂ ਵਿੱਚ ਝੂਠ ਦੇ ਸੌਦੇ ਵਿਕੇ......ਨਕਦੋ ਨਕਦ ਤੇ ਵੱਡੇ ਮੁੱਲ ਵਿੱਚ!"

"ਮੈਂ ਘਰ ਦੇ ਖ਼ਰਚ ਦੀ ਗੱਲ ਕੀਤੀ ਏ......ਤੁਸੀਂ ਕਿਹੜੀਆਂ ਗੱਲਾਂ ਛੋਹ ਬੈਠੇ ਓ!"

"ਮੈਂ ਕੀ ਕਰਾਂ, ਢਿੱਡ ਕਾਰਨ ਬੰਨ੍ਹਿਆ ਬਝਿਆ ਬੈਠਾ ਹਾਂ। ਮੈਂ ਉਨ੍ਹਾਂ ਲਿਖਾਰੀਆਂ ਤੇ ਸੂਝਵਾਨਾਂ ਨੂੰ ਜਾਣਦਾ ਹਾਂ ਜਿਹੜੇ ਵੰਡ ਤੋਂ ਪਹਿਲਾਂ ਅੰਗਰੇਜ਼ ਸਰਕਾਰ ਦੇ ਬੂਟਾਂ ਵਿੱਚ ਸਨ......ਚੱਵੀ



ਘੰਟੇ ਬੋਤਲ ਬਾਜ਼ਾਰ ਵਿੱਚ। ਫ਼ਿਰ ਮੇਰੀ ਨੌਕਰੀ ਦੇ ਅਖ਼ੀਰਲੇ ਵਰ੍ਹੇ ਤਿੰਨ ਜਵਾਨ ਮੁੰਡੇ ਉਨ੍ਹਾਂ ਹੱਥੀਂ ਮਾਰ ਸੁੱਟੇ। ਉਨ੍ਹਾਂ ਇੱਕ ਲਿਖਾਰੀ ਦੇ ਵੱਡੇ ਮੁੰਡੇ ਦਾ ਪੁੱਛਿਆ ਸੀ। ਅਗਲਿਆਂ ਦੇ ਮਾਇਆ ਵਿਹਾਰ ਨੂੰ ਸਾਂਭਦੇ ਇੱਕ ਬੁੱਤ ਨੂੰ ਹੱਥ ਪੈਂਦਾ ਪਿਆ ਸੀ। ਉਨ ਾਂ ਰਾਮ ਵੀ ਉਸਾਰੇ ਤੇ ਰਾਵਣ ਵੀ, ਪਰ ਅਪਣੀ ਮਰਜ਼ੀ ਦੇ!"

"ਨਜ਼ੀਰ, ਅਸੀਂ ਵਿਹਾਰ ਨਾਲ ਨਹੀਂ ਲੜ ਸਕਦੇ। ਤੁਸੀਂ ਤੇ ਸਾਰੀ ਹਯਾਤੀ ਹੱਕ ਹਲਾਲ ਦੀ ਕਮਾਈ ਕੀਤੀ ਤੇ ਮੈਂ ਤੁਹਾਡੇ ਮੋਢੇ ਨਾਲ ਮੋਢਾ ਜੋੜੀ ਰੱਖਿਆ। ਤੁਸੀਂ ਕਦੇ ਵੀ ਇਕੱਲੇ ਨਹੀਂ ਸੀ। ਮੁੰਡੇ ਘਰ ਬੈਠੇ ਰਹੇ ਪਰ ਦੋ ਨੰਬਰ ਮਾਲ ਨਾ ਵੇਚਣ ਪਾਰੋਂ ਹੱਟੀ ਨਾ ਖੋਲ੍ਹ ੀ, ਆਖ਼ਿਰ ਪਿਓ ਕਿਹੜੇ ਦੇ ਪੁੱਤਰ ਸਨ......ਜਿਹੜੀ ਮਜ਼ਦੂਰੀ ਲੱਭੀ, ਹੱਥੀਂ ਕਰ ਲਈ।"

"ਪਰ ਹੁਣ ਤੇ ਤੈਂ ਵੀ ਮਿਹਣੇ ਮਾਰਣ ਲੱਗ ਪਈ ਏਂ!"

ਨਜ਼ੀਰ ਅਹਿਮਦ ਨੇ ਹੌਲੀ ਜਿਹੀ ਹੱਸ ਕੇ ਆਖਿਆ।

"ਮਿਹਣੇ ਕਾਹਦੇ, ਬਸ ਹੱਸ ਲਈਦਾ ਤੁਹਾਡੇ ਨਾਲ। ਹੁਣ ਜਾਵੋ ਤੇ ਜਾ ਕੇ ਆਟਾ ਲੈ ਆਵੋ!"

ਜ਼ਨਾਨੀ, ਉਹਦੇ ਮੋਢੇ ਉੱਤੇ ਹੱਥ ਰੱਖਦਿਆਂ ਬਾਹਰ ਨਿਕਲ ਗਈ।

"ਹਾਂ ਭਈ ਨਜ਼ੀਰ ਅਹਿਮਦ, ਡਿਪਟੀ ਨਜ਼ੀਰ ਅਹਿਮਦ ਸਾਹਿਬ......ਸਾਰੀ ਉਮਰ ਫ਼ਾਇਲਾਂ ਵਿੱਚ ਸਿਰ ਖਪਾਇਆ; ਕੁੱਝ ਵੇਲਾ ਆਪਣੇ ਵਾਸਤੇ ਵੀ ਕੱਢ ਲੈਣਾ ਸੀ......!"

ਸ਼ੀਸ਼ੇ 'ਚੋਂ ਵਾਜ ਆਈ।

"ਕਮਾਈ ਕਰਦਿਆਂ...... ਉਮਰ ਲੰਘ ਗਈ, ਪਰ ਅਪਣੇ ਪਰਵਾਰ ਨੂੰ ਰਾਜ਼ੀ ਨਾ ਕਰ ਸਕਿਆ......ਤੂੰ ਕਿਹੋ ਜਿਹੀਆਂ ਗੱਲਾਂ ਪਿਆ ਕਰਨਾ ਏਂ?"

ਨਜ਼ੀਰ ਅਹਿਮਦ ਬੋਲਿਆ।

"ਬੰਦਾ ਤੇ ਉਸ ਰੱਬ ਕੋਲੋਂ ਵੀ ਰਾਜ਼ੀ ਨਹੀਂ ਹੁੰਦਾ ਜਿਸ ਨੇ ਰਿਜ਼ਕ ਦਿੱਤਾ, ਬੰਦੇ ਵਿੱਚ ਸੱਭ ਗੁਣ ਪਾਏ......ਤੇਰੇ ਕੋਲੋਂ ਕਿਹੜੇ ਬੰਦਿਆਂ ਰਾਜ਼ੀ ਹੋਵਣਾ ਸੀ?"

"ਮੈਂ ਕੀ ਕਰਦਾ......?"

"ਖ਼ੁੱਤਾਤੀ ਕਰਦਾ......ਹੋਰ ਕੀ ਕਰਦਾ......ਤੇਰਾ ਅਸਲ ਗੁਣ ਤਾਂ ਖ਼ੁੱਤਾਤੀ ਸੀ......ਕੁਦਰਤ ਦਾ ਇੱਕ ਰੂਪ ਸੀ ਤੇਰੇ ਵਿੱਚ!"

"ਪਹਿਲਾਂ ਟਾਇਪਿੰਗ ਮਸ਼ੀਨ ਆਈ ਤੇ ਮਗਰੋਂ ਕੰਪਿਊਟਰ ਆ ਗਿਆ, ਚਾਰ ਚੁਫ਼ੇਰੇ ਉਸ ਦਾ ਰੌਲਾ ਪੈ ਗਿਆ। ਮੈਨੂੰ ਖ਼ੁੱਤਾਤੀ 'ਚੋਂ ਕੀ ਲੱਭਣਾ ਸੀ......ਇੱਕ ਡੰਗ ਵੀ ਪੂਰਾ ਨਹੀਂ ਸੀ ਹੋਵਣਾ।"

"ਨੌਕਰੀ ਵਿੱਚੋਂ ਕੀ ਲੱਭ ਗਿਆ ਸੀ......ਖ਼ੁੱਤਾਤੀ ਦਾ ਤੂੰ ਮੁੱਲ ਕਿਉਂ ਲਵਾਣਾ ਸੀ......ਉਹ ਤੂੰ ਆਪਣੇ ਵਾਸਤੇ ਕਰਦਾ, ਤੇਰੀ ਆਪਣੀ ਕਲਾ ਬਾਹਰ ਆਉਂਦੀ ਤੇ ਮਨ ਰਾਜ਼ੀ ਹੁੰਦਾ!"

ਸ਼ੀਸ਼ਾ ਕੁੱਝ ਗ਼ੁੱਸੇ ਨਾਲ ਬੋਲਿਆ।

"ਸੱਚ ਕਹਿਣਾ ਏਂ, ਪਰ ਖ਼ੁੱਤਾਤੀ ਨਾਲ ਕੁੜੀਆਂ ਤੇ ਵਿਆਹੀਆਂ ਨਹੀਂ ਸਨ ਜਾਣੀਆਂ। ਮੁੰਡਿਆਂ ਨੂੰ ਨੌਕਰੀ ਵੀ ਨਹੀਂ ਸੀ ਲੱਭਣੀ।"

"ਝੱਲਿਆ, ਭਾਵੇਂ ਤੇਰਾ ਕੋਈ ਕੰਮ ਨਾ ਹੁੰਦਾ, ਪਰ ਤੂੰ ਆਪ ਤੇ ਨਾ ਗਵਾਚਦਾ। ਹੁਣ

ਤੇ ਤੇਰਾ ਅਪਣਾ ਆਪ ਈ ਗਵਾਚ ਗਿਆ ਏ।"

"ਪਰ ਡਿਪਟੀ ਨਜ਼ੀਰ ਅਹਿਮਦ ਕੀ ਕਰਦਾ......ਰੀਟਾਇਰਮੈਂਟ ਮਗਰੋਂ ਜਿਹੜਾ ਧੇਲਾ ਧੇਲੀ ਲੱਭਿਆ, ਉਹਦੇ ਨਾਲ ਇੱਕ ਹੱਟੀ ਮੁੱਲ ਲੈ ਲਈ ਤੇ ਇਹ ਨਿੱਕਾ ਜਿਹਾ ਮਕਾਨ ਵੀ......ਭਾੜੇ ਤੋਂ ਵੀ ਜਾਨ ਛੁੱਟ ਗਈ, ਸਗੋਂ ਹੁਣ ਕੁੱਝ ਕਿਰਾਇਆ ਵੀ ਆਉਣ ਲੱਗ ਪਿਆ ਏ।"

ਨਜ਼ੀਰ ਅਹਿਮਦ ਐਡੀ ਉੱਚੀ ਬੋਲਿਆ ਕਿ ਉਹਦੀ ਵਾਜ ਸ਼ੀਸ਼ੇ ਦੀਆਂ ਕੰਧਾਂ ਤੋਂ ਘੁੰਮ- ਘੁੰਮ ਕੇ ਆਉਣ ਲੱਗ ਪਈ।.....

"ਮੈਂ ਕਲਰਕ ਵੀ ਨਹੀਂ ਬਣਨਾ......ਬਹੁਤ ਔਖਾ ਏ ਕਲਰਕ ਬਣਨਾ ਵੀ!"

ਸਰਮਦ ਨੇ ਸਿਰ ਮਾਰਦਿਆਂ ਆਖਿਆ।

"ਲਾਹ ਦੇ ਫ਼ਿਰ ਇਹ ਲੀੜੇ ਤੇ ਪਾ ਲੈ ਆਪਣੀ ਕਟੰਨੀ। ਐਕਟਰ ਵੀ ਨਾ ਬਣ। ਇਹ ਡਾਢੀ ਔਖੀ ਕਾਰ ਏ......ਤੇਰੇ ਵੱਸੋਂ ਬਾਹਰ!"

ਸ਼ੀਸ਼ਾ ਵਿਗੜ ਪਿਆ।

"ਪਹਿਲਾਂ ਇਨ੍ਹਾਂ ਲੀੜਿਆਂ ਤੋਂ ਜਾਨ ਛੁਡਾ ਲਵਾਂ!"

ਸਰਮਦ ਨੇ ਛੇਤੀ ਛੇਤੀ ਲੀੜੇ ਲਾਹੁੰਦਿਆਂ ਆਖਿਆ। ਇਹਦੇ ਨਾਲ ਈ ਵੱਡੀਆਂ ਜਗਦੀਆਂ ਬੱਤੀਆਂ ਬੁਝ ਗਈਆਂ ਤੇ ਰੀਹਰਸਲ ਰੂਮ ਵਿੱਚ ਹਨ੍ਹੇਰਾ ਹੋ ਗਿਆ, ਬਸ ਕਮਰੇ ਦੀ ਆਪਣੀ ਬੱਤੀ ਜਗਦੀ ਰਹੀ। ਕੰਧਾਂ ਆਪਣੀ ਅਸਲ ਹਾਲਤ ਵਿੱਚ ਆ ਗਈਆਂ। ਸਰਮਦ ਨੇ ਸਿਗਰੇਟ ਲਾਉਂਦਿਆਂ ਇੱਕ ਵਾਰੀ ਫ਼ਿਰ ਸਕਰਿਪਟ ਸਾਹਮਣੇ ਰੱਖ ਲਏ। ਸ਼ੀਸ਼ੇ 'ਚੋਂ ਹਰ ਦੋ ਤਿੰਨ ਮਿੰਟਾਂ ਮਗਰੋਂ ਇੱਕ ਨਿੰਮੇ ਜਿਹੇ ਹਾਸੇ ਦੀ ਵਾਜ ਆਉਣ ਲੱਗ ਪਈ।

"ਤੂੰ ਕਿਉਂ ਹੱਸ ਰਿਹਾ ਏਂ......?"

ਸਰਮਦ ਨੇ ਸ਼ੀਸ਼ੇ ਵੱਲ ਵਿੰਹਦਿਆਂ ਆਖਿਆ।

"ਕਿਉਂ......ਹੱਸਣ 'ਚ ਕੀ ਮਾੜਾ ਏ ......?"

"ਮੈਨੂੰ ਸਕਰਿਪਟ ਪੜ੍ਹਨ ਦੇ। ਮੈਂ ਕੋਈ ਨਾ ਕੋਈ ਸੌਖਾ ਪਾਤਰ ਜ਼ਰੂਰ ਲੱਭਣਾ ਏ ਜਿਹੜਾ ਮੈਨੂੰ ਸਟਾਰ ਬਣਾ ਦੇਵੇਗਾ।"

"ਚੰਗਾ, ਆਪਣੇ ਖੱਬੇ ਪਾਸੇ ਧਿਆਨ ਮਾਰ, ਉੱਥੇ ਪਾਤਰ ਕੀ ਪਏ ਕਰਦੇ ਨੇਂ!"

ਸਰਮਦ ਨੇ ਖੱਬੇ ਪਾਸੇ ਤੱਕਿਆ ਤੇ ਉੱਥੇ ਹਾਰਮੋਨੀਅਮ ਦੇ ਨਾਲ ਦਿੱਤਾ ਸੈਣੀ ਤੇ ਡਿਪਟੀ ਦੇ ਲੀੜੇ ਹੌਲੀ ਹੌਲੀ ਗੱਲਾਂ ਪਏ ਕਰਦੇ ਸਨ। ਵਾਜਾ ਘੜੀ ਮੁੜੀ ਬਾਬਾ ਫ਼ਰੀਦ ਦਾ ਦੋਹੜਾ ਵਜਾਈ ਜਾ ਰਿਹਾ ਸੀ :

ਫ਼ਰੀਦਾ ਜਿਨ ਲੋਇਣ ਜੱਗ ਮੋਹਿਆ ਸੈ ਲੋਇਨ ਮੈਂ ਡਿੱਠ
ਕੱਜਲ ਰੇਖ ਨਾ ਸਹਿੰਦਿਆਂ ਸੈ ਪੰਖੀ ਸੂਹੇ ਬਿਠ

ਸਰਮਦ ਨੇ ਦੋਹੜਾ ਬੜੇ ਧਿਆਨ ਨਾਲ ਸੁਣਿਆ ਤੇ ਫ਼ਿਰ ਸਕਰਿਪਟ ਵੇਖਣ ਲੱਗ ਪਿਆ।

"ਸ਼ੀਸ਼ਾ ਡਾਇਰੈਕਟਰ ਜੀ, ਇਹ ਇੱਕ ਸੌਖਾ ਪਾਤਰ ਲੱਭ ਈ ਗਿਆ ਏ ......ਮਾਸਟਰ ਸ਼ਾਮ ਗੋਪਾਲ ਵਰਮਾ ਜੀ ਦਾ, ਜਿਹੜੇ ਅਲਾਹਾਬਾਦ ਦੇ ਇੱਕ ਸਕੂਲ ਟੀਚਰ ਸਨ......ਉਰਦੂ, ਇਤਿਹਾਸ ਦੇ ਮਾਸਟਰ!"



"ਚਲੋ, ਇਹੋ ਈ ਸਹੀ!"

ਸ਼ੀਸ਼ੇ ਨੇ ਟਿਚਕਰ ਕੀਤੀ ਤੇ ਸਰਮਦ ਨੇ ਅਲਮਾਰੀ 'ਚੋਂ ਮਾਸਟਰ ਜੀ ਦੇ ਲੀੜੇ ਕੱਢੇ ਤੇ ਜਦੋਂ ਉਹ ਬਦਲਣ ਲੱਗਾ, ਵਾਜੇ ਦੇ ਨਾਲ ਪਏ ਲੀੜਿਆਂ 'ਚੋਂ ਵਾਜ ਆਈ:

"ਮੈਂ ਆਂ ਦਿੱਤਾ ਸੈਣੀ!"

ਸਰਮਦ ਮਾਸਟਰ ਦੇ ਲੀੜੇ ਪਾ ਕੇ ਸ਼ੀਸ਼ੇ ਦੇ ਸਾਹਮਣੇ ਆਣ ਖਲੋਤਾ। ਬੱਤੀਆਂ ਜਗੀਆਂ ਤੇ ਰੀਹਰਸਲ ਰੂਮ ਫ਼ਿਰ ਚਾਨਣ ਨਾਲ ਭਰ ਗਿਆ। ਸ਼ੀਸ਼ੇ 'ਚ ਇੱਕ ਬਾਜ਼ਾਰ ਦਿੱਸਿਆ ਜਿਸ ਵਿੱਚ ਸ਼ਾਮ ਗੋਪਾਲ ਵਰਮਾ ਸ਼ੇਰਵਾਨੀ ਪਾਈ ਟੁਰੇ ਜਾ ਰਹੇ ਸਨ; ਉਨ੍ਹਾਂ ਦੇ ਮਗਰ-ਮਗਰ ਅੱਠ ਦੱਸ ਮੁੰਡੇ ਕਿਤਾਬਾਂ ਕੱਛੇ ਮਾਰੇ ਟੁਰ ਰਹੇ ਸਨ। ਫ਼ਿਰ ਉਹ ਇਕ ਚੌਂਕ ਵਿੱਚ ਖਲੋ ਗਏ ਜਿਹਦੀ ਨੁੱਕਰੇ ਦਾਰੂ ਦਾ ਠੇਕਾ ਸੀ ਤੇ ਉੱਥੇ ਕੁੱਝ ਹੋਰ ਉਸਤਾਦ ਵੀ ਪਹਿਲਾਂ ਤੋਂ ਬੈਠੇ ਸਨ।

"ਹਜ਼ੂਰ ਸੁੰਨਾ ਹੈ, ਨੇਤਾ ਹਜ਼ਰਾਤ ਕਾ ਯੇ ਮਾਣਨਾ ਹੈ ਕਿ ਉਰਦੂ ਅਬ ਮੁਸਲਮਾਨੋਂ ਕੀ ਜ਼ਬਾਨ ਹੈ ਔਰ ਹਿੰਦੀ ਹਿੰਦੂਓਂ ਕੀ!"

ਇੱਕ ਮੁੰਡੇ ਨੇ ਪੁੱਛਿਆ।

"ਦੇ ਹਾਂ ਪਰਤਾਵਾ!"

ਸ਼ੀਸ਼ੇ 'ਚੋਂ ਹੱਸਣ ਦੀ ਵਾਜ ਆਈ ਤੇ ਸਰਮਦ ਨੇ ਸਕਰਿਪਟ ਸਾਹਮਣੇ ਰੱਖ ਲਿਆ।

"ਇਹ ਵੰਡਾਂ ਦੀਆਂ ਬਰੀਕੀਆਂ......ਇੱਕੋ ਈ ਜ਼ਬਾਨ ਨੂੰ ਲਿਖਣ ਦੇ ਦੋ ਵੱਖਰੇ ਵੱਖਰੇ ਢੰਗ। ਸਾਰੇ ਜੱਗ ਵਿੱਚ ਇਸ ਦਾ ਨਾਂ ਹਿੰਦੁਸਤਾਨੀ ਸੀ। ਦੇਵਨਾਗਰੀ ਲਿੱਪੀ ਵਿੱਚ ਲਿਖੋ ਤੇ ਹਿੰਦੀ, ਸ਼ਾਹਮੁਖੀ ਲਿੱਪੀ ਵਿੱਚ ਲਿੱਖੋ ਤੇ ਉਰਦੂ। ਸਵਾਲ ਹੁਣ ਇਹ ਹੈ ਕਿ ਜਿਹੜੇ ਈਸਾਈ, ਪਾਰਸੀ ਤੇ ਸਿੱਖ ਨੇਂ, ਜੇ ਉਹ ਹਿੰਦੁਸਤਾਨੀ ਬੋਲਣ, ਤੇ ਫ਼ਿਰ ਉਨ੍ਹਾਂ ਦੀ ਕੀ ਜ਼ਬਾਨ ਹੋਵੇਗੀ?"

ਸਰਮਦ ਨੇ ਸਕਰਿਪਟ ਪੜ੍ਹਦਿਆਂ ਆਖਿਆ।

"ਮਾਮਲਾ ਅਰਬੀ, ਫ਼ਾਰਸੀ ਤੇ ਸੰਸਕ੍ਰਿਤ ਦਾ ਵੀ ਏ।"

ਇੱਕ ਦੂਜੇ ਮੁੰਡੇ ਨੇ ਆਖਿਆ।

"ਬੜੀ ਈ ਬਰੀਕ ਵੰਡ ਏ......ਜਿਹੜੇ ਅੱਖਰ ਸੰਸਕ੍ਰਿਤ ਬਰਜ ਭਾਸ਼ਾ ਤੋਂ ਪੁੰਗਰੇ, ਉਹ ਹਿੰਦੀ; ਤੇ ਜਿਹੜੇ ਅਰਬੀ ਫ਼ਾਰਸੀ ਤੋਂ ਆਏ, ਉਹ ਹੋ ਗਏ ਉਰਦੂ। ਜ਼ਬਾਨਾਂ ਉੱਤੇ ਵੇਲੇ, ਹਾਕਮਾਂ ਤੇ ਖ਼ਲਕਤ ਸੱਭ ਦਾ ਅਸਰ ਹੁੰਦਾ ਏ। ਇਹ ਬੰਦਿਆਂ ਨੂੰ ਜੋੜਦੀਆਂ ਨੇਂ, ਪਰ ਉੱਥੇ ਇਨ੍ਹਾਂ ਵੰਡੀਆਂ ਪਾ ਛੱਡੀਆਂ।"

ਮਾਸਟਰ ਹੋਰਾਂ ਆਖਿਆ।

"ਇਹ ਵੰਡਾਂ ਵੀ ਤੁਸਾਂ ਮਾਸਟਰਾਂ ਦੀਆਂ ਪਾਈਆਂ ਹੋਈਆਂ ਨੇਂ।"

ਸ਼ੀਸ਼ਾ ਟਹਿਕਿਆ।

"ਮੈਨੂੰ ਮੇਰੇ ਡਾਈਲਾਗ ਬੋਲਣ ਦੇ ......ਵਿੱਚ ਨਾ ਬੋਲ!"

ਸਰਮਦ ਨੇ ਉਹਨੂੰ ਹਟਕਿਆ।

"ਮੇਰੇ ਸਵਾਲ ਦਾ ਪਰਤਾਵਾ ਦੇ!"

"ਮੈਂ ਕੀ ਆਖਾਂ? ਮੈਂ ਤਾਂ ਇੱਕ ਉਰਦੂ, ਇਤਿਹਾਸ ਦਾ ਮਾਸਟਰ ਆਂ......ਬਸ ਇੱਕ ਮਾਸਟਰ!"

"ਇੰਜੇ ਤੇਰੀ ਜਾਨ ਨਹੀਂ ਛੁੱਟਣੀ। ਸਿਕੰਦਰ ਦੇ ਉਸਤਾਦ ਨੇ ਉਸ ਨੂੰ ਕੀ ਸਿਖਲਾਈ

ਦਿੱਤੀ......ਚਾਣਕਿਆ ਨੇ ਚੰਦਰ ਗੁਪਤ ਮੋਰੀਆ ਨੂੰ ਕੀ ਦੱਸਿਆ ਸੀ ?"

"ਮੇਰੇ ਉੱਤੇ ਉਨ੍ਹਾਂ ਦੀ ਕੋਈ ਜ਼ਿੰਮੇਵਾਰੀ ਨਹੀਂ।"

ਸਰਮਦ ਦੇ ਆਖਣ ਮਗਰੋਂ, ਲੀੜਿਆਂ 'ਚੋਂ ਇੱਕ ਵਾਰੀ ਫ਼ਿਰ ਵਾਜ ਆਈ:

"ਮੈਂ ਆਂ ਦਿੱਤਾ ਸੈਣੀ!"

"ਓਏ, ਤੁਸੀਂ ਤਾਂ ਚੁੱਪ ਕਰੋ ......ਕੋਈ ਪਾਤਰ ਤੇ ਹੱਥ ਚੜ੍ਹਣ ਦੇਵੋ!"

ਸਰਮਦ ਨੇ ਘੂਰੀ ਪਾਈ।

"ਉਸਤਾਦ-ਏ-ਮੁਹਤਰਮ, ਕਰਨਲ ਹਾਲਰਾਇਡ ਨੇ ਉਰਦੂ ਕੇ ਲੀਏ ਬੇਪਨਾਹ ਖ਼ਿਦਮਾਤ ਸਰ-ਅੰਜਾਮ ਦੀਂ।"

ਇੱਕ ਮੁੰਡੇ ਨੇ ਮਾਸਟਰ ਹੋਰਾਂ ਨੂੰ ਧਿਆਨੇ ਲਾਇਆ ਤੇ ਸ਼ੀਸ਼ੇ 'ਚੋਂ ਹਾਸਾ ਬਾਹਰ ਡੁੱਲ੍ਹਿਆ। ਸਰਮਦ ਨੇ ਸਕਰਿਪਟ ਸਾਹਮਣੇ ਰੱਖ ਲਿਆ।

"ਉਰਦੂ ਤੋਂ ਵੱਧ ਇੱਕ ਖ਼ਾਸ ਢੰਗ ਦੀ ਰਿਪੋਰਟਿੰਗ ਸੀ। ਜਦੋਂ ਇੱਧਰ ਈਰਾਨ ਦੇ ਕਿੱਸੇ ਉਲੱਥੇ ਗਏ, ਲੋਕਾਂ ਦੀ ਹਯਾਤੀ ਸਰਕਾਰੀ ਖਾਤਿਆਂ ਵਿੱਚ ਚੜ੍ਹ ਗਈ। ਲੋਕਾਂ ਕੋਲੋਂ ਉਨ੍ਹਾਂ ਦੀ ਆਪਣੀ ਬੋਲੀ ਖੋਹ ਲਈ ਗਈ। ਜਿਹਨਾਂ ਇਹ ਸਾਰੇ ਕੰਮ ਭਾੜੇ ਉੱਤੇ ਕੀਤੇ, ਉਨ੍ਹਾਂ ਨੂੰ ਆਲਮ ਦਾ ਸੂਰਜ ਆਖ ਕੇ ਸਿਰਾਂ ਤੇ ਬਿਠਾਇਆ ਗਿਆ। ਲੋਕਾਂ ਨੂੰ ਗੂੰਗਿਆਂ ਕਰ ਕੇ ਆਖਿਆ ਗਿਆ: ਭਈ ਹੁਣ ਤਾਂ ਬੋਲੀ ਵੀ ਸਰਕਾਰ ਦੀ ਚੱਲੇਗੀ। ਬੋਲੋਗੇ ਤੇ ਨਿੱਕੀ ਗਿਣਤੀ ਵਿੱਚ ਗਿਣੇ ਜਾਵੋਗੇ ਕਿਉਂਜੇ ਵੱਡੀ ਗਿਣਤੀ ਵਿੱਚ ਢੋਰ ਡੰਗਰ ਹੁੰਦੇ ਨੇਂ!"

ਸ਼ਾਮ ਗੋਪਾਲ ਵਰਮਾ ਦੀ ਇਸ ਗੱਲ ਮਗਰੋਂ, ਠੇਕੇ ਤੇ ਬੈਠੇ ਇੱਕ ਦੂਜੇ ਮਾਸਟਰ ਹੋਰੀਂ ਨੇੜਿਓਂ ਬੋਲੇ:

"ਇਕ ਤਾਂ ਫ਼ੋਰਟ ਵਿਲੀਅਮ ਕਾਲਜ ਨੇ ਲੋਕਾਂ ਨੂੰ ਰੋਜ਼ਗਾਰ ਦਿੱਤਾ, ਤੇ ਉੱਤੋਂ ਤੁਸੀਂ ਗੱਲਾਂ ਪਏ ਕਰਦੇ ਓ!"

"ਕੀ ਰੋਜ਼ਗਾਰ ਦਿੱਤਾ ਉਨ੍ਹਾਂ ?"

ਸ਼ਾਮ ਗੋਪਾਲ ਵਰਮਾ ਨੇ ਸਵਾਲ ਕੀਤਾ।

"ਇਹ ਸਭ ਕਮਾਲ ਤਾਂ ਗਿਲਕ੍ਰਿਸਟ ਹੋਰਾਂ ਦਾ ਸੀ। ਉਨ੍ਹਾਂ ਸ਼ੇਰ ਅਲੀ ਅਫ਼ਸੋਸ, ਕਾਜ਼ਮ ਅਲੀ ਜਵਾਨ, ਮਜ਼ਹਰ ਅਲੀ ਵਲਾ, ਬਹਾਦੁਰ ਅਲੀ ਹੁਸੈਨੀ, ਤਾਰਨੀ ਚਰਨ ਮਿੱਤਰ, ਮੀਰ ਅਮਨ, ਹੈਦਰ ਬਖ਼ਸ਼ ਹੈਦਰੀ, ਖ਼ਲੀਲ ਅਲੀ ਖ਼ਾਨ ਅਸ਼ਕ, ਲੱਲੂ ਲਾਲ਼ ਕਵੀ ਤੇ ਇਨ੍ਹਾਂ ਵਰਗੇ ਕਈ ਹੋਰ ਸੂਝਵਾਨਾਂ ਨੂੰ ਫ਼ੋਰਟ ਵਿਲੀਅਮ ਕਾਲਜ ਵਿੱਚ ਥਾਂ ਦਿੱਤੀ ਸੀ।"

ਦੂਜੇ ਮਾਸਟਰ ਹੋਰਾਂ ਦਾਰੂ ਦਾ ਘੁੱਟ ਭਰਦਿਆਂ ਆਖਿਆ।

"ਤੁਹਾਨੂੰ ਸ਼ੈਤ ਪਤਾ ਨਹੀਂ ਕਿ ਜਿੱਡੀ ਵੱਡੀ ਜਿੱਤ ਹੁੰਦੀ ਏ, ਉਸ ਦੀ ਖ਼ੁਸ਼ੀ ਵੀ ਚੋਖੀ ਹੁੰਦੀ ਏ!"

ਸਾਰੇ ਮੁੰਡੇ ਤੇ ਮਾਸਟਰ, ਹੈਰਾਨ ਹੋ ਕੇ ਸ਼ਾਮ ਗੋਪਾਲ ਵਰਮਾ ਹੋਰਾਂ ਵੱਲ ਤੱਕਣ ਲੱਗ ਪਏ।

"ਅੰਗਰੇਜ਼ਾਂ ਨੂੰ ਸੱਭ ਤੋਂ ਵੱਧ ਡਰ ਹੈਦਰ ਅਲੀ ਤੇ ਉਹਦੇ ਪੁੱਤਰ ਟੀਪੂ ਸੁਲਤਾਨ ਕੋਲੋਂ ਸੀ। ਉਨ੍ਹਾਂ ਟੀਪੂ ਸੁਲਤਾਨ ਨੂੰ 4 ਮਈ, 1799 ਵਿੱਚ ਢਾਹਿਆ ਸੀ। ਇਸ ਮਗਰੋਂ ਉਨ੍ਹਾਂ ਦਾ ਧਿਆਨ ਬਾਕੀ ਹਿੰਦੁਸਤਾਨ ਤੇ ਪੰਜਾਬ ਵੱਲ ਸੀ ਤੇ ਇਸ ਵਿੱਚ ਉਨ੍ਹਾਂ ਦਾ ਸਭ ਤੋਂ ਵੱਡਾ ਦੁਸ਼ਮਣ ਭਲਾ ਕੌਣ ਸੀ?......ਇੱਧਰ ਦੀਆਂ ਬੋਲੀਆਂ! ਠੀਕ ਇੱਕ ਵਰੇ ਪਿੱਛੋਂ 4 ਮਈ, 1800 ਨੂੰ



ਗਵਰਨਰ ਜਨਰਲ ਮਾਰਕੋਈਸ ਵਿਲਜ਼ਲੀ ਨੇ ਇਸ ਕਾਲਜ ਦੀ ਨੀਂਹ ਰੱਖੀ। ਇਸ ਦਿਹਾੜੇ ਉਨ੍ਹਾਂ ਦੂਣੀ ਖ਼ੁਸ਼ੀ ਮਣਾਈ......ਇੱਕ ਵੱਡਾ ਦੁਸ਼ਮਣ ਢਾਹੁਣ ਦੀ। ਦੂਜੇ ਵੱਡੇ ਦੁਸ਼ਮਣ ਨੂੰ ਢਾਹੁਣ ਦੀ ਤਿਆਰੀ!"

ਸ਼ਾਮ ਗੋਪਾਲ ਵਰਮਾ ਹੋਰਾਂ ਆਪਣੀ ਗੱਲ ਅਗਾਂਹ ਵਧਾਈ, ਤੇ ਨੁਕਰੇ ਬੈਠੇ ਮਾਸਟਰ ਹੋਰੀਂ ਬੋਲੇ :

"ਉਨ੍ਹਾਂ 1801 ਵਿੱਚ ਦਿਵਾਨਿ ਸੋਜ਼ ਛਾਪਿਆ, 1802 ਵਿੱਚ ਮੀਰ ਹਸਨ ਦੀ ਮਸਨਵੀ 'ਸਹਿਰੁਲ-ਬਿਆਨ' ਤੇ ਮੁਹੰਮਦ ਤਕੀ ਮੀਰ ਹੋਰਾਂ ਦਾ ਸਾਰਾ ਕੰਮ 1811 ਵਿੱਚ ਛਾਪਿਆ; ਨਾਲ ਪੈਸੇ ਵੀ ਦਿੱਤੇ; ਇੱਧਰ ਦੇ ਲੋਕਾਂ ਨੂੰ ਨੌਕਰੀਆਂ ਵੀ ਦਿੱਤੀਆਂ।"

"ਇਹ ਗੱਲ ਸੱਚੀ ਏ ਕਿ ਮੁਗ਼ਲ ਬਾਤਸ਼ਾਹ ਮਾੜੇ ਪੈ ਗਏ ਸਨ, ਪਰ ਅੰਗਰੇਜ਼ਾਂ ਕੀ ਕੀਤਾ? ਪ੍ਰੋਫ਼ੈਸਰ ਜਾਨ ਬੈਲੀ ਦੀ ਤਨਖ਼ਾਹ 26 ਸੌ ਰੁਪਈਏ ਮਹੀਨਾ ਸੀ। ਗਿਲਕ੍ਰਿਸਟ ਨੂੰ 16 ਸੌ ਲੱਭਦੇ ਸਨ; ਤੇ ਇੱਧਰ ਦੇ ਲੋਕਾਂ ਦੀ ਤਨਖ਼ਾਹ ਵੀ ਸੁਣ ਲਵੋ......ਮੀਰ ਮੁਣਸ਼ੀ : 200 ਰੁਪਈਏ, ਨਾਇਬ ਮੀਰ ਮੁਣਸ਼ੀ: 80 ਰੁਪਈਏ, ਮੁਣਸ਼ੀ: 40 ਰੁਪਈਏ ਤੇ ਨਾਇਬ ਮੁਣਸ਼ੀ : 30 ਰੁਪਈਏ ਮਹੀਨਾ......ਇੱਥੋਂ ਤੀਕਰ ਕਿ ਮੀਰ ਅਮਨ ਦੀ ਤਨਖ਼ਾਹ 40 ਰੁਪਈਏ ਮਹੀਨਾ ਸੀ।"

"ਤੁਸੀਂ ਸ਼ੈਤ ਨਹੀਂ ਜਾਣਦੇ ਕਿ ਸ਼ੇਰ ਅਲੀ ਅਫ਼ਸੋਸ ਨੇ ਗਿਲਕ੍ਰਿਸਟ ਦੀ ਸ਼ਾਨ ਵਿੱਚ ਇੱਕ ਕਤਾ ਵੀ ਆਖਿਆ ਸੀ :

ਪੇਸ਼ਵਾਏ ਸਾਹਿਬਾਨ ਅਕਲ-ਓ-ਦਾਨਿਸ਼ ਗਿਲਕ੍ਰਿਸਟ
ਸਾਹਿਬ-ਏ-ਆਲੀ ਤਬੀਅਤ, ਸਾਫ਼ ਤੀਨਤ, ਬਾਸਫ਼ਾ
ਤੂ ਕਿ ਹਰ ਫ਼ਨ ਕਾ ਮੁਹੱਕਿਕ ਹੈ ਨਹੀਂ ਕੁੱਛ ਇਸ ਮੈਂ ਸ਼ੱਕ
ਮਰਤਬਾ ਗ਼ਾਇਤ ਕੋ ਪਹੁੰਚਾ ਹੈ ਤਰੀ ਤਹਿਕੀਕ ਕਾ
ਜਾਮਿਅ ਅਲਫ਼ਾਜ਼-ਏ-ਉਰਦੂ ਦਹਰ ਮੇਂ ਤੂ ਹੈ ਫ਼ਕਤ
ਖ਼ੂਬੀ ਤਾਲੀਫ਼ ਤੇਰੀ ਕੋਈ ਕੱਬ ਹੈ ਜਾਨਤਾ
ਖ਼ਸਲਤੇਂ ਨੇਕੋਂ ਕੀ ਜਿਤਨੀ ਹੈਂ ਵੋਹ ਤੁੱਝ ਮੈਂ ਜਮ੍ਹਾਂ ਹੈਂ
ਤੇਰੀ ਮੱਦਾਹੀ ਜਹਾਂ ਤੱਕ ਕੀਜੀਏ, ਹੈ ਵੋਹ ਬਜਾ"

"ਜਨਾਬ ਕੀ ਆਖਦੇ ਓ ਤੁਸੀਂ, ਉਨ੍ਹਾਂ ਤੇ ਇਸ ਕਾਲਜ ਨੂੰ ਧਾਰਮਿਕ ਰੰਗ ਦੇ ਛੱਡਿਆ ਸੀ। ਕਾਲਜ ਦੇ ਪ੍ਰਿੰਸੀਪਲ ਤੇ ਨਾਇਬ ਪ੍ਰਿੰਸੀਪਲ ਨੂੰ ਪਰੋਵੋਸਟ ਤੇ ਨਾਇਬ ਪਰੋਵੋਸਟ ਆਖਿਆ ਗਿਆ ਤੇ ਇਹ ਅਹੁਦਾ ਚਰਚ ਆਫ਼ ਇੰਗਲੈਂਡ ਦੇ ਪਾਦਰੀ ਤੋਂ ਘੱਟ ਨਹੀਂ ਸੀ। ਇਸ ਦੇ ਨਾਲ ਸਾਰਿਆਂ ਪੜ੍ਹਿਆਰਾਂ ਨੂੰ ਅਸਮਾਨੀ ਇਬਾਦਤ ਲਾਜ਼ਿਮ ਸੀ।"

"ਇਹ ਸਾਰੀਆਂ ਗੱਲਾਂ ਆਪਣੀ ਥਾਵੇਂ, ਪਰ ਜਦੋਂ ਅੰਗਰੇਜ਼ ਬਹਾਦਰ ਨੇ ਇੱਧਰ ਦੀਆਂ ਬੋਲੀਆਂ ਜਾਣੀਆਂ ਤੇ ਉਨ੍ਹਾਂ ਨੂੰ ਜਾਣਕਾਰੀ ਹੋਈ ਕਿ ਇੱਧਰ ਦੇ ਲੋਕ ਵੀ ਡਾਢੇ ਜਾਣੂ ਤੇ ਗਿਆਨੀ ਧਿਆਨੀ ਨੇਂ, ਉਨ੍ਹਾਂ ਕਈਆਂ ਕੰਮਾਂ ਦਾ ਉੱਲਥਾ ਅੰਗਰੇਜ਼ੀ ਜ਼ਬਾਨ ਵਿੱਚ ਵੀ ਕੀਤਾ ਜਿਸ ਕਾਰਨ ਇੱਧਰ ਦੀਆਂ ਗਰਾਇਮਰਾਂ ਤੇ ਡਿਕਸ਼ਨਰੀਆਂ ਉਸਰੀਆਂ।"

"ਕੀ ਗੱਲ ਕੀਤੀ ਜੇ......ਜਿਸ ਸ਼ੈਅ ਨੂੰ ਅੰਗਰੇਜ਼ ਬਹਾਦਰ ਵਡਿਆਏ, ਉਹ ਠੀਕ; ਨਹੀਂ ਤਾਂ ਬਾਕੀ ਸੱਭ ਕੂੜ ਏ! ਬੰਦੇ ਦਾ ਬੰਦੇ ਨੂੰ ਮਾਰਣ ਵੀ ਰੁਜ਼ਗਾਰ ਹੋਇਆ। ਲੋਕਾਈ ਨੂੰ ਆਪਣੀ ਪਛਾਣ ਭੁੱਲਣ ਦਾ ਚੂਰਨ ਵੇਚਣ ਵਾਲੇ ਵੀ ਕਿਸੇ ਦਰਬਾਰੀ ਗਵੱਈਏ ਤੇ ਹਕੀਮ ਤੋਂ

ਘੱਟ ਨਹੀਂ!"

ਸ਼ਾਮ ਗੋਪਾਲ ਵਰਮਾ ਹੋਰੀਂ ਆਪਣੇ ਵਿਚਾਰ ਦੇ ਰਹੇ ਸਨ, ਤੇ ਨੇੜਿਓਂ ਲੰਘਦੇ ਇੱਕ ਬਾਂਕੇ ਨੇ ਪਾਨ ਦੀ ਪਿਚਕਾਰੀ ਮਾਰੀ ਜਿਹੜੀ ਸਿੱਧੀ ਉਨ੍ਹਾਂ ਦੇ ਮੂੰਹ ਉੱਤੇ ਜਾ ਪਈ। ਸਰਮਦ ਦਾ ਅਪਣਾ ਮੂੰਹ ਲਹੂ ਨਾਲ ਭਰ ਗਿਆ :

"ਆਖ਼ ਥੂ......ਉਸਤਾਦ ਬਣਨਾ ਵੀ ਔਖਾ ਕੰਮ ਏ!"

ਸਰਮਦ ਤੰਗ ਪੈ ਗਿਆ।

"ਪਹਿਲਾਂ ਕਿਸੇ ਦਾ ਸ਼ਾਗਿਰਦ ਤਾਂ ਬਣ!"

ਸ਼ੀਸ਼ੇ 'ਚੋਂ ਇੱਕ ਉੱਚਾ ਹਾਸਾ ਬਾਹਰ ਨੂੰ ਆਇਆ। ਸਰਮਦ ਨੇ ਨੇੜੇ ਪਏ ਇੱਕ ਟਿਸ਼ੂ ਨਾਲ ਅਪਣਾ ਮੂੰਹ ਸਾਫ਼ ਕੀਤਾ ਜਿਸਦੀ ਇੱਕ ਨੁੱਕਰ ਤੇ ਨੀਲੇ ਰੰਗ ਵਿੱਚ East India Company ਛਪਿਆ ਹੋਇਆ ਸੀ। ਉਹਨੇ ਮਾਸਟਰ ਹੋਰਾਂ ਦੇ ਲੀੜੇ ਪਰਾਂਹ ਲਾਹ ਸੁੱਟੇ ਤੇ ਇੱਕ ਵਾਰੀ ਫ਼ਿਰ ਅਪਣਾ ਜੋੜਾ ਪਾ ਲਿਆ। ਰਿਹਰਸਲ ਰੂਮ ਪਹਿਲੇ ਵਾਲੀ ਹਾਲਤ ਵਿੱਚ ਆ ਗਿਆ।

ਸਰਮਦ ਨੇ ਇੱਕ ਨੁਕਰੇ ਪਿਆ ਸੋਫ਼ਾ ਖੋਲ੍ਹਿਆ ਤੇ ਉਹਦੇ ਉੱਤੇ ਲੰਮਾ ਪੈ ਗਿਆ। ਫ਼ਿਰ ਉਹ ਕਈ ਘੰਟੇ ਸੁੱਤਾ ਰਿਹਾ। ਇੱਕ ਤਾਂ ਉਹ ਪਾਤਰ ਕਰ ਕੇ ਥੱਕਿਆ ਹੋਇਆ ਸੀ, ਦੂਜੇ ਰਿਹਰਸਲ ਰੂਮ ਸਟੂਡਿਓ ਦੇ ਪਿਛਲੇ ਪਾਸੇ ਸੀ, ਜਿੱਥੇ ਨਾ ਕੋਈ ਆਉਂਦਾ ਤੇ ਨਾ ਜਾਂਦਾ ਸੀ। ਜਦੋਂ ਉਹਦੀ ਅੱਖ ਖੁੱਲ੍ਹੀ, ਉਹਨੇ ਜੋਜ਼ਫ਼ ਨੂੰ ਫ਼ੋਨ ਕੀਤਾ ਤੇ ਪਤਾ ਚਲਿਆ ਕਿ ਉਹ ਆਊਟ-ਡੋਰ ਸ਼ੂਟਿੰਗ ਤੇ ਗਿਆ ਹੋਇਆ ਏ; ਹਫ਼ਤੇ ਮਗਰੋਂ ਪਰਤੇਗਾ। ਸਰਮਦ ਉਹਨੂੰ ਬਹੁਤ ਕੁੱਝ ਦੱਸਣਾ ਚਾਹੁੰਦਾ ਸੀ, ਪਰ ਫ਼ੋਨ ਉੱਤੇ ਲੰਮੀ ਗੱਲ ਕਿਵੇਂ ਹੁੰਦੀ......ਉਹਨੇ ਮਨ ਵਿੱਚ ਸੋਚਿਆ ਕਿ ਜਦੋਂ ਜੋਜ਼ਫ਼ ਮਿਲੇਗਾ, ਸਾਰੀਆਂ ਗੱਲਾਂ ਹੋ ਜਾਣਗੀਆਂ ਕਿ ਉਹ ਉਹਨੂੰ ਕਿਹੜੇ ਡਾਇਰੈਕਟਰ ਦੇ ਪੇਸ਼ ਪਾ ਗਿਆ ਸੀ! ਫ਼ਿਰ ਉਹਨੂੰ ਖ਼ਿਆਲ ਆਇਆ ਕਿ ਉਹ ਤੇ ਮੁੜਕੇ ਵਿੱਚ ਭਿੱਜਿਆ ਪਿਆ ਸੀ। ਕੋਲ ਈ ਬਾਥਰੂਮ ਸੀ, ਉਹ ਉੱਥੇ ਵੜ ਗਿਆ ਤੇ ਕਿੰਨਾ ਚਿਰ ਠੰਢੇ ਪਾਣੀ ਨਾਲ ਨ੍ਹਾਉਂਦਾ ਰਿਹਾ। ਪਿੰਡੇ ਨੂੰ ਢੇਰ ਠੰਢਾ ਕਰਕੇ ਬਾਹਰ ਨਿਕਲਿਆ ਤੇ ਘੜੀ ਵੱਲ ਝਾਤ ਪਾਈ; ਹੈਰਾਨ ਹੋਇਆ ਕਿ ਅਗਲੇ ਦਿਨ ਦੇ ਚਾਰ ਵਜੇ ਪਏ ਸਨ। ਨਾਸ਼ਤੇ ਦੇ ਨਾਲ ਚਾਹ ਦੇ ਦੋ ਵੱਡੇ ਕੱਪ ਪੀ ਗਿਆ ਤੇ ਸਿਗਰੇਟ ਲਾ ਕੇ ਸਕਰਿਪਟ ਵੇਖਣ ਲੱਗ ਪਿਆ। ਫ਼ਿਲਮਾਂ ਦੇ ਸਕਰਿਪਟ ਫੜੀ ਜਾਵੇ, ਵਰਕੇ ਪੜ੍ਹ-ਪੜ੍ਹ ਉਲੱਥੀ ਜਾਵੇ, ਤੇ ਨਾਲ ਨਾਲ ਸਿਗਰੇਟ ਪੀਵੀ ਜਾਵੇ......ਅਖ਼ੀਰ ਉਹਨੇ ਇੱਕ ਸਕਰਿਪਟ ਵੱਖਰਾ ਕਰ ਲਿੱਤਾ।

"ਚਲੋ, ਹੁਣ ਇੱਕ ਬੇਮੁਰਾਦੇ ਆਸ਼ਿਕ ਦਾ ਪਾਤਰ ਕਰਕੇ ਵੇਖਣੇ ਆਂ!"

ਸਰਮਦ ਨੇ ਆਪਣੇ ਆਪ ਨਾਲ ਗੱਲ ਕੀਤੀ।

"ਉਂਜ ਵੀ ਤੇ ਸਾਰੀ ਉਮਰ, ਆਪ ਜਨਾਬ ਕੁੜੀਆਂ ਦੇ ਕਾਲਜਾਂ ਦੇ ਫੇਰੇ ਲਾਉਂਦੇ ਰਹੇ ਨੇਂ!"

ਹਨੇਰੇ ਵਿੱਚ ਸਾਹਮਣੇ ਸ਼ੀਸ਼ੇ 'ਚੋਂ ਵਾਜ ਆਈ।

"ਤੁਸੀਂ ਤੇ ਚੁੱਪ ਰਿਹਾ ਕਰੋ! ਕੱਲ੍ਹ ਆਪਣੇ ਲੀੜਿਆਂ ਨੂੰ ਤਰਲੇ ਮਿੰਨਤਾਂ ਕਰ ਕੇ ਚੁੱਪ ਕਰਾਇਆ ਸੀ।"

ਸਰਮਦ ਨੇ ਇੱਕ ਵਾਰੀ ਫ਼ਿਰ ਸਕਰਿਪਟ ਨੂੰ ਧਿਆਨ ਨਾਲ ਵੇਖਿਆ। ਇਹ ਨੇਂ ਬੇਮੁਰਾਦੇ ਆਸ਼ਿਕ......ਦੋ ਚਾਰ ਜ਼ਨਾਨੀਆਂ ਕੋਲੋਂ ਝਾੜਾਂ ਕੀ ਪਈਆਂ, ਹੁਣ ਦੂਜੀਆਂ ਦੇ ਮਗਰ ਮਗਰ ਹੋਏ ਫਿਰਦੇ ਨੇਂ। ਫ਼ਿਰ ਕੁੱਝ ਪੰਨੇ ਖੋਲ੍ਹ ਕੇ ਮੇਜ਼ ਉੱਤੇ ਰੱਖੇ ਤੇ ਵਾਰਡਰੋਬ 'ਚੋਂ ਇੱਕ ਆਸ਼ਿਕ ਦੇ ਲੀੜੇ



ਕੱਢ ਕੇ ਪਾਏ। ਫ਼ਿਰ ਉਹਨੇ ਬੱਤੀਆਂ ਰੌਸ਼ਨ ਕੀਤੀਆਂ ਤੇ ਸ਼ੀਸ਼ੇ ਵੱਲ ਤੱਕਿਆ:

"ਇਹ ਤਾਂ ਮੈਂ ਰਿਸ਼ੀ ਕਪੂਰ ਬਣ ਗਿਆ ਵਾਂ!"

ਉਹ ਉੱਚੀ ਉੱਚੀ ਹੱਸਣ ਲੱਗ ਪਿਆ।

"ਕੋਈ ਪੱਥਰ ਸੇ ਨਾ ਮਾਰੇ ਮੇਰੇ ਦੀਵਾਨੇ ਕੋ!"

ਸਰਮਦ ਨੇ ਨਿੰਮੀ ਵਾਜ ਵਿਚ ਗਾਣੇ ਦੇ ਬੋਲ ਕਹੇ।

"ਕੋਈ ਢੈਮ ਮਾਰ ਦੇਵੇ, ਸੋਟੇ ਨਾਲ ਲੱਤ ਭੰਨ ਦੇਵੇ, ਪਰ ਪੱਥਰ ਨਾ ਮਾਰੇ......ਇਸੇ ਕਾਰਨ ਮੈਂ ਆਸ਼ਿਕ ਨਹੀਂ ਸਾਂ......ਮੈਂ ਤਾਂ ਇੱਕ ਮਜ਼ਦੂਰ ਆਂ......ਦਿੱਤਾ ਸੈਣੀ ਆਂ!"

ਨੇੜੇ ਪਏ ਲੀੜਿਆਂ 'ਚੋਂ ਵਾਜ ਆਈ।

"ਚੁੱਪ ਕਰ ਦਿੱਤਾ ਸੈਣੀ......ਹੁਣੇ ਤੇ ਇਹ ਵਿਚਾਰਾ ਰੇਖ਼ਤਾ ਤੇ ਹਿੰਦੁਸਤਾਨੀ ਦੇ ਝਗੜੇ 'ਚੋਂ ਨਿਕਲਿਆ ਏ, ਜਿਸ ਨੂੰ ਇਸ ਦੇ ਯਾਰ ਸੱਜਣ, ਬੜੇ ਮਾਣ ਨਾਲ ਲਸ਼ਕਰੀ ਜ਼ਬਾਨ ਆਖਦੇ ਨੇਂ। ਲਸ਼ਕਰ ਆਲਿਆਂ ਇੱਥੇ ਕੀ ਕੁੱਝ ਨਹੀਂ ਕੀਤਾ......ਕਿੱਡੇ ਸਾਦੇ ਤੇ ਭੋਲੇ ਨੇਂ ਇਸ ਦੇ ਬੇਲੀ!"

ਸ਼ੀਸ਼ੇ 'ਚੋਂ ਵਾਜ ਆਈ ਤੇ ਸਰਮਦ ਨੇ ਹੈਰਾਨ ਹੋ ਕੇ ਪਹਿਲਾਂ ਸ਼ੀਸ਼ੇ ਵੱਲ ਤੇ ਫ਼ਿਰ ਲੀੜਿਆਂ ਵੱਲ ਤੱਕਿਆ।

ਉਹ ਤੇ ਫ਼ਿਰ ਮੈਂ......ਮਗਰੋਂ ਇਸ ਨੂੰ ਲੋਰੀ ਸੁਣਾਈ ਤੇ ਇਹ ਸੁੱਤਾ!

ਨੇੜੇ ਪਏ ਵਾਜੇ ਨੇ ਸੁਰ ਲਾਇਆ।

"ਉਹ ਕਿਹੜੀ ਸੀ?"

ਦਿੱਤਾ ਸੈਣੀ ਦੇ ਲੀੜਿਆਂ ਨੇ ਪੁੱਛਿਆ।

"ਉਹ ਇੰਜ ਸੀ ......

ਆ ਮਾਈ ਨੀਂਦਰੇ, ਤੂੰ ਆ ਕੇ ਨਾ ਜਾ

ਸਰਮਦ ਦੀਆਂ ਅੱਖੀਆਂ 'ਚ ਘੁੱਲ ਮਿਲ ਜਾ"

"ਤੁਹਾਡੇ ਸੱਭ ਦੀ ਮਿਹਰਬਾਨੀ......ਤੁਸੀਂ ਚੁੱਪ ਕਰ ਜਾਵੋ! ਮੈਂ ਇੱਕ ਆਸ਼ਿਕ ਹਾਂ ਤੇ ਦਿੱਲੀ ਤੋਂ ਕਲਕੱਤੇ ਜਾਂਣਾ ਪਿਆ ਵਾਂ......ਇੱਕ ਰੇਲ ਗੱਡੀ ਵਿੱਚ!"

ਸਰਮਦ ਨੇ ਉੱਚੀ ਵਾਜ ਵਿੱਚ ਆਖਿਆ ਤੇ ਰਿਹਰਸਲ ਰੂਮ ਦੀਆਂ ਤਿੰਨੇ ਕੰਧਾਂ ਉੱਤੇ ਸ਼ੀਸ਼ੇ ਆ ਗਏ। ਸਾਰੀਆਂ ਬੱਤੀਆਂ ਜੱਗ ਪਈਆਂ। ਸ਼ੀਸ਼ੇ ਵਿੱਚ ਇੱਕ ਰੇਲ ਗੱਡੀ ਭੱਜੀ ਜਾ ਰਹੀ ਸੀ; ਸਰਮਦ ਪਾਟੇ ਪੁਰਾਣੇ ਲੀੜਿਆਂ ਵਿੱਚ ਇੱਕ ਡੱਬੇ ਦੀ ਨੁੱਕਰੇ ਬੈਠਾ ਹੋਇਆ ਸੀ। ਡੱਬੇ ਵਿੱਚ ਸੰਗੀਤ ਦੇ ਸਾਜ਼ਾਂ ਨਾਲ ਕੁੱਝ ਬੈਗ ਵੀ ਪਏ ਹੋਏ ਸਨ। ਇੱਕ ਜ਼ਨਾਨੀ ਬੈਗ ਖੋਲ੍ਹ ਕੇ ਲੀੜੇ ਪਈ ਵੇਹੰਦੀ ਸੀ। ਇਸ ਦੇ ਸਾਹਮਣੇ ਇਕ ਭਾਰੇ ਜੁੱਸੇ ਵਾਲਾ ਬੰਦਾ ਜਿਸ ਦੀਆਂ ਮੁੱਛਾਂ ਵੀ ਉਸ ਦੇ ਸਰੀਰ ਵਾਂਗੂੰ ਭਾਰੀਆਂ ਸਨ, ਬੈਠਾ ਬੱਕਰੇ ਦੇ ਗੋਸ਼ਤ ਦੀ ਕੜਾਹੀ ਖਾ ਰਿਹਾ ਸੀ। ਉਹ ਬੰਦਾ ਦੂਰੋਂ ਗਾਮੇ ਪਹਿਲਵਾਨ ਦਾ ਭਰਾ ਜਾਪਦਾ ਸੀ। ਜ਼ਨਾਨੀ ਵੱਲ ਵਿੰਹਦਿਆਂ ਬੋਲਿਆ:

"ਨਗ਼ਮਾ ਜਾਨ, ਦਿੱਲੀ ਤਾਂ ਸਾਰੀ ਤੁਸਾਂ ਲੁੱਟ ਲਈ!"

"ਖ਼ਾਨ ਸਾਹਿਬ, ਤੁਸਾਂ ਵੀ ਸਾਰੰਗੀ ਨਾਲ ਕਮਾਲ ਕਰ ਛੱਡਿਆ ਸੀ!"

"ਬਸ ਜੀ, ਵੱਡਿਆਂ ਦੀਆਂ ਦੁਆਵਾਂ ਨੇਂ!"

ਖ਼ਾਨ ਸਾਹਿਬ ਨੇ ਕੰਨਾਂ ਨੂੰ ਹੱਥ ਲਾਉਂਦਿਆਂ ਆਖਿਆ।

"ਮੈਨੂੰ ਤਾਂ ਕੁੱਝ ਥਾਵਾਂ ਤੇ ਇੰਜ ਲੱਗਿਆ ਜਿਵੇਂ ਮੇਰੀ ਵਾਜ ਤੇ ਸਾਰੰਗੀ, ਦੋਵੇਂ ਇੱਕ

ਹੋਏ ਪਏ ਸਨ।"

"ਇਸੇ ਕਾਰਨ ਇਸ ਸਾਜ਼ ਨੂੰ ਬੰਦੇ ਦੀ ਵਾਜ ਦੇ ਸੱਭ ਤੋਂ ਨੇੜੇ ਮੰਨਿਆ ਜਾਂਦਾ ਏ।"

"ਠੀਕ ਪਏ ਆਖਦੇ ਓ ਖ਼ਾਨ ਸਾਹਿਬ!... ਤੇ ਤੂੰ ਕੌਣ ਏਂ ਵੇ ਸ਼ੁਦਾਈਆ?"

ਨਗ਼ਮਾ ਜਾਨ ਨੇ ਨੁੱਕਰੇ ਬੈਠੇ ਸਰਮਦ ਵੱਲ ਵਹਿੰਦਿਆਂ ਆਖਿਆ।

ਉਚਰਾਂ ਨੂੰ ਖ਼ਾਨ ਸਾਹਿਬ ਨੇ ਬਾਰੀ ਖੋਲ੍ਹੀ ਤੇ ਤੇਜ਼ ਹਵਾ ਨਾਲ ਨਗ਼ਮਾ ਜਾਨ ਦੇ ਸਾਰੇ ਵਾਲ ਵਿੱਖਰਦੇ ਗਏ ਤੇ ਉਹਨੇ ਲੱਟਾਂ ਸਾਂਭਦਿਆਂ ਇੱਕ ਵਾਰੀ ਫ਼ਿਰ ਸਰਮਦ ਵੱਲ ਇੰਜ ਤੱਕਿਆ ਜਿਵੇਂ ਉਹਨੂੰ ਪੁੱਛਦੀ ਹੋਵੇ ਕਿ 'ਤੂੰ ਕਿੱਥੋਂ ਆ ਗਿਆ ਵੇਂ?'

"ਜੀ ਮੇਰਾ ਨਾਂ ਦਿੱਤਾ ਸੈਣੀ ਏ......ਉਹ ਨਹੀਂ......ਮੈਂ ਤਾਂ ਮੌਜੀ ਖ਼ਾਨ ਵਾਂ......ਮੈਂ ਵੀ ਜੀ ਕਮਲਾ ਈ ਹੋ ਗਿਆ ਵਾਂ......ਮੈਂ ਕੁੱਝ ਵੀ ਨਹੀਂ......ਮੈਂ ਤਾਂ ਬਸ ਇੱਕ ਆਸ਼ਿਕ ਵਾਂ!"

ਸਰਮਦ ਨੇ ਆਖਿਆ।

"ਬੈਠਾ ਰਹਿਣ ਦੇਵੋ ਜੀ, ਇਸ ਨਿਮਾਣੇ ਨੂੰ!"

ਖ਼ਾਨ ਸਾਹਿਬ ਨਗ਼ਮਾ ਜਾਨ ਵੱਲ ਵੇਖਦੇ ਹੋਏ ਬੋਲੇ।

"ਚੰਗਾ!"

"ਨਗ਼ਮਾ ਜਾਨ, ਇੱਕ ਗੱਲ ਆਖਾਂ......?"

ਖ਼ਾਨ ਸਾਹਿਬ ਨੇ ਕੁੱਝ ਸੋਚਦਿਆਂ ਆਖਿਆ।

"ਹਾਂ ਆਖੋ ......!"

"ਜੇ ਗਵੱਈਏ ਤੇ ਸਾਰੰਗੀ ਦਾ ਸੁਰ ਇੱਕ ਹੋ ਸਕਦਾ ਏ ਤੇ ਸਾਰੰਗੀ ਵਜਾਵਣ ਵਾਲਾ ਤੇ ਗਵੱਈਆ ਵੀ ਇੱਕ ਹੋ ਸਕਦੇ ਨੇਂ।"

"ਇੱਕ ਵਾਰੀ ਫ਼ਿਰ ਆਖੋ ਤੇ ਜ਼ਰਾ ਖੁੱਲ੍ਹ ਕੇ ਆਖੋ!"

"ਨਗ਼ਮਾ ਜਾਨ, ਮੈਂ ਚਾਹੁਨਾ ਵਾਂ ਕਿ ਆਪਾਂ ਦੋਵੇਂ ਇੱਕ ਹੋ ਜਾਈਏ!"

ਨਗ਼ਮਾ ਜਾਨ ਪਹਿਲਾਂ ਤੇ ਖ਼ਾਨ ਸਾਹਿਬ ਨੂੰ ਹੈਰਾਨੀ ਨਾਲ ਤੱਕਦੀ ਰਹੀ, ਫ਼ਿਰ ਲਾਲ ਪੀਲੀ ਹੋ ਕੇ ਬੋਲੀ:

"ਖ਼ਾਨ ਸਾਹਿਬ, ਤੁਹਾਡੇ ਵੱਡਿਆਂ ਦਾ ਖ਼ਿਆਲ ਨਾ ਹੁੰਦਾ ਤੇ ਰੱਬ ਜਾਣੇ ਮੈਂ ਤੁਹਾਨੂੰ ਕੀ ਕੁੱਝ ਕਹਿ ਦਿੰਦੀ। ਉਨ੍ਹਾਂ ਦਾ ਮੂੰਹ ਮਾਰ ਗਿਆ ਏ ਮੈਨੂੰ। ਬਸ ਇੰਨਾ ਆਖਾਂਗੀ ਕਿ ਗਵੱਈਆ ਬਾਤਸ਼ਾਹ ਹੁੰਦਾ ਏ ਤੇ ਸੰਗਤੀਏ ਉਸ ਦੇ ਮਗਰ ਟੁਰਨ ਵਾਲੇ। ਅੱਜ ਇਹ ਗੱਲ ਆਖ ਦਿੱਤੀ ਜੇ, ਫ਼ਿਰ ਕਦੀ ਦਿਮਾਗ਼ ਵਿੱਚ ਨਾ ਲਿਆਣਾ!"

ਨਗ਼ਮਾ ਜਾਨ ਨੇ ਤਬਲਿਆਂ ਦੇ ਬਿੰਨ੍ਹੂੰ ਸਾਂਭਦਿਆਂ ਆਖਿਆ। ਉਚਰਾਂ ਨੂੰ ਫ਼ਰੀਦਾਬਾਦ ਦਾ ਸਟੇਸ਼ਨ ਆ ਗਿਆ। ਖ਼ਾਨ ਸਾਹਿਬ ਨੇ ਆਪਣੀ ਸਾਰੰਗੀ ਫੜੀ ਤੇ ਵਾਜੇ ਨੂੰ ਆਦਰ ਨਾਲ ਹੱਥ ਲਾਇਆ:

"ਚੰਗਾ ਨਗ਼ਮਾ ਜਾਨ, ਹਯਾਤੀ ਰਹੀ ਤੇ ਫ਼ਿਰ ਕਦੇ ਜ਼ਰੂਰ ਮਿਲਾਂਗੇ।"

ਖ਼ਾਨ ਸਾਹਿਬ ਨੇ ਬੂਹੇ ਤੋਂ ਬਾਹਰ ਨਿਕਲਦਿਆਂ ਸਰਮਦ ਨੂੰ ਠੁੱਡਾ ਮਾਰ ਕੇ ਆਖਿਆ:

"ਉੱਠ ਭਈ ਵਡਿਆ ਆਸ਼ਿਕਾ......ਨਿਕਲ ਹੁਣ ਸਟੇਸ਼ਨ ਉੱਤੇ ਲੱਥੀਏ!"

"ਜੀ......ਜੀ......ਖ਼ਾਨ ਸਾਹਿਬ......ਕੋਈ ਪੱਥਰ ਸੇ ਨਾ ਮਾਰੇ ਮਰੇ ਦੀਵਾਨੇ ਕੋ!"

ਸਰਮਦ ਦੇ ਮੂੰਹੋਂ ਨਿਕਲਿਆ ਤੇ ਉਹ ਵੀ ਗੱਡੀਓਂ ਉੱਤਰ ਆਇਆ।



ਨਾ ਤੇ ਨਗ਼ਮਾ ਜਾਨ ਨੇ ਉਨ੍ਹਾਂ ਨੂੰ ਡੱਕਿਆ ਤੇ ਨਾ ਈ ਖ਼ਾਨ ਸਾਹਿਬ ਹੋਰਾਂ ਮੁੜ ਕੇ ਉੱਧਰ ਤੱਕਿਆ।

"ਖ਼ਾਨ ਸਾਹਿਬ! ਹੁਣ ਜਾਣਾ ਕਿੱਧਰ ਏ?"

ਸਰਮਦ ਨੇ ਪੁੱਛਿਆ।

"ਮੈਂ ਤਾਂ ਹੁਣ ਘਰ ਜਾਣਾ ਏ ਤੇ ਤੂੰ ਮੈਨੂੰ ਅਗਲੇ ਸੀਨ ਵਿੱਚ ਮਿਲੇਂਗਾ, ਅੱਜ ਤੋਂ ਦੋ ਵਰ੍ਹੇ ਅਗਦੋਂ, ਦਿੱਲੀ ਦੀ ਸਭ ਤੋਂ ਵਿਸ਼ਾਲ ਮਸੀਤ ਦੇ ਕੋਲ, ਚਾਵੜੀ ਬਾਜ਼ਾਰ ਦੇ ਕਿਸੇ ਕੋਠੇ ਤੇ!"

"ਖ਼ਾਨ ਸਾਹਿਬ, ਇਹ ਹੋਵੇਗਾ ਕਿਵੇਂ ......?"

"ਕਾਕਾ, ਇਹ ਫ਼ਿਲਮ ਦਾ ਸਕਰਿਪਟ ਹੈ। ਇਸ ਵਿੱਚ ਇੰਜ ਈ ਹੋਵਣਾ ਏ। ਚੱਲ ਉੱਠ ਬਾਹਰ ਨਿਕਲੀਏ!"

ਸਰਮਦ, ਖ਼ਾਨ ਸਾਹਿਬ ਨਾਲ ਗੱਲਾਂ ਕਰਦਾ ਬਾਹਰ ਆਇਆ ਤੇ ਸੀਨ ਬਦਲ ਗਿਆ ਸੀ। ਉਹ ਹੁਣ ਪੁਰਾਣੀ ਦਿੱਲੀ ਦੀ ਸ਼ਾਹੀ ਮਸਜਿਦ ਦੇ ਕੋਲ, ਚਾਵੜੀ ਬਾਜ਼ਾਰ ਵਿੱਚ ਸੀ ਜਿੱਥੇ ਥਾਂ ਥਾਂ ਘੁੰਗਰੂਆਂ, ਵਾਜਿਆਂ ਤੇ ਤਬਲਿਆਂ ਦੀਆਂ ਹੱਟੀਆਂ ਸਨ; ਹਰ ਗਲੀ ਦੀ ਨੁੱਕਰ ਉੱਤੇ ਪਾਨਾਂ ਦੀ ਹੱਟੀ ਸੀ ਤੇ ਹਰ ਹੱਟੀ ਦੇ ਮੂਹਰੇ ਫੁੱਲ ਵੇਚਣ ਆਲਿਆਂ ਫੱਟੇ ਲਾਏ ਹੋਏ ਸਨ। ਜਦੋਂ ਉਹਨੇ ਸਿਰ ਚੁੱਕ ਕੇ ਵੇਖਿਆ ਤੇ ਲੱਕੜ ਦੇ ਪੁਰਾਣੇ ਛਿੱਜਿਆਂ ਦੇ ਨਾਲ ਨਾਲ ਹੇਠਾਂ ਨੂੰ ਲਹਿੰਦੀਆਂ ਪੌੜੀਆਂ ਸਨ। ਉਨ੍ਹਾਂ ਪੌੜੀਆਂ ਤੋਂ ਨਿੱਕੀ ਉਮਰ ਦੇ ਕੁੱਝ ਕੁੜੀਆਂ ਮੁੰਡੇ ਨੱਸਦੇ ਭੱਜਦੇ ਉੱਤੇ ਥੱਲੇ ਆ ਜਾ ਰਹੇ ਸਨ। ਕਿਸੇ ਦੇ ਹੱਥਾਂ ਵਿੱਚ ਕਾਲੀਨ ਤੇ ਦਰੀਆਂ ਤੇ ਕੋਈ ਤਬਲਿਆਂ ਦੇ ਇੰਨੂੰ ਚੁੱਕੀ ਫਿਰਦਾ ਸੀ। ਸਰਮਦ, ਹਰ ਸ਼ੈਅ ਨੂੰ ਹੈਰਾਨੀ ਨਾਲ ਵੇਹੰਦਾ ਟੁਰੀ ਜਾ ਰਿਹਾ ਸੀ ਕਿ ਅਚਨਚੇਤ ਉਸ ਦੀ ਨਿਗਾਹ ਬੰਦ ਗਲੀ ਦੇ ਛੇਕੜਲੇ, ਉੱਚੇ ਘਰ ਤੇ ਪਈ ਜਿਹਦੀ ਸ਼ਾਨ ਸੱਭ ਤੋਂ ਵੱਖਰੀ ਤੇ ਨਿਵੇਕਲੀ ਸੀ। ਇੰਨੇ ਵਿੱਚ ਉਹਨੂੰ ਇੱਕ ਨੱਸਦੇ ਹੋਏ ਮੁੰਡੇ ਦਾ ਮੋਢਾ ਵੱਜਿਆ:

"ਸਾਹਮਣੇ ਵਾਲੇ ਕੋਠੇ ਉੱਤੇ ਈ ਖ਼ਾਨ ਸਾਹਿਬ ਨੇ ਗਾਉਣਾ ਏ; ਉੱਧਰ ਈ ਟੁਰੀ ਜਾ!"

ਮੁੰਡਾ ਇਹ ਗੱਲ ਕਹਿ ਕੇ ਅਗਾਂਹ ਵੱਧ ਗਿਆ। ਸਾਹਮਣੇ ਕੋਠੇ ਦੀਆਂ ਪੌੜੀਆਂ ਵਿੱਚ ਸਰਮਦ ਨੂੰ ਕੁੱਝ ਸ਼ਾਇਰ ਵੀ ਦਿੱਸੇ ਜਿਹਨਾਂ ਦੇ ਹੱਥਾਂ ਵਿੱਚ ਕਾਪੀਆਂ ਸਨ; ਉਨ੍ਹਾਂ ਦੇ ਨਾਲ ਫ਼ਿਲਮਾਂ ਦੇ ਵੱਡੇ ਵੱਡੇ ਡਾਇਰੈਕਟਰ ਤੇ ਪ੍ਰੋਡਿਊਸਰ ਵੀ ਸਨ। ਸਰਮਦ ਕੋਠੇ ਦੇ ਸੱਭ ਤੋਂ ਵੱਡੇ ਹਾਲ ਵਿੱਚ ਵੜਿਆ, ਜਿਸਦੇ ਵਿਚਕਾਰ ਚਾਂਦਨੀ ਵਿਛੀ ਪਈ ਸੀ ਤੇ ਆਲ ਦੁਆਲੇ ਸਾਜ਼ਾਂ ਵਾਲੇ ਤੇ ਤੱਕੀਆਂ ਉੱਤੇ ਸੁਣਵੱਈਏ ਬੈਠੇ ਹੋਏ ਸਨ, ਤੇ ਕੰਧ ਨਾਲ ਮੋਢਾ ਲਾ ਕੇ ਸੁਰ ਮੰਡਲ ਵਜਾਂਦੇ ਖ਼ਾਨ ਸਾਹਿਬ ਰਾਗ ਮਾਲਕੌਂਸ ਗਾ ਰਹੇ ਸਨ। ਸਰਮਦ ਨੂੰ ਉਨ ਾਂ ਦੀਆਂ ਨਿਗਾਹਾਂ ਨੇ ਦੱਸਿਆ ਕਿ ਉਹ ਠੀਕ ਵੇਲੇ ਅੱਪੜ ਗਿਆ ਸੀ। ਤਬਲੇ ਵਾਲੇ ਨੂੰ ਇਸ਼ਾਰਾ ਹੋਇਆ ਤੇ ਉਨ੍ਹਾਂ ਦੁਰੁਤ ਤਾਲ ਛੇੜ ਦਿੱਤੀ:

"ਆਜ ਮੋਰੇ ਘਰ ਆਈ ਲਾ ਬਾਲਮਾ
ਕਰੂੰ ਗੀ ਅਦਾ ਰੰਗ ਸੋ ਰੰਗ-ਰਲੀਆਂ
ਆਜ ਮੋਰੇ ਘਰ ਆਈ ਲਾ ਬਾਲਮਾ
ਇਤਰ ਅਰਗ ਜਾ ਸੁਗੰਧ ਬਿਸਨ ਸੋ ਪਹਿਰੇ
ਆਜ ਮੋਰੇ ਘਰ ਆਈ ਲਾ ਬਾਲਮਾ
ਸੇਜ ਸਜਾਊਂ ਚੁਨ ਚੁਨ ਕਲੀਆਂ"

ਉਚਰਾਂ ਨੂੰ ਚਾਂਦੀ ਦੇ ਥਾਲ ਫੜੀ ਕੁੱਝ ਤਵਾਇਫ਼ਾਂ ਤੇ ਵੱਡੇ ਗਵੱਈਏ ਹਾਲ ਵਿੱਚ ਆਣ ਟਿਕੇ। ਖ਼ਾਨ ਸਾਹਿਬ ਨੇ ਗਾਣਾ ਖ਼ਤਮ ਕੀਤਾ ਤੇ ਉਹ ਸਭ ਉਨ੍ਹਾਂ ਦੇ ਸਾਹਮਣੇ ਖਲੋ ਗਏ। ਸਲਾਮ ਦੁਆ ਮਗਰੋਂ ਇੱਕ ਸਾਰੰਗੀਏ ਨੇ ਆਖਿਆ :

"ਖ਼ਾਨ ਸਾਹਿਬ, ਨਗ਼ਮਾ ਜਾਨ ਕੋਲੋਂ ਜਿਹੜੀਆਂ ਕੋਤਾਹੀਆਂ ਹੋਈਆਂ ਨੇਂ, ਉਨ੍ਹਾਂ ਨੂੰ ਮਾਫ਼ ਕਰ ਛੱਡੋ!"

"ਨਗ਼ਮਾ ਜਾਨ ਇੱਕ ਮਹਾਨ ਗਾਈਕਾ ਨੇਂ। ਮਾਫ਼ੀ ਦਾ ਕੀ ਮਾਮਲਾ; ਮੇਰਾ ਉਨ੍ਹਾਂ ਨਾਲ ਕੋਈ ਝਗੜਾ ਨਹੀਂ।"

"ਜੇ ਕੋਈ ਝਗੜਾ ਨਹੀਂ ਤੇ ਅਸੀਂ ਸਭ ਬੇਨਤੀ ਕਰਨੇ ਆਂ ਕਿ ਤੁਸੀਂ ਉਸ ਨਾਲ ਵਿਆਹ ਕਰ ਲਵੋ!"

ਇੱਕ ਵਡੇਰੀ ਉਮਰ ਦੀ ਤਵਾਇਫ਼ ਨੇ ਸਾਰਿਆਂ ਵੱਲ ਆਪਣੀ ਬਾਂਹ ਫੇਰਦਿਆਂ ਅਰਜ਼ ਗੁਜ਼ਾਰੀ।

"ਤੁਸੀਂ ਸਭ ਮਾਣ ਜੋਗ ਜੇ। ਪਰ ਇਹ ਵਿਆਹ ਦੀ ਕੀ ਗੱਲ ਏ?"

ਖ਼ਾਨ ਸਾਹਿਬ ਨੇ ਸੁਰ ਮੰਡਲ ਦੇ ਤਾਰ ਛੇੜਦਿਆਂ ਸਵਾਲ ਕੀਤਾ।

"ਇੱਕ ਵੇਲਾ ਸੀ ਕਿ ਤੁਸੀਂ ਉਸ ਨਾਲ ਵਿਆਹ ਕਰਨਾ ਚਾਹੁੰਦੇ ਸੋ। ਪਰ ਹੁਣ ਉਹ ਤਰਲੇ ਪਈ ਲੈਂਦੀ ਫਿਰਦੀ ਏ!"

ਇੱਕ ਹੋਰ ਗਵੱਈਏ ਨੇ ਹੱਥ ਬੰਨ ਕੇ ਆਖਿਆ।

"ਇਹ ਗੱਲ ਠੀਕ ਏ......ਇਕ ਵੇਲੇ ਤੀਕਰ ਮੇਰੀ ਇਹ ਚਾਹ ਸੀ, ਪਰ ਹੁਣ ਅਸਲੋਂ ਈ ਨਹੀਂ।"

ਸਰਮਦ ਨੇ ਉਨ੍ਹਾਂ ਵੱਲ ਇੰਜ ਤੱਕਿਆ ਜਿਵੇਂ ਪੁੱਛਦਾ ਹੋਵੇ ਕਿ ਇਹ ਸੱਭ ਕੁੱਝ ਕਿਵੇਂ ਹੋ ਗਿਆ!

"ਕਿਉਂ ਨਹੀਂ......ਤੁਹਾਡਾ ਉਸ ਨਾਲ ਇਸ਼ਕ ਵੀ ਤੇ ਸੀ। ਲਾਹੌਰ ਤੇ ਦਿੱਲੀ ਦੇ ਹਰ ਕੋਠੇ ਤੇ ਬੈਠਕ ਵਿੱਚ ਇਸ ਗੱਲ ਦੀ ਧੁੰਮ ਪਈ ਰਹੀ ਏ।"

ਸਾਰੰਗੀ ਆਲਾ ਬਜ਼ੁਰਗ ਫ਼ਿਰ ਅੱਗੇ ਵਧਿਆ।

"ਇਸ਼ਕ...... ?"

ਖ਼ਾਨ ਸਾਹਿਬ ਦੀ ਵਾਜ ਪੂਰੇ ਹਾਲ ਵਿੱਚ ਗੂੰਜ ਪਈ:

"ਉਹ ਇਸ਼ਕ ਕਿੱਥੇ ਸੀ......ਉਹ ਤਾਂ ਬਸ ਇੱਕ ਮੋਹ ਸੀ......ਇਸ਼ਕ ਦੀਆਂ ਮੰਜ਼ਿਲਾਂ ਤਾਂ ਰੱਬ ਈ ਜਾਣੇ। ਹੁਣ ਤਾਂ ਬਸ ਇਹ ਸੰਗੀਤ ਈ ਸਭ ਕੁੱਝ ਏ......ਇਹੋ ਈ ਜੀਊਣ ਤੇ ਇਹੋ ਈ ਮਰਣ!"

"ਫ਼ਿਰ ਅਸੀਂ ਨਾ ਈ ਸਮਝੀਏ?"

ਇੱਕ ਵਡੇਰੀ ਉਮਰ ਦੀ ਨਾਇਕਾ ਨੇ ਬਾਂਹਵਾਂ ਦੇ ਕੜੇ ਛੇੜਦਿਆਂ ਆਖਿਆ।

"ਨਾ........... ਯਾ ਹਾਂ ਕਿਸ ਸ਼ੈਅ ਦੀ?......ਤੁਸੀਂ ਸਭੇ ਢੇਰ ਆਦਰਵਾਨ ਜੇ......ਤੁਹਾਡੀ ਸੇਵਾ ਲਈ ਦੁਰੁਤ ਲੈ ਵਿੱਚ ਈ ਕਾਮੋਦ ਏ!"

ਖ਼ਾਨ ਸਾਹਿਬ ਨੇ ਸਾਜ਼ਿੰਦਿਆਂ ਨੂੰ ਇਸ਼ਾਰਾ ਕੀਤਾ...... ਸਾਰੰਗੀ ਵਾਲਾ ਆਪਣੀ ਸਾਰੰਗੀ ਤੇ ਤਬਲੇ ਵਾਲਾ ਅਪਣਾ ਤਬਲਾ ਸੁਰ ਕਰਨ ਲੱਗ ਪਿਆ। ਸਾਹਮਣੇ ਬੈਠੇ ਗਵੱਈਆਂ



ਵਿੱਚੋਂ ਚਾਰ ਤਵਾਇਫ਼ਾਂ ਉੱਠੀਆਂ ਤੇ ਆਪਣੇ ਤਾਨਪੁਰੇ ਸੁਰ ਕਰ ਕੇ ਖ਼ਾਨ ਸਾਹਿਬ ਦੇ ਪਿੱਛੇ ਜਾ ਬੈਠੀਆਂ। ਖ਼ਾਨ ਸਾਹਿਬ ਨੇ ਖਰਜ ਭਰਿਆ ਤੇ ਇੰਜ ਜਾਪਿਆ ਜਿਵੇਂ ਸਰਸਵਤੀ ਉੱਥੇ ਆਪ ਆਣ ਬੈਠੀ ਹੋਵੇ:

"ਛਾੜ ਦੇ ਮੋਰਾ ਆਂਚਰਾ
ਘਰ ਜਾਣੇ ਦੇ ਮੋਹੇ ਦੇਖਤ ਸੱਭ ਲੋਗਵਾ
ਛਾੜ ਦੇ ਮੋਰਾ ਆਂਚਰਾ
ਅੱਬ ਕੀ ਬਾਰ ਮੋਹੇ ਜਾਣੇ ਦੇ ਸੱਭ ਰੰਗ
ਬੱਲ ਬੱਲ ਜਾਊਂ ਤੋਰੇ ਮਿਤਵਾ
ਛਾੜ ਦੇ ਮੋਰਾ ਆਂਚਰਾ"

ਖ਼ਾਨ ਸਾਹਿਬ ਗਵੀਂ ਜਾ ਰਹੇ ਸਨ। ਸੰਗੀਤ ਉਸਤਾਦਾਂ, ਗਵੱਈਆਂ ਤੇ ਸੁਣਵੱਈਆਂ ਨੇ ਇਕ ਢੇਰ ਫੁੱਲਾਂ ਦਾ ਉਨ੍ਹਾਂ ਦੇ ਪੈਰਾਂ ਵਿੱਚ ਧਰ ਦਿੱਤਾ। 'ਕਾਮੋਦ' ਮੁੱਕਿਆ ਤੇ ਸੱਭੇ ਜੀ ਕੁੱਝ ਚਿਰ ਉਨ੍ਹਾਂ ਨਾਲ ਇੱਧਰ-ਉੱਧਰ ਦੀਆਂ ਗੱਲਾਂ ਕਰਦੇ ਰਹੇ ਤੇ ਫ਼ਿਰ ਪੌੜ੍ਹੀਆਂ ਲੱਥਦੇ ਗਏ। ਅਖ਼ੀਰ ਵਿੱਚ ਸਰਮਦ, ਸਾਜ਼ਿੰਦੇ ਤੇ ਇੱਕ ਬੁਰਕੇ ਵਾਲੀ ਜ਼ਨਾਨੀ ਰਹਿ ਗਈ ਜਿਹੜੀ ਉੱਠ ਕੇ ਹੌਲੀ ਹੌਲੀ ਟੁਰਦੀ ਖ਼ਾਨ ਸਾਹਿਬ ਦੇ ਪੈਰਾਂ ਨੂੰ ਹੱਥ ਲਾ ਕੇ ਪਰਤ ਗਈ। ਖ਼ਾਨ ਸਾਹਿਬ ਨੇ ਕੋਈ ਧਿਆਨ ਨਾ ਦਿੱਤਾ ਤੇ ਸੁਰ ਮੰਡਲ ਨਾਲ ਰੁੱਝੇ ਰਹੇ। ਸਰਮਦ ਨੇ ਪੌੜ੍ਹੀਆਂ ਦੇ ਨੇੜੇ ਉਹਨੂੰ ਨਕਾਬ ਚੁੱਕ ਕੇ ਅੱਥਰੂ ਪੂੰਝਦਿਆਂ ਵੇਖਿਆ ਤੇ ਉਹ ਨਗ਼ਮਾ ਜਾਨ ਸੀ......ਸਰਮਦ ਉਹਦੇ ਮਗਰ ਮਗਰ ਟੁਰਣ ਲੱਗਿਆ ਤੇ ਖ਼ਾਨ ਸਾਹਿਬ ਨੇ ਉਹਨੂੰ ਬਾਂਹੋਂ ਫੜ ਲਿਆ:

"ਤੁਸੀਂ ਕਿੱਥੇ ਚੱਲੇ ਓ ਜਨਾਬ...... ?"

"ਚਲੀਏ ਖ਼ਾਨ ਸਾਹਿਬ......ਸਕਰਿਪਟ ਮੂਜਬ ਤੇ ਹੁਣ ਟੁਰਣਾ ਈ ਬਣਦਾ ਏ!"

"ਨਹੀਂ ਸਰਕਾਰ, ਧਿਆਨ......ਮਾਰੋ......ਤੁਸੀਂ ਮੇਰੇ ਨਾਲ ਫ਼ਿਰ ਰੇਲ ਗੱਡੀ ਵਿੱਚ ਬੈਠੋਗੇ, ਮੈਂ ਜਾਵਾਂਗਾ ਲਾਹੌਰ ਤੇ ਤੁਸੀਂ ਲੱਥੋਗੇ ਅੰਬਰਸਰ!"

"ਕੋਈ ਪੱਥਰ ਸੇ ਨਾ ਮਾਰੇ ਮੇਰੇ ਦੀਵਾਨੇ ਕੋ......ਹੋਰ ਬਣੋ ਆਸ਼ਿਕ!"

ਸ਼ੀਸ਼ੇ 'ਚੋਂ ਇੱਕ ਉੱਚੇ ਹਾਸੇ ਨਾਲ ਵਾਜ ਆਈ।

"ਦਿੱਤਾ ਸੈਣੀ ਬਣ ਜਾਂਦਾ ਤੇ ਚੰਗਾ ਸੀ!"

ਸਰਮਦ ਦੇ ਨਾਲ ਪਏ ਲੀੜੇ ਵੀ ਬੋਲ ਪਏ।

"ਮੈਂ ਤੇ ਬਸ ਇੱਕ ਐਕਟਰ ਬਣਨਾ ਏ, ਹੋਰ ਕੁੱਝ ਵੀ ਨਹੀਂ......ਵੱਡੀ ਸਕਰੀਨ ਦਾ ਸਟਾਰ। ਮੇਰਾ ਪਾਤਰਾਂ ਨਾਲ ਕੀ ਸਾਕ...... ?"

ਸਰਮਦ ਨੇ ਸ਼ੀਸ਼ੇ ਵੱਲ ਧਿਆਨ ਮਾਰਿਆ। ਸਾਰੀਆਂ ਬੱਤੀਆਂ ਜਗ ਰਹੀਆਂ ਸਨ ਤੇ ਰੇਲ ਗੱਡੀ ਆਪਣੇ ਹਿਸਾਬ ਨਾਲ ਟੁਰੀ ਜਾ ਰਹੀ ਸੀ; ਜਦ ਅੰਬਰਸਰ ਰੇਲਵੇ ਸਟੇਸ਼ਨ ਤੇ ਰੁਕੀ, ਸਰਮਦ ਹੇਠਾਂ ਲਹਿਣ ਲੱਗਾ ਤੇ ਉਹਨੂੰ ਖ਼ਾਨ ਸਾਹਿਬ ਤਾਨਪੁਰੇ ਉੱਤੇ ਗਾਉਂਦੇ ਦਿੱਸੇ :

ਪ੍ਰਭੂ ਰੰਗ ਬਿਨਾਂ
ਮੋਹੇ ਸੱਭ ਸੁੱਖ ਦੇਣਾ
ਪ੍ਰਭੂ ਰੰਗ ਬਿਨਾਂ
ਮੋਹੇ ਸਭ ਸੁੱਖ ਦੇਣਾ

ਦੂਧ, ਪੂਦ ਔਰ ਆਨਾ ਧਾਨਾ
ਲੱਛਮੀ ਸਭ ਰੰਗ
ਸਭ ਬਾਤਾਂ ਮੇਂ
ਮੋਹੇ ਲਾਇਕ ਕੀਨਾ
ਪ੍ਰਭੂ ਰੰਗ ਬਿਨਾਂ
ਮੋਹੇ ਸਭ ਸੁੱਖ ਦੇਣਾ"

ਖ਼ਾਨ ਸਾਹਿਬ ਗਾਉਂਦੇ ਰਹੇ। ਸਰਮਦ ਸਟੇਸ਼ਨ ਦੇ ਪਸਾਰ ਤੋਂ ਬਾਹਰ ਹੋਇਆ, ਲਾਈਨਾਂ ਪਿੱਛੇ ਰਹਿ ਗਈਆਂ; ਪਰ ਬਾਹਰ ਕੋਈ ਵੱਡਾ ਸ਼ਹਿਰ ਨਾ ਦਿੱਸਿਆ। ਆਲੇ ਦੁਆਲੇ ਪੈਲੀਆਂ ਸਨ ਤੇ ਉਨ੍ਹਾਂ ਦੇ ਨਾਲ-ਨਾਲ ਇੱਕ ਕੱਚਾ ਰਾਹ ਪਿਆ ਜਾਂਦਾ ਸੀ ਤੇ ਇੱਕ ਨੁੱਕਰੇ ਕੋਸ ਮੀਨਾਰ ਸੀ। ਅੱਗੇ ਵਧਿਆ ਤੇ ਕੁੱਝ ਛੱਪੜ ਨਜ਼ਰੀਂ ਪਏ ਜਿਹਨਾਂ ਦੇ ਆਲੇ ਦੁਆਲੇ ਢੇਰ ਬਗਲਿਆਂ ਦਾ ਕੱਠ ਸੀ। ਛੱਪੜਾਂ ਵਿੱਚ ਕੁੱਝ ਮੱਝਾਂ ਗਾਵਾਂ ਨਹਾ ਰਹੀਆਂ ਸਨ। ਨਾਲ ਦੀ ਪੈਲੀ ਵਿੱਚ ਭੇਡਾਂ ਤੇ ਬੱਕਰੀਆਂ ਚਰਦੀਆਂ ਪਈਆਂ ਸਨ। ਰੁੱਖਾਂ ਵਿੱਚ ਨਿੱਕੇ ਨਿੱਕੇ ਡੇਰੇ ਵੀ ਦਿੱਸਦੇ ਪਏ ਸਨ। ਕੁੱਝ ਪੰਧ ਕੱਟਿਆ ਤੇ ਸਰਮਦ ਇੱਕ ਜੰਗਲ਼ ਵਿੱਚ ਅੱਪੜ ਗਿਆ। ਉਹਨੇ ਵੇਖਿਆ ਕਿ ਇੱਕ ਪਾਸਿਓਂ ਦੋ ਸਿੱਖ ਨੱਸੀ ਆਉਂਦੇ ਸਨ। ਸਰਮਦ ਦੀ ਵੱਧੀ ਹੋਈ ਦਾੜ੍ਹੀ ਵੇਖ ਕੇ ਉਹ ਦੋਵੇਂ ਉਹਦੇ ਕੋਲ ਖਲੋ ਗਏ।

"ਭਾਅ ਜੀ, ਸਿੱਖ ਜੇ ......?"

ਇੱਕ ਨੇ ਲੰਮੇ ਸਾਹ ਲੈਂਦਿਆਂ ਪੁੱਛਿਆ।

"ਆਹੋ......ਨਹੀਂ......ਨਹੀਂ......ਮੈਂ ਤਾਂ......ਬਸ ਤੁਸੀਂ ਦੱਸੋ!"

"ਵੀਰੇ, ਇੱਥੋਂ ਨੱਸ ਟੁਰੋ ......!"

"ਪਰ ਹੋਇਆ ਕੀ ਏ ......?"

"ਹੋਣਾ ਕੀ ਏ ਵੀਰੇ......ਔਰੰਗਜ਼ੇਬ ਨੇ ਜੋ ਕੀਤੀ ਸੋ ਕੀਤੀ; ਪਰ ਇਸ ਮੀਰ ਮੰਨੂੰ ਤਾਂ ਹੱਦ ਕਰ ਛੱਡੀ ਏ......ਇੰਜ ਤਾਂ ਯਜ਼ੀਦੀਆਂ ਵੀ ਸੱਯਦਾਂ ਨਾਲ ਨਹੀਂ ਸੀ ਕੀਤੀ।"

ਇੱਕ ਸਿੱਖ ਨੇ ਆਖਿਆ ਤੇ ਸਰਮਦ ਨੇ ਹੈਰਾਨ ਹੋ ਕੇ ਉਨ੍ਹਾਂ ਨਾਲ ਨੱਸਣਾ ਛੋਹ ਦਿੱਤਾ-:

"ਮੈਂ ਸਮਝਿਆ ਨਹੀਂ......!"

"ਮੀਰ ਮੰਨੂੰ ਸਾਰੇ ਲਾਹੌਰ ਦੇ ਕਸਾਈ ਕੱਠੇ ਕੀਤੇ। ਵੇਖ ਵੇਖ ਨਾੜਾਂ ਮੁੰਡਿਆਂ ਦੀਆਂ, ਕੋਹ ਕੋਹ ਲਹੂ ਨਾਲ ਨਾਲੀਆਂ ਭਰ ਛੱਡੀਆਂ। ਗਿੱਚੀ ਦੇ ਹਿਸਾਬ ਨਾਲ ਵੱਖਰੀਆਂ ਵੱਖਰੀਆਂ ਛੁਰੀਆਂ ਸਨ ਕਸਾਈਆਂ ਕੋਲ......!"

ਦੂਜੇ ਸਿੱਖ ਨੇ ਵੀ ਨੱਸਦਿਆਂ ਆਖਿਆ।

"ਅੱਛਾ, ਤੇ ਮੈਂ ਮੀਰ ਮੰਨੂੰ ਦੇ ਵੇਲੇ ਵਿੱਚ ਆਂ ......?"

"ਇਸ ਦੇ ਨਾਲ ਕਸੂਰ ਦੀ ਸਰਦਲ ਉੱਤੇ ਖਲੋਤਾ ਏਂ!"

ਸ਼ੀਸ਼ੇ 'ਚੋਂ ਵਾਜ ਆਈ।

"ਉਹ ਕਿਵੇਂ......?"

"ਜਿਵੇਂ ਸਕਰਿਪਟ ਵਿੱਚ ਲਿਖਿਆ ਹੋਇਆ ਏ!"



"ਚੰਗਾ!"

ਸਰਮਦ ਨੇ ਇੱਕ ਵਾਰੀ ਫ਼ਿਰ ਸਕਰਿਪਟ ਵੇਖਿਆ ਤੇ ਫ਼ਿਰ ਕਮਾਦ ਨਾਲ ਭਰਿਆ ਇੱਕ ਕਿੱਲਾ ਟੱਪ ਕੇ ਉਹ ਕੱਖਾਂ ਨਾਲ ਉਸਾਰੀ ਹੋਈ ਇੱਕ ਝੁੱਗੀ ਦੇ ਬਾਹਰ ਜਾ ਖਲੋਤਾ ਜਿੱਥੇ ਇੱਕ ਸਾਧੂ ਮੱਠਾ ਮੱਠਾ ਗਾਉਂਦਾ ਪਿਆ ਸੀ:

"ਅਬ ਹਮ ਗੁੰਮ ਹੂਏ
ਅਬ ਹਮ ਗੁੰਮ ਹੂਏ
ਤੁਸੀਂ ਵੀ ਸਰਕਾਰ ਗਵਾਚੇ ਪਏ ਜੇ!"

ਸਰਮਦ ਨੇ ਉਸ ਦੇ ਨੇੜੇ ਬਹਿੰਦਿਆਂ ਪੁੱਛਿਆ।

"ਇੱਥੇ ਤਾਂ ਸੱਭੇ ਈ ਗਵਾਚੇ ਪਏ ਨੇਂ......ਕਿਸੇ ਨੂੰ ਕੋਈ ਸਾਰ ਨਹੀਂ!"

"ਉਹ ਕਿਵੇਂ......?"

"ਇਸ ਧਰਤੀ ਉੱਤੇ ਨਾਹੀਉਂ ਕੋਈ ਆਪਣੀ ਮਰਜ਼ੀ ਨਾਲ ਆਇਆ ਤੇ ਨਾਹੀਉਂ ਆਪਣੀ ਮਨ ਮਰਜ਼ੀ ਗਿਆ; ਤੇ ਫ਼ਿਰ ਗਵਾਚਿਆ ਈ ਹੋਇਆ ਨਾ......"

ਸਾਧੂ ਆਖਿਆ:

"ਸੱਜਣਾ, ਤੂੰ ਕਿੱਥੋਂ ਆਇਆ ਏਂ?"

"ਮੈਂ ਤਾਂ ਆਪ ਈ ਗਵਾਚਿਆ ਪਿਆ ਵਾਂ!"

"ਚੱਲ ਫ਼ਿਰ ਤੂੰ ਵੀ ਮੇਰੇ ਨਾਲ ਅਲਾ......"

ਸਾਧੂ ਨੇ ਇੱਕ ਤਾਣ ਮਾਰਦਿਆਂ ਆਖਿਆ:

"ਅੱਬ ਹਮ ਗੁੰਮ ਹੂਏ!"

"ਅਬ ਹਮ ਗੁੰਮ ਹੂਏ!"

ਸਰਮਦ ਨੇ ਵੀ ਤਾਣ ਲਾਈ:

"ਅੱਬ ਹਮ ਗੁੰਮ ਹੂਏ!"

ਸਾਧੂ ਨੇ ਫ਼ਿਰ ਆਖਿਆ।

"ਇਸ ਤੋਂ ਅਗਾਂਹ ਵੀ ਤੇ ਆਖੋ ਸਰਕਾਰ!"

"ਇਸ ਤੋਂ ਅਗਾਂਹ ਜਾਵਣ ਦਾ ਕਦੇ ਹੌਸਲਾ ਨਹੀਂ ਹੋਇਆ......ਇਹ ਤਾਂ ਭੇਤ ਨੇਂ......"

"ਇਨ੍ਹਾਂ ਭੇਤਾਂ ਦੀ ਜਾਣਕਾਰੀ ਬਸ ਇੱਕ ਬੰਦੇ ਨੂੰ ਈ ਏ......ਉਹਦਾ ਨਾਂ ਏ ਬੁੱਲ੍ਹੇ ਸ਼ਾਹ!"

"ਬੁੱਲ੍ਹੇ ਕੀ ਆਖਿਆ ਸੀ?"

ਸਰਮਦ ਆਪਣੀ ਗੱਲ ਦਾ ਜਵਾਬ ਸੁਣਨ ਲਈ ਸਾਧੂ ਵੱਲ ਤੱਕ ਰਿਹਾ ਸੀ। ਇੰਨੇ ਵਿੱਚ ਚਾਰ ਪੰਜ ਹੋਰ ਸਾਧੂ ਝੁੱਗੀ ਦੇ ਪਿੱਛਵਾੜਿਓਂ ਨਿਕਲ ਕੇ ਉੱਥੇ ਆਣ ਬੈਠੇ......ਇੱਕ ਨੇ ਢੋਲਕੀ ਤੇ ਦੂਜੇ ਨੇ ਮੁੰਦਰੀ ਫੜ ਲਈ ਤੇ ਸੱਭੇ ਰਲ ਕੇ ਗਾਵਣ ਲੱਗ ਪਏ:

ਅਬ ਹਮ ਗੁੰਮ ਹੂਏ ਪ੍ਰੇਮ ਨਗਰ ਕੇ ਸ਼ਹਿਰ
ਆਪਣੇ ਆਪ ਨੂੰ ਸੋਧ ਰਿਹਾ ਹੂੰ
ਨਾ ਸਿਰ ਹਾਥ ਨਾ ਪੈਰ
ਅੱਬ ਹਮ ਗੁੰਮ ਹੂਏ ਪ੍ਰੇਮ ਨਗਰ ਕੇ ਸ਼ਹਿਰ

ਲੱਥੇ ਪਕੜੇ ਭੁੱਲੇ ਘਰ ਥੀਂ
ਕੌਣ ਕਰੇ ਨਿਰਵੈਰ
ਅੱਬ ਹਮ ਗੁੰਮ ਹੂਏ ਪ੍ਰੇਮ ਨਗਰ ਕੇ ਸ਼ਹਿਰ
ਖ਼ੁਦੀ ਖੋਈ ਅਪਣਾ ਪਦ ਚੇਤਾ
ਤਬ ਹੂਈ ਗੱਲ ਖ਼ੈਰ
ਅੱਬ ਹਮ ਗੁੰਮ ਹੂਏ ਪ੍ਰੇਮ ਨਗਰ ਕੇ ਸ਼ਹਿਰ
ਬੁੱਲ੍ਹਾ ਸ਼ੋਹ ਹੈ ਦੋਹੀਂ ਜਹਾਨੀਂ
ਕੋਈ ਨਾ ਦਿੱਸਦਾ ਗ਼ੈਰ

ਗਾਵਣ ਮੁੱਕਿਆ ਤੇ ਮਗਰੋਂ ਆਏ ਸਾਧੂ ਫ਼ਿਰ ਝੁੱਗੀ ਪਿੱਛੇ ਟੁਰ ਗਏ। ਉੱਥੇ ਪਹਿਲਾ ਸਾਧੂ ਤੇ ਸਰਮਦ ਰਹਿ ਗਏ।

"ਸੋ ਮੈਂ ਕਸੂਰ ਨਹੀਂ, ਪ੍ਰੇਮ ਨਗਰ ਵਿੱਚ ਆਂ!"

ਸਰਮਦ ਨੇ ਅਪਣੇ ਆਪ ਨਾਲ ਗੱਲ ਕੀਤੀ।

"ਪ੍ਰੇਮ ਨਗਰ ਕੋਈ ਅਵੱਲੀ ਸ਼ੈ ਤਾਂ ਨਹੀਂ......ਇਹ ਤਾਂ ਬੰਦੇ ਦਾ ਅਪਣਾ ਆਪ ਹੈ। ਅਪਣਾ ਜੀਊਣ ਕੁੱਲ ਖ਼ਲਕਤ ਨਾਲ......ਇਸ ਵਿੱਚ ਈ ਕੁਦਰਤ ਏ, ਜੋ ਬੰਦੇ ਦੇ ਅੰਦਰ ਵੀ ਹੈ ਤੇ ਬਾਹਰ ਵੀ। ਬੰਦਾ ਆਪ ਵੀ ਇਸ ਵਿੱਚ ਏ ਤੇ ਇਹ ਆਪ ਬੰਦਾ ਵੀ ਏ......ਇਹੋ ਈ ਸਭ ਕੁੱਝ ਹੈ!"

ਸਾਧੂ ਆਖਿਆ।

"ਪਰ ਲੋਕ ਉਨ੍ਹਾਂ ਨੂੰ ਕਾਫ਼ਿਰ ਵੀ ਆਖਦੇ ਰਹੇ ਨੇਂ, ਤੇ ਸਾਡੇ ਵੇਲੇ ਵਿੱਚ ਮੁਲਾਮਤੀ ਵੀ।"

"ਜਿਹੜਾ ਖ਼ਲਕਤ ਦੀ ਗੱਲ ਕਰੇ, ਉਹ ਕਾਫ਼ਰ ਹੋ ਗਿਆ; ਤੇ ਅਹਿਮਦ ਸ਼ਾਹ ਅਬਦਾਲੀ ਤੇ ਮੁਹੰਮਦ ਸ਼ਾਹ ਦੁਰਾਨੀ ਨੇ ਖ਼ਲਕਤ ਨਾਲ ਜੋ ਕੀਤੀ, ਉਹ ਕਿਸੇ ਨੂੰ ਨਾ ਦਿੱਸਿਆ। ਨਾਲੇ ਇਹ ਦੱਸ ਕਿ ਮੁਲਾਮਤੀ ਕੀ ਹੁੰਦਾ ਏ!"

"ਮੈਨੂੰ ਕੁੱਝ ਪਤਾ ਨਹੀਂ। ਪਰ ਗਿਆਨੀ ਲੋਕ ਕਹਿੰਦੇ ਨੇਂ ਕਿ ਉਹ ਬੰਦਾ ਜਿਹੜਾ ਹਰ ਵੇਲੇ ਆਪਣੇ ਆਪ ਨੂੰ ਮੁਲਾਮਤ ਕਰਦਾ ਰਹੇ, ਮੁਲਾਮਤੀ ਆਖਿਆ ਜਾਂਦਾ ਏ। ਕੁੱਝ ਗਿਆਨੀ ਗਹਿਰੀਆਂ ਨੂੰ ਵੀ ਮੁਲਾਮਤੀ ਆਖਦੇ ਨੇਂ।"

"ਦਹਿਰੀਆ ਹੋਵਣ, ਨਾ ਹੋਵਣ ਦਾ ਮਾਮਲਾ ਤਾਂ ਬੰਦੇ ਤੇ ਰੱਬ ਦਾ ਆਪਣਾ ਸਾਕ ਏ। ਇਸ ਵਿੱਚ ਅਸਾਂ ਨੂੰ ਕੀ......ਰਹੀ ਗੱਲ ਮੁਲਾਮਤ ਦੀ, ਤੇ ਆਪਣੀ ਨਿੰਦਿਆ ਕਰਨੀ ਚੰਗੀ ਗੱਲ ਏ। ਇਸ ਤੋਂ ਪੁੰਨਾ ਕੰਮ ਹੋਰ ਕਿਹੜਾ ਹੋ ਸਕਦਾ ਏ। ਬੁੱਲ੍ਹਾ ਤਾਂ ਇੱਕ ਸੱਯਦ ਜਾਤੀ ਸੀ ਤੇ ਮੰਨ ਲਿਆ ਉਹਨੇ ਇੱਕ ਅਰਾਈਂ ਨੂੰ ਅਪਣਾ ਮੁਰਸ਼ਦ......ਇਹ ਮਿਹਣਾ ਸੁਣਿਆ ਤੇ ਜਰਿਆ ਵੀ ਉਸ ਨੇ। ਪਰ ਫ਼ਿਰ ਵੀ ਸਾਰੇ ਜੱਗ ਵਿੱਚ ਸ਼ਾਹ ਇਨਾਇਤ ਹੋਰਾਂ ਈ ਬੁੱਲ੍ਹੇ ਦਾ ਭੇਤ ਪਾਇਆ।"

"ਤੇ ਸਾਧੂ ਸੰਤ ਜੀ, ਬੁੱਲ੍ਹਾ ਮਿਲੇਗਾ ਕਿੱਥੇ?"

"ਬੁੱਲ੍ਹਾ ਤੇ ਚਾਰ ਚੁਫ਼ੇਰੇ ਹੈ......ਬਸ ਇੱਕ ਝਾਤੀ ਮਾਰ ਅਪਣੇ ਅੰਦਰ!"

"ਨਹੀਂ......ਇੱਕ ਵਾਰੀ ਜੇ ਦਰਸ਼ਨ ਹੋ ਜਾਂਦੇ ਤੇ ਚੰਗਾ ਸੀ। ਮਨ ਨੂੰ ਚੈਨ ਆ ਜਾਂਦਾ।"

ਸਰਮਦ ਨੇ ਤਰਲਾ ਪਾਉਂਦਿਆਂ ਆਖਿਆ।

"ਤੂੰ ਇੱਕ ਆਸ਼ਿਕ ਵੀ ਤਾਂ ਹੈਗਾ ਏਂ......ਗਾਈ ਜਾ: 'ਅਬ ਹਮ ਗੁੰਮ ਹੂਏ ਪ੍ਰੇਮ ਨਗਰ ਕੇ ਸ਼ਹਿਰ!' ਤੇ ਟੁਰਦਾ ਜਾ ਲਾਹੌਰ ਵੱਲ......ਖ਼ੌਰੇ ਕਿੱਧਰੇ ਦਿੱਸ ਈ ਪਵੇ!"



ਸਾਧੂ ਨੇ ਇੱਕ ਦਿਸ਼ਾ ਵੱਲ ਇਸ਼ਾਰਾ ਕਰਦਿਆਂ ਆਖਿਆ ਤੇ ਸਰਮਦ ਉਸ ਸੇਧ ਵੱਲ ਹੋ ਪਿਆ। ਕੁੱਝ ਅਗਾਂਹ ਵਧਿਆ ਤੇ ਊਂਦੇ ਕਮਾਦ ਭੰਨਦੇ ਤੋੜਦੇ ਦਿੱਸੇ। ਰਾਹ ਵਿੱਚ ਥਾਂ ਥਾਂ, ਅਫ਼ਗ਼ਾਨੀ ਲਸ਼ਕਰਾਂ ਦੇ ਘੋੜਿਆਂ ਦੇ ਨਿਸ਼ਾਨ ਸਨ ਜਿਹਨਾਂ ਹੇਠ ਲਹੂ ਭਰਿਆ ਪਿਆ ਸੀ। ਉਹ ਘੰਟਾ ਭਰ ਟੁਰਦਾ ਰਿਹਾ ਤੇ ਇੱਕ ਪੰਧ ਉੱਤੇ ਉਹਨੂੰ ਕਾਲੇ ਲੀੜਿਆਂ ਵਿੱਚ ਇੱਕ ਬੰਦਾ ਦਿੱਸਿਆ ਜਿਸਦੇ ਗਾਉਣ ਦੀ ਵਾਜ ਥਾਂ-ਥਾਂ ਘੁੰਮਦੀ, ਗੇੜੇ ਪਈ ਲਾਉਂਦੀ ਸੀ:

ਮੇਰੇ ਘਰ ਆਇਆ ਪੀਆ ਹਮਰਾ
ਵਾਹਵਾ, ਵਹਦਤ ਕੀਤਾ ਸ਼ੋਰ
ਅਨਹਦ ਬਾਂਸੁਰੀ ਦੀ ਘਣਘੋਰ
ਅਸਾਂ ਹੁਣ ਪਾਇਆ ਤਖ਼ਤ ਲਾਹੌਰ
ਮੇਰੇ ਘਰ ਆਇਆ ਪੀਆ ਹਮਰਾ

ਸਰਮਦ ਉਹਦੇ ਮਗਰ ਦੌੜਿਆ, ਪਰ ਉਹ ਸਹਿਜ ਨਾਲ਼ ਟੁਰਦਾ ਉਹਦੇ ਕੋਲੋਂ ਇਤਨੇ ਈ ਪੰਧ ਦੂਰ ਦਿੱਸੇ। ਸਰਮਦ ਹੋਰ ਤ੍ਰਿਖਾ ਭੱਜਿਆ, ਪੰਧ ਫ਼ਿਰ ਵੀ ਓਵੇਂ ਦਾ ਓਵੇਂ ਈ ਸੀ......ਉਹਦੇ ਵਿੱਚ ਕੋਈ ਘਾਟਾ ਨਾ ਹੋਇਆ ਤੇ ਨਸਦਿਆਂ ਨਸਦਿਆਂ ਸਰਮਦ ਦਾ ਸਾਹ ਫੁੱਲ ਗਿਆ।

"ਇਹ ਬੁੱਲ੍ਹਾ ਏ......ਐਵੇਂ ਤੇ ਹੱਥ ਨਹੀਂ ਆਵੇਗਾ।"

ਸ਼ੀਸ਼ੇ 'ਚੋਂ ਵਾਜ ਆਈ।

"ਹੋਰ ਕਿੰਨਾ ਤੇ ਕਿੱਥੇ ਟੋਰੇਂਗਾ?"

ਸਰਮਦ ਦੇ ਸੰਘ 'ਚੋਂ ਥੱਕੀ ਹੋਈ ਵਾਜ ਨਿਕਲੀ।

"ਇੱਕ ਤਾਂ ਐਕਟਰ, ਦੂਜੇ ਆਸ਼ਿਕ ਦਾ ਪਾਤਰ......ਟੁਰ ਜਾ ਹੁਣ ਇਸ ਦੇ ਮਗਰ ਮਗਰ!"

ਸ਼ੀਸ਼ਾ ਬੋਲਣੋਂ ਨਾ ਰਹਿ ਸਕਿਆ।

ਸਰਮਦ ਨੂੰ ਜਗਦੀਆਂ ਬੱਤੀਆਂ ਵਿੱਚ ਇੱਕ ਜੰਗਲ਼ ਦਿੱਸਿਆ ਤੇ ਉਹ ਕਾਲੇ ਲੀੜਿਆਂ ਵਾਲੇ ਦੇ ਮਗਰ ਫ਼ਿਰ ਦੌੜਨ ਲੱਗ ਪਿਆ। ਇਸ ਨੱਸ ਭੱਜ ਵਿੱਚ ਉਹ ਫ਼ਿਰ ਰਾਵੀ ਦੇ ਕੰਢੇ ਤੇ ਅੱਪੜ ਗਿਆ ਤੇ ਸ਼ਹਿਰ ਲਾਹੌਰ ਦੇ ਮਹਿਲ ਮਾੜੀਆਂ ਦੂਰੋਂ ਈ ਦਿੱਸਣ ਲੱਗ ਪਏ। ਇਸ ਰੌਲੇ ਗੌਲੇ ਵਿੱਚ ਕਾਲੇ ਲੀੜਿਆਂ ਵਾਲਾ ਬੰਦਾ ਅੱਖੀਆਂ ਤੋਂ ਓਹਲੇ ਹੋ ਗਿਆ। ਇੰਨੇ ਵਿੱਚ ਰਾਵੀ ਦੇ ਪੱਤਣ ਉੱਤੇ ਹਨੇਰੀ ਦੇ ਝੱਕੜ ਝੁੱਲਨ ਲੱਗ ਪਏ......ਫੁੱਲਾਂ ਦੀ ਖ਼ੁਸ਼ਬੂ ਚਾਰ ਚੁਫ਼ੇਰੇ ਖਿੱਲਰ ਗਈ ਤੇ ਦਰਿਆ ਦਾ ਪਾਣੀ ਛੱਲਾਂ ਮਾਰਣ ਲੱਗ ਪਿਆ। ਇਸ ਦੇ ਨਾਲ ਈ ਅਕਾਸ਼ ਕਾਲੇ ਬੱਦਲਾਂ ਨਾਲ ਭਰ ਗਿਆ। ਫ਼ਿਰ ਇੰਨੇ ਜ਼ੋਰ ਦਾ ਮੀਂਹ ਵਸਿਆ ਤੇ ਦਰਿਆ ਨੇ ਇੰਜ ਚੜ੍ਹਾਈ ਕੀਤੀ ਕਿ ਅਕਾਸ਼ ਤੇ ਧਰਤੀ ਦਾ ਪਾਣੀ ਇੱਕ ਹੋ ਗਏ। ਹਰ ਪਾਸੇ ਹੜ੍ਹ ਈ ਹੜ੍ਹ ਸੀ ਤੇ ਸਰਮਦ ਦਾ ਅੱਧਾ ਧੜ ਪਾਣੀ ਵਿੱਚ ਡੁੱਬਿਆ ਹੋਇਆ ਸੀ। ਸ਼ੂਕਰਾਂ ਮਾਰਦੇ ਪਾਣੀ ਵਿੱਚ ਤਰਦਾ ਤਰਦਾ ਉਹ ਇੱਕ ਵੱਡੀ ਹਵੇਲੀ ਦੇ ਬਾਹਰ ਜਾ ਖਲੋਤਾ, ਜਿੱਥੇ ਲੁੰਗੀਆਂ ਲਵੇਟੀ ਦੋ ਬੰਦੇ ਖਲੋਤੇ ਹੋਏ ਸਨ ਤੇ ਉਨ੍ਹਾਂ ਦੋਹਾਂ ਅੱਗੇ ਇੱਕ ਵੱਡੀ ਗਿਣਤੀ ਵਿੱਚ ਸੂਹੇ ਚੀਰੇ ਵਾਲੇ ਬੰਦੇ ਹੱਥ ਬੰਨ ਕੇ ਖਲੋਤੇ ਹੋਏ ਸਨ। ਹਵੇਲੀ 'ਚੋਂ ਰੇਸ਼ਮੀਂ ਵੰਤਰਾਂ ਵਿੱਚ ਕੁੱਝ ਜ਼ਨਾਨੀਆਂ ਵੀ ਆਣ ਖਲੋਤੀਆਂ।

"ਬਸ ਜੀ ਮਾਫ਼ੀ ਦੇ ਦੇਵੋ ਸਰਕਾਰਾਂ......ਅਸੀਂ ਤੁਹਾਡੇ ਉੱਤੇ ਐਵੇਂ ਈ ਸ਼ੱਕ ਕੀਤਾ ਸੀ!"

ਇਕ ਬੰਦੇ ਨੇ ਗੋਡਿਆਂ ਵਿੱਚ ਬਹਿੰਦਿਆਂ ਆਖਿਆ।

"ਲਾਲ ਹੁਸੈਨ ਜੀ......ਛੱਡੋ ਪਰਾਂਹ......ਮਾੜਿਆਂ ਘਰਾਂ ਨੇ ਵੀ ਇਸ ਹੜ ਵਿੱਚ ਵੱਗ ਖਲੋਣਾ ਏ!"

ਲੁੰਗੀ ਬੰਨ੍ਹੇ ਇੱਕ ਬੰਦੇ ਨੇ ਅਪਣੇ ਨਾਲ ਦੇ ਨੂੰ ਆਖਿਆ।

"ਸਰਕਾਰ, ਸਾਡੀ ਨਾ ਸਹੀ......ਤੁਸੀਂ ਮਾਧੋ ਦੀ ਈ ਸੁਣ ਲਵੋ!"

ਇੱਕ ਹੋਰ ਬੰਦੇ ਨੇ ਅਗਾਂਹ ਵੱਧ ਕੇ ਆਖਿਆ।

"ਜਾਤ ਦੇ ਫ਼ਕੀਰ ਲੋਕ ਹਾਂ, ਸਾਨੂੰ ਕਿਸੇ ਨਾਲ ਕੀ......ਇੱਧਰ ਦੇ ਵਾਸੀ ਹਾਂ......ਓਪਰੇ ਤੇ ਨਹੀਂ। ਤੁਸਾਂ ਸਾਰਿਆਂ ਆਖਿਆ ਸੀ ਕਿ ਮੀਂਹ ਨਹੀਂ ਪੈਂਦਾ ਪਿਆ। ਜੇ ਹੁਣ ਮੀਂਹ ਵਰ੍ਹਣ ਲੱਗ ਪਿਆ ਏ ਤੇ ਝੇੜਾ ਕਾਹਦਾ?"

ਲਾਲ ਹੁਸੈਨ ਨੇ ਪੁੱਛਿਆ।

"ਬਸ ਲਾਲ ਬਾਤਸ਼ਾਹ ਜੀ, ਇਸ ਨੂੰ ਹੁਣ ਡੱਕ ਈ ਦੇਵੋ!"

ਇੱਕ ਜ਼ਨਾਨੀ ਨੇ ਉਨ੍ਹਾਂ ਦੇ ਪੈਰਾਂ ਨੂੰ ਹੱਥ ਲਾਉਂਦਿਆਂ ਆਖਿਆ।

"ਪਹਿਲਾਂ ਸ਼ਰਾਬ ਆਖ ਕੇ ਪਾਣੀ ਵਿੱਚ ਕੀ ਰਲਾ ਕੇ ਪਿਆ ਛੱਡਿਆ......ਹੁਣ ਤੂੰ ਅਗਾਂਹ ਹੋ ਗਈ ਏਂ......ਅਜੇ ਤਾਂ ਪਹਿਲੀਆਂ ਜ਼ਨਾਨੀਆਂ ਦੀ ਅੱਲ ਨਹੀਂ ਹਟੀ।"

ਲਾਲ ਹੁਸੈਨ ਨੇ ਹੱਸਦਿਆਂ ਆਖਿਆ।

"ਸਾਨੂੰ ਮਾਫ਼ੀ ਦੇ ਛੱਡੋ......ਸਭ ਕੁੱਝ ਹੜ ਨਾਲ ਵੱਗ ਜਾਣਾ ਏ।"

ਇਕ ਹੋਰ ਬੰਦੇ ਨੇ ਅਗਾਂਹ ਵੱਧ ਕੇ ਆਖਿਆ, ਤੇ ਬਾਕੀ ਜੀ ਵੀ ਹੱਥ ਬੰਨ ਕੇ ਖਲੋ ਗਏ।

"ਚੰਗਾ ਇੰਜ ਈ ਸਹੀ
ਮੁਸ਼ਕਿਲ ਘਾਤ ਫ਼ਕੀਰੀ ਦਾ!"

ਲਾਲ ਹੁਸੈਨ ਨੇ ਆਖਿਆ ਤੇ ਫ਼ਿਰ ਉਹ ਦੋਵੇਂ ਹਵੇਲੀ ਤੋਂ ਪੱਛਮ ਵੱਲ ਟੁਰ ਪਏ। ਸਰਮਦ ਵੀ ਉਨ੍ਹਾਂ ਦੋਹਾਂ ਦੇ ਮਗਰ ਮਗਰ ਹੋ ਪਿਆ। ਕੁੱਝ ਚਿੱਰ ਮਗਰੋਂ ਅਕਾਸ਼ ਸਾਫ਼ ਹੋ ਗਿਆ ਤੇ ਮੀਂਹ ਇੰਜ ਮੁੱਕਿਆ ਜਿਵੇਂ ਕਦੇ ਇਸ ਥਾਂ ਵਰ੍ਹਿਆ ਈ ਨਹੀਂ ਸੀ।

ਕੁੱਝ ਪੰਧ ਮੁੱਕਿਆ ਤੇ ਮਾਧੋ ਨੇ ਪਿਛਾਂਹ ਵਿੰਹਦਿਆਂ ਸਰਮਦ ਨੂੰ ਪੁੱਛਿਆ:

"ਹਾਂ ਭਈ ਜਵਾਨਾ......ਤੂੰ ਮਲਿਕ ਅਲੀ ਕੋਤਵਾਲ ਦਾ ਬੰਦਾ ਏਂ?"

"ਜੀ ਨਹੀਂ, ਮਲਿਕ ਅਲੀ ਕੋਤਵਾਲ ਨੂੰ ਮੈਂ ਨਹੀਂ ਜਾਣਦਾ......ਮੈਂ ਤਾਂ ਬਸ ਆਸ਼ਿਕ ਹਾਂ!"

"ਉਹ ਇਸ ਮੁਗ਼ਲ ਸਰਕਾਰ ਦਾ ਅਹਿਲਕਾਰ ਏ। ਲਾਹੌਰ ਦਾ ਮਾਲਿਕ ਬਣਿਆ ਫਿਰਦਾ ਏ!"

ਮਾਧੋ ਨੇ ਉਹਨੂੰ ਦੱਸਿਆ।

"ਜੀ ਬਾਬਰ ਦੇ ਆਉਣ ਦੀ ਡਾਢੀ ਧੁੰਮ ਸੀ......ਬਾਬਾ ਨਾਨਕ ਹੋਰਾਂ ਦੇ ਵੇਲੇ!"

"ਤੂੰ ਠੀਕ ਆਖਣਾ ਏਂ......"

ਲਾਲ ਹੁਸੈਨ ਹੋਰਾਂ ਭੋਏਂ ਤੇ ਬਹਿ ਕੇ ਪਿਆਲਾ ਭਰਦਿਆਂ ਆਖਿਆ:

"ਇਨ੍ਹਾਂ ਮੁਗ਼ਲਾਂ ਨੂੰ ਸ਼ਹਿਰ ਲਹੌਰ ਵਿੱਚ ਲਹੂ ਵਗਾਉਂਦਿਆਂ ਤੱਕਿਆ ਸੀ......ਇਸੇ



ਕਾਰਨ ਉਨ੍ਹਾਂ ਆਖਿਆ:

ਲਹੌਰ ਸ਼ਹਿਰ
ਸਵਾ ਪਹਿਰ
ਜ਼ਹਿਰ ਕਹਿਰ"

"ਤੁਸੀਂ ਮੈਨੂੰ ਮਲਿਕ ਅਲੀ ਕੋਤਵਾਲ ਦਾ ਬੰਦਾ ਕਿਉਂ ਆਖਿਆ?"

ਸਰਮਦ ਨੇ ਪੁੱਛਿਆ।

"ਉਸ ਦੇ ਕਈ ਬੰਦੇ ਇਨ੍ਹਾਂ ਮਗਰ ਫਿਰਦੇ ਰਹਿੰਦੇ ਨੇਂ। ਪਰ ਉਹ ਲਾਲ ਬਾਤਸ਼ਾਹ ਹੋਰਾਂ ਦਾ ਕਰ ਹੀ ਕੀ ਸਕਦਾ ਏ......ਉਸ ਜਦ ਵੀ ਸੰਗਲ ਪਵਾਏ ਇਨ੍ਹਾਂ ਨੂੰ ਕਦੇ ਨਾ ਪਏ!"

ਨੇੜਿਓਂ ਲੰਘਦੇ ਇੱਕ ਬੰਦੇ ਨੇ ਆਖਿਆ।

"ਅਸੀਂ ਤਾਂ ਆਪਣੇ ਸੰਗਲ ਆਪ ਆਪਣੇ ਗਲ ਵਿੱਚ ਪਾਏ ਹੋਏ ਨੇਂ; ਕਿਸੇ ਦੂਜੇ ਦੇ ਸੰਗਲਾਂ ਸਾਨੂੰ ਕੀ ਡੱਕਣਾ ਸੀ!"

ਲਾਲ ਬਾਤਸ਼ਾਹ ਹੋਰਾਂ ਅਸਮਾਨੀਂ ਤੱਕਦਿਆਂ ਆਖਿਆ, ਤੇ ਮਾਧੋ ਬੋਲਿਆ:

"ਲਾਲ ਬਾਤਸ਼ਾਹ ਜੀ, ਇਸ ਆਸ਼ਿਕ ਦਾ ਤੇ ਕੁੱਝ ਕਰੋ; ਇਹ ਤਾਂ ਕਮਲਾ ਬਣ ਕੇ ਸਾਡੇ ਮਗਰ ਲੱਗ ਗਿਆ ਏ!"

"ਚੱਲ ਭਈ ਆਸ਼ਿਕਾ, ਹੁਣ ਸਾਡੇ ਨਾਲ ਗਾਣਾ ਬੋਲ!"

ਲਾਲ ਬਾਤਸ਼ਾਹ ਦੇ ਆਖਦਿਆਂ ਈ, ਕਈ ਹੋਰ ਜੀ ਵੀ ਉਨ੍ਹਾਂ ਦੇ ਆਲੇ ਦੁਆਲੇ ਆਣ ਬੈਠੇ......ਪਿਆਲੇ ਭਰ ਭਰ ਪੀਤੇ ਤੇ ਗਾਵਣ ਟੁਰ ਪਿਆ।

"ਆਸ਼ਿਕ ਹੋਵੇਂ ਤਾਂ ਇਸ਼ਕ ਕਮਾਵੇਂ
ਰਾਹ ਇਸ਼ਕ ਦਾ ਸੂਈ ਦਾ ਨੱਕਾ, ਧਾਗਾ ਹੋਵੇਂ ਤਾਂ ਜਾਵੇਂ
ਆਸ਼ਿਕ ਹੋਵੇਂ ਤਾਂ ਇਸ਼ਕ ਕਮਾਵੇਂ
ਬਾਹਰ ਪਾਕ, ਅੰਦਰ ਆਲੂਦਾ, ਕਿਆ ਤੂੰ ਸ਼ੇਖ਼ ਕਹਾਵੇਂ
ਆਸ਼ਿਕ ਹੋਵੇਂ ਤਾਂ ਇਸ਼ਕ ਕਮਾਵੇਂ
ਕਹੇ ਹੁਸੈਨ ਜੇ ਫ਼ਾਰਗ ਥੀਵੇਂ, ਖ਼ਾਸ ਮਰਾਤਬਾ ਪਾਵੇਂ
ਆਸ਼ਿਕ ਹੋਵੇਂ ਤਾਂ ਇਸ਼ਕ ਕਮਾਵੇਂ"

ਕਾਫ਼ੀ ਮੁੱਕੀ ਤੇ ਆਲੇ ਦੁਆਲੇ ਬੈਠੇ ਲੋਕ ਸਹਿਜੇ ਸਹਿਜੇ ਉੱਠਦੇ ਗਏ।

"ਚੱਲ ਉੱਠ ਪਰਦੇਸੀਆ, ਹੁਣ ਟੁਰ ਜਾ......ਦੁੱਲੇ ਮਗਰ ਵੀ ਸਰਕਾਰੀ ਅਹਿਲਕਾਰ ਨੱਸਦੇ ਫਿਰਦੇ ਨੇਂ; ਤੈਨੂੰ ਕੋਈ ਔਕੜ ਨਾ ਆ ਜਾਵੇ!"

ਲਾਲ਼ ਬਾਤਸ਼ਾਹ ਨੇ ਉਹਦੀ ਭਲਿਆਈ ਵੇਖੀ।

"ਸੁਣਿਆ ਏ, ਤੁਸੀਂ ਬੜੇ ਸੰਗੀ ਸਾਥੀ ਜੇ ਦੁੱਲੇ ਦੇ!"

ਸਰਮਦ ਨੇ ਸਵਾਲ ਕੀਤਾ।

"ਉਹ ਭਈ ਸਰਦਾਰਾਂ 'ਚੋਂ ਏ, ਤੇ ਮੈਂ ਲਾਹੌਰ ਦਾ ਇੱਕ ਜੁਲਾਹਾ......ਵੱਖੋ ਵੱਖ ਥਾਵਾਂ ਦੇ ਦੋ ਜੀ; ਪਰ ਇੱਕ ਗੱਲ ਸਾਂਝੀ ਏ......ਉਹ ਵੀ ਖ਼ਲਕਤ ਦੀ ਗੱਲ ਕਰਦਾ ਏ ਤੇ ਅਸੀਂ ਤਾਂ ਹੈਂ ਈ ਖ਼ਲਕਤ, ਤੇ ਉਹ ਇੱਕ ਨਾਬਰੀ ਦਾ ਨਿਸ਼ਾਨ......ਅਕਬਰ ਦੇ ਬਾਤਸ਼ਾਹੀ ਵਿਹਾਰ ਦੇ ਸਾਹਮਣੇ!"

"ਕਹੇ ਹੁਸੈਨ ਫ਼ਕੀਰ ਸਾਈਂ ਦਾ ਤਖ਼ਤ ਨਾ ਮਿਲਦੇ ਮੰਗੇ!"

ਸਰਮਦ, ਲਾਲ ਹੁਸੈਨ ਦੀ ਗੱਲ ਸੁਣ ਕੇ ਦਿੱਲੀ ਨੂੰ ਜਾਂਦੇ ਰਾਹ ਵੱਲ ਹੋ ਪਿਆ। ਇੱਕ ਕੋਸ ਚਲਿਆ ਸੀ ਕਿ ਉਹਨੂੰ ਇੱਕ ਮੀਨਾਰ ਦਿੱਸਿਆ ਤੇ ਸ਼ੇਰ ਸ਼ਾਹ ਸੂਰੀ ਦੀਆਂ ਉਸਾਰੀਆਂ ਬਾਰੇ ਜੋ ਕੁੱਝ ਪੜ੍ਹਿਆ ਸੀ, ਉਹ ਚੇਤੇ ਆ ਗਿਆ। ਕੁੱਝ ਹੋਰ ਪੰਧ ਉੱਤੇ ਸਰਕਾਰੀ ਅਹਿਲਕਾਰਾਂ ਕੁੱਝ ਕਿਤਾਬਾਂ ਤੇ ਕੱਖ ਸਾੜੇ ਹੋਏ ਸਨ। ਉਨ੍ਹਾਂ ਦੀ ਕਾਲ਼ਖ ਉੱਡ-ਉੱਡ ਸਰਮਦ ਦੇ ਮੂੰਹ ਉੱਤੇ ਆਣ ਵੱਜੀ, ਤੇ ਫ਼ਿਰ ਇੱਕ ਅੱਧ ਸੜਿਆ ਪੰਨਾ ਉਹਦੇ ਪੈਰਾਂ ਵਿੱਚ ਆਣ ਡਿੱਗਿਆ। ਉਹਨੇ ਚੁੱਕ ਕੇ ਵੇਖਿਆ ਤੇ ਉਹਦੇ ਉੱਤੇ 'ਚੰਨ ਤੇ ਨਾਇਲਾ' ਦੀ ਕਹਾਣੀ ਦਾ ਵੇਰਵਾ ਸੀ।

"ਇਹ ਦੋਵੇਂ ਕੌਣ ਨੇਂ...... ?"

ਸਰਮਦ ਨੇ ਹੈਰਾਨ ਹੋ ਕੇ ਪੁੱਛਿਆ।

"ਹੋਵਣਗੇ ਕੋਈ ਇਸ਼ਕ ਦੇ ਡੰਗੇ!"

ਸ਼ੀਸ਼ੇ 'ਚੋਂ ਵਾਜ ਆਈ।

"ਮੈਂ ਕਦੇ ਇਨ੍ਹਾਂ ਦਾ ਨਾਂ ਨਹੀਂ ਸੁਣਿਆ।"

"ਹਜ਼ਾਰਾਂ ਵਰ੍ਹਿਆਂ ਤੋਂ ਵੱਸਦੀ ਇਸ ਧਰਤੀ ਵਿੱਚ ਤੂੰ ਲੱਖਾਂ ਦੇ ਨਾਂ ਨਹੀਂ ਸੁਣੇ ਹੋਵਣੇ। ਹਰ ਵੇਲੇ ਦਾ ਅਪਣਾ ਇੱਕ ਰਾਂਝਾ ਤੇ ਆਪਣੀ ਇੱਕ ਹੀਰ ਹੁੰਦੀ ਏ। ਕਿਸੇ ਇਲਾਕੇ ਵਿੱਚ ਲੈਲਾ ਮਜਨੂੰ ਤੇ ਕਿਸੇ ਵਿੱਚ ਰੋਮੀਓ ਜੂਲੀਅਟ ਹੁੰਦੇ ਨੇਂ। ਸਮੇਂ ਦੀਆਂ ਉਡਾਰੀਆਂ ਨੇ ਉਨ੍ਹਾਂ ਦੇ ਨਾਂ ਤੇ ਪਾਤਰ ਵੱਖੋ ਵੱਖ ਕਰ ਛੱਡੇ ਨੇਂ; ਪਰ ਸਭ ਦਾ ਸੁਭਾਅ ਇੱਕ ਵਾਂਗ ਦਾ ਸੀ ਤੇ ਹਮੇਸ਼ ਇੱਕ ਵਾਂਗ ਦਾ ਈ ਰਹਿਣਾ ਏ।"

ਸ਼ੀਸ਼ਾ ਬੋਲਿਆ ਤੇ ਸਰਮਦ ਦੇ ਨੇੜਿਓਂ ਇੱਕ ਚਵੀਆਂ ਪੰਝੀਆਂ ਵਰ੍ਹਿਆਂ ਦੀ ਜਵਾਨ ਕੁੜੀ ਲੰਘਦੀ ਗਈ, ਤੇ ਉਹਦੇ ਖੁੱਲ੍ਹੇ ਵਾਲ ਸਰਮਦ ਦੇ ਮੋਢੇ ਉੱਤੇ ਫਿਰਦੇ ਗਏ।

"ਤੁਸੀਂ ਕੌਣ......ਕੌਣ...... ?"

"ਮੈਂ ਨਾਇਲਾ ਹਸਨ ਦੀਨ......ਨਾਇਲਾ......!"

"ਮੇਰਾ ਨਾਂ ਸਰਮਦ ਏ!"

"ਮੈਨੂੰ ਇੰਜ ਜਾਪਿਆ ਕਿ ਚੰਨ ਖਲੋਤਾ ਏ ਮੇਰੀ ਉਡੀਕ ਵਿੱਚ!"

ਨਾਇਲਾ ਦੀ ਮਿਠੜੀ ਗੱਲ ਸੁਣ ਕੇ ਸਰਮਦ ਉਹਦੀਆਂ ਗੂੜ੍ਹੀਆਂ ਅੱਖੀਆਂ ਵਿੱਚ ਡੁੱਬਦਾ ਈ ਗਿਆ। ਚੋਖੇ ਚਿਰ ਪਿੱਛੋਂ ਉਹਨੂੰ ਸ਼ੀਸ਼ੇ ਦੀ ਵਾਜ ਨੇ ਬਾਹਰ ਕੱਢਿਆ:

"ਇਹ ਵੀ ਇਸ਼ਕ ਦਾ ਇੱਕ ਸਰੂਪ ਏ......ਹਰ ਜੀ ਚੰਨ ਏ, ਤੇ ਚੰਨ ਆਪਣੀ ਥਾਵੇਂ ਵੱਖਰਾ ਏ!"

"ਮੇਰਾ ਨਾਂ ਨਾਇਲਾ ਏ......ਮੈਨੂੰ ਵੀ ਚੰਨ ਦੀ ਉਡੀਕ ਏ.....ਰੋਜ਼ ਰਾਤੀਂ ਅਕਾਸ਼ ਉੱਤੇ ਲੱਖਾਂ ਤਾਰਿਆਂ ਵਿੱਚ ਮੇਰਾ ਹੱਸਦਾ ਖੇਡਦਾ ਚੰਨ......ਤੂੰ ਜਦੋਂ ਉਹਨੂੰ ਵੇਖੀਂ ਤੇ ਮੈਨੂੰ ਵੀ ਚੇਤੇ ਰੱਖ ਲਵੀਂ!"

ਨਾਇਲਾ ਨੇ ਹੱਸਦਿਆਂ ਆਖਿਆ ਤੇ ਅਗਾਂਹ ਟੁਰ ਗਈ।

"ਮੈਂ ਆਂ ਦਿੱਤਾ ਸੈਣੀ!"

"ਤੇ ਮੈਂ ਆਂ ਮੌਜੀ ਖ਼ਾਨ!"

"ਅਸਾਂ ਦੋਹਾਂ ਰੱਲ ਕੇ ਕੋਈ ਗਾਵਣ ਗਾਉਣਾ ਏ!"

ਸ਼ੀਸ਼ੇ ਦੇ ਸਾਹਮਣੇ ਪਏ ਲੀੜੇ ਬੋਲ ਪਏ, ਤੇ ਸਰਮਦ ਦੇ ਪੈਰਾਂ ਵਿੱਚ ਸੜਿਆਂ ਪੰਨਿਆਂ



ਦਾ ਇੱਕ ਹੋਰ ਢੇਰ ਆ ਲੱਗਾ......ਉਹ ਡਿੱਗਦਾ ਡਿੱਗਦਾ ਬਚਿਆ।

"ਮੈਨੂੰ ਕੋਈ ਆਸ਼ਿਕ ਨਹੀਂ ਬਣਨਾ......ਇਸ ਪਾਤਰ ਨੇ ਤੇ ਮੇਰੀਆਂ ਹੱਡੀਆਂ ਬੰਨ ਛੱਡੀਆਂ ਨੇਂ!"

ਸਰਮਦ ਨੇ ਇਹ ਆਖਦਿਆਂ ਆਸ਼ਿਕ ਦੇ ਲੀੜੇ ਲਾਹ ਦਿੱਤੇ.....ਬੱਤੀਆਂ ਬੁੱਝ ਗਈਆਂ। ਖੱਬੀ ਸੱਜੀ ਕੰਧ ਤੋਂ ਸ਼ੀਸ਼ੇ ਇੱਕ ਵਾਰੀ ਫ਼ਿਰ ਗੁਪਤ ਹੋ ਗਏ। ਪਿਛਲੀ ਕੰਧ ਦਾ ਬੂਹਾ ਓਵੇਂ ਈ ਰਿਹਾ। ਸਾਹਮਣੀ ਕੰਧ ਦੇ ਸ਼ੀਸ਼ੇ ਵਿੱਚ ਹਨੇਰਾ ਸੀ। ਸਰਮਦ ਰਿਹਰਸਲ-ਰੂਮ ਦੇ ਨਾਲ਼ ਵਾਸ਼ਰੂਮ ਚਲਾ ਗਿਆ, ਤੇ ਕਿੰਨਾ ਚਿਰ ਉੱਥੇ ਸ਼ਾਵਰ ਹੇਠ ਬੈਠਾ ਰਿਹਾ। ਮੂੰਹ ਤੋਂ ਲਹੂ ਤੇ ਕਾਲਖ ਦੇ ਨਿਸ਼ਾਨ ਸਾਫ਼ ਕੀਤੇ। ਲੱਤਾਂ ਪੈਰਾਂ ਉੱਤੇ ਲੱਗੀ ਮਿੱਟੀ ਸਾਫ਼ ਕਰਦਾ ਰਿਹਾ। ਨਹਾ ਕੇ ਬਾਹਰ ਨਿਕਲਿਆ, ਫ਼ਰਿੱਜ 'ਚੋਂ ਕੁੱਝ ਸ਼ੈਵਾਂ ਕੱਢ ਕੇ ਓਵਨ ਵਿੱਚ ਗਰਮ ਕੀਤੀਆਂ ਤੇ ਖਾ ਕੇ ਸੌਂ ਗਿਆ। ਉਹ ਕਿੰਨੇ ਘੰਟੇ ਸੁੱਤਾ ਰਿਹਾ, ਇਸ ਦੀ ਉਹਨੂੰ ਕੋਈ ਖ਼ਬਰ ਨਹੀਂ ਸੀ। ਜਦੋਂ ਉੱਥੇ ਲੱਗੇ ਪੁਰਾਣੇ ਘੜਿਆਲ ਨੇ ਬਾਰਾਂ ਵਜਾਏ, ਤੇ ਉਹ ਉੱਠ ਬੈਠਾ; ਘੜਿਆਲ ਵੱਲ ਧਿਆਨ ਮਾਰਿਆ ਤੇ ਅਗਲੀ ਤਾਰੀਖ਼ ਆ ਗਈ ਸੀ.....ਰਾਤ ਦੇ ਬਾਰ੍ਹਾਂ ਵਜ ਗਏ ਸਨ। ਉਹ ਕੰਟੀਨ ਵੱਲ ਜਾਵਣ ਪਾਰੋਂ ਨਿਕਲਿਆ ਤੇ ਅਕਾਸ਼ ਉੱਤੇ ਚੰਨ ਆਪਣੇ ਪੂਰੇ ਜੋਬਨ ਤੇ ਸੀ। ਸਟੂਡਿਓ ਦੇ ਬਾਗ਼ ਵਿੱਚ ਲੱਗੇ ਹੋਏ ਮਰਮਰ ਦੇ ਬੁੱਤ ਚਾਨਣੀ ਕਾਰਨ ਇੰਜ ਜਾਪਦੇ ਸਨ ਜਿਵੇਂ ਸ਼ਿਵ ਉੱਤੇ ਦੁੱਧ ਦੀਆਂ ਧਾਰਾਂ ਪੈਂਦੀਆਂ ਹੋਵਣ। ਉਨ੍ਹਾਂ ਦੇ ਪਿੱਛੇ ਨੁੱਕਰਾਂ ਵਿੱਚ ਲੱਗੇ ਬੈਂਚ ਤੇ ਬਾਗ਼ ਦੇ ਵਿਚਕਾਰ ਪਾਣੀ ਦਾ ਫ਼ਵਾਰਾ, ਸਰਮਦ ਨੂੰ ਇੰਜ ਜਾਪਿਆ ਜਿਵੇਂ ਉਨ੍ਹਾਂ ਵਿੱਚ ਟੁਰਦੀ ਫਿਰਦੀ ਹਵਾ ਉਸ ਨੂੰ ਕਹਿ ਰਹੀ ਹੋਵੇ ਕਿ "ਛੱਡ ਪਰਾਂਹ ਸਰਮਦ, ਕਿਸ ਚੱਕਰ 'ਚ ਪੈ ਗਿਆ ਏਂ...... ਜਾ, ਜਾ ਕੇ ਕਿਸੇ ਕੰਮ ਕਾਰ ਵੱਲ ਧਿਆਨ ਕਰ......ਵੇਖ ਇਹ ਉਹੋ ਈ ਸਟੂਡਿਓ ਏ ਜਿੱਥੇ ਚੱਵੀ ਘੰਟੇ ਚਾਨਣ ਹੁੰਦਾ ਸੀ......ਇੱਕ ਸ਼ਿਫ਼ਟ ਮੁੱਕਦੀ ਤੇ ਦੂਜੀ ਤਿਆਰ ਖਲੀ ਹੁੰਦੀ ਪਰ ਹੁਣ ਉੱਥੇ ਕੁੱਝ ਵੀ ਨਹੀਂ......ਵੇਖਦਾ ਨਹੀਂ, ਕਿੰਜ ਦੀ ਉਜਾੜ ਪਈ ਹੋਈ ਏ ਜਿਵੇਂ ਕਈ ਸਿਨਮਾ ਘਰਾਂ ਨੂੰ ਢਾਹ ਕੇ ਉੱਥੇ ਪਲਾਜ਼ੇ ਉਸਾਰ ਦਿੱਤੇ ਗਏ ਨੇਂ......ਇਹ ਸਟੂਡਿਓ ਵੀ ਕੋਈ ਇੰਜ ਦੀ ਸ਼ੈਅ ਈ ਬਣ ਜਾਵੇਗਾ।"

ਸਰਮਦ ਹਵਾ ਵਿੱਚ ਇਹ ਗੱਲਾਂ ਸੁਣਦਾ ਕੰਟੀਨ ਤੇ ਪਹੁੰਚ ਗਿਆ। ਥਰਮੋਸ ਚਾਹ ਦਾ ਭਰਵਾਇਆ। ਦੋ ਸਿਗਰੇਟ ਫੂਕੇ ਤੇ ਫ਼ਿਰ ਹੌਲੀ ਹੌਲੀ ਰਿਹਰਸਲ ਰੂਮ ਵੱਲ ਟੁਰ ਪਿਆ। ਕੰਟੀਨ ਦੀ ਕੁੱਝ ਵਿੱਥ ਉੱਤੇ ਇੱਕ ਪ੍ਰੋਡਿਊਸਰ ਦੇ ਕਮਰੇ ਦੇ ਬਾਹਰ ਤਿੰਨ ਜ਼ਨਾਨੀਆਂ ਨੂੰ ਚਰਸ ਦੇ ਸਿਗਰੇਟ ਪੀਂਦਿਆਂ ਵੇਖਿਆ। ਜਦੋਂ ਉਹਨੇ ਧਿਆਨ ਨਾਲ ਤੱਕਿਆ ਤੇ ਉਹ ਤਿੰਨੇ ਆਪਣੇ ਵੇਲੇ ਦੀਆਂ ਵੱਡੀਆਂ ਹੀਰੋਇਨਾਂ ਸਨ......ਫ਼ਿਲਮ ਇੰਡਸਟਰੀ ਮੁੱਕਣ ਮਗਰੋਂ ਉਹ ਇਸ ਹਾਲ ਵਿੱਚ ਪਹੁੰਚੀਆਂ ਸਨ। ਸਰਮਦ ਉਨ੍ਹਾਂ ਦੇ ਨੇੜਿਓਂ ਲੰਘਿਆ ਤੇ ਇੱਕ ਨੇ ਦੂਜੀ ਨੂੰ ਆਖਿਆ:

"ਉੱਥੇ ਟੁਰ ਜਾਂਦੀਆਂ ਤੇ ਚੰਗਾ ਸੀ!"

"ਇੱਥੇ ਉੱਥੇ ਨਾ ਈ ਹੁੰਦਾ ਤੇ ਕੀ ਸੀ......ਇੱਥੇ ਉੱਥੇ ਹੋਵਣ ਨਾਲ ਕੀ ਕੁੱਝ ਮੁੱਕ ਗਿਆ!"

ਦੂਜੀ ਨੇ ਆਖਿਆ ਤੇ ਸਰਮਦ ਸਿਰ ਹਿਲਾਉਂਦਾ ਅਗਾਂਹ ਵੱਧ ਗਿਆ। ਰਿਹਰਸਲ ਰੂਮ ਵਿੱਚ ਕੁਰਸੀ ਤੇ ਬਹਿ ਕੇ ਉਹਨੇ ਫ਼ਿਰ ਸਕਰਿਪਟ ਸਾਹਮਣੇ ਰੱਖ ਲਏ......ਚਾਰ ਪੰਜ ਸਿਗਰਟ ਫੂਕੇ; ਕੁੱਝ ਚਿਰ ਸੋਚਦਾ ਰਿਹਾ ਤੇ ਫ਼ਿਰ ਸਕਰਿਪਟ ਫੋਲਣ ਲੱਗ ਪਿਆ। ਇੰਨੇ ਵਿੱਚ ਹਾਰਮੋਨੀਅਮ ਦੇ ਕੋਲ ਪਏ ਲੀੜਿਆਂ 'ਚੋਂ ਵੀ ਵਾਜਾਂ ਆਉਣ ਲੱਗ ਪਈਆਂ:

ਆਸ਼ਿਕ ਦੇ ਲੀੜੇ ਘੜੀ ਮੁੜੀ ਹੀ ਚਿੰਘਾੜਣ।

"ਤੁਹਾਡੀ ਮਿਹਰਬਾਨੀ, ਤੁਸੀਂ ਤੇ ਚੁੱਪ ਕਰ ਜਾਵੋ......ਕੋਈ ਪਾਤਰ ਤੇ ਹੱਥ ਚੜ੍ਹਣ ਦਿਓ!"

ਉਹਦੇ ਕਹਿਣ ਤੇ ਲੀੜੇ ਚੁੱਪ ਕਰ ਗਏ ਤੇ ਸਰਮਦ ਨੂੰ ਇੰਜ ਜਾਪਿਆ ਜਿਵੇਂ ਸਾਹਮਣਾ ਸ਼ੀਸ਼ਾ ਉਹਦੇ ਉੱਤੇ ਹੱਸਦਾ ਪਿਆ ਸੀ। ਕਿੰਨਾ ਚਿਰ ਉਹ ਪੰਨੇ ਉੱਥਲਦਾ ਰਿਹਾ ਤੇ ਅਖ਼ੀਰ ਬੋਲਿਆ:

"ਹੁਣ ਮੈਂ ਬਣਾਂਗਾ ਵਾਹੀਵਾਣ ਘੁਮਿਆਰ!"

"ਵਾਹੀਵਾਣ ਵੀ, ਤੇ ਘੁਮਿਆਰ ਵੀ?"

ਸ਼ੀਸ਼ੇ 'ਚੋਂ ਵਾਜ ਆਈ।

"ਆਹੋ, ਸਕਰਿਪਟ ਵਿੱਚ ਇਹੋ ਈ ਲਿਖਿਆ ਹੋਇਆ ਏ!"

"ਹੁਣ ਕਿੱਥੇ ਰਹਿ ਗਏ ਨੇਂ ਵਾਹੀਵਾਣ? ਇੱਥੇ ਤੇ ਕਾਰਪੋਰੇਟ ਫ਼ਾਰਮਿੰਗ ਹੁੰਦੀ ਪਈ ਏ; ਸਰਮਾਇਆਦਾਰਾਂ ਨੂੰ ਫ਼ਿਊਡਲ ਬਣਨ ਦਾ ਚੱਸ ਪੈ ਗਿਆ ਏ। ਉਨ੍ਹਾਂ ਮਾੜਿਆਂ ਕੋਲੋਂ ਦੋ ਦੋ ਤਿੰਨ ਤਿੰਨ ਪੈਲੀਆਂ ਲਾਲਚ ਲੋਭ ਦੇ ਕੇ ਖੋਹ ਲਈਆਂ ਨੇਂ......ਆਪਣੀਆਂ ਜ਼ਮੀਨਾਂ ਉੱਤੇ ਲੋਕ ਆਪ ਈ ਕਾਮੇ ਬਣ ਗਏ ਨੇਂ ਤੇ ਸਰਮਾਏ ਆਲਿਆਂ ਹਜ਼ਾਰਾਂ ਏਕੜ ਥਾਵਾਂ ਮੱਲ ਲਈਆਂ ਨੇਂ!"

"ਇਹ ਰਿਵਾਜ਼ ਤੇ ਬਾਤਸ਼ਾਹਾਂ ਵੇਲੇ ਵੀ ਸੀ ਜਦ ਸਾਰੀ ਜ਼ਮੀਨ ਦਾ ਮਾਲਿਕ ਬਾਤਸ਼ਾਹ ਹੁੰਦਾ ਸੀ ਤੇ ਬਾਤਸ਼ਾਹ ਦਾ ਅਰਥ ਰਿਆਸਤ ਸੀ।"

ਸਰਮਦ ਨੇ ਸ਼ੀਸ਼ੇ ਨੂੰ ਝਾੜ ਪਾਈ; ਪਰ ਸ਼ੀਸ਼ਾ ਵੀ ਚੁੱਪ ਨਾ ਹੋਇਆ:

"ਉਹ ਵੀ ਜ਼ੁਲਮ ਤੇ ਜਬਰ ਦੀ ਇਕ ਡਾਢੀ ਸ਼ਕਲ ਸੀ। ਯੂਰਪ ਵਿੱਚ ਫ਼ਿਊਡਲ ਲਾਰਡ ਹੁੰਦੇ ਸਨ ਤੇ ਸਾਡੇ ਇੱਥੇ ਬਾਤਸ਼ਾਹ ਦੇ ਨਾਲ ਰਾਜੇ ਤੇ ਨਵਾਬ, ਜਿਹਨਾਂ ਦੇ ਹੁੰਦਿਆਂ ਸਾਹ ਲੈਣਾ ਵੀ ਔਖਾ ਸੀ। ਔਰੰਗਜ਼ੇਬ ਦੇ ਵੇਲੇ ਤੀਕਰ ਦੇ ਟੈਕਸ ਤੂੰ ਸ਼ੈਤ ਨਹੀਂ ਵੇਖੇ......ਝੱਲਿਆ, ਚੁੱਲ੍ਹਾ ਬਣਾਉਣ, ਹੱਥ ਹਿਲਾਈ, ਧੂੜ ਉਡਾਈ ਤੇ ਮੁਰਦਾ ਸਾੜਣ ਤੇ ਵੀ ਟੈਕਸ ਸੀ!"

"ਤੂੰ ਠੀਕ ਆਖਣਾ ਏਂ, ਇੰਜ ਈ ਸੀ!"

ਸਰਮਦ ਨੇ ਸਕਰਿਪਟ ਵੱਲ ਵਿੰਹਦਿਆਂ ਆਖਿਆ।

"ਪਰ ਇੱਕ ਗੱਲ ਏ......ਉਸ ਵੇਲੇ ਬੰਦਾ ਭੁੱਖਾ ਨਹੀਂ ਸੀ ਮਰਦਾ। ਦਰਿਆਵਾਂ, ਖੂਹਾਂ ਦਾ ਪਾਣੀ ਪੀਵਣ ਨੂੰ ਮਿਲਦਾ ਸੀ। ਕਣਕ ਸਬਜ਼ੀ ਕੋਈ ਨਾ ਕੋਈ ਜੀ ਬੰਦੇ ਨੂੰ ਦੇ ਈ ਛੱਡਦਾ ਸੀ। ਬਾਲਣ ਤੇ ਧੂੰਆਂ ਸਭ ਦਾ ਸਾਂਝਾ ਹੁੰਦਾ ਸੀ। ਪਰ ਹੁਣ ਤਾਂ ਮਾਚਿਸ ਵੀ ਨਕਦ ਤੇ ਪਾਣੀ ਵੀ ਨਕਦ, ਤੇ ਇਸ ਕਾਰਪੋਰੇਟ ਫ਼ਾਰਮਿੰਗ ਨੇ ਲੋਕਾਂ ਕੋਲੋਂ ਉਨ੍ਹਾਂ ਦਾ ਆਪਣਾ ਆਪ ਵੀ ਮੁੱਠ ਲੈਣਾ ਏ!"

"ਸਰਕਾਰ ਹੁਣ ਪਾਤਰ ਵੱਲ ਆ ਜਾਵੋ!"

ਸਰਮਦ ਨੇ ਹੱਥ ਜੋੜ ਕੇ ਸ਼ੀਸ਼ੇ ਨੂੰ ਆਖਿਆ।

"ਚੰਗਾ ਐਲਵਸ ਪ੍ਰੈਸਲੇ ਸਾਹਿਬ......ਕੀ ਨਾਂ ਏ ਪਾਤਰ ਦਾ?"

ਸ਼ੀਸ਼ੇ ਨੇ ਹੱਸਦਿਆਂ ਆਖਿਆ।

"ਭਸ਼ਕੂ......ਭਸ਼ਕੂ ਨਾਂ ਏ ਇਸ ਪਾਤਰ ਦਾ। ਸਗੋਂ ਹੁਣ ਮੇਰਾ ਨਾਂ ਏ ਭਸ਼ਕੂ!"

"ਭਸ਼ਕੂ ਕੀ ਨਾਂ ਹੋਇਆ......?"

ਸ਼ੀਸ਼ਾ ਫ਼ਿਰ ਹੱਸਿਆ।



"ਮੈਨੂੰ ਕੀ ਪਤਾ......ਅਗਲੇ ਵੇਲਿਆਂ ਵਿੱਚ ਇੰਜ ਦੇ ਈ ਨਾਂ ਹੁੰਦੇ ਹੋਵਣਗੇ।"

"ਸਕਰਿਪਟ ਵੇਖ ਆਂ, ਇਸ ਵਿੱਚ ਕੀ ਏ......?"

"ਫ਼ਿਰ ਤੂੰ ਉਹਦਾ ਧਰਮ, ਉਹਦੀ ਜਾਤੀ ਵੀ ਪੁੱਛੇਂਗਾ।"

ਸਰਮਦ ਨੇ ਵਿਗੜਦਿਆਂ ਆਖਿਆ।

"ਨਹੀਂ, ਤੂੰ ਸਕਰਿਪਟ ਤਾਂ ਵੇਖ; ਮੈਨੂੰ ਤੇ ਇੰਜ ਜਾਪਦਾ ਏ ਜਿਵੇਂ ਇਹ ਕੋਈ ਕਰਾਮਤੀ ਹੋਵੇ!"

"ਮਜ਼ਦਕੀ ਵੀ ਹੋਇਆ ਤੇ ਕੀ ਫ਼ਰਕ ਪੈਂਦਾ ਏ। ਅਰਬਾਂ, ਤੁਰਕਾਂ ਇਨ੍ਹਾਂ ਦੇ ਬਹਾਨੇ ਲੁੱਟਮਾਰ ਈ ਕਰਨੀ ਏ!"

"ਵਾਰ ਦੇ ਪੰਨੇ ਦੀ ਹਰ ਸਤਰ ਲਹੂ ਨਾਲ ਭਰੀ ਹੋਈ ਏ। ਤੂੰ ਮੈਨੂੰ ਭਸ਼ਕੂ ਦਾ ਦੱਸ!"

"ਨਾਂ ਏ ਭਸ਼ਕੂ......ਉਮਰ ਪੰਤਾਲ਼ੀ ਵਰ੍ਹੇ, ਜ਼ਾਲ ਦੀ ਉਮਰ ਛੱਤੀ ਵਰ੍ਹੇ, ਤਿੰਨ ਜਵਾਨ ਕੁੜੀਆਂ......ਭਸ਼ਕੂ ਨਾਂ ਅੱਜ ਤੋਂ ਕੁੱਝ ਵਰ੍ਹੇ ਪਹਿਲਾਂ ਆਮ ਸੀ। ਇਹ ਹੋ ਸਕਦਾ ਏ ਕਿ ਬਖ਼ਸ਼ੂ ਤੂੰ ਭਸ਼ਕੂ ਹੋ ਗਿਆ ਹੋਵੇ ਤੇ ਇਹ ਵੀ ਹੋ ਸਕਦਾ ਏ ਕਿ ਭਿਕਸ਼ੂ ਤੋਂ ਭਸ਼ਕੂ ਬਣ ਗਿਆ ਹੋਵੇ।"

ਸਰਮਦ ਨੇ ਸਕਰਿਪਟ ਪੜ੍ਹਦਿਆਂ ਆਖਿਆ।

"ਵਾਹ, ਕਿਆ ਨਾਂ ਏ......ਭਸ਼ਕੂ......ਬਖ਼ਸ਼ੂ ਤੋਂ ਹੋਇਆ ਤੇ ਕਿਸੇ ਦਾ ਬਖ਼ਸ਼ਿਆ ਹੋਇਆ, ਤੇ ਜੇ ਭਿਕਸ਼ੂ ਤੋਂ ਹੋਇਆ ਤੇ ਬੁੱਧਾ ਦਾ ਮਾਨਣ ਵਾਲਾ......ਕੋਈ ਹਜ਼ਾਰ ਕੁ ਵਰ੍ਹੇ ਪਹਿਲਾਂ ਇਸ ਪਾਸੇ ਲੱਖਾਂ ਸਨ ਬੁੱਧਾ ਦੇ ਮਾਨਣ ਵਾਲੇ!"

ਸ਼ੀਸ਼ੇ 'ਚੋਂ ਵਾਜ ਆਈ।

"ਚੰਗਾ ਡਾਇਰੈਕਟਰ ਸਾਹਿਬ!"

"ਚਲੋ ਲੀੜੇ ਪਾਵੋ......ਸ਼ੌਰੇ ਇਹ ਪਾਤਰ ਈ ਤੁਹਾਡੇ ਹੱਥ ਚੜ੍ਹ ਜਾਵੇ। ਹੁਣ ਤਾਈਂ ਜਾਂ ਤਾਂ ਪਾਤਰ ਡਾਢੀ ਮਿਹਨਤ ਵਾਲਾ ਲੱਭਦਾ ਆਇਆ। ਜਾਂ ਤੂੰ ਪਾਤਰ ਤੋਂ ਰੁੱਸ ਗਿਆ ਏਂ, ਤੇ ਬਹੁਤੀ ਵਾਰੀ ਨੱਸਿਆ ਈ ਏਂ!"

ਸ਼ੀਸ਼ੇ ਨੇ ਫ਼ਿਰ ਹੱਸਦਿਆਂ ਆਖਿਆ, ਤੇ ਸਰਮਦ ਨੇ ਵਾਰਡਰੋਬ 'ਚੋਂ ਇੱਕ ਪੁਰਾਣੀ ਜਿਹੀ ਚਿੱਟੀ ਲੁੰਗੀ ਤੇ ਇੱਕ ਸਲੂਕੇ ਵਾਂਗ ਦੀ ਬਨਿਆਨ ਕੱਢ ਲਈ। ਲੀੜੇ ਬਦਲ ਕੇ ਸ਼ੀਸ਼ੇ ਦੇ ਸਾਹਮਣੇ ਜਾ ਖਲੋਤਾ। ਸ਼ੀਸ਼ੇ ਵਿੱਚ ਪਹਿਲੇ ਜ਼ੋਰਾਂ ਨਾਲ਼ ਵੱਗਦਾ ਝਨਾਂਹ ਦਿੱਸਿਆ, ਫ਼ਿਰ ਕਈ ਮਜ਼ਾਰ ਤੇ ਉਸ ਮਗਰੋਂ ਕਿਸੇ ਪਿੰਡ ਦਾ ਇੱਕ ਨਿੱਕਾ ਜਿਹਾ ਕੱਚਾ ਘਰ, ਜਿਸ ਉੱਤੇ ਤਾਜ਼ੀ ਤਾਜ਼ੀ ਲਿਪਾਈ ਹੋਈ ਹੋਈ ਸੀ। ਇੱਕ ਕੋਠੜੀ ਵਿੱਚ ਖੱਡੀ ਲੱਗੀ ਹੋਈ ਸੀ; ਬਾਹਰ ਵੇੜ੍ਹੇ ਦੀ ਇੱਕ ਨੁੱਕਰੇ ਚੁਲ੍ਹਾਨੀ ਤੇ ਉਸ ਦੇ ਸਾਹਮਣੇ ਵੇੜ੍ਹੇ ਦੇ ਵਿਚਕਾਰੇ ਨਿੰਮ ਦੇ ਰੁੱਖ ਹੇਠ ਚਾਕ ਸੀ ਜਿਹਦੇ ਨਾਲ਼ ਇੱਕ ਬੰਦਾ ਮਿੱਟੀ ਗੁੰਨ ਦਾ ਪਿਆ ਸੀ। ਨਿੰਮ ਦੀ ਛਾਂ ਆਪਣੀ ਥਾਵੇਂ ਸੀ, ਪਰ ਚਿੱਟੀ ਨੰਗੀ ਧੁੱਪ ਵਿੱਚ ਉਸਦਾ ਬਾਦਾਮੀ ਸਰੀਰ ਸੜੀ ਜਾ ਰਿਹਾ ਸੀ ਤੇ ਉਹ ਆਪਣੇ ਧਿਆਨੇ ਮਿੱਟੀ ਗੁੰਨ੍ਹੀ ਜਾ ਰਿਹਾ ਸੀ।

"ਭਸ਼ਕੂ, ਛੇਤੀ-ਛੇਤੀ ਹੱਥ ਮਾਰ, ਅੱਜ ਵੱਡੇ ਘਰੋਂ ਵੰਗਾਰ ਦਾ ਸੱਦਾ ਏ!"

ਇੱਕ ਗੋਰੀ ਚਿੱਟੀ ਜ਼ਨਾਨੀ ਨੇ ਉਹਦੇ ਨੇੜੇ ਬਹਿੰਦਿਆਂ ਆਖਿਆ ਤੇ ਉਹ ਆਪ ਵੀ ਮਿੱਟੀ ਦਾ ਪੇੜਾ ਫੜ ਕੇ ਗੁੰਨ੍ਹਣ ਲੱਗ ਪਈ।

"ਰੇਸ਼ਮੇ, ਸਾਡੀ ਤਾਂ ਇੱਕ ਪੈਲ਼ੀ ਵੀ ਨਹੀਂ; ਫ਼ਿਰ ਅਸੀਂ ਕਿਉਂ ਹਰ ਵਾਢੀ ਤੇ ਬੀਜੀ ਉੱਤੇ ਵੰਗਾਰ ਕਰਨ ਟੁਰ ਜਾਨੇ ਆਂ!"

ਭਸ਼ਕੂ ਨੇ ਮਿੱਟੀ ਗੁੰਨ੍ਹਦਿਆਂ ਤੇ ਹੁੱਕੇ ਦਾ ਸੂਟਾ ਲਾਂਦਿਆਂ ਆਖਿਆ ਤੇ ਸਰਮਦ ਨੂੰ ਇੰਜ ਲੱਗਾ ਜਿਵੇਂ ਉਹਦਾ ਮੂੰਹ ਪੁਰਾਣੇ ਤੰਬਾਕੂ ਤੇ ਗੁੜ ਦੇ ਸੁਆਦ ਨਾਲ਼ ਭਰ ਗਿਆ ਹੋਵੇ।

"ਵੇ ਭਸ਼ਕੂ, ਇਹੋ ਜਿਹੀਆਂ ਗੱਲਾਂ ਕਿਉਂ ਸੋਚਨਾ ਏਂ......ਇੱਥੇ ਤਾਂ ਨਵਾਬ ਸਾਹਿਬ ਦੀ ਸਰਕਾਰ ਏ......ਉਹਨੇ ਜੋ ਆਖਣਾ ਏ, ਉਹੋ ਈ ਹੋਵਣਾ ਏ। ਨਾਲੇ ਇਹ ਕਿਹੜੀ ਨਵੀਂ ਗੱਲ ਏ। ਕਈਆਂ ਪੀੜ੍ਹੀਆਂ ਤੋਂ ਇਹੋ ਕੁੱਝ ਈ ਹੁੰਦਾ ਆਇਆ ਏ। ਇਹ ਸੱਭ ਸਾਡੇ ਵਸੇਬ ਨਾਲ਼ ਜੁੜਿਆ ਹੋਇਆ ਏ।"

ਜ਼ਨਾਨੀ ਨੇ ਪਿਆਰ ਨਾਲ਼ ਭਸ਼ਕੂ ਦਾ ਮੂੰਹ ਚੁੰਮਦਿਆਂ ਆਖਿਆ (ਤੇ ਸਰਮਦ ਆਪਣੇ ਮੂੰਹ ਤੇ ਹੱਥ ਫੇਰਣ ਲੱਗ ਪਿਆ)। ਇਸ ਮਗਰੋਂ ਉਹ ਦੋਵੇਂ ਰਲ਼ ਮਿੱਟੀ ਗੁੰਨ੍ਹਦੇ ਰਹੇ ਤੇ ਫ਼ਿਰ ਲੀੜੇ ਝਾੜਦੇ ਬਾਹਰ ਟੁਰ ਗਏ। ਪਿੰਡ ਦੀਆਂ ਗਲੀਆਂ 'ਚੋਂ ਹੁੰਦਿਆਂ ਬਾਹਰ ਬੰਨੇ ਉੱਤੇ ਜਾ ਖਲੋਤੇ ਤੇ ਫ਼ਿਰ ਸਹਿਜੇ ਸਹਿਜੇ ਇੱਕ ਪੈਲੀ ਵਿੱਚ ਜਾ ਅੱਪੜੇ, ਜਿੱਥੇ ਪਹਿਲਾਂ ਤੋਂ ਈ ਬੰਦਿਆਂ ਤੇ ਜ਼ਨਾਨੀਆਂ ਦੀ ਇੱਕ ਭੀੜ ਲੱਗੀ ਹੋਈ ਸੀ ਤੇ ਥਾਂ-ਥਾਂ ਕਣਕਾਂ ਸਿੱਟਿਆਂ ਨਾਲ਼ ਭਰੀਆਂ ਬੰਨ੍ਹੀਆਂ ਬੱਝੀਆਂ ਪਈਆਂ ਸਨ। ਕੁੱਝ ਬੰਦਿਆਂ ਕਿੱਕਰਾਂ ਦਿਆਂ ਫਲਿਆਂ ਨਾਲ਼ ਫਲ਼ ਜੋੜ ਕੇ, ਦੋ ਦੋ ਜੋੜੀਆਂ ਬਲਦਾਂ ਦੀਆਂ ਅੱਗੇ ਜੋੜ ਦਿੱਤੀਆਂ ਸਨ ਤੇ ਫ਼ਿਰ ਉਨ੍ਹਾਂ ਮਗਰ ਬੰਦੇ ਤੇ ਜ਼ਨਾਨੀਆਂ ਭਰੀਆਂ ਖੋਲ੍ਹ ਕੇ ਟੁਰਣ ਲੱਗ ਪਏ, ਜਿਸ ਨਾਲ਼ ਸਿੱਟੇ ਤੇ ਧੜਾਂ ਵੱਖਰੀਆਂ ਹੁੰਦੀਆਂ ਗਈਆਂ; ਬੱਝੀਆਂ ਭਰੀਆਂ ਖੁੱਲ੍ਹਦੀਆਂ ਗਈਆਂ ਤੇ ਜ਼ਨਾਨੀਆਂ ਕੱਖ, ਤੂੜੀ, ਪਰਾਲ਼ੀ ਤੇ ਦਾਣੇ ਵੱਖਰੇ ਵੱਖਰੇ ਕਰਨ ਲੱਗ ਪਈਆਂ। ਕਣਕਾਂ ਦੀਆਂ ਭਰੀਆਂ ਪੈਲ਼ੀ ਵਿੱਚ ਇੱਕ ਗੋਲ ਘੁੰਮ-ਘੇਰ ਵੱਖਰਿਆਂ ਆਲੇ ਦੁਆਲੇ ਤੇ ਉਨ੍ਹਾਂ ਦੇ ਵਿਚਕਾਰ ਦਾਣਿਆਂ ਦਾ ਪਿੜ ਲੱਗਾ ਪਿਆ ਸੀ। ਸਰਮਦ ਨੂੰ ਇੰਜ ਜਾਪਿਆ ਜਿਵੇਂ ਦਾਣੇ ਵਿਚਕਾਰ ਕਿੱਸੇ ਖੇਡਦੇ ਪਾਤਰ ਹੋਵਣ ਤੇ ਉਨ੍ਹਾਂ ਦੇ ਆਲੇ ਦੁਆਲੇ ਤੂੜੀ ਪਰਾਲ਼ੀ ਖ਼ਲਕਤ ਹੋਵੇ ਜਿਹੜੀ ਖੇਡ ਵੇਖਦੀ ਪਈ ਹੋਵੇ ਤੇ ਨਾਲੇ ਖੇਡ ਵੀ ਖੇਡਦੀ ਹੋਵੇ। ਇੰਨੇ ਵਿੱਚ ਹਵਾ ਦੇ ਦੋ ਤਿੰਨ ਤੇਜ਼ ਬੁੱਲੇ ਆਏ ਤੇ ਜ਼ਨਾਨੀਆਂ ਤ੍ਰੰਗਲੀਆਂ ਨਾਲ਼ ਕਣਕ ਉਡਾਵਣ ਲੱਗ ਪਈਆਂ। ਰੇਸ਼ਮੇ ਇੱਕ ਪਾਸੇ ਭੋਏਂ ਉੱਤੇ ਬੈਠੀ ਭੋਰੇ ਭੋਰੇ ਦਾਣੇ ਚੁੱਕਣ ਲੱਗ ਪਈ। ਕੁੱਝ ਚਿਰ ਮਗਰੋਂ ਦੋ ਕਾਮਿਆਂ ਨੇ ਰੋਟੀ, ਅਚਾਰ, ਪਿਆਜ਼ ਤੇ ਲੱਸੀ ਵੰਗਾਰੀਆਂ ਦੇ ਅੱਗੇ ਲਿਆ ਰੱਖੀ। ਸਰਮਦ ਨੇ ਰੋਟੀ ਖਾਂਦੇ ਲੋਕਾਂ ਵੱਲ ਧਿਆਨ ਮਾਰਿਆ ਤੇ ਉਹਨੂੰ ਇੰਜ ਲੱਗਾ ਜਿਵੇਂ ਦਿੱਤਾ ਸੈਣੀ ਤੇ ਮੌਜੀ ਖ਼ਾਨ ਵੀ ਇੱਕ ਨੁੱਕਰੇ ਬੈਠੇ ਰੋਟੀ ਪਏ ਖਾਂਦੇ ਹੋਣ। ਫ਼ਿਰ ਉਹਦਾ ਧਿਆਨ ਰੇਸ਼ਮੇ ਵੱਲ ਗਿਆ ਜਿਹੜੀ ਸਾਰੀਆਂ ਜ਼ਨਾਨੀਆਂ ਵਿੱਚ ਸੱਭ ਤੋਂ ਸੋਹਣੀ ਪਈ ਦਿੱਸਦੀ ਸੀ। ਪੂਰੀ ਦਿਹਾੜੀ ਦੀ ਮਿਹਨਤ ਮਗਰੋਂ ਥੱਕੇ ਜੀ ਇੱਕ ਦੂਜੇ ਨਾਲ਼ ਅਪਣੀਆਂ ਗੱਲਾਂ ਬਾਤਾਂ ਸਾਂਝੀਆਂ ਕਰਦੇ ਰਹੇ। ਰੋਟੀ ਟੁੱਕਰ ਖਾਵਣ ਮਗਰੋਂ ਵੰਗਾਰੀਆਂ ਇੱਕ ਵਾਰੀ ਫ਼ਿਰ ਕੰਮ ਨੂੰ ਛੋਹਿਆ। ਕਣਕਾਂ ਦੀਆਂ ਪੰਡਾਂ ਬੰਨ੍ਹ-ਬੰਨ੍ਹ ਵੱਡੇ ਘਰ ਘਲਾਵਣ ਲੱਗ ਪਏ, ਤੇ ਪੂਰਾ ਵਰ੍ਹਾ ਕੰਮ ਕਰਨ ਵਾਲੇ ਕਾਮੇ ਖ਼ੁਦਾ ਦੀ ਧਰਤੀ ਤੋਂ ਖ਼ਾਲੀ ਹੱਥੀਂ ਘਰਾਂ ਨੂੰ ਪਰਤੇ......ਸਾਰਾ ਅੰਨ ਉਨ੍ਹਾਂ ਘਰ ਅਪੜਿਆ ਜਿਹਨਾਂ ਕਦੇ ਭੋਏਂ ਉੱਤੇ ਕੰਮ ਕਾਰਨ ਪੈਰ ਨਾ ਧਰੇ ਸਨ। ਰੇਸ਼ਮੇ ਤੇ ਭਸ਼ਕੂ ਵੀ ਖ਼ਾਲੀ ਹੱਥੀਂ ਘਰ ਨੂੰ ਟੁਰ ਪਏ......ਘਰ ਤੋਂ ਬਾਹਰ ਭਸ਼ਕੂ ਨੇ ਪੱਕੀਆਂ ਆਵੀਆਂ 'ਚੋਂ ਕੁੱਝ ਭਾਂਡੇ ਬਾਹਰ ਕੱਢ ਕੇ ਛਣਕੇ:

"ਕੱਲ੍ਹ ਸ਼ਾਮੀਂ ਭਾਂਡੇ ਖੋਲ੍ਹਾਂਗੇ। ਕਿੰਨੇ ਪੱਕੇ, ਕਿੰਗਰੇ ਗਏ ਨੇਂ ਤੇ ਕਿੰਨੇ ਠੀਕਰੇ ਗਏ ਨੇਂ......ਕੱਲ੍ਹ ਈ ਪਤਾ ਲੱਗੇਗਾ।"

ਭਸ਼ਕੂ ਆਖਿਆ।



"ਤੂੰ ਐਡੀ ਚਿੰਤਾ ਨਾ ਕਰਿਆ ਕਰ। ਜੇ ਸਾਰੇ ਈ ਕੱਚੇ ਨਿਕਲ ਆਏ ਜਾਂ ਤਰੇੜੇ ਵੀ ਗਏ ਤੇ ਕੋਈ ਗੱਲ ਨਹੀਂ......ਨੈਣ ਪ੍ਰੈਣ ਸਲਾਮਤ ਰਹਿਣ, ਢੇਰ ਮਿੱਟੀ ਦਾ ਅਪਣੇ ਕੋਲ਼ ਏ, ਹੋਰ ਬਣ ਜਾਵਣਗੇ।"

ਰੇਸ਼ਮੇ ਨੇ ਪਿਆਰ ਨਾਲ਼ ਉਹਦਾ ਹੱਥ ਫੜਦਿਆਂ ਆਖਿਆ......ਘਰ ਦੇ ਅੰਦਰ ਵੜਣ ਲੱਗੇ ਤੇ ਗਲੀ ਦੀ ਨੁੱਕਰੇ ਇੱਕ ਫ਼ਕੀਰ ਆਣ ਖਲੋਤਾ, ਜਿਹੜਾ ਇਕਤਾਰਾ ਵਜਾਉਂਦਿਆਂ ਗਾਉਂਦਾ ਪਿਆ ਸੀ:

"ਪ੍ਰਭੂ ਰੰਗ ਬਿਨਾਂ
ਮੋਹੇ ਸੱਭ ਸੁੱਖ ਦੇਣਾ
ਪ੍ਰਭੂ ਰੰਗ ਬਿਨਾਂ
ਮੋਹੇ ਸੱਭ ਸੁੱਖ ਦੇਣਾ
ਦੂਧ ਪੂਦ ਔਰ ਆਨਾ ਧਾਨਾ
ਲੱਛਮੀ ਸੱਭ ਰੰਗ
ਸੱਭ ਬਾਤਾਂ ਮੇਂ
ਮੋਹੇ ਲਾਇਕ ਕੀਨਾ
ਪ੍ਰਭੂ ਰੰਗ ਬਿਨਾਂ
ਮੋਹੇ ਸੱਭ ਸੁੱਖ ਦੇਣਾ"

ਭਸ਼ਕੂ ਤੇ ਰੇਸ਼ਮੇ ਕੁੱਝ ਚਿਰ ਫ਼ਕੀਰ ਦੇ ਗਾਉਣ 'ਚ ਡੁੱਬੇ ਰਹੇ ਤੇ ਫ਼ਿਰ ਘਰ ਦੇ ਅੰਦਰ ਜਾ ਵੜੇ।

"ਮੇਰਾ ਖ਼ਿਆਲ ਏ, ਤੈਨੂੰ ਰਾਗ ਭੋਪਾਲੀ ਡਾਢਾ ਚੰਗਾ ਲੱਗਦਾ ਏ!"

ਸ਼ੀਸ਼ੇ 'ਚੋਂ ਵਾਜ ਆਈ।

"ਨਹੀਂ, ਐਵੇਂ ਦੀ ਕੋਈ ਗੱਲ ਨਹੀਂ!"

"ਤੇ ਫ਼ਿਰ ਘੜੀ ਮੁੜੀ ਇਸ ਦੀਆਂ ਅਸਥਾਈਆਂ ਤੇਰੇ ਸਾਹਮਣੇ ਕਿਉਂ ਆਉਂਦੀਆਂ ਨੇਂ......?"

"ਪ੍ਰਭੂ ਈ ਜਾਣੇ, ਹੁਣ ਘਰ ਅੰਦਰ ਤਾਂ ਟੁਰਾਂ......ਵੇਖਾਂ ਸਕਰਿਪਟ ਵਿੱਚ ਹੋਰ ਕੀ ਕੁੱਝ ਲਿਖਿਆ ਏ ਭਸ਼ਕੂ ਵਾਸਤੇ!"

"ਸਕਰਿਪਟ ਨੇ, ਸਮਾਜ ਨੇ, ਕਿ ਵੇਲੇ ਨੇ?"

ਸ਼ੀਸ਼ੇ ਨੇ ਹੱਸ ਕੇ ਆਖਿਆ ਤੇ ਸਰਮਦ ਨੇ ਤੁਰਤ ਪਰਤਾਵਾ ਦਿੱਤਾ:

"ਸਕਰਿਪਟ ਵੀ ਤਾਂ ਸਮਾਜ ਵਿੱਚੋਂ ਈ ਆਉਂਦਾ ਏ।"

ਇੰਨੇ ਵਿੱਚ ਭਸ਼ਕੂ ਨੂੰ ਤਿੰਨ ਜਵਾਨ ਕੁੜੀਆਂ ਵੇੜ੍ਹੇ ਵਿੱਚ ਬੈਠੀਆਂ ਦਿੱਸੀਆਂ ਜਿਹੜੀਆਂ ਚੁੰਨੀਆਂ ਤੇ ਦਸੂਤੀ ਪਈਆਂ ਕੱਢਦੀਆਂ ਸਨ। ਭਸ਼ਕੂ ਮੰਜੀ ਉੱਤੇ ਲੰਮਾ ਪਿਆ ਤੇ ਉਹਦੀ ਅੱਖ ਲੱਗ ਗਈ ਤੇ ਖੁੱਲ੍ਹੀ ਉਦੋਂ ਜਦੋਂ ਜ਼ੋਰ ਦੀ ਬੂਹਾ ਖੜਕਿਆ। ਰੇਸ਼ਮੇ ਨੇ ਬੂਹਾ ਖੋਲ੍ਹਿਆ ਤੇ ਸਾਹਮਣੇ ਜ਼ਿਮੀਂਦਾਰ ਖਲੋਤਾ ਹੋਇਆ ਸੀ:

"ਕਿੱਥੇ ਵੇ ਭਸ਼ਕੂ......?"

"ਅੰਦਰ ਏ!"

"ਚੱਲ ਤੂੰ ਵੀ ਅੰਦਰੇ!"

ਜ਼ਿਮੀਂਦਾਰ ਨੇ ਰੇਸ਼ਮੇ ਨੂੰ ਹੌਲੀ ਜਿਹਾ ਅੰਦਰ ਨੂੰ ਧੱਕਦਿਆਂ ਆਖਿਆ ਤੇ ਭਸ਼ਕੂ ਵੱਲ ਮੂੰਹ ਕਰਕੇ ਬੋਲਿਆ:

"ਜਾ ਭਈ ਭਸ਼ਕੂ......ਬਾਹਰ ਤੇਜ਼ ਹਵਾ ਪਈ ਵੱਗਦੀ ਏ, ਤ੍ਰੰਗਲ਼ੀਆਂ ਨਾਲ਼ ਕਣਕ ਤੇ ਛਾਣ!"

"ਤੁਸੀਂ ਚੱਲੋ, ਮੈਂ ਆਉਣਾ ਵਾਂ!"

"ਚੱਲੋ ਕੀ......ਮੈਂ ਤਾਂ ਇੱਥੇ ਈ ਆਂ, ਤੂੰ ਜਾ......ਮੈਂ ਤਾਂ ਸਾਰੀ ਦਿਹਾੜੀ ਦੀ ਵੰਗਾਰ ਤੋਂ ਥੱਕਿਆ ਪਿਆ ਵਾਂ!"

"ਵੰਗਾਰ ਤਾਂ ਅਸਾਂ ਜਰੀ ਏ......ਤੁਸੀਂ ਤਾਂ ਡੇਰੇ ਤੇ ਸੁੱਤੇ ਰਹੇ ਜੇ!"

"ਬਹੁਤਾ ਬੁੜ-ਬੁੜ ਨਾ ਕਰ......ਜਾਤ ਦਾ ਘੁਮਿਆਰ ਤੇ ਰਾਜਪੂਤਾਂ ਨੂੰ ਗੱਲਾਂ!"

ਜ਼ਿਮੀਂਦਾਰ ਨੇ ਬੋਝੇ 'ਚੋਂ ਇੱਕ ਪਿੱਤਲ ਦੀ ਬੋਤਲ ਭੋਏਂ ਤੇ ਰੱਖਦਿਆਂ ਆਖਿਆ।

ਰੇਸ਼ਮੇ ਨੇ ਭਸ਼ਕੂ ਨੂੰ ਇਸ਼ਾਰੇ ਨਾਲ਼ ਆਖਿਆ ਤੇ ਉਹ ਸੜਦਾ ਬਲਦਾ ਪਰਨੇ ਨਾਲ਼ ਮੂੰਹ ਪੂੰਝਦਾ, ਚੁੱਪ ਚੁਪੀਤਾ, ਬਾਹਰ ਪੈਲੀਆਂ ਵੱਲ ਟੁਰ ਗਿਆ। ਉੱਥੇ ਪਹਿਲਾਂ ਤੋਂ ਈ ਬੰਦਿਆਂ ਤੇ ਜ਼ਨਾਨੀਆਂ ਦਾ ਕੱਠ ਲੱਗਾ ਹੋਇਆ ਸੀ। ਵੇਖਦਿਆਂ ਵੇਖਦਿਆਂ ਹਵਾ ਤੇਜ਼ ਹੋ ਗਈ ਤੇ ਲੀੜੇ ਸਾਂਭਣੇ ਔਖੇ ਹੋ ਗਏ। ਕਣਕ ਤੇ ਤੂੜੀ ਵੱਖੋ ਵੱਖ ਹੋ ਗਈ। ਤ੍ਰੰਗਲ਼ੀਆਂ ਪੱਟ ਪੱਟ ਖੁੱਲ੍ਹੀਆਂ, ਭਰੀਆਂ ਤੇ ਬੱਝੀਆਂ ਦੇ ਮੂੰਹ ਖੋਲ੍ਹ ਖੋਲ੍ਹ ਹਰ ਸ਼ੈ ਵੱਖਰੀ ਵੱਖਰੀ ਕਰ ਛੱਡੀ। ਭਸ਼ਕੂ ਦਾ ਪਰਨਾ ਉੱਡ ਕੇ ਇੱਕ ਬੇਰੀ ਵਿੱਚ ਜਾ ਫਸਿਆ; ਉਹ ਉਹਨੂੰ ਫੜਣ ਕਾਰਨ ਨੱਸਿਆ ਤੇ ਉਸ ਸਮੇਂ ਉਹਨੇ ਦੂਰੋਂ ਜ਼ਿਮੀਂਦਾਰ ਨੂੰ ਵੇਖਿਆ ਜਿਹੜਾ ਡਿੱਗਦਾ ਢਹਿੰਦਾ ਹਵੇਲੀ ਵੱਲ ਜਾ ਰਿਹਾ ਸੀ। ਕੁੱਝ ਚਿਰ ਮਗਰੋਂ ਹਵਾ ਵਿੱਚ ਸਹਿਜ ਆ ਗਈ ਤੇ ਹਰ ਸ਼ੈ ਆਪਣੀ ਥਾਵੇਂ ਆਣ ਖਲੋਤੀ। ਉਹ ਡੁੱਬਦੇ ਸੂਰਜ ਦੀਆਂ ਅਖ਼ੀਰਲੇ ਸਾਹ ਲੈਂਦੀਆਂ, ਛਿੱਲੀਆਂ ਹੋਈਆਂ ਰੱਤੀਆਂ ਰਿਸ਼ਮਾਂ ਦੀ ਲੋਂ ਵਿੱਚ ਜਦ ਘਰ ਅਪੜਿਆ ਤੇ ਅਸਮਾਨ ਉੱਤੇ ਚੰਨ ਉਦਾਸ ਖਲਾ ਸੀ। ਰੇਸ਼ਮੇ ਨਾਲ ਦੇ ਖੂਹ ਤੋਂ ਨਹਾ ਧੋ ਕੇ ਪਰਤੀ ਤੇ ਉਹਦੇ ਨਾਲ਼ ਆਣ ਲੰਮੀ ਪਈ। ਕਿੰਨਾ ਚਿਰ ਉਹ ਭਸ਼ਕੂ ਵੱਲ ਵੇਹੰਦੀ ਰਹੀ, ਪਰ ਮੂੰਹੋਂ ਕੁੱਝ ਨਾ ਬੋਲੀ। ਭਸ਼ਕੂ ਨੇ ਇੱਕ ਲੰਮਾ ਸਾਹ ਭਰਦਿਆਂ ਆਖਿਆ:

"ਜ਼ਿਮੀਂਦਾਰ ਤੇ ਰਾਜ਼ੀ ਹੋ ਗਿਆ ਹੋਣਾ?"

"ਖ਼ੌਰੇ......?"

"ਕਿਵੇਂ ਥਕੇਵਾਂ ਲਾਇਆ ਈ ਉਹਦਾ?"

ਭਸ਼ਕੂ ਦੀਆਂ ਅੱਖੀਆਂ ਬੁਝੀਆਂ ਹੋਈਆਂ ਸਨ।

"ਜਦੋਂ ਭਰੀਆਂ ਖੁੱਲ੍ਹਦੀਆਂ ਪਈਆਂ ਸਨ, ਤੇਜ਼ ਹਵਾ ਵਿੱਚ......ਤੈਨੂੰ ਪਤਾ ਨਹੀਂ ਲੱਗਿਆ ਸੀ ਭਸ਼ਕੂ?"

ਰੇਸ਼ਮੇ ਨੇ ਉਹਦੀ ਛਾਤੀ ਤੇ ਅਪਣਾ ਸਿਰ ਰੱਖਦਿਆਂ ਆਖਿਆ।

"ਇਹ ਵੀ ਕੋਈ ਹਯਾਤੀ ਏ......?"

"ਰੱਬ ਈ ਜਾਣੇ! ਬਸ ਮਾਲਕੀ ਮਾਲਕਾਂ ਦੀ; ਭੋਏਂ ਉਨ੍ਹਾਂ ਦੀ; ਰੋਟੀ ਟੁੱਕਰ ਉਨ੍ਹਾਂ ਦਾ......ਜਿਵੇਂ ਪਸ਼ੂ ਉਨ੍ਹਾਂ ਦੇ ਪਲਦੇ, ਉਵੇਂ ਅਸੀਂ ਵੀ ਪਲਦੇ!"

"ਰੇਸ਼ਮੇ, ਇੱਕ ਗੱਲ ਪੁੱਛਾਂ......?"



"ਪੁੱਛ......!"

"ਇਹ ਤਿੰਨੇ ਕੁੜੀਆਂ ਮੇਰੀਆਂ ਈ ਨੇਂ......?"

"ਤੇਰੀਆਂ ਈ ਨੇਂ......ਤੂੰ ਈ ਪਾਲੀਆਂ ਨੇਂ......ਤੇਰੀਆਂ ਈ ਨੇਂ......!"

"ਭੋਏਂ ਵਿੱਚ ਬੀ ਕਿਸ ਦਾ ਸੀ......?"

"ਬੀ ਨਾਲ਼ ਕੀ ਸਾਕ......ਭੋਏਂ ਤੇਰੀ ਏ......ਮੈਂ ਤੇਰੀ ਆਂ......ਲੂੰ ਲੂੰ ਵਿੱਚ ਤੂੰ ਏਂ......ਮਿੱਟੀ ਤੋਂ ਉਘੜਿਆ ਰਿਜ਼ਕ, ਮਿੱਟੀ ਵਿੱਚ ਜਾਵਣ ਜੋਗਿਆਂ ਲਈ......!"

ਰੇਸ਼ਮੇ ਨੇ ਉਹਦੇ ਮੂੰਹ ਉੱਤੇ ਹੱਥ ਫੇਰਦਿਆਂ ਆਖਿਆ।

"ਰੇਸ਼ਮੇ ਤੂੰ......!"

ਇਸ ਤੋਂ ਅੱਗੇ ਭਸ਼ਕੂ ਕੋਲੋਂ ਕੁੱਝ ਨਾ ਬੋਲਿਆ ਗਿਆ......ਇੱਕ ਡੂੰਘਾ ਸਾਹ ਲੈ ਕੇ ਉਹਨੇ ਵਾਜ ਆਪਣੇ ਅੰਦਰ ਸੱਟ ਲਈ।

"ਵੇ ਭਸ਼ਕੂ, ਕਿਉਂ ਕਮਲਾ ਹੋਇਆ ਪਿਆ ਏਂ......ਜੋਤੀ ਨੂੰ ਭੁੱਲ ਗਿਆ ਏਂ......ਕਿਸ ਦੇ ਹੁਕਮ ਕਾਰਨ ਮੋਈ ਉੱਠ ਖਲੋਤੀ ਸੀ? ਸ਼ੱਮਸ ਹੋਰਾਂ ਕਿਵੇਂ ਆਪਣੇ ਹੱਥ ਖੱਲ ਲਾਹ ਛੱਡੀ ਸੀ ਉਨ੍ਹਾਂ ਅੱਗੇ। ਮੈਨੂੰ ਤੇਰੀ ਬਲਦੀ ਧੁੱਪ ਦੀ ਮਿਹਨਤ ਉਸ ਤੋਂ ਘੱਟ ਕਦੇ ਨਹੀਂ ਜਾਪੀ!"

ਰੇਸ਼ਮੇ ਨੇ ਇੱਕ ਵਾਰੀ ਫ਼ਿਰ ਭਸ਼ਕੂ ਦਾ ਮੂੰਹ ਚੁੰਮਿਆ ਤੇ ਸਰਮਦ ਦਾ ਸੀਨਾ ਪਾਣੀ ਨਾਲ਼ ਭਿੱਜ ਗਿਆ। ਰੇਸ਼ਮੇ ਨੇ ਅੱਖੀਆਂ ਮੀਟ ਲਈਆਂ। ਭਸ਼ਕੂ ਨੇ ਉੱਠ ਕੇ ਕੁੱਝ ਚਿਰ ਉਹਦੀਆਂ ਲੱਤਾਂ ਘੁਟੀਆਂ ਨੱਪੀਆਂ ਤੇ ਫ਼ਿਰ ਉਹਦੀਆਂ ਲੱਤਾਂ ਉੱਤੇ ਈ ਸਿਰ ਰੱਖ ਕੇ ਸੌਂ ਗਿਆ। ਉਹਦੀ ਅੱਖ ਉਦੋਂ ਖੁੱਲ੍ਹੀ ਜਦੋਂ ਨਾਲ ਦੇ ਘਰ ਤੋਂ ਢੋਲ ਵੱਜਣ ਦੀ ਵਾਜ ਆਈ। ਸੂਰਜ ਦੀਆਂ ਸੱਜਰੀਆਂ ਜਿਊਂਦੀਆਂ ਰਿਸ਼ਮਾਂ ਚਾਰ ਚੁਫ਼ੇਰੇ ਵਿੱਖਰ ਗਈਆਂ ਸਨ। ਉਹ ਉੱਠਿਆ; ਨਾਲ ਦੇ ਖੂਹ ਤੋਂ ਨਹਾ ਕੇ ਪਰਤਦਾ ਹੋਇਆ ਢੋਲ ਵਾਲੇ ਘਰ ਜਾ ਖਲੋਤਾ ਤੇ ਉੱਥੇ ਮੰਜੀ ਤੇ ਲੰਮੇ ਪਏ ਇੱਕ ਬੰਦੇ ਵੱਲ ਵਹਿੰਦਿਆਂ ਪੁੱਛਿਆ:

"ਕੀ ਹੋ ਗਿਆ ਤਾਜੇ......?"

"ਕਰੁੰਡੀਆ ਸੱਪ ਲੜ ਗਿਆ ਏ......ਢੋਲ ਵਜਾਵਣੇ ਪਏ ਆਂ, ਕਿੱਧਰੇ ਸੌਂ ਨਾ ਜਾਵੇ!"

ਨੇੜੇ ਬੈਠੀ ਇੱਕ ਜ਼ਨਾਨੀ ਨੇ ਆਖਿਆ।

"ਕਿਸੇ ਨੂੰ ਸੱਦਿਆ......?"

"ਵੈਦ ਹੋਰੀਂ ਆਏ ਸਨ। ਅੱਕ ਦਾ ਦੁੱਧ ਲੈਵਣ ਗਏ ਨੇਂ......ਪਿੰਡੋਂ ਬਾਹਰ ਸ਼ਹਿਰ ਨੂੰ ਜਾਂਦੇ ਰਾਹ ਤੇ ਨਿੱਕੀ ਸਮਸਾਣੀ ਦੇ ਬੂਹੇ ਉੱਤੇ ਨੇਂ; ਹੁਣ ਪਰਤਦੇ ਈ ਹੋਵਣਗੇ।"

"ਰੱਬ ਚੰਗੀਆਂ ਕਰੇ!"

ਇੰਨੀ ਗੱਲ ਆਖ ਕੇ ਭਸ਼ਕੂ ਘਰ ਆਣ ਵੜਿਆ......ਤਿੰਨੇ ਕੁੜੀਆਂ ਤੇ ਰੇਸ਼ਮੇ ਚਾਕ ਤੇ ਬੈਠੀਆਂ ਦਿੱਸੀਆਂ। ਉਨ੍ਹਾਂ ਉੱਥੇ ਮਿੱਟੀ ਦੇ ਪੇੜੇ ਗੁੰਨ ਗੁੰਨ ਰੱਖੇ ਹੋਏ ਸਨ। ਭਸ਼ਕੂ ਵੀ ਉਨ੍ਹਾਂ ਦੇ ਨੇੜੇ ਜਾ ਬੈਠਾ। ਰੇਸ਼ਮੇ ਉੱਠ ਕੇ ਚੁਲ੍ਹਾਨੀ ਵੱਲ ਚਲੀ ਗਈ ਤੇ ਭਸ਼ਕੂ ਕੁੜੀਆਂ ਨਾਲ਼ ਗੱਲਾਂ ਕਰਨ ਲੱਗ ਪਿਆ। ਪਿਓ ਨਾਲ਼ ਹੱਸਣ ਖੇਡਣ ਵਿੱਚ ਈ ਰੇਸ਼ਮੇ ਨੇ ਰੋਟੀ ਟੁੱਕਰ ਤੇ ਲੱਸੀ ਉਹਦੇ ਅੱਗੇ ਲਿਆ ਧਰੀ। ਭਸ਼ਕੂ ਰੋਟੀ ਖਾਵਣ ਲੱਗ ਪਿਆ ਤੇ ਉੱਚਰਾਂ ਨੂੰ ਇੱਕ ਵਡੇਰੀ ਉਮਰ ਦੀ ਜ਼ਨਾਨੀ ਵੀ ਅੰਦਰ ਆਣ ਵੜੀ ਤੇ ਸਿੱਧੀ ਚਾਕ ਕੋਲ਼ ਆ ਬੈਠੀ।

"ਸਲਾਮ ਮਾਈ ਉਮਰਾਂ!"

ਕੁੜੀਆਂ ਨੇ ਅੱਗੇ ਵੱਧ ਕੇ ਸਿਰ ਤੇ ਪਿਆਰ ਲਿੱਤਾ ਤੇ ਉੱਠ ਕੇ ਖੱਡੀ ਵਾਲੀ ਕੋਠੜੀ ਨੂੰ ਟੁਰ ਗਈਆਂ।

"ਮੈਨੂੰ ਰੇਸ਼ਮੇ ਦੱਸਿਆ ਸੀ ਕਿ ਅੱਜ ਚਾਕ ਟੋਰਨਾ ਏ, ਤੇ ਮੈਂ ਵੀ......"

"ਚੰਗਾ ਕੀਤਾ ਜੇ!"

ਭਸ਼ਕੂ ਨੇ ਆਖਿਆ ਤੇ ਰੋਟੀ ਦੇ ਭਾਂਡੇ ਚੁਲ੍ਹਾਨੀ ਵਿੱਚ ਛੱਡ ਆਇਆ......ਆਣ ਕੇ ਪਹਿਲਾਂ ਪੇੜਿਆਂ ਉੱਤੇ ਤਰੌਂਕਾ ਲਾਇਆ ਤੇ ਫ਼ਿਰ ਇੱਕ ਪੇੜਾ ਸਿੱਧਾ ਕਰਦਿਆਂ ਚਾਕ ਉੱਤੇ ਧਰਿਆ ਤੇ ਹੇਠਾਂ ਉਹਦੇ ਪੈਰ ਉਸ ਨੂੰ ਘੁਮਾਉਣ ਲੱਗ ਪਏ।

"ਪੁੱਤਰ ਹੌਲੀ ਹੌਲੀ ਟੋਰੀ ਦਾ ਏ!"

ਮਾਈ ਉੱਮਰਾਂ ਆਖਿਆ।

"ਮਾਸੀ, ਅਜੇ ਤਾਂ ਸਿੱਧਾ ਪੱਧਰਾ ਈ ਕਰਨਾ ਪਿਆ ਵਾਂ ਕਿ ਕੱਖ ਕੁੱਖ ਪਰਾਂਹ ਹੋ ਜਾਵਣ!"

"ਤੇ ਕੀ ਬਣਾਉਣਾ ਏ......?"

"ਅੱਜ ਤਾਂ ਵੱਡੀਆਂ ਸੁਰਾਹੀਆਂ ਬਣਾਉਣੀਆਂ ਨੇਂ।"

"ਹੱਲਾ, ਪਹਿਲਾਂ ਉੱਤਲੇ ਬੁੱਤ ਉਸਾਰ ਤੇ ਫ਼ਿਰ ਹੇਠਲੇ ਪੇਟੇ!"

ਮਾਸੀ ਨੇ ਆਖਿਆ ਤੇ ਰੇਸ਼ਮੇ ਇੱਕ ਨਵਾਂ ਪੇੜਾ ਗੁੰਨ੍ਹਣ ਲੱਗ ਪਈ। ਭਸ਼ਕੂ ਦੇ ਹੱਥ, ਪੈਰ ਤੇ ਉਂਗਲਾਂ, ਇੱਕੋ ਸੁਰ ਵਿੱਚ ਹੋ ਗਏ ਤੇ ਇਸ ਨਾਲ਼ ਈ ਸੁਰਾਹੀ ਦਾ ਉੱਤਲਾ ਮੂੰਹ ਪੇੜੇ ਤੋਂ ਉਤਾਂਹ ਨੂੰ ਪੁੰਗਰਣ ਲੱਗ ਪਿਆ। ਮਾਈ ਉਮਰਾਂ ਫ਼ਿਰ ਬੋਲੀ :

"ਭਸ਼ਕੂ ਹੱਥ ਨਰਮ ਰੱਖ......ਇਹ ਇਸੇ ਤਰ੍ਹਾਂ ਏ ਜਿਵੇਂ ਬੰਦੇ ਦਾ ਅਪਣਾ ਬੁੱਤ ਹੁੰਦਾ ਏ। ਮਾੜਾ ਜਿਹਾ ਟੇਢਾ ਹੋਇਆ ਤੇ ਸਾਰੀ ਹਯਾਤੀ ਦਾ ਰੋਗ ਬਣ ਜਾਂਦਾ ਏ।"

"ਮਾਸੀ, ਅਸਾਂ ਤਾਂ ਬੁੱਤ ਈ ਉਸਾਰਣਾ ਏ......ਇਹਦੇ ਵਿੱਚ ਹਯਾਤੀ ਤਾਂ ਰੱਬ ਈ ਪਾਉਣੀ ਏ। ਜਦੋਂ ਚਾੜ੍ਹਿ ਆ ਇਨ੍ਹਾਂ ਨੂੰ ਆਵੀਆਂ ਵਿੱਚ, ਫ਼ਿਰ ਤਾਂ ਰੱਬ ਈ ਜਾਣੇ!"

"ਫ਼ਿਰ ਉਹੋ ਈ ਗੱਲਾਂ......ਭਸ਼ਕੂ, ਬਸ ਤੂੰ ਅਪਣਾ ਕੰਮ ਕਰ......ਰੱਬ ਖ਼ੈਰ ਈ ਕਰਸੀ!"

ਰੇਸ਼ਮੇ ਨੇ ਆਖਿਆ ਤੇ ਭਸ਼ਕੂ ਦੇ ਹੱਥ, ਪੇੜੇ ਸਿੱਧੇ ਕਰਦੇ ਰਹੇ ਤੇ ਪੈਰ ਚਾਕ ਘੁੰਮਾਉਂਦੇ ਰਹੇ। ਕਦੇ ਕਦੇ ਰੇਸ਼ਮੇ ਪਾਣੀ ਦਾ ਤਰੌਂਕਾ ਵੀ ਲਾਉਂਦੀ ਰਹੀ। ਇੱਕ ਸੁਰਾਹੀ ਦਾ ਬੁੱਤ ਹੇਠਾਂ ਲੱਥਿਆ; ਮਗਰੋਂ ਦੂਜਾ, ਤ੍ਰੀਜਾ, ਚੌਥਾ ਤੇ ਇਸੇ ਤਰ੍ਹਾਂ ਬੁੱਤ ਬਣ ਬਣ ਵੇੜ੍ਹੇ ਵਿੱਚ ਸੱਜਦੇ ਗਏ। ਡੀਗਰ ਵੇਲੇ ਜ਼ਿਮੀਂਦਾਰ ਫ਼ਿਰ ਬੂਹੇ ਤੇ ਆਣ ਖਲੋਤਾ। ਭਸ਼ਕੂ ਨੇ ਬੂਹਾ ਖੋਲ੍ਹਿਆ ਤੇ ਜ਼ਿਮੀਂਦਾਰ ਬੋਲਿਆ:

"ਥੋੜ੍ਹੀ ਦੇਰ ਨੂੰ ਨਵਾਬ ਸਾਹਿਬ ਦੀ ਬੱਘੀ ਲੰਘਣ ਵਾਲੀ ਏ। ਆਪਣੀ ਵੱਡੀ ਕੁੜੀ ਨੂੰ ਚੰਗੀ ਤਰ੍ਹਾਂ ਸ਼ਿੰਗਾਰ ਕੇ ਸੜਕ ਦੇ ਕੰਢੇ ਉੱਤੇ ਲੈ ਆ!"

"ਮੈਂ ਕਿਸੇ ਕਾਮੇ ਨਾਲ਼ ਕੁੜੀ ਵਿਆਹ ਦਿਆਂਗਾ; ਪਰ ਐਵੇਂ ਕੁੜੀ ਨਵਾਬ ਦੇ ਹੱਥ ਨਹੀਂ ਟੋਰਣੀ।"

"ਤੇਰੀ ਮਰਜ਼ੀ; ਸ਼ੈਤ ਤੂੰ ਨਹੀਂ ਜਾਣਦਾ ਕਿ ਲੋਕੀ ਆਪਣੇ ਸੱਕੇ ਪੁੱਤਰਾਂ ਨੂੰ ਭੈਣਾਂ ਦਾ ਮੁੱਖ ਨਹੀਂ ਵਖਾਉਂਦੇ ਕਿਉਂ ਜੇ ਪਹਿਲੀ ਵਾਰੀ ਨਵਾਬ ਸਾਹਿਬ ਤੱਕਣ ਤੇ ਉਨ੍ਹਾਂ ਦੇ ਦਿਨ ਫਿਰ ਜਾਵਣ।"



ਉਨ੍ਹਾਂ ਦੀਆਂ ਗੱਲਾਂ ਸੁਣ ਕੇ ਰੇਸ਼ਮੇ ਵੀ ਕੋਲ਼ ਆਣ ਖਲੋਤੀ:

"ਲੋਕ ਤੇ ਪਾਗਲ ਨੇਂ, ਉਨ੍ਹਾਂ ਦੀ ਆਪਣੀ ਮਰਜ਼ੀ......ਪਰ ਅਸੀਂ ਐਵੇਂ ਕੁੜੀ ਨਹੀਂ ਵਿਆਹੁਣੀ।"

"ਰੇਸ਼ਮੇ ਤੂੰ ਵੀ......!"

ਜ਼ਿਮੀਂਦਾਰ ਨੇ ਹੈਰਾਨੀ ਨਾਲ਼ ਆਖਿਆ।

"ਸਰਕਾਰ ਤੁਸੀਂ ਵੀ!"

ਰੇਸ਼ਮੇ ਨੇ ਪਰਤਾਵਾ ਦਿੱਤਾ ਤੇ ਜ਼ਿਮੀਂਦਾਰ ਹੋਰ ਕੁੱਝ ਆਖਿਆਂ ਬਿਨਾਂ ਪਰਤ ਗਿਆ।

ਘੰਟੇ ਕੁ ਮਗਰੋਂ ਰੇਸ਼ਮੇ ਤੇ ਭਸ਼ਕੂ ਦੋਵੇਂ ਸੜਕ ਦੇ ਕੰਢੇ ਜਾ ਖਲੋਤੇ। ਉੱਥੇ ਥਾਂ-ਥਾਂ ਕੁੜੀਆਂ ਵੋਹਟੀਆਂ ਬਣੀਆਂ, ਘੁੰਡ ਕੱਢੀ, ਪੈਰਾਂ ਭਾਰ ਭੋਏਂ ਤੇ ਬੈਠੀਆਂ ਹੋਈਆਂ ਸਨ। ਬੱਘੀ ਆਈ ਤੇ ਨਵਾਬ ਸਾਹਿਬ ਹਰ ਵੋਹਟੀ ਕੋਲ਼ ਪਲ ਦੀ ਪਲ ਖਲੋਵਣ, ਉਹਦਾ ਘੁੰਡ ਚੁੱਕਣ ਤੇ ਅਗਾਂਹ ਵੱਧ ਜਾਣ, ਪਰ ਜਾਂਦੇ ਸਮੇਂ ਵੋਹਟੀ ਦੀ ਝੋਲ਼ੀ ਵਿੱਚ ਕੁੱਝ ਸਿੱਕੇ ਸੁੱਟਦੇ ਜਾਵਣ। ਪੰਦਰਾਂ ਵੀਹ ਕੁੜੀਆਂ ਵੇਖਣ ਮਗਰੋਂ ਉਨ੍ਹਾਂ ਇੱਕ ਵੋਹਟੀ ਦਾ ਘੁੰਡ ਚੁੱਕਿਆ ਤੇ ਫ਼ਿਰ ਉਹਨੂੰ ਆਪਣੇ ਨਾਲ਼ ਬਿਠਾ ਲਿਆ ਤੇ ਬੱਘੀ ਅਗਾਂਹ ਨੂੰ ਟੁਰ ਗਈ। ਸੜਕ ਕੰਢੇ ਬੈਠੀਆਂ ਬਾਕੀ ਵੋਹਟੀਆਂ ਦੀਆਂ ਝੋਲੀਆਂ ਵਿੱਚ ਨਵਾਬ ਸਾਹਿਬ ਦੇ ਹਰਕਾਰੇ ਸਿੱਕੇ ਸੁੱਟਦੇ ਗਏ। ਇੰਨੇ ਵਿੱਚ ਬੰਦਿਆਂ ਤੇ ਜ਼ਨਾਨੀਆਂ ਦੀ ਇੱਕ ਭੀੜ ਕਾਲੂ ਦੇ ਆਲੇ ਦੁਆਲੇ ਲੱਗ ਗਈ:

"ਮੁਬਾਰਕ਼ਾਂ ਭਈ ਮੁਬਾਰਕ਼ਾਂ......ਕਾਲੂ ਤੈਨੂੰ ਬਹੁਤ ਬਹੁਤ ਮੁਬਾਰਕ਼ਾਂ ਹੋਵਣ......!"

ਇੱਕ ਵਡੇਰੀ ਉਮਰ ਦੇ ਬੰਦੇ ਨੇ ਆਖਿਆ।

"ਤੁਹਾਨੂੰ ਵੱਡਿਆਂ ਨੂੰ ਈ ਨੇਂ ਬਾਤਸ਼ਾਹੋ!"

ਦੂਜੇ ਲੋਕ ਵੀ ਉਹਨੂੰ ਮੁਬਾਰਕਾਂ ਦਿੰਦੇ ਰਹੇ ਤੇ ਕਾਲੂ ਦਾ ਮੁੱਖ ਖ਼ੁਸ਼ੀ ਨਾਲ਼ ਭਖ਼ਦਾ ਰਿਹਾ।

"ਕਾਲੂ ਤੇਰੀ ਅਤੇ ਤਾਰਾਂ ਦੀ ਕੀ ਸੁਣੀ ਗਈ......ਇਸ ਨਾਲ਼ ਤੁਹਾਡੇ ਸੱਭ ਦੇ ਭਾਗ ਜਾਗ ਪਏ ਨੇਂ!"

ਜ਼ਿਮੀਂਦਾਰ ਨੇ ਕਾਲੂ ਨੂੰ ਗਲ ਨਾਲ਼ ਲਾਉਂਦਿਆਂ ਆਖਿਆ।

"ਹੁਣ ਤਾਂ ਕਾਲੂ ਵੀ ਮਹਿਲ ਮਾੜੀਆਂ ਵਾਲਾ ਬਣ ਗਿਆ ਏ।"

ਨੇੜੇ ਖੜਾ ਇੱਕ ਹੋਰ ਬੰਦਾ ਬੋਲਿਆ।

"ਕਿਉਂ ਨਹੀਂ, ਪੰਦਰਾਂ ਵੀਹ ਪੈਲੀਆਂ ਤੇ ਲੱਭ ਈ ਜਾਣਗੀਆਂ।"

ਜ਼ਿਮੀਂਦਾਰ ਨੇ ਹੰਗੂਰਾ ਦਿੱਤਾ।

"ਆਖ਼ ਥੂਹ, ਲਾਅਨਤ ਏ ਕਾਲੂ ਤੇਰੇ ਉੱਤੇ......ਕੁੜੀ ਵੇਚ ਛੱਡੀ ਏ ਤੂੰ ਤੇ!"

ਭਸ਼ਕੂ ਨੇ ਭੋਏਂ ਤੇ ਪੈਰ ਮਾਰਦਿਆਂ ਆਖਿਆ ਤੇ ਜ਼ਿਮੀਂਦਾਰ ਨੂੰ ਡਾਢੀ ਕਾਵੜ ਚੜ੍ਹੀ:

"ਮੂੰਹ ਬੰਦ ਕਰ ਭਸ਼ਕੂਆ......ਅੱਜ ਤੋਂ ਇਹ ਵੀ ਇੱਕ ਜ਼ਿਮੀਂਦਾਰ ਏ!"

"ਕਿੱਧਰੇ ਤੇਰਾ ਪਿਓ ਵੀ ਇਸੇ ਤਰ੍ਹਾਂ ਜ਼ਿਮੀਂਦਾਰ ਤੇ ਨਹੀਂ ਸੀ ਬਣਿਆ?"

ਭਸ਼ਕੂ ਨੇ ਇੱਕ ਵਾਰੀ ਫ਼ਿਰ ਭੋਏਂ ਤੇ ਥੁੱਕਿਆ ਤੇ ਜ਼ਿਮੀਂਦਾਰ ਨੇ ਅਗਾਂਹ ਵੱਧ ਕੇ ਭਸ਼ਕੂ ਦੀ ਕੰਡ ਉੱਤੇ ਇੱਡੇ ਜ਼ੋਰ ਨਾਲ਼ ਸੋਟੀਆਂ ਕੱਢ ਮਾਰੀਆਂ ਕਿ ਉਹਦੀਆਂ ਚੀਕਾਂ ਨਿਕਲ ਗਈਆਂ।

ਸਰਮਦ ਨੇ ਆਪਣੀ ਕੰਡ ਵੱਲ ਧਿਆਨ ਮਾਰਿਆ ਤੇ ਉਹਨੂੰ ਲੱਗਾ ਜਿਵੇਂ ਉੱਥੇ ਵੀ ਲਾਸਾਂ ਪੈ ਗਈਆਂ ਸਨ। ਉਹਨੇ ਉਸੇ ਵੇਲੇ ਲੁੰਗੀ ਤੇ ਸਲੂਕਾ ਲਾਹ ਦਿੱਤਾ, ਜਿਹਦੇ ਨਾਲ਼ ਈ ਬੱਤੀਆਂ ਬੁੱਝ ਗਈਆਂ, ਪਰ ਟੇਬਲ ਲੈਂਪ ਜਗਦਾ ਰਿਹਾ; ਖੱਬੀ ਤੇ ਸੱਜੀ ਕੰਧ ਤੋਂ ਸ਼ੀਸ਼ੇ ਹਟ ਗਏ ਤੇ ਸਾਹਮਣਾ ਸ਼ੀਸ਼ਾ ਇੱਕ ਵਾਰੀ ਫ਼ਿਰ ਹਨੇਰੇ ਵਿੱਚ ਆ ਗਿਆ।

"ਇਸ ਤੋਂ ਚੰਗਾ ਸੀ ਕਿ ਮੈਂ ਦਿੱਤਾ ਸੈਣੀ ਈ ਬਣ ਜਾਂਦਾ......ਬੰਦੇ ਦੀ ਐਡੀ ਨਮੋਸ਼ੀ!"

ਸਰਮਦ ਨੇ ਆਪਣੇ ਆਪ ਨਾਲ਼ ਗੱਲ ਕਰਦਿਆਂ ਆਖਿਆ।

"ਤੂੰ ਦਿੱਤਾ ਸੈਣੀ ਵੀ ਨਹੀਂ ਬਣ ਸਕਦਾ......ਮਜ਼ਦੂਰੀ ਤੇਰੇ ਕੋਲੋਂ ਕਿੱਥੇ ਹੋਣੀ ਏ!"

ਦਿੱਤਾ ਸੈਣੀ ਦੇ ਲੀੜਿਆਂ 'ਚੋਂ ਵਾਜ ਆਈ।

"ਪਰ ਭਸ਼ਕੂ ਦਾ ਪਾਤਰ ਬਹੁਤ ਔਖਾ ਏ, ਮੇਰੇ ਕੋਲੋਂ ਜਰਿਆ ਨਹੀਂ ਜਾ ਸਕਦਾ। ਉਹ ਭਾਂਡਿਆਂ ਨੂੰ ਹਯਾਤੀ ਦਿੰਦਾ ਸੀ, ਪਰ ਉਹਦੀ ਆਪਣੀ ਕੋਈ ਹਯਾਤੀ ਨਹੀਂ ਸੀ।"

"ਹਯਾਤੀ ਦਾ ਹਰ ਪਾਤਰ ਇੰਜ ਦਾ ਈ ਹੁੰਦਾ ਏ, ਸਰਮਦ ਸਾਹਿਬ! ਪਰ ਤੁਸੀਂ ਬਣਨਾ ਏ ਸੁਪਰ ਸਟਾਰ......ਸਿਲਵਰ ਸਕਰੀਨ ਦਾ ਸੁਪਰ ਸਟਾਰ।"

ਸ਼ੀਸ਼ਾ ਬੋਲਿਆ।

"ਡਾਇਰੈਕਟਰ ਸਾਹਿਬ, ਹਰ ਨਵੇਂ ਸਕਰਿਪਟ ਤੋਂ ਪਹਿਲਾਂ ਤੁਸੀਂ ਇਹ ਗੱਲਾਂ ਜ਼ਰੂਰ ਦੁਹਰਾਣੀਆਂ ਹੁੰਦੀਆਂ ਨੇਂ......?"

ਸਰਮਦ ਨੇ ਹੌਲੀ ਜਿਹੀ ਹੱਸ ਕੇ ਆਖਿਆ।

"ਕਿਉਂ ਨਾ ਦੁਹਰਾਵਾਂ......ਤੂੰ ਜਦ ਮੈਨੂੰ ਡਾਇਰੈਕਟਰ ਮੰਨ ਲਿਆ ਤੇ ਫ਼ਿਰ ਤੈਨੂੰ ਹਰ ਸ਼ੈ ਦੱਸਣੀ ਮੇਰੇ ਲਈ ਜ਼ਰੂਰੀ ਹੋ ਗਈ ਕਿ ਜਿਸ ਪਾਤਰ ਵੱਲ ਤੂੰ ਟੁਰਨਾ ਪਿਆ ਵੇਂ ਇਸ ਵਿੱਚ ਤੇਰਾ ਅਪਣਾ ਪਾਤਰ ਵੀ ਕਿਧਰੇ ਗਵਾਚ ਨਾ ਜਾਵੇ......ਅਰਥ ਇਹ ਕਿ ਖੇਡ ਖੇਡ ਵਿੱਚ ਕਿਧਰੇ ਹਾਸੇ ਦਾ ਮੜ੍ਹਾਸਾ ਈ ਨਾ ਬਣ ਜਾਵੇ!"

"ਤੂੰ ਆਪ ਵੀ ਤੇ ਆਖਿਆ ਸੀ ਕਿ ਪਾਤਰ ਖੇਡਦੇ ਵੇਲੇ ਇੰਜ ਦਾ ਖੇਡੇ ਕਿ ਉਹਦੀ ਆਪਣੀ ਹਸਤੀ ਕਿਧਰੇ ਨਾ ਰਹਵੇ!"

"ਠੀਕ ਆਖਣਾ ਏਂ......ਮੈਂ ਇਹੋ ਈ ਗੱਲ ਆਖੀ ਸੀ। ਪਰ ਤੈਨੂੰ ਪਤਾ ਹੋਣਾ ਚਾਹੀਦਾ ਏ ਕਿ ਹਯਾਤੀ ਦੇ ਗਿਣਤੀਓਂ ਬਾਹਰ ਰੂਪ ਨੇਂ ਤੇ ਪਾਤਰਾਂ ਦੀਆਂ ਵੀ ਬਥੇਰੀਆਂ ਸ਼ਕਲਾਂ ਨੇਂ......ਤੂੰ ਕਿਹਦਾ ਕਿਹਦਾ ਮਖੌਟਾ ਆਪਣੇ ਮੂੰਹ ਤੇ ਸਜਾਵੇਂਗਾ......ਮੈਨੂੰ ਤੇ ਇਹ ਡਰ ਏ ਕਿ ਇਸ ਵਿੱਚ ਸਰਮਦ ਦੀ ਆਪਣੀ ਈ ਸ਼ਕਲ ਕਿਧਰੇ ਗਵਾਚ ਨਾ ਜਾਵੇ!"

ਸ਼ੀਸ਼ੇ ਦੀਆਂ ਗੱਲਾਂ ਸੁਣ ਕੇ ਸਰਮਦ ਨੇ ਇੱਕ ਵਾਰੀ ਫ਼ਿਰ ਸਿਗਰੇਟ ਦੀ ਡੱਬੀ ਖੋਲ੍ਹ ਲਈ ਤੇ ਚਾਹ ਦਾ ਮੱਗ ਵੀ ਭਰ ਲਿਆ। ਸਕਰਿਪਟ ਇੱਕ ਵਾਰੀ ਫ਼ਿਰ ਮੇਜ਼ ਉੱਤੇ ਆ ਗਏ। ਸਰਮਦ ਪੜ੍ਹਣ ਲੱਗ ਪਿਆ ਤੇ ਨਾਲ਼ ਪਏ ਲੀੜੇ ਅਪਣੀਆਂ ਗੱਲਾਂ ਕਰਨ ਲੱਗ ਪਏ। ਉਨ੍ਹਾਂ ਦੇ ਨਾਲ਼ ਵਿੱਚ ਵਿੱਚ ਹਾਰਮੋਨੀਅਮ ਵੀ ਵੱਜਣ ਲੱਗ ਪਿਆ। ਪਰ ਸਰਮਦ ਆਪਣੇ ਧਿਆਨੇ ਗੌਹ ਨਾਲ਼ ਸਕਰਿਪਟ ਵੇਖਦਾ ਰਿਹਾ। ਹਾਰਮੋਨੀਅਮ ਨੇ ਇੱਕ ਵਾਰੀ ਫ਼ਿਰ ਸਰਗਮ ਛੇੜੀ:

"ਸਾਰੇ ਗਾ ਪਾ ਧਾ ਸਾ!"

"ਇਹ ਫ਼ਿਰ ਭੋਪਾਲੀ ਬਣ ਗਿਆ।"

ਸ਼ੀਸ਼ਾ ਹੱਸਦਾ ਹੱਸਦਾ ਬੋਲਿਆ ਤੇ ਮੌਜੀ ਖ਼ਾਨ ਦੇ ਲੀੜਿਆਂ 'ਚੋਂ ਅਸਥਾਈ ਟੁਰ ਪਈ:



"ਲਾਗੇ ਰੇ ਨੈਣ ਤੁਮ ਸੇ ਪੀਆ ਮੋਰੇ
ਘੜੀ ਪਲ ਛਣ ਨਾਹੀਂ, ਚੇਨ ਪੜਤ ਮੋਹੇ
ਲਾਗੇ ਰੇ ਨੈਣ ਤੁਮ ਸੇ ਪੀਆ ਮੋਰੇ
ਜਬ ਸੇ ਪਿਆ ਪ੍ਰਦੇਸ ਗਿਓ ਰੇ
ਜਬ ਸੇ ਪਿਆ ਪ੍ਰਦੇਸ ਗਿਓ ਰੇ
ਦੇਖੀ ਸੁਰਤੀਆ ਦੇਰ ਭਿਓ ਰੇ
ਦੇਖੀ ਸੁਰਤੀਆ ਦੇਰ ਭਿਓ ਰੇ
ਬਿਨਤੀ ਕਰਤ ਹੂੰ ਮੈਂ ਪਈਆਂ ਪੜਤ ਹੂੰ
ਲਾਗੇ ਰੇ ਨੈਣ ਤੁਮ ਸੇ ਪਿਆ ਮੋਰੇ"

ਸਰਮਦ ਨੇ ਚੋਖੇ ਗ਼ੁੱਸੇ ਨਾਲ਼ ਲੀੜਿਆਂ ਵੱਲ ਤੱਕਿਆ ਤੇ ਸ਼ੀਸ਼ੇ 'ਚੋਂ ਇੱਕ ਵਾਰੀ ਫ਼ਿਰ ਵਾਜ ਆਈ:

"ਇਸ ਅਸਥਾਈ ਨੂੰ ਕੁੱਝ ਉਸਤਾਦ ਜੈਤ ਕਲਿਆਣ ਆਖਦੇ ਨੇਂ।"

"ਤੁਸੀਂ ਮਿਊਜ਼ਿਕ ਡਾਇਰੈਕਟਰ ਵੀ ਓ?"

ਸਰਮਦ ਨੇ ਹੱਸ ਕੇ ਆਖਿਆ।

"ਇਹਨੂੰ ਬਹੁਤਾ ਵੱਡੇ ਖ਼ਾਨ ਗਾਉਂਦੇ ਸਨ। ਇਹ ਭੋਪਾਲੀ ਏ ਜਾਂ ਜੈਤ ਕਲਿਆਣ, ਸਾਨੂੰ ਕੀ!"

ਮੌਜੀ ਖ਼ਾਨ ਦੇ ਲੀੜਿਆਂ 'ਚੋਂ ਵਾਜ ਆਈ।

"ਤੁਸੀਂ ਤੇ ਚੁੱਪ ਕਰੋ! ਇਹ ਕਿਹੋ ਜਿਹਾ ਅਚਰਜ ਪਾਤਰ ਸਾਹਮਣੇ ਆ ਗਿਆ ਏ......ਛੰਮੀ ਪਹਿਲਵਾਨ......ਉਮਰ ਨੱਬੇ ਵਰ੍ਹੇ......ਸਾਰੀ ਹਯਾਤੀ ਯਾਰਾਂ ਨਾਲ਼ ਪੁਰਾਣੇ ਸ਼ਹਿਰ ਦੇ ਬਾਹਰ ਬਾਗ਼ ਵਿੱਚ ਤਾਸ਼ ਖੇਡਦਿਆਂ ਲੰਘਾ ਛੱਡੀ......ਦੋਹਤਰਿਆਂ ਪੋਤਰਿਆਂ ਵਾਲਾ ਹੋ ਗਿਆ ਪਰ ਹੁਣ ਤੀਕਰ ਕੋਈ ਕੰਮ ਕਾਰ ਨਾ ਕੀਤਾ।"

ਸਰਮਦ ਨੇ ਪੰਨੇ ਉੱਥਲਦਿਆਂ ਆਖਿਆ।

"ਚਲੋ ਸਰਕਾਰ, ਕੋਈ ਇੰਜ ਦਾ ਪਾਤਰ ਵੀ ਕਰ ਲਵੋ, ਜਿਹੜਾ ਕੰਮਾਂ ਕਾਰਾਂ ਤੇ ਪੈਸੇ ਦੀ ਦੌੜ ਤੋਂ ਬਾਹਰ ਹੋਵੇ!"

ਸ਼ੀਸ਼ੇ 'ਚੋਂ ਵਾਜ ਆਈ।

"ਇੰਜ ਦੇ ਪਾਤਰ ਵੀ ਹੁੰਦੇ ਨੇਂ ?"

"ਕਿਉਂ ਨਹੀਂ ਹੁੰਦੇ......ਹੁੰਦੇ ਨੇਂ ਤੇ ਅਗਲਿਆਂ ਲਿਖੇ ਨੇਂ......ਇਹ ਕੋਈ ਮਰੀਖ਼ ਉੱਤੇ ਪਹੁੰਚਣ ਦੀ ਕਹਾਣੀ ਤੇ ਨਹੀਂ ਸੋਹਣਿਆ!"

"ਚੱਲੋ, ਇੰਜ ਈ ਸਹੀ!"

ਸਰਮਦ ਇਹ ਆਖ ਕੇ ਇੱਕ ਵਾਰੀ ਫ਼ਿਰ ਵਾਰਡਰੋਬ ਵੱਲ ਟੁਰ ਗਿਆ। ਇੱਕ ਕੱਸੀ ਹੋਈ ਮੂੰਗੀਆ ਰੰਗ ਦੀ ਸਲਵਾਰ ਕਮੀਜ਼ ਪਾਈ। ਬੱਤੀਆਂ ਇੱਕ ਵਾਰੀ ਫ਼ਿਰ ਜਗ ਪਈਆਂ ਤੇ ਸਰਮਦ ਦੇ ਸਾਰੇ ਵਾਲ਼ ਚਿੱਟੇ ਹੋ ਗਏ......ਤਿੰਨਾਂ ਕੰਧਾਂ ਉੱਤੇ ਸ਼ੀਸ਼ੇ......ਉਹਨੇ ਪਿਛਾਂਹ ਮੁੜ ਕੇ ਤੱਕਿਆ ਤੇ ਬੂਹਾ ਪਹਿਲਾਂ ਵਾਂਗ ਬੇਰੰਗ ਦਿੱਸਿਆ। ਸ਼ਹਿਰ ਦੇ ਬਾਹਰ ਵੱਗਦੀ ਬਦਰੋ ਦੇ ਨਾਲ਼ ਮੈਲ਼ੀ ਜਿਹੀ ਕੰਧ ਉੱਤੇ ਕੁੱਝ ਇਸ਼ਤਿਹਾਰ ਲਿਖੇ ਹੋਏ ਸਨ:

"ਮਰਦ-ਏ-ਮੋਮਿਨ ਮਰਦਿ -ਹੱਕ ਜ਼ਿਆ-ਉਲ-ਹੱਕ ਜ਼ਿਆ-ਉਲ-ਹੱਕ"

"ਕੁਦਰਤੀ ਤਰੀਕੇ ਸੇ ਨਿਸਵਾਨੀ ਹੁਸਨ ਬੜ੍ਹਾਈਏ"

"ਯੇ ਕੌਣ ਕੁੱਤੇ ਕਾ ਬੱਚਾ ਪਿਸ਼ਾਬ ਕਰ ਰਿਹਾ ਹੈ"

ਨਾਲੇ ਦੇ ਨਾਲ਼ ਨਾਲ਼ ਡੋਰ ਲਾਉਣ ਵਾਲਿਆਂ ਦਾ ਅੱਡਾ ਵੀ ਸੀ, ਜਿੱਥੇ ਦੋ ਬੰਦੇ ਬਾਂਹਾਂ ਨੂੰ ਸੱਜੇ ਖੱਬੇ ਕਰਦਿਆਂ ਤਣੇ ਹੋਏ ਧਾਗੇ ਤੰਦੀ ਉੱਤੇ ਬੜੇ ਧੜੱਲੇ ਨਾਲ਼ ਮਸਾਲਾ ਫੇਰ ਰਹੇ ਸਨ। ਇਸ ਤੋਂ ਪਰਾਂਹ ਬੁੱਢੇ ਬੋਹੜ ਹੇਠ ਕੁੱਝ ਬਾਬੇ ਤਾਸ਼ ਖੇਡਦੇ ਪਏ ਸਨ।

"ਆ ਭਈ ਅਨਾਇਤ ਮਸੀਹ ਆਜਾ, ਪੱਤੇ ਵੰਡ!"

ਇੱਕ ਬਾਬੇ ਨੇ ਸਰਮਦ ਨੂੰ ਸੱਦ ਮਾਰੀ।

"ਕਿੰਨੀ ਵਾਰੀ ਆਖਿਆ ਏ ਮਲਿਕ ਸਾਹਿਬ, ਮੇਰਾ ਨਾਂ ਅਨਾਇਤੀ ਖ਼ਾਨ ਏ। ਮਸੀਹ ਤੇ ਵੰਡ ਤੋਂ ਪਹਿਲਾਂ ਮੇਰਾ ਪਿਓ ਸੀ; ਮੈਂ ਤਾਂ ਸ਼ਾਹੀ ਮਸੀਤ ਦੇ ਇਮਾਮ ਹੱਥ ਕਲਮੇ ਪੜ੍ਹੇ ਸਨ।"

ਸਰਮਦ ਨੇ ਉਨ੍ਹਾਂ ਦੇ ਕੋਲ਼ ਬਹਿੰਦਿਆਂ ਆਖਿਆ।

"ਠੀਕ ਆਂਹਦੇ ਨੇਂ ਮਲਿਕ ਸਾਹਿਬ......ਪਰ ਤੂੰ ਅਨਾਇਤੀ ਖ਼ਾਨ ਤੋਂ ਕਿਵੇਂ ਛੰਮੀ ਪਹਿਲਵਾਨ ਹੋਇਆ, ਸੱਭ ਜਾਣਦੇ ਨੇਂ!"

ਨਾਲ ਦੇ ਬਾਬੇ ਨੇ ਆਖਿਆ ਤੇ ਇੰਨੇ ਵਿੱਚ ਤਿੰਨ ਚਾਰ ਮੁੰਡੇ ਵੀ ਉਨ੍ਹਾਂ ਦੇ ਨੇੜੇ ਆਣ ਬੈਠੇ।

"ਪਹਿਲਵਾਨ ਜੀ, ਐਵੇਂ ਕਿਵੇਂ?"

ਇੱਕ ਮੁੰਡੇ ਨੇ ਪੁੱਛਿਆ ਤੇ ਦੂਜਾ ਬੋਲਿਆ:

"ਐਵੇਂ ਐਵੇਂ ਈ......ਇਹ ਵੰਡ ਤੋਂ ਪਹਿਲਾਂ ਕਿਹੜਾ ਚਰਚ ਜਾਂਦਾ ਸੀ ਤੇ ਵੰਡ ਮਗਰੋਂ ਕਿਹੜਾ ਮਸੀਤੇ ਵੜਿਆ ਏ......ਸਾਡੇ ਨਾਲ਼ ਇੱਥੇ ਬਾਗ਼ ਵਿੱਚ ਈ ਵਿਹਲਿਆਂ ਬਹਿ ਕੇ ਸਾਰੀ ਹਯਾਤੀ ਹੰਢਾ ਛੱਡੀ।"

ਪਹਿਲੇ ਬਾਬੇ ਨੇ ਹੱਸਦਿਆਂ ਆਖਿਆ।

"ਛੰਮੀ ਪਹਿਲਵਾਨ ਜੀ......ਸੁਣਿਆ ਏ, ਤੁਹਾਡੇ ਕੁੱਝ ਸੱਜਣ ਯਾਰ ਕਰੋੜਾਂਪਤੀ ਹੋ ਗਏ ਨੇਂ, ਪਰ ਤੁਸੀਂ ਅਜੇ ਤਾਈਂ ਆਪਣੇ ਜੱਦੀ ਪੁਸ਼ਤੀ ਪੁਰਾਣੇ ਘਰ ਵਿੱਚ ਈ ਰਹਿੰਦੇ ਪਏ ਓ, ਮੁਹੱਲਾ ਖ਼ਰਾਦੀਆਂ ਵਿੱਚ!"

ਇਕ ਮੁੰਡੇ ਨੇ ਪੁੱਛਿਆ।

"ਨਹੀਂ ਨਹੀਂ, ਇਸਦੇ ਨਾਲ਼ ਮਕਾਨ ਹੇਠ ਬਣੀਆਂ ਦੋ ਹੱਟੀਆਂ ਦਾ ਕਿਰਾਇਆ ਵੀ ਖਾਦਾ ਏ ਸਾਰੀ ਹਯਾਤੀ......ਇੱਕ ਸੌ ਦਸ ਰੁਪੱਈਆ ਮਹੀਨਾ!"

ਇੱਕ ਹੋਰ ਬਾਬੇ ਨੇ ਸੇਂਤਰ ਮਾਰਦਿਆਂ ਆਖਿਆ।

"ਤੁਸੀਂ ਕਿਹੜੀਆਂ ਗੱਲਾਂ ਛੋਹ ਲਈਆਂ ਨੇਂ?"

ਛੰਮੀ ਪਹਿਲਵਾਨ ਨੇ ਅਵਾਜ਼ਾਰ ਹੋ ਕੇ ਆਖਿਆ ਤੇ ਸ਼ੀਸ਼ਾ ਫ਼ਿਰ ਹੱਸ ਪਿਆ:

"ਇਹ ਵੇਲੇ ਬਾਬੇ ਦਾ ਪਾਤਰ ਏ......ਵੇਲਾ ਵੀ ਤੇ ਬਾਬਾ ਵੀ......ਇਹ ਦੋਹਰਾ ਪਾਤਰ ਨਿਭਾਉਣਾ ਕੋਈ ਸੌਖਾ ਕੰਮ ਨਹੀਂ!"

"ਕੀ ਅੱਜ ਤਾਸ਼ ਨਹੀਂ ਖੇਡਣੀ......?"

ਛੰਮੀ ਪਹਿਲਵਾਨ ਨੇ ਗ਼ੁੱਸੇ ਨਾਲ਼ ਆਖਿਆ।



"ਤਾਸ਼ ਤਾਂ ਰੋਜ਼ ਈ ਖੇਡਦੇ ਜੇ, ਪਰ ਅੱਜ ਪਹਿਲਾਂ ਸਾਨੂੰ ਆਪਣੀ ਕਹਾਣੀ ਸੁਣਾਵੋ!"

ਇੱਕ ਮੁੰਡੇ ਨੇ ਆਖਿਆ ਤੇ ਰਹਿੰਦਿਆਂ ਨੇ ਵੀ ਇਹੋ ਜ਼ਿੱਦ ਫੜ ਲਈ।

"ਚਲੋ ਫ਼ਿਰ ਸਾਕੇ ਕੋਲੋਂ ਲੱਸੀ ਕੁਲਚਾ ਮੰਗਵਾਓ!"

ਛੰਮੀ ਪਹਿਲਵਾਨ ਨੇ ਮੁੰਡਿਆਂ ਨੂੰ ਆਖਿਆ।

"ਲੋ, ਇਹ ਕਿਹੜੀ ਗੱਲ ਏ!"

ਇੱਕ ਮੁੰਡਾ ਨੱਸਦਾ ਗਿਆ ਤੇ ਉਹਨੇ ਵਾਪਸ ਆ ਕੇ ਚਾਰ ਗਲਾਸ ਲੱਸੀ ਤੇ ਪੰਜ ਕੁਲਚੇ ਬਾਬਿਆਂ ਦੇ ਸਾਹਮਣੇ ਆਣ ਧਰੇ। ਛਮੀ ਪਹਿਲਵਾਨ ਨੇ ਕੁਲਚਾ ਖਾ ਕੇ ਲੱਸੀ ਦਾ ਗਲਾਸ ਪੀਤਾ ਤੇ ਲੱਤਾਂ ਚੌੜੀਆਂ ਕਰ ਕੇ ਬਹਿ ਗਿਆ।

"ਲੌ ਭਈ ਜਵਾਨੋ......ਗੱਲ ਐਵੇਂ ਜੇ ਕਿ ਜਿੱਥੇ ਅੱਜ ਇਹ ਰੇਲ ਦਾ ਸਟੇਸ਼ਨ ਬਣਿਆ ਏ, ਇਸ ਤੋਂ ਕੁੱਝ ਪਰਾਂਹ ਮੁਹੱਲਾ ਖ਼ਾਕਰੋਬਾਂ ਹੁੰਦਾ ਸੀ......ਲਾਹੌਰ ਹੋਟਲ ਤੋਂ ਕੁਝ ਅਗਾਂਹ ਸ਼ਾਹ ਅਬੁਲ-ਮੁਆਲੀ (ਰਹਿ।) ਦੇ ਮਜ਼ਾਰ ਦੇ ਨੇੜੇ। ਮੇਰਾ ਦਾਦਾ ਰਣਜੀਤ ਸਿੰਘ ਦੇ ਵੇਲੇ ਸ਼ਹਿਰ ਦਾ ਇੱਕ ਮਾਸ਼ਕੀ ਸੀ। ਉਹਦਾ ਨਾਂ ਬੌਲ਼ਾ ਸਾਈਂ ਸੀ ਕਿਉਂਜੇ ਉਹ ਉੱਚਾ ਸੁਣਦਾ ਸੀ। ਅਸੀਂ ਕਈਆਂ ਪੀੜ੍ਹੀਆਂ ਤੋਂ ਮਾਸ਼ਕੀ ਸਾਂ। ਸਾਡਾ ਕਰਮ ਧਰਮ ਸੱਭ ਮਸ਼ਕ ਈ ਸੀ......ਲੋਕਾਂ ਦੀ ਤ੍ਰੇਹ ਤੇ ਸਾਡੀ ਰੋਜ਼ੀ ਰੋਟੀ! ਫ਼ਿਰ ਜਦੋਂ ਸਰਕਾਰ ਅੰਗਰੇਜ਼ ਦਾ ਰਾਜ ਆਇਆ, ਉਨ੍ਹਾਂ ਨਵੇਂ ਨਵੇਂ ਕੰਮ ਕੀਤੇ। ਲੋਕਾਂ ਦੀ ਕੰਮਾਂ ਕਾਰਾਂ ਦੇ ਹਿਸਾਬ ਨਾਲ਼ ਗਿਣਤੀ ਕੀਤੀ; ਜਾਤਾਂ ਵੱਖਰੀਆਂ ਕੀਤੀਆਂ; ਧਰਮਾਂ ਦੇ ਮਾਨਣ ਆਲਿਆਂ ਦੀ ਗਿਣਤੀ ਵੱਖਰੀ ਹੋਈ। ਜਿਹੜੇ ਹਰ ਕਿਸੇ ਨੂੰ ਮੰਨਦੇ ਸਨ, ਉਨ੍ਹਾਂ ਨੂੰ ਆਖਿਆ ਗਿਆ ਕਿ ਬਸ ਹੁਣ ਇੱਕ ਨੂੰ ਈ ਮੰਨੋ। ਇਸ ਵੇਲੇ ਜਿਹੜੇ ਈਸਾਈ ਧਰਮ ਵਿੱਚ ਜਾਂਦੇ ਸਨ, ਉਨ੍ਹਾਂ ਨੂੰ ਸੌਖਤਾਂ ਵੀ ਲੱਭਦੀਆਂ ਸਨ। ਮੇਰੇ ਪਿਓ ਦਾ ਵੇਲ਼ਾ 1902 ਈ ਦੇ ਨੇੜੇ ਦਾ ਸੀ; ਉਹ ਪਹਿਲਾਂ ਕੁੱਝ ਹਿੰਦੂ ਤੇ ਕੁੱਝ ਮੁਸਲਮਾਨ ਸੀ; ਪੈਗ਼ੰਬਰਾਂ ਵਲੀਆਂ ਨੂੰ ਵੀ ਮੰਨਦਾ ਸੀ ਤੇ ਗੁਰੂਆਂ ਅੱਗੇ ਵੀ ਮੱਥਾ ਟੇਕਦਾ ਸੀ; ਅਖ਼ੀਰ ਉਹਨੇ ਗਲ਼ ਵਿੱਚ ਸਲੀਬ ਪਾ ਲਈ। ਅੰਗਰੇਜ਼ਾਂ ਨੂੰ ਪਹਿਲਵਾਨਾਂ ਦੇ ਘੋਲ਼ ਵੇਖਣ ਦੇ ਨਾਲ਼ ਨਾਲ਼ ਮੁਸਲਮਾਨ ਮੌਲਵੀਆਂ ਤੇ ਈਸਾਈ ਪਾਦਰੀਆਂ ਦੇ ਮੁਨਾਜ਼ਰੇ ਕਰਵਾਣ ਦੀ ਵੀ ਬੜੀ ਚਾਹ ਸੀ। ਇੱਕ ਵਾਰੀ ਇੰਝ ਹੋਇਆ ਕਿ ਵਜ਼ੀਰ ਖ਼ਾਨ ਦੀ ਮਸੀਤ ਦਾ ਮੌਲਵੀ ਜਿਹਦਾ ਨਾਂ ਅਹਿਮਦ ਸ਼ਾਹ ਸੀ, ਇੱਕ ਮੁਨਾਜ਼ਰਾ ਹਰ ਗਿਆ ਤੇ ਮਗਰੋਂ ਈਸਾਈ ਹੋ ਕੇ ਅਹਿਮਦ ਸ਼ਾਹ ਪਾਦਰੀ ਦੇ ਨਾਂ ਨਾਲ਼ ਮਸ਼ਹੂਰ ਹੋ ਗਿਆ......ਅੰਗਰੇਜ਼ਾਂ ਥਾਂ ਥਾਂ ਚਰਚ ਖੋਲ੍ਹੇ ਸਨ ਤੇ ਉਹ ਅਨਾਰਕਲੀ ਦੇ ਇੱਕ ਚਰਚ ਵਿੱਚ ਪਾਦਰੀ ਲੱਗ ਗਿਆ। ਫ਼ਿਰ ਉਹਨੇ ਮੁਸਲਮਾਨਾਂ ਦੇ ਵਿਰੋਧ ਵਿੱਚ ਕਈ ਜ਼ਹਿਰ ਭਰੀਆਂ ਕਿਤਾਬਾਂ ਲਿਖੀਆਂ।"

"ਓਏ ਅਨਾਇਤਿਆ, ਪਿਓ ਤੇਰਾ ਈਸਾਈ ਤੇ ਤੂੰ ਮੁਸਲਮਾਨਾਂ ਦੇ ਹੱਕ ਵਿੱਚ ਗੱਲ ਪਿਆ ਕਰਨਾ ਏਂ!"

ਇੱਕ ਬਾਬੇ ਨੇ ਸਿਗਰੇਟ ਲਾਉਂਦਿਆਂ ਆਖਿਆ।

"ਮੈਂ ਮੁਸਲਮਾਨਾਂ ਦੀ ਨਹੀਂ, ਬੰਦਿਆਂ ਦੇ ਹੱਕ ਦੀ ਗੱਲ ਕਰਨਾ ਪਿਆ ਵਾਂ। ਕਿਸੇ ਬੰਦੇ ਨੂੰ ਇਹ ਹੱਕ ਨਹੀਂ ਕਿ ਉਹ ਕਿਸੇ ਵੀ ਦੂਜੇ ਧਰਮ ਅਤੇ ਆਦਰਵਾਨ ਬੰਦਿਆਂ, ਥਾਵਾਂ ਦੀ ਨਿੰਦਿਆ ਕਰੇ......ਇੰਜ ਤਾਂ ਸਮਾਜ ਵਿੱਚ ਨਿਰਾ ਫ਼ਸਾਦ ਪੈ ਜਾਵੇਗਾ।"

ਛੰਮੀ ਪਹਿਲਵਾਨ ਨੇ ਗੱਲ ਅੱਗੇ ਵਧਾਈ ਤੇ ਇੱਕ ਮੁੰਡੇ ਨੇ ਪਹਿਲਵਾਨ ਨੂੰ ਵਰਜਦਿਆਂ ਆਖਿਆ:

"ਓ-ਹੋ, ਬਾਬਾ ਜੀ ਤੁਸੀਂ ਆਪਣੀ ਗੱਲ ਕਰੋ......ਇਹ ਕਿਹੋ ਜਿਹੀਆਂ ਗੱਲਾਂ ਛੋਹ ਦਿੱਤੀਆਂ ਜੇ!"

"ਮੈਂ ਦੱਸ ਰਿਹਾ ਸਾਂ ਕਿ ਅੰਗਰੇਜ਼ਾਂ ਕਿਵੇਂ ਦੀਆਂ ਵੰਡਾਂ ਪਾਈਆਂ। ਫ਼ਿਰ ਜਰਮਨੀ ਤੋਂ ਹਿਟਲਰ ਉੱਠਿਆ ਤੇ ਇੱਥੇ ਦੇ ਲੋਕਾਂ ਨੂੰ ਲੱਗਿਆ ਕਿ ਐਵੇਂ ਅੰਗਰੇਜ਼ਾਂ ਵੀ ਇੱਥੋਂ ਟੁਰ ਜਾਵਣਾ। ਇੰਨੇ ਵਿੱਚ ਦੂਜੇ ਪਾਸਿਓਂ ਸਟਾਲਿਨ ਦੇ ਨਾਲ਼ ਰੋਸ ਦੀ ਸ਼ਕਲ ਵੀ ਬਦਲਣ ਲੱਗ ਪਈ। ਰੂਸ ਖ਼ੌਰੇ ਵਾਰੇ ਵਿੱਚ ਸੀ, ਪਰ ਸੋਸ਼ਲਿਜ਼ਮ ਅੰਗਰੇਜ਼ਾਂ ਦੇ ਵਾਰੇ ਵਿੱਚ ਨਹੀਂ ਸੀ। ਦੋਵੇਂ ਵੱਡੀਆਂ ਲਾਮਾਂ ਤਾਂ ਮੁੱਕ ਗਈਆਂ, ਪਰ ਥਾਂ-ਥਾਂ ਜੰਗ ਆਪਣੀ ਵੱਖਰੀ ਸ਼ਕਲ ਵਿੱਚ ਲੱਗੀ ਰਹੀ। ਸਾਰੀਆਂ ਜੰਗਾਂ ਧਰਮਾਂ ਨਾਵੇਂ ਲਾਈਆਂ ਗਈਆਂ ਸਨ, ਪਰ ਇਨ੍ਹਾਂ ਦਾ ਅਸਲ ਕਾਰਨ ਤਾਂ ਮੰਡੀਆਂ ਸਨ। ਇੰਜ ਦੀਆਂ ਖੇਡਾਂ ਫ਼ਿਰ ਉੱਥੇ ਵੀ ਖੇਡੀਆਂ ਗਈਆਂ......ਦੋ ਦੇਸ ਅੰਗਰੇਜ਼ਾਂ ਉਸਾਰੇ ਤੇ ਮਗਰੋਂ ਤਿੰਨ ਹੋ ਗਏ। ਵੰਡ ਦੀਆਂ ਨੀਂਹਾਂ ਦੁਸ਼ਮਣੀ, ਲਹੂ ਤੇ ਵਿਛੋੜੇ ਉੱਤੇ ਧਰੀਆਂ ਗਈਆਂ। ਉਨ੍ਹਾਂ ਦੋਹਾਂ ਤਿੰਨਾਂ ਨੂੰ ਅਸਲਾ ਵੇਚ ਵੇਚ ਲੱਖਾਂ ਤੇ ਕਰੋੜਾਂ ਡਾਲਰ ਕਮਾਏ। ਜਿੱਥੋਂ ਤਾਈਂ ਮੇਰੀ ਗੱਲ ਏ, ਮੈਂ ਵੰਡ ਮਗਰੋਂ ਬਸ ਇਸੇ ਕਾਰਨ ਮੁਸਲਮਾਨ ਹੋਇਆ ਕਿ ਮੇਰੇ ਸੱਭ ਯਾਰ ਬੇਲੀ ਮੁਸਲਮਾਨ ਸਨ; ਜਿਹੜੇ ਹਿੰਦੂ ਤੇ ਪਾਰਸੀ ਸਨ, ਉਹ ਸੱਭੇ ਇੱਥੋਂ ਰੋਂਦੇ ਰੁੱਲਦੇ ਉੱਧਰ ਟੁਰ ਗਏ।"

"ਪਰੇਡ ਵਾਲੀ ਗਰਾਊਂਡ ਦਾ ਨਾਂ ਤੇ ਤੁਸਾਂ ਸੁਣਿਆ ਹੋਵੇਗਾ, ਮੈਂ ਉੱਥੇ ਪਤੰਗਾਂ ਦੇ ਪੇਚ ਵੇਖਣ ਜਾਂਦਾ ਹੁੰਦਾ ਸਾਂ। ਉੱਥੇ ਬੱਬੂ ਪਹਿਲਵਾਨ ਨਾਲ਼ ਯਾਰੀ ਹੋ ਗਈ......ਮੈਂ ਖਾੜੇ ਜਾਵਣ ਲੱਗ ਪਿਆ ਤੇ ਫ਼ਿਰ ਅਨਾਇਤੀ ਖ਼ਾਨ ਤੋਂ ਛੰਮੀ ਪਹਿਲਵਾਨ ਬਣ ਗਿਆ। ਸਾਰੀ ਉਮਰ ਖਾਦਾ ਪੀਤਾ, ਮੌਜ ਮੇਲਾ ਕੀਤਾ; ਲਾਹੌਰ ਸ਼ਹਿਰ ਦੇ ਮੇਲੇ ਹੰਢਾਏ, ਯਾਰਾਂ ਸੱਜਣਾਂ ਨਾਲ਼ ਦਰਿਆ ਤੇ ਇਹ ਬਾਗ਼, ਹੋਰ ਕੁੱਝ ਵੀ ਨਹੀਂ! ਜਿੱਥੋਂ ਤੀਕ ਮੇਰੇ ਹਾਣ ਦੇ ਮੁੰਡਿਆਂ ਦੀ ਗੱਲ ਏ...... ਮੈਂ ਮੰਨਣਾ ਵਾਂ ਕਿ ਉਨ੍ਹਾਂ ਬੜਾ ਪੈਸਾ ਕਮਾਇਆ, ਪਰ ਕਿਵੇਂ? ਤੁਸੀਂ ਆਪ ਸਿਆਣੇ ਓ, ਮੈਨੂੰ ਇਹ ਗੱਲ ਦੱਸੋ ਕਿ ਖ਼ਰਾਦੀ ਮੁਹੱਲੇ ਜਾਂ ਮੁਹੱਲਾ ਖ਼ਰਾਸੀਆਂ ਦੇ ਤਿੰਨ ਮਰਲੇ ਜਿਹੇ ਘਰਾਂ ਤੋਂ ਡਿਫ਼ੈਂਸ ਵਿੱਚ ਕੋਠੀ ਪਾਈ ਜਾ ਸਕਦੀ ਏ......?"

ਕਹਾਣੀ ਸੁਣਨ ਵਾਲੇ ਸਭ ਛੰਮੀ ਪਹਿਲਵਾਨ ਦਾ ਮੂੰਹ ਤੱਕਣ ਲੱਗ ਪਏ।

"ਪੁੱਤਰੋ, ਹੱਕ ਹਲਾਲ ਨਾਲ਼ ਤੇ ਨਹੀਂ ਬਣ ਸਕਦੀ। ਪਰ ਹੋਇਆ ਕੀ? ਉਹ ਜਿਹੜੇ ਡਿਫ਼ੈਂਸ ਗਏ, ਉਨ੍ਹਾਂ 'ਚੋਂ ਕੋਈ ਸੱਠਾਂ ਵਿੱਚ ਈ ਅਗਾਂਹ ਟੁਰ ਗਿਆ ਤੇ ਕੋਈ ਪੈਂਠਾਂ ਦਾ ਵੀ ਨਾ ਹੋ ਸਕਿਆ। ਮੈਂ ਉਨ੍ਹਾਂ 'ਚੋਂ ਇਕੱਲਾ ਨੱਬਿਆਂ ਦਾ ਇੱਥੇ ਤੁਹਾਡੇ ਸਾਹਮਣੇ ਜੀਊਂਦਾ ਜਾਗਦਾ......ਨਚਿੰਤ......ਬੇਫ਼ਿਕਰਾ......ਉਨ੍ਹਾਂ ਦੀਆਂ ਸਹੇੜੀਆਂ ਸਭ ਫ਼ਿਕਰਾਂ ਤੋਂ ਪਰਾਂਹ ਕਿ ਕੁੱਝ ਖੁੱਸ ਨਾ ਜਾਵੇ.....ਕੁੱਝ ਹੁੰਦਾ ਤੇ ਖੁੱਸਦਾ ਨਾ! ਉਨ੍ਹਾਂ ਜੋ ਖੋਹਣ ਧਰੋਹ ਕੀਤਾ, ਆਪਣੇ ਕੋਲੋਂ ਤਾਂ ਨਹੀਂ ਹੋਵਣਾ ਸੀ।"

ਛੰਮੀ ਪਹਿਲਵਾਨ ਨੇ ਇੰਨੀ ਗੱਲ ਕਰ ਕੇ ਇੱਕ ਲੰਮਾ ਸਾਹ ਲਿੱਤਾ ਤੇ ਇੱਕ ਮੁੰਡੇ ਨੇ ਪੁੱਛਿਆ:

"ਪਹਿਲਵਾਨ ਜੀ ਸੁਣਿਆ ਏ ਕਿ ਅਮੀਰਾਂ ਦੀਆਂ ਪੁੱਠੀਆਂ ਸਿੱਧੀਆਂ ਦੌਲਤਾਂ ਕਾਰਨ ਉਨ੍ਹਾਂ ਦੇ ਬਾਲ ਲੰਗੜੇ ਲੂਲੇ ਹੋ ਜਾਂਦੇ ਨੇਂ......ਵੇਖੋ ਨਾ ਸੇਠ ਆਬਦ ਦੀ ਉਲਾਦ ਦਾ ਹਾਲ!"

"ਇਹੋ ਜਿਹੀਆਂ ਗੱਲਾਂ ਨਾ ਕਰਿਆ ਕਰੋ!"

ਛੰਮੀ ਪਹਿਲਵਾਨ ਨੇ ਲਾਲ਼ ਪੀਲਿਆਂ ਹੁੰਦਿਆਂ ਆਖਿਆ ਤੇ ਮੁੰਡੇ ਘਾਬਰ ਗਏ:



"ਕੀ ਹੋਇਆ ਪਹਿਲਵਾਨ ਜੀ......?"

"ਹੋਣਾ ਕੀ......ਕੀ ਹੋਵਣਾ ਏ......ਹਰ ਸ਼ੈ ਅਰਸ਼ਾਂ ਵਾਲਿਆਂ ਉੱਤੇ ਸੁੱਟ ਦਿੰਦੇ ਓ......ਮਨ ਪ੍ਰਚਾਵਣ ਵਾਲੀਆਂ ਤਸੱਲੀਆਂ......ਕੀ ਅਮੀਰਾਂ ਦੇ ਇੱਸ ਫੱਟ ਕਾਰਨ ਗ਼ਰੀਬਾਂ ਨਾਲ਼ ਧਰੋਹ, ਤੇ ਉਨ੍ਹਾਂ ਦੇ ਦੁੱਖ ਮੁੱਕ ਗਏ......ਵੰਡ ਮਗਰੋਂ ਉੱਥੋਂ ਆਏ ਲੋਕਾਂ ਕੋਲੋਂ ਦਸ ਦਸ ਹਜ਼ਾਰ ਰੁਪਈਏ ਵਾਲੇ ਕਲੇਮ ਹਜ਼ਾਰ ਹਜ਼ਾਰ ਵਿੱਚ ਮੁੱਛ ਲਿੱਤੇ ਗਏ। ਉਜਾੜ ਪਈ ਦੋਹਾਂ ਪਾਸੇ, ਝੂਠੇ ਕਲੇਮਾਂ ਨਾਲ਼ ਵੀ ਮੱਲ ਮਾਰੇ ਗਏ, ਲੁੱਟ ਪਾਈ ਗਈ, ਤੇਈ ਲੱਖ ਜਾਨੋਂ ਗਏ, ਡੇਢ ਕਰੋੜ ਘਰੋਂ ਬੇਘਰ ਹੋਏ। ਦਰਿਆ ਆਂਦਰਾਂ ਨਾਲ਼ ਭਰ ਗਏ। ਜ਼ਨਾਨੀਆਂ ਬੱਕਰੀਆਂ ਵਾਂਗ ਵਿਕੀਆਂ ਤੇ ਕੋਹੀਆਂ ਗਈਆਂ, ਅੱਧੇ ਜੀ ਉੱਥੇ ਰਹਿ ਗਏ ਤੇ ਅੱਧੇ ਇੱਥੇ......ਐਡੀ ਬਰਬਾਦੀ! ਮਹੱਲਾ ਨਮਦਗਰਾਂ ਦਾ ਕਾਲ਼ਾ ਮੌਲਵੀ ਇੱਥੇ ਆਣ ਵਸਿਆ; ਭੈਣ ਭਰਾ, ਘਰ ਆਲੀ ਤੇ ਬਾਲ ਉੱਥੇ ਈ ਰਹਿ ਗਏ। ਰਹੀ ਗੱਲ ਬਾਲਾਂ ਦੇ ਲੰਗੜੇ ਲੂਲੇ ਹੋਵਣ ਦੀ......ਤਾਂ ਜੇ ਪੁੱਤਰੋ, ਲੋਕੀ ਵਿਆਹ ਈ ਮਾਮੇ ਚਾਚੇ ਦੇ ਘਰ ਕਰਨਗੇ ਤੇ ਇੰਜ ਈ ਹੋਵੇਗਾ।"

"ਵਾਹ ਅਨਾਇਤੀ, ਤੂੰ ਤਾਂ ਬੜਾ ਈ ਗਿਆਨੀ ਏਂ। ਸਾਨੂੰ ਤਾਂ ਪਤਾ ਈ ਨਾ ਲੱਗਿਆ, ਪਰ ਤੈਨੂੰ ਇਹ ਗੱਲਾਂ ਕਿਸ ਨੇ ਦੱਸੀਆਂ ਸਨ?"

ਇੱਕ ਬਾਬੇ ਨੇ ਸਵਾਲ ਕੀਤਾ।

"ਬਹੁਤਾ ਕੁੱਝ ਤਾਂ ਮੈਂ ਅੱਖੀਂ ਹੁੰਦਿਆਂ ਤੱਕਿਆ ਸੀ। ਬਾਲਾਂ ਦੇ ਰੋਗ ਵਾਲੀਆਂ ਗੱਲਾਂ ਮੈਨੂੰ ਡਾਕਟਰ ਡੇਵਿਡ ਵਾਟਰਜ਼ ਸੁਧਰਲੈਂਡ ਦੱਸੀਆਂ ਸਨ......ਉਹ ਸ਼ਹਿਰ ਵਿੱਚ ਫੇਰਾ ਪਾਉਂਦਾ ਰਹਿੰਦਾ ਸੀ......ਕਿੰਗ ਐਡਵਰਡ ਮੈਡੀਕਲ ਕਾਲਿਜ ਦਾ ਪ੍ਰਿੰਸੀਪਲ ਸੀ ਤੇ ਇਸ ਦੇ ਨਾਲ਼ ਉਹ ਰਣਜੀਤ ਸਿੰਘ ਦੀ ਪੋਤਰੀ ਰਾਣੀ ਬਾਂਬਾ ਦਾ ਖ਼ਾਵੰਦ ਵੀ ਸੀ।"

"ਅਨਾਇਤੀ, ਉਸ ਵੇਲੇ ਕਾਨੂੰਨ ਦੀ ਹੁਕਮਰਾਨੀ ਸੀ?"

ਇੱਕ ਬਾਬੇ ਨੇ ਪੁੱਛਿਆ।

"ਆਹੋ......ਹੁਣ ਵੀ ਕਾਨੂੰਨ ਏ। ਬਸ ਸਿਆਸਤ ਦੇ ਟੋਰੇ ਟੁਰਨ ਪਾਰੋਂ ਬੀਅਰ, ਸ਼ਰਾਬ, ਤੇ ਜੂਏ ਦੇ ਕਾਨੂੰਨ ਬਣਾ ਛੱਡੇ ਨੇਂ। ਪਰ ਕੀ ਇਹ ਕੰਮ ਮੁੱਕ ਗਿਆ......ਖ਼ੌਰੇ ਇੰਨੀ ਸ਼ਰਾਬ ਉਦੋਂ ਵੀ ਨਹੀਂ ਸੀ ਵਿੱਕਦੀ ਜਦੋਂ ਰੀਗਲ ਸਿਨਮੇ ਦੇ ਨਾਲ਼ ਠੇਕੇ ਸਨ...... ਸਰਕਾਰ ਨੂੰ ਵੀ ਪਤਾ ਏ ਕਿ ਈਸਾਈ ਕਿੰਨੀ ਕੁ ਪੀ ਸਕਦੇ ਨੇਂ। ਕਿਵੇਂ ਹਰ ਗਲੀ ਮੁਹੱਲੇ ਵਿੱਚ ਮੈਚਾਂ ਚੋਣਾਂ ਉੱਤੇ ਜੂਆ ਲੱਗਦਾ ਏ। ਕਿਸ ਸ਼ੈ ਦੀ ਜਾਣਕਾਰੀ ਇਨ੍ਹਾਂ ਨੂੰ ਨਹੀਂ ਹੈਗੀ?"

ਛੰਮੀ ਪਹਿਲਵਾਨ ਨੇ ਆਖਿਆ ਤੇ ਨੇੜਿਓਂ ਕੁੱਝ ਬਾਲ ਗ਼ੁਲੇਲਾਂ ਫੜ ਕੇ ਲੰਘੇ।

"ਇਨ੍ਹਾਂ ਨੂੰ ਕਿੱਥੋਂ ਚਿੜੇ ਲੱਭਣੇ ਨੇਂ......?"

ਇੱਕ ਮੁੰਡੇ ਨੇ ਹੱਸ ਕੇ ਆਖਿਆ।

"ਚਿੜੇ ਚਿੜੀਆਂ, ਅਬਾਬੀਲਾਂ ਤਾਂ ਮੁੱਢੋਂ ਈ ਮੁੱਕ ਗਈਆਂ ਨੇਂ। ਵੰਡ ਮਗਰੋਂ ਰਾਵੀ ਕੀ ਮੁੱਕਿਆ, ਸਾਰੇ ਪੱਖੂ ਈ ਮੁੱਕ ਗਏ। ਪਹਿਲਾਂ ਡੰਗਰਾਂ ਦੀਆਂ ਆਂਦਰਾਂ ਖੁੱਲ੍ਹੇ ਮੈਦਾਨਾਂ ਵਿੱਚ ਸੁੱਟੀਆਂ ਜਾਂਦੀਆਂ ਸਨ। ਗਿਰਝਾਂ ਵੀ ਜਿਉਂਦੀਆਂ ਸਨ। ਇਨ੍ਹਾਂ ਖ਼ੌਰੇ ਕਿਹੜੇ ਕੈਮੀਕਲ ਵਰਤੇ, ਗਿਰਝਾਂ ਦੀ ਜੂਨ ਈ ਮੁੱਕਦੀ ਜਾਪਦੀ ਏ।"

ਛੰਮੀ ਪਹਿਲਵਾਨ ਇਹ ਆਖ ਕੇ ਤਾਸ਼ ਦੇ ਪੱਤੇ ਸਿੱਧੇ ਕਰਨ ਲੱਗ ਪਿਆ।

"ਪਹਿਲਵਾਨ ਜੀ, ਤੁਸੀਂ ਤਾਂ ਬੜੇ ਈ ਪਹੁੰਚੇ ਹੋਏ ਓ!"

ਇੱਕ ਮੁੰਡੇ ਨੇ ਪਹਿਲਵਾਨ ਦਾ ਆਦਰ ਕੀਤਾ।

"ਬਸ ਹੁਣ ਜਾਵੋ......ਅਸੀਂ ਰੰਗ ਖੇਡ ਲਈਏ!"

ਇੱਕ ਬਾਬੇ ਨੇ ਆਖਿਆ।

"ਪਹਿਲਵਾਨ ਜੀ, ਬਸ ਇੱਕ ਅਖ਼ੀਰਲਾ ਸਵਾਲ......ਆਗਿਆ ਹੋਵੇ ਤਾਂ ਪੁੱਛ ਲਵਾਂ......?"

ਇੱਕ ਮੁੰਡੇ ਨੇ ਡਰਦਿਆਂ ਡਰਦਿਆਂ ਆਖਿਆ।

"ਬਸ ਅਖ਼ੀਰਲਾ......!"

"ਪਹਿਲਵਾਨ ਜੀ, ਇਹ ਠੀਕ ਏ ਕਿ ਹੱਕ ਹਲਾਲ ਨਾਲ਼ ਜਾਇਦਾਦਾਂ ਘੱਟ ਈ ਬਣਦੀਆਂ ਨੇਂ; ਪਰ ਲੋਕੀਂ ਘਰ ਟੋਰਣ ਪਾਰੋਂ ਮਿਹਨਤ ਵੀ ਤੇ ਕਰਦੇ ਨੇਂ ਜਦ ਕਿ ਤੁਸੀਂ ਸਾਰੀ ਹਯਾਤੀ ਇੱਥੇ ਵਿਹਲਿਆਂ ਈ ਹੰਢਾ ਛੱਡੀ......ਉਹ ਕਿਉਂ?"

"ਤੂੰ ਠੀਕ ਆਖਣਾ ਏਂ......ਲੋਕਾਂ ਬੜੀਆਂ ਬੜੀਆਂ ਮਿਹਨਤਾਂ ਵੀ ਕੀਤੀਆਂ ਨੇਂ। ਭੁੱਖ ਬੜੀ ਜ਼ਾਲਮ ਸ਼ੈ ਏ। ਮੈਨੂੰ ਹੱਟੀਆਂ ਦੇ ਕਰਾਏ ਤੋਂ ਦੋ ਡੰਗ ਦਾ ਟੁੱਕਰ ਲੱਭਦਾ ਸੀ ਤੇ ਅਜੇ ਤਾਈਂ ਲੱਭਦਾ ਏ। ਮੈਂ ਇਸ ਵਿੱਚ ਈ ਰਾਜ਼ੀ ਆਂ ਕਿਉਂ ਜੇ ਮੈਨੂੰ ਕਿਸੇ ਵੀ ਸ਼ੈ ਦਾ ਲੋਭ ਨਹੀਂ......ਮੇਰੇ ਮੁੰਡੇ ਹੱਥੀਂ ਮਜ਼ਦੂਰੀ ਕਰਦੇ ਨੇਂ। ਅਜੋਕੇ ਸਮੇਂ ਦੀਆਂ ਲੋੜਾਂ ਹੋਰ ਤੋਂ ਹੋਰ ਹੋਈਆਂ, ਸਾਡੇ ਵੇਲੇ ਦੀਆਂ ਹੋਰ ਸਨ। ਮੈਂ ਮੰਨਿਆ ਕਿ ਮੈਂ ਕੋਈ ਕੰਮ ਨਹੀਂ ਕੀਤਾ; ਘਰ ਵੀ ਚੰਗਾ ਨਾ ਉਸਾਰਿਆ, ਪਰ ਮੈਂ ਕਦੇ ਵੀ ਖੁੱਸ ਧਰੋਹ ਦੀ ਦੌੜ 'ਚ ਭਾਈਵਾਲੀ ਨਹੀਂ ਪਾਈ। ਮੈਂ ਵੰਡ ਦੇ ਪੁਆੜੇ ਅੱਖੀਂ ਜਰੇ......ਉਨ੍ਹਾਂ ਘਰਾਂ ਦੀਆਂ ਜ਼ਨਾਨੀਆਂ ਨੂੰ ਮੰਗਦਿਆਂ ਤੱਕਿਆ ਜਿਹਨਾਂ ਦੇ ਘਰੋਂ ਰੋਜ਼ ਦਿਹਾੜੀ ਵੀਹ-ਵੀਹ ਮੰਗਤੇ ਰੋਟੀ ਖਾਂਦੇ ਸਨ। ਜਾਇਦਾਦ ਤੇ ਪੈਸਾ ਬਣਾ ਕੇ ਕਰਨਾ ਵੀ ਕੀ ਸੀ?......ਮੇਰੀ ਕੁੱਲ ਕਮਾਈ ਤਾਂ ਮੇਰੇ ਯਾਰ ਸੱਜਣ ਤੇ ਇਹ ਥਾਂ ਠਿਕਾਣਾ ਏ......ਬਸ ਹੁਣ ਤੁਸੀਂ ਜਾਵੋ, ਇੱਕ ਦੋ ਕੋਟ ਇਨ੍ਹਾਂ ਨੂੰ ਕਰ ਲਵਾਂ ਤੇ ਸੁਆਦ ਆ ਜਾਵੇਗਾ।"

ਛੰਮੀ ਪਹਿਲਵਾਨ ਨੇ ਆਖਿਆ ਤੇ ਫ਼ਿਰ ਪੱਤੇ ਫੈਂਟਣ ਲੱਗ ਪਿਆ।

ਇੱਕ ਬਾਬੇ ਨੇ ਕਾਟ ਕੱਟੀ ਤੇ ਦੂਜਾ ਪੱਤੇ ਵਰਤਾਉਣ ਲੱਗ ਪਿਆ। ਮੁੰਡੇ ਆਪਸੀ ਗੱਲਾਂ ਕਰਨ ਲੱਗ ਪਏ। ਅਚਨਚੇਤ ਦੂਰੋਂ ਇੱਕ ਧਮਾਕੇ ਦੀ ਵਾਜ ਆਈ ਤੇ ਦੱਸ ਕੁ ਮਿੰਟਾਂ ਵਿੱਚ ਦੋ ਮੁੰਡੇ ਨੱਸਦੇ ਹਫ਼ਦੇ ਨੇੜੇ ਆਣ ਖਲੋਤੇ:

"ਪਹਿਲਵਾਨ ਜੀ, ਬੰਦ ਰੋਡ 'ਤੇ ਬੰਬ ਧਮਾਕਾ ਹੋ ਗਿਆ ਜੇ। ਕਈ ਬੰਦੇ ਫੱਟੜ ਹੋ ਗਏ ਨੇਂ......ਮਿਓ ਹਸਪਤਾਲ ਵਿੱਚ ਖ਼ੂਨ ਦੀ ਬੜੀ ਲੋੜ ਏ!।"

ਇੱਕ ਮੁੰਡੇ ਨੇ ਆਖਿਆ ਤੇ ਬਾਗ਼ ਦੇ ਬੂਹੇ ਵੱਲ ਨੱਸ ਗਿਆ।

"ਚੱਲੋ ਉੱਠੋ ਜਵਾਨੋ, ਚਲੀਏ ਮਿਓ ਹਸਪਤਾਲ......ਹਯਾਤੀ ਵਿੱਚ ਕੁੱਝ ਕੰਮ ਰੁਪੱਈਏ ਪੈਸੇ ਤੋਂ ਬਿਨਾਂ ਵੀ ਹੁੰਦੇ ਨੇਂ!"

ਛੰਮੀ ਪਹਿਲਵਾਨ ਨੇ ਉੱਠਦਿਆਂ ਆਖਿਆ।

"ਕਿਉਂ ਭਈ ਐਕਟਰ ਸਾਹਿਬ, ਵੇਖੇ ਵੇਲੇ ਦੇ ਕੰਮ?"

ਸ਼ੀਸ਼ੇ 'ਚੋਂ ਵਾਜ ਆਈ, ਬਾਬੇ ਤੇ ਮੁੰਡੇ ਨੱਸਦੇ ਹੋਏ ਬਾਹਰ ਖਲੋਤੇ ਟਾਂਗੇ ਵੱਲ ਟੁਰ ਗਏ। ਸਰਮਦ ਨੇ ਛੰਮੀ ਪਹਿਲਵਾਨ ਦੇ ਲੀੜੇ ਲਾਹ ਦਿੱਤੇ।

"ਤੂੰ ਈ ਦੱਸ ਛੰਮੀ ਪਹਿਲਵਾਨ ਦਾ ਪਾਤਰ ਮੇਰੇ ਵੱਸ ਦਾ ਏ......?"



ਸਰਮਦ ਨੇ ਸ਼ੀਸ਼ੇ ਵੱਲ ਘੂਰ ਕੇ ਆਖਿਆ।

"ਤੂੰ ਤਾਂ ਦਿੱਤਾ ਸੈਣੀ ਏਂ ਬਸ......ਇਹ ਸਭ ਦਿੱਤਾ ਸੈਣੀ ਦੀਆਂ ਵੱਖਰੀਆਂ ਵੱਖਰੀਆਂ ਸ਼ਕਲਾਂ ਨੇਂ!"

ਹਾਰਮੋਨੀਅਮ ਦੇ ਨਾਲ਼ ਪਏ ਲੀੜੇ ਬੋਲ ਪਏ।

"ਕੀ ਸਾਰੀ ਹਯਾਤੀ ਵੇਲਾ ਰਹਿ ਲਵੇਂਗਾ?"

ਸ਼ੀਸ਼ੇ 'ਚੋਂ ਵਾਜ ਆਈ ਤੇ ਸਰਮਦ ਨੇ ਢਿੱਲੇ ਜਿਹੇ ਅੰਗ ਵਿੱਚ ਆਖਿਆ:

"ਖ਼ੌਰੇ ਨਹੀਂ......ਪਰ ਇਹ ਤਾਂ ਬਸ ਇੱਕ ਪਾਤਰ ਏ!"

"ਫ਼ਿਰ ਵੇਖ ਲੈ ਜਿਵੇਂ ਤੇਰਾ ਮਨ ਕਰਾਦਸੇ......ਜੇ ਇਹ ਪਾਤਰ ਹੱਥੀਂ ਚੜ੍ਹ ਗਿਆ ਏ ਤੇ ਕੱਲ੍ਹ ਸਵੇਰੇ ਜ਼ੋਜ਼ਫ਼ ਨੂੰ ਮਿਲ ਲਵੀਂ......ਇਹੋ ਈ ਸਹੀ!"

"ਇਹ ਬੜਾ ਨੇੜੇ ਦਾ ਏ......ਉੱਕਾ ਅੱਜ ਦੇ ਵੇਲੇ ਦਾ ਮੇਰੀਆਂ ਅੱਖੀਆਂ ਡਿੱਠਾ ਵੀ......ਜਾਂ ਕੁੱਝ ਹੋਰ ਵੀ ਕਰ ਕੇ ਵੇਖ ਲਵਾਂ......?"

ਸਰਮਦ ਨੇ ਕੁੱਝ ਸੋਚਦਿਆਂ ਆਖਿਆ।

"ਇਹੋ ਈ ਕਰ ਲੈ......ਨਹੀਂ ਤਾਂ ਪਾਤਰ ਇੰਜ ਦੇ ਵੀ ਹੁੰਦੇ ਨੇਂ ਜਿਹੜੇ ਬੰਦੇ ਕੋਲੋਂ ਉਹਦਾ ਅਪਣਾ ਆਪ ਵੀ ਖੁੱਸ ਲੈਂਦੇ ਨੇਂ......!"

"ਤੁਸੀਂ ਵੀ ਕੁੱਝ ਸੋਚੋ ਡਾਇਰੈਕਟਰ ਸਾਹਿਬ, ਮੈਂ ਹੁਣ ਸੌਣਾ ਵਾਂ......ਸਵੇਰੇ ਵੇਖਾਂਗਾ, ਕੀ ਕਰਨਾ ਚਾਹੀਦਾ ਏ!"

ਸਰਮਦ ਇਹ ਆਖਦਾ ਫ਼ਰਿਜ ਵੱਲ ਟੁਰ ਗਿਆ......ਬਿਰਿਆਨੀ ਕੱਢ ਕੇ ਓਵਨ ਵਿੱਚ ਗਰਮ ਕੀਤੀ, ਖਾ ਕੇ ਇੱਕ ਦੋ ਸਿਗਰੇਟ ਪੀਤੇ ਤੇ ਸੋਫ਼ੇ ਉੱਤੇ ਲੰਮਾ ਪੈ ਗਿਆ। ਪਾਤਰਾਂ ਦੀ ਇਸ ਖੇਡ ਨੇ ਉਹਦਾ ਸਾਹ ਸੱਤ ਕੱਢ ਛੱਡਿਆ ਸੀ। ਉਹ ਕਈ ਘੰਟੇ ਸੁੱਤਾ ਰਿਹਾ ਤੇ ਫ਼ਿਰ ਉੱਠ ਕੇ ਨਹਾਉਣ ਲੱਗ ਪਿਆ। ਸਵੇਰ ਦੇ ਦਸ ਵੱਜ ਚੁੱਕੇ ਸਨ। ਰੀਹਰਸਲ ਰੂਮ 'ਚੋਂ ਨਿਕਲ ਕੇ ਬਾਹਰ ਕੰਟੀਨ ਵੱਲ ਹੋਇਆ। ਲੋਕਾਂ ਦੀ ਆਵਾ ਜਾਵੀ ਦਿੱਸਣ ਲੱਗ ਪਈ ਸੀ। ਕੰਟੀਨ 'ਚ ਨਾਸ਼ਤਾ ਕਰ ਕੇ ਕਿੰਨਾ ਚਿਰ ਉੱਥੇ ਈ ਬੈਠਾ ਰਿਹਾ। ਫ਼ਿਰ ਕੁੱਝ ਸ਼ੈਵਾਂ ਖਾਵਣ ਦੀਆਂ ਲਿੱਤੀਆਂ, ਚਾਹ ਦਾ ਥਰਮੋਸ ਭਰਵਾਇਆ ਤੇ ਬਾਹਰ ਨਿਕਲ ਆਇਆ। ਸਾਹਮਣੇ ਚਾਚਾ ਸਦੀਕ ਲੋਕਾਂ ਦੇ ਕੰਮ ਕਰਦਾ, ਨੱਸਦਾ ਭੱਜਦਾ ਦੱਸਿਆ। ਸਰਮਦ ਨੇ ਇੱਕ ਸਿਗਰੇਟ ਲਾਇਆ ਤੇ ਬਾਗ਼ ਦੇ ਨੇੜੇ ਬਹਿ ਕੇ ਸੂਟੇ ਲਾਵਣ ਲੱਗ ਪਿਆ। ਇਸ ਵਿੱਚ ਚਾਚਾ ਸਦੀਕ ਉਹਦੇ ਕੋਲੋਂ ਲੰਘਿਆ। ਇੱਕ ਵਾਰੀ ਸਰਮਦ ਨੂੰ ਵੇਖ ਕੇ ਅਗਾਂਹ ਵੱਧ ਗਿਆ ਤੇ ਫ਼ਿਰ ਪਰਤ ਕੇ ਉਹਦੇ ਕੋਲ਼ ਬਹਿ ਗਿਆ:

"ਖ਼ੈਰ ਏ ਬਾਊ ਜੀ, ਇੱਥੇ ਆ ਕੇ ਬੈਠੇ ਜੇ......?"

"ਬਸ ਕੁੱਝ ਕੰਮ ਕਰ ਰਿਹਾ ਸਾਂ......ਪੁਰਾਣੇ ਰੀਹਰਸਲ ਰੂਮ ਵਿੱਚ!"

"ਹੀਰੋ ਬਣਨਾ ਏਡਾ ਸੌਖਾ ਨਹੀਂ......!"

ਚਾਚੇ ਸਦੀਕ ਨੇ ਜਦੋਂ ਇਹ ਆਖਿਆ, ਸਰਮਦ ਦੇ ਮਨ ਵਿੱਚ ਆਇਆ ਕਿ ਰੀਹਰਸਲ-ਰੂਮ ਦੀ ਪੂਰੀ ਵਾਰਦਾਤ ਉਹਨੂੰ ਸੁਣਾ ਦੇਵੇ। ਪਰ ਫ਼ਿਰ ਇਹ ਸੋਚ ਕੇ ਚੁੱਪ ਰਿਹਾ ਕਿ ਪਹਿਲਾਂ ਸਭ ਕੁੱਝ ਜ਼ੋਜ਼ਫ਼ ਨੂੰ ਸੁਣਾਉਣਾ ਚਾਹੀਦਾ ਏ।

"ਕੀ ਹੋਇਆ ਬਾਊ ਜੀ, ਕਿੱਥੇ ਰਹਿ ਗਏ ਜੇ......?"

ਚਾਚੇ ਸਦੀਕ ਦੀ ਵਾਜ ਨੇ ਉਹਨੂੰ ਹਿਲਾਇਆ।

"ਕੁੱਝ ਨਹੀਂ ਚਾਚਾ! ਮੈਂ ਹੀਰੋ ਥੋੜ੍ਹੀ ਬਣਨਾ ਏ, ਮੈਂ ਤਾਂ ਬਸ ਇੱਕ ਐਕਟਰ ਬਣਨਾ ਚਾਹੁਣਾ ਵਾਂ......ਹੋਰ ਕੁੱਝ ਵੀ ਨਹੀਂ।"

"ਇੱਥੇ ਤਾਂ ਜਿਹੜਾ ਵੀ ਆਉਂਦਾ ਏ, ਸਟਾਰ ਬਣਨ ਆਉਂਦਾ ਏ......ਸੁਪਰ ਸਟਾਰ......ਦੁਨੀਆ ਅੱਗੇ ਪਿੱਛੇ ਹੋਵੇ, ਵੱਡੇ ਵੱਡੇ ਬੋਰਡ ਚੌਕਾਂ ਵਿੱਚ ਸਜੇ ਹੋਣ......ਬੈਨਰਾਂ, ਪੋਸਟਰਾਂ ਤੇ ਉਨ੍ਹਾਂ ਦਾ ਨਾਂ ਚਮਕਦਾ ਹੋਵੇ, ਵੱਡੀਆਂ ਵੱਡੀਆਂ ਗੱਡੀਆਂ ਥੱਲੇ ਹੋਵਣ, ਸਾਧਨਾ ਵਾਂਗ ਦੀਆਂ ਹੀਰੋਇਨਾਂ ਨਾਲ਼ ਬੈਠੀਆਂ ਹੋਵਣ!"

ਚਾਚੇ ਸਦੀਕ ਨੇ ਸਿਗਰੇਟ ਲਾਉਂਦਿਆਂ ਆਖਿਆ।

"ਚਾਚਾ, ਲੋਕਾਂ ਦਾ ਨਾਂ ਲੈ ਕੇ ਕਿੱਧਰੇ ਤੂੰ ਅਪਣੀਆਂ ਸੱਧਰਾਂ ਤੇ ਨਹੀਂ ਦੱਸੀ ਜਾ ਰਿਹਾ?"

ਸਰਮਦ ਨੇ ਹੱਸਦਿਆਂ ਆਖਿਆ।

"ਸਟੂਡਿਓ ਤੋਂ ਬਾਹਰ ਦੀਆਂ ਸੱਧਰਾਂ ਵੱਖਰੀਆਂ ਹੁੰਦੀਆਂ ਨੇਂ ਤੇ ਸਟੂਡਿਓ ਵਿੱਚ ਇੱਕ ਵਾਂਗ ਦੀਆਂ......ਬਸ ਚਿਹਰਾ ਮੁਹਰਾ ਹੋਰ ਹੁੰਦਾ ਏ। ਕੋਈ ਵੱਡਾ ਮਿਊਜ਼ਿਕ ਡਾਇਰੈਕਟਰ ਬਣਨਾ ਚਾਹੁੰਦਾ ਏ......ਖ਼ੁਆਜਾ ਖ਼ੁਰਸ਼ੀਦ ਅਨਵਰ, ਓ ਪੀ ਨਈਅਰ ਵਾਂਗ ਦਾ। ਜੇ ਕੋਈ ਗਵੱਈਆ ਤੇ ਉਹ ਮੁਹੰਮਦ ਰਫ਼ੀਅ ਜਾਂ ਕੋਈ ਗਾਉਣ ਵਾਲੀ ਤੇ ਉਹ ਨੂਰ ਜਹਾਨ ਬਣਨਾ ਚਾਹੁੰਦੀ ਏ। ਇਹ ਇੱਜੜ ਐਕਟਰਾਂ ਤੇ ਕੁੜੀਆਂ ਦਾ......ਇਹ ਕੁੜੀਆਂ ਕਈਆਂ ਬੰਦਿਆਂ ਨਾਲ਼ ਬਿਨਾਂ ਆਂਨੇ ਟਗੇ ਤੋਂ ਸੌਂ ਜਾਂਦੀਆਂ ਨੇਂ, ਇਸ ਲੋਭ ਵਿੱਚ ਕਿ ਖ਼ੌਰੇ ਕੋਈ ਉਨ੍ਹਾਂ ਨੂੰ ਮਾਲ਼ਾ ਸਿਨਹਾ ਜਾਂ ਰੇਖਾ ਬਣਨ ਦਾ ਚਾਂਸ ਦੇ ਦੇਵੇ! ਤੇ ਮੇਰੇ ਵਾਂਗ ਦੇ ਵੀ ਕਈ ਇੱਥੇ ਰੁਲਦੇ ਫਿਰਦੇ ਨੇਂ......ਮਾਪੇ ਛੱਡੇ, ਭੈਣ ਭਰਾਵਾਂ ਕੰਜਰ ਆਖ ਕੇ ਵੱਖ ਕਰ ਛੱਡਿਆ......ਵਿਆਹ ਦਾ ਕਦੇ ਸੋਚਿਆ ਵੀ ਨਹੀਂ। ਜੀਊਣ ਮਰਣ ਬਸ ਇਹ ਸਟੂਡਿਓ ਈ ਰਹਿ ਗਿਆ......ਇਸ ਤੋਂ ਬਾਹਰ ਹੁਣ ਹੋ ਈ ਨਹੀਂ ਸਕਦੇ। ਬਾਹਰ ਨਿਕਲੇ ਤੇ ਕਿਸੇ ਮਿਰਾਸੀ ਅਖਵਾਣਾ ਏ ਜਾਂ ਕਿਸੇ ਨੂੰ ਕੰਜਰੀ ਆਖ ਕੇ ਸੱਦਿਆ ਜਾਣਾ ਏ।"

"ਪਰ ਚਾਚਾ, ਫ਼ਿਰ ਵੀ ਇੰਨੇ ਜੀ ਇੱਥੇ ਈ ਨੇਂ......ਉਹ ਕਿਉਂ......?"

"ਕੁੱਝ ਕਲਾ ਵਾਲੇ, ਜਾਣੂ, ਗਿਆਨੀ ਧਿਆਨੀ ਕਲਾਕਾਰ ਨੇਂ ਤੇ ਕੁੱਝ ਸ਼ੋਹਰਤ ਦੇ ਨਸ਼ੇ ਵਿੱਚ......ਕੁੱਝ ਉਹ ਨੇਂ ਜਿਹਨਾਂ ਨੂੰ ਕਲਾ ਨੇ ਬੰਨ ਛੱਡਿਆ ਏ ਤੇ ਕੁੱਝ ਸ਼ੋਹਰਤ ਹੱਥੋਂ ਫਸੇ ਪਏ ਨੇਂ। ਤੁਸੀਂ ਵੀ ਇੱਥੇ ਕੀ ਸਟਾਰ ਬਣਨ ਨਹੀਂ ਆਏ......?"

ਇੰਨੇ ਵਿੱਚ ਇੱਕ ਰੇੜ੍ਹੀ ਲੰਘੀ, ਜਿਹਦੇ 'ਚੋਂ ਚੱਲਦੀ ਟੇਪ ਦੀ ਵਾਜ ਆਈ:

"ਲੱਡੂ ਪੀਠੀਆਂ ਵਾਲੇ, ਬੜੇ ਕਰਾਰੇ, ਬਾਰ੍ਹਾਂ ਮਸਾਲੇ ਤੇ ਤੇਰ੍ਹਵਾਂ ਸੁਆਦ......ਦਹੀ ਤੇ ਇਮਲੀ ਦੀ ਚਟਨੀ ਵੱਖ ਸਲਾਦ ਤੇ ਮਿੱਠੀ ਚਟਨੀ ਫ਼ਰੀ......ਦੱਸਾਂ ਦਾ ਇੱਕ ਤੇ ਵੀਹਾਂ ਦੇ ਤਿੰਨ......ਕਰਾਰੇ ਲੱਡੂ ਪੀਠੀਆਂ ਵਾਲੇ!"

"ਇਹ ਪਤਾ ਹੈ......ਕੌਣ ਏ?"

ਚਾਚੇ ਸਦੀਕ ਨੇ ਪੁੱਛਿਆ।

"ਨਹੀਂ, ਮੈਂ ਨਹੀਂ ਜਾਣਦਾ......ਇੰਨਾ ਪਤਾ ਏ ਕਿ ਸੱਭ ਇਹਨੂੰ ਬੌਣਾ ਬੌਣਾ ਆਖ ਕੇ ਸੱਦਦੇ ਨੇਂ।"

"ਇਹ ਬੌਣਾ ਈ ਹੈ, ਮੁਨੱਵਰ ਜ਼ਰੀਫ਼ ਦਾ ਸ਼ਾਗਿਰਦ ਸੀ ਤੇ ਹੈਗਾ ਵੀ ਇੱਕ ਐਕਟਰ ਸੀ। ਉਸਤਾਦ ਦੇ ਮਰਣ ਮਗਰੋਂ ਇਹਨੇ ਐਕਟਿੰਗ ਛੱਡ ਦਿੱਤੀ, ਆਖਦਾ ਸੀ: 'ਉਸਤਾਦ ਮਰ



ਗਿਆ ਏ, ਹੁਣ ਮੈਂ ਕੰਮ ਕਰ ਕੇ ਕੀ ਕਰਨਾ ਏ!' ਸਰਮਦ ਬਾਊ, ਇਸ ਕੋਲ਼ ਤੇ ਕੋਈ ਰਾਹ ਹੈਗਾ ਸੀ, ਪਰ ਇਨ੍ਹਾਂ ਐਕਸਟਰਾ ਕੁੜੀਆਂ ਕੋਲ਼ ਕੋਈ ਰਾਹ ਨਹੀਂ......ਇਹ ਬਸ ਇੱਕ ਬੰਦ ਗਲੀ ਵਿੱਚ ਟੁਰਦੀਆਂ ਨੇਂ......ਇਹ ਬੌਣੇ ਵਾਂਗ ਲੱਡੂ ਪੀਠੀਆਂ ਲਾ ਕੇ ਰੋਟੀ ਨਹੀਂ ਕਮਾ ਸਕਦੀਆਂ।"

"ਠੀਕ ਪਿਆ ਆਖਣਾ ਏਂ। ਚੰਗਾ ਚਾਚਾ ਸਦੀਕ, ਮੈਂ ਹੁਣ ਚੱਲਣਾ ਵਾਂ ਪੁਰਾਣੇ ਰੀਹਰਸਲ-ਰੂਮ ਨੂੰ......ਕੋਈ ਇੱਕ ਅੱਧ ਪਾਤਰ ਪਕਾ ਈ ਲਵਾਂ; ਕੁੱਝ ਤਾਂ ਚੇਤੇ ਰਹਿ ਜਾਵੇ!"

"ਸਰਮਦ ਬਾਊ, ਐਕਟਿੰਗ ਚੇਤੇ ਰੱਖਣ ਦਾ ਨਹੀਂ......ਇਹ ਤਾਂ ਭੁਲਾਵਣ ਦਾ ਕੰਮ ਏ!"

"ਚੰਗਾ!"

ਇਹ ਕਹਿ ਕੇ ਸਰਮਦ ਨੇ ਸਿਗਰੇਟ ਲਾਇਆ ਤੇ ਇੱਕ ਵਾਰੀ ਫ਼ਿਰ ਹੌਲੀ ਹੌਲੀ ਰੀਹਰਸਲ-ਰੂਮ ਵੱਲ ਟੁਰ ਪਿਆ। ਉੱਥੇ ਅਪੜਿਆ ਤੇ ਨਾਲ਼ ਪਏ ਲੀੜੇ ਆਪਸ ਵਿੱਚ ਗੱਲਾਂ ਪਏ ਕਰਦੇ ਸਨ। ਹਾਰਮੋਨੀਅਮ ਵੱਖਰਾ ਵੱਜੀ ਜਾ ਰਿਹਾ ਸੀ ਤੇ ਮੌਜੀ ਖ਼ਾਨ ਦੇ ਲੀੜੇ ਰਾਗ ਭੋਪਾਲੀ ਗਾਉਂਦੇ ਪਏ ਸਨ:

"ਪ੍ਰਭੂ ਰੰਗ ਬਿਨਾਂ
ਮੋਹੇ ਸੱਭ ਸੁਖ ਦੇਣਾ
ਪ੍ਰਭੂ ਰੰਗ ਬਿਨਾਂ
ਮੋਹੇ ਸੱਭ ਸੁੱਖ ਦੇਣਾ
ਦੂਧ ਪੂਦ ਔਰ ਆਨਾ ਧਾਨਾ
ਛੰਮੀ ਸੱਭ ਰੰਗ
ਸੱਭ ਬਾਤਾਂ ਮੇਂ
ਮੋਹੇ ਲਾਇਕ ਕੀਨਾ
ਪ੍ਰਭੂ ਰੰਗ ਬਿਨਾਂ
ਮੋਹੇ ਸੱਭ ਸੁੱਖ ਦੇਣਾ"

ਸਰਮਦ ਰੀਹਰਸਲ ਰੂਮ ਦੇ ਇਸ ਗਾਵਣ ਤੋਂ ਖਿਝ ਗਿਆ ਸੀ। ਇਕ ਉੱਚੀ ਵਾਜ ਵਿਚ 'ਚੁੱਪ' ਬੋਲ ਕੇ ਸੱਭ ਨੂੰ ਚੁੱਪ ਕਰਾਇਆ। ਸਕਰਿਪਟ ਵੇਖਣ ਲੱਗ ਪਿਆ, ਪਰ ਉਹਨੂੰ ਸਮਝ ਨਹੀਂ ਆ ਰਹੀ ਸੀ ਕਿ ਹੁਣ ਕਿਹੜਾ ਪਾਤਰ ਕਰੇ। ਸਿਗਰੇਟ ਤੇ ਸਿਗਰੇਟ ਫੂਕੀ ਜਾਂਦਾ, ਚਾਹ ਪੀ ਕੇ ਥਰਮੋਸ ਖ਼ਾਲੀ ਕਰ ਛੱਡਿਆ, ਇੱਕ ਵਾਰੀ ਘੜੀ ਵੱਲ ਧਿਆਨ ਮਾਰਿਆ ਤੇ ਚਾਰ ਵੱਜ ਗਏ ਸਨ। ਉਹਨੇ ਥਰਮੋਸ ਫੜਿਆ ਤੇ ਸਟੂਡਿਓ ਤੋਂ ਬਾਹਰ ਪਠਾਣਾਂ ਦੇ ਹੋਟਲ ਤੇ ਜਾ ਖਲੋਤਾ। ਚਾਹ ਦਾ ਥਰਮੋਸ ਭਰਵਾਇਆ, ਪੈਸੇ ਦੇ ਕੇ ਪਰਤਣ ਲੱਗਿਆ ਤੇ ਉੱਥੇ ਇੱਕ ਮਦਾਰੀ ਪੈਸੇ ਮੰਗਣ ਆ ਗਿਆ ਜਿਹਦੇ ਨਾਲ਼ ਇੱਕ ਬਾਂਦਰੀ ਤੇ ਇੱਕ ਬੱਕਰੀ ਵੀ ਸੀ। ਸਰਮਦ ਨੇ ਪੰਜਾਹ ਦਾ ਨੋਟ ਕੱਢ ਕੇ ਉਹਦੀ ਤਲ਼ੀ ਤੇ ਧਰਿਆ, ਕੁੱਝ ਚਿਰ ਬਾਂਦਰੀ ਨੂੰ ਵੇਂਹਦਾ ਰਿਹਾ ਤੇ ਫ਼ਿਰ ਰੀਹਰਸਲ-ਰੂਮ ਵੱਲ ਭੱਜ ਗਿਆ। ਸਕਰਿਪਟ ਹੇਠਾਂ ਉੱਤੇ ਕਰਦਾ ਰਿਹਾ ਤੇ ਫ਼ਿਰ ਇੱਕ ਸਕਰਿਪਟ ਬਾਹਰ ਕੱਢ ਲਿਆ ਜਿਹਦੇ ਵਿੱਚ ਇੱਕ ਬਾਂਦਰ ਦਾ ਪਾਤਰ ਸੀ......ਮੌਤ ਦੇ ਖੂਹ ਦੇ ਬਾਹਰ ਇੱਕ ਨੱਚਦਾ ਬਾਂਦਰ! ਸਰਮਦ ਉਹ ਪਾਤਰ ਪੜ੍ਹੀ ਜਾਂਦਾ ਤੇ ਨਾਲ਼ ਨਾਲ਼ ਹੱਸੀ ਵੀ ਜਾਂਦਾ......ਲਿਖਿਆ ਸੀ:

"ਉਮਰ ਚਾਲੀ ਵਰ੍ਹੇ......ਸਰਕਸ ਵਿੱਚ ਬਾਂਦਰ ਦੀ ਖੱਲ ਪਾ ਕੇ ਨੱਚਦਾ ਰਹਿੰਦਾ ਸੀ।

ਕੁਝ ਚਿਰ ਵਿੱਚ ਉੱਥੇ ਅਸਲ ਬਾਂਦਰ ਆ ਗਿਆ ਤੇ ਮਾਲਕਾਂ ਉਹਨੂੰ ਬਾਹਰ ਕੱਢ ਛੱਡਿਆ।"

"ਬੰਦਿਆਂ ਦਾ ਕੋਈ ਪਾਤਰ ਹੱਥ ਨਹੀਂ ਚੜ੍ਹਿਆ......ਚਲੋ, ਬਾਂਦਰ ਈ ਸਹੀ!"

ਸ਼ੀਸ਼ੇ 'ਚੋਂ ਇੱਕ ਉੱਚੇ ਹਾਸੇ ਨਾਲ਼ ਵਾਜ ਆਈ।

"ਜ਼ੋਜ਼ਫ਼ ਨੇ ਆਖਿਆ ਸੀ: ਐਕਟਰ ਨੂੰ ਹਰ ਰੋਲ਼ ਕਰਨਾ ਚਾਹੀਦਾ ਏ......ਉਹ ਭਾਵੇਂ ਕਿਸੇ ਰੁੱਖ ਤੋਂ ਡਿਗਦੇ ਢਹਿੰਦੇ ਪੱਤਰ ਦੇ ਹਿਲਦੇ ਅੰਗ ਦਾ ਹੋਵੇ ਜਾਂ ਮੱਛੀ ਨੂੰ ਪਾਣੀ ਤੋਂ ਬਾਹਰ ਕੱਢ ਕੇ ਵੇਖਿਆ ਜਾਵੇ।"

"ਵਾਹ, ਬਾਂਦਰ ਨੂੰ ਕਿਵੇਂ ਜੋੜਿਆ ਜੇ ਮੱਛੀ ਨਾਲ਼......ਸਰਮਦ ਸਾਹਿਬ, ਲੱਗਦਾ ਏ ਤੁਸੀਂ ਡਾਰਵਿਨ ਦੇ ਮੰਨਣ ਵਾਲੇ ਜੇ!"

ਸ਼ੀਸ਼ੇ 'ਚੋਂ ਹਾਸੇ ਨੇ ਗੇੜੇ ਮਾਰੇ ਤੇ ਸਰਮਦ ਬੋਲਿਆ:

"ਡਾਰਵਿਨ ਇੱਕ ਜਾਣੂ ਗਿਆਨੀ ਬਣਦਾ ਸੀ ਪਰ ਬੰਦੇ ਦੇ ਪਿਛੋਕੜ ਬਾਰੇ ਰੋਜ਼ ਦਿਹਾੜੀ ਨਵੀਆਂ ਗੱਲਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਨੇਂ।"

"ਮੈਂ ਤਾਂ ਮੱਛੀ ਤੋਂ ਗੱਲ ਟੋਰੀ ਸੀ। ਡਾਰਵਿਨ ਦਾ ਆਖਣਾ ਇਹੋ ਈ ਸੀ ਕਿ ਹਯਾਤੀ ਪਹਿਲਾਂ ਸਮੁੰਦਰਾਂ ਵਿੱਚ ਆਈ ਸੀ। ਜਦੋਂ ਸਮੁੰਦਰਾਂ ਥਾਵਾਂ ਬਦਲੀਆਂ, ਹਯਾਤੀ ਦੀਆਂ ਸ਼ਕਲਾਂ ਵੀ ਬਦਲ ਗਈਆਂ। ਫ਼ਿਰ ਬੰਦੇ ਦੀ ਮੁੱਢਲੀ ਸ਼ਕਲ ਬਾਂਦਰ ਵਿੱਚ ਦਿੱਸੀ। ਅਜੇ ਵੀ ਤਾਂ ਕਈ ਬਾਲ ਇੰਜ ਦੇ ਜੰਮਦੇ ਨੇਂ ਜਿਹਨਾਂ ਦੀ ਪੂਛਲ ਹੁੰਦੀ ਏ। ਕੱਚਾ ਗੋਸ਼ਤ ਖਾਵਣ ਮੁੱਕਿਆ ਪਰ ਹਰਨੀਏ ਬੰਦੇ ਦੇ ਸਰੀਰ ਵਿੱਚ ਈ ਰਹੇ, ਭਾਵੇਂ ਕੰਮ ਨਹੀਂ ਕਰਦੇ।"

"ਤੂੰ ਤੇ ਪੂੰਛਲ ਤੋਂ ਹਨੂੰਮਾਨ ਜੀ ਚੇਤੇ ਦਵਾ ਦਿੱਤੇ ਨੇਂ!"

ਸਰਮਦ ਨੇ ਹੱਸ ਕੇ ਆਖਿਆ।

"ਤੈਨੂੰ ਕੀ ਪਤਾ ਏ ਹਨੂੰਮਾਨ ਜੀ ਬਾਰੇ?"

"ਕੁੱਝ ਖ਼ਾਸ ਨਹੀਂ, ਬਸ ਇਹੋ ਈ ਕਿ ਉਹ ਹਵਾ ਦਾ ਪੁੱਤਰ ਸੀ ਜਿਹੜਾ ਅੰਜਨੀ ਰਾਣੀ ਕੇਸ਼ਰੀ ਦੀ ਕੁੱਖ 'ਚੋਂ ਜੰਮਿਆ ਸੀ। ਜਦੋਂ ਉਹ ਰਾਮ ਜੀ ਨਾਲ਼ ਜੁੜਿਆ ਤੇ ਬਾਂਦਰਾਂ ਨਾਲ਼ ਰਲ਼ ਕੇ ਉਹਨੇ ਦੈਤਾਂ ਨੂੰ ਮਾਰਿਆ। ਹਿੰਦੁਸਤਾਨ ਤੋਂ ਲੰਕਾ ਇੱਕ ਛਾਲ ਵਿੱਚ ਅਪੜਿਆ; ਰਾਵਣ ਦੇ ਬਾਗ਼ ਨੂੰ ਸਾੜਿਆ......ਉਹ ਉੱਡਦੇ ਬੱਦਲਾਂ ਨੂੰ ਫੜ ਲੈਂਦਾ, ਉਚੇਚ ਜ਼ੋਰ ਵਾਲਾ ਜੀ ਸੀ।"

"ਰਾਵਣ ਦੇ ਮੁਕਾਬਲੇ ਵਿੱਚ ਸੁਰਸਾ ਨੂੰ ਭੁੱਲ ਗਿਆ ਏਂ?"

"ਤੂੰ ਦੱਸ, ਮੈਨੂੰ ਤੇ ਚੇਤਾ ਨਹੀਂ!"

"ਰਾਵਣ ਦੇ ਇਸ ਮੁਕਾਬਲੇ ਵਿੱਚ ਉਹ ਨਾਗਾਂ ਦੀ ਮਾਂ ਸੀ ਤੇ ਰਾਵਣ ਨਾਲ਼ ਖਲੋਤੀ ਹੋਈ ਸੀ। ਜਦੋਂ ਹਨੂੰਮਾਨ ਜੀ ਸਮੁੰਦਰ ਟੱਪਣ ਲੱਗੇ, ਉਹ ਉਨ੍ਹਾਂ ਨੂੰ ਖਾਵਣ ਲਈ ਅਗਾਂਹ ਹੋਈ; ਮੂੰਹ ਖੋਲ੍ਹਿਆ। ਹਨੂੰਮਾਨ ਜੀ ਨੇ ਅਪਣਾ ਸਰੀਰ ਢੇਰ ਵੱਡਾ ਕੀਤਾ ਤੇ ਉਹ ਵੀ ਮੂੰਹ ਵੱਡਾ ਕਰੀ ਜਾਂਦੀ......ਇਸ ਵਿੱਚ ਹਨੂੰਮਾਨ ਜੀ ਇਹਨੂੰ ਸ਼ਾਬੋ ਆਖਦੇ ਨੇਂ!"

ਸਰਮਦ ਨੇ ਸਕਰਿਪਟ ਪੜ੍ਹਦਿਆਂ ਆਖਿਆ ਤੇ ਵਾਰਡਰੋਬ ਖੋਲ੍ਹ ਕੇ ਬਾਂਦਰ ਦੀ ਖੱਲ ਵਰਗੇ ਲੀੜੇ ਕੱਢ ਕੇ ਪਾ ਲਏ। ਸਾਰੀਆਂ ਬੱਤੀਆਂ ਜੱਗ ਪਈਆਂ। ਇੱਕ ਖੁੱਲ੍ਹੇ ਮੈਦਾਨ ਵਿੱਚ ਹਰ ਪਾਸੇ ਪੰਡਾਲ ਦਿੱਸ ਰਿਹਾ ਸੀ, ਬਾਹਰ ਢੇਰ ਸਾਰੇ ਰੇੜ੍ਹੀਆਂ ਵਾਲੇ ਵੱਖਰੀਆਂ ਵੱਖਰੀਆਂ ਸ਼ੈਵਾਂ ਵੇਚਦੇ ਪਏ ਸਨ। ਇੱਕ ਸਰਕਸ ਦੀ ਕਿਨੋਪੀ ਦੇ ਬਾਹਰ ਇੱਕ ਬੰਦਾ, ਬਾਂਦਰ ਦੀ ਖੱਲ ਹੱਥ 'ਚ ਫੜੀ ਚਿੰਤਨ ਖਲੋਤਾ ਸੀ। ਬੰਦੇ ਆਉਂਦੇ ਜਾਂਦੇ ਦਿੱਸੇ। ਇਸੇ ਆਵਾਜਾਵੀ ਵਿੱਚ ਉਹਦੇ ਨੇੜਿਓਂ ਇੱਕ



ਖੁਸਰਾ, ਪੈਲਾਂ ਪਾਉਂਦਾ ਲੰਘਿਆ ਤੇ ਕੁੱਝ ਪੰਧ ਤੋਂ ਫ਼ਿਰ ਪਰਤ ਆਇਆ।

"ਸ਼ਾਬੋ ਕੀ ਹੋਇਆ ਏ......?"

ਉਹਨੇ ਸ਼ਾਬੋ ਦੀ ਗੱਲ੍ਹ ਪੁੱਟਦਿਆਂ ਆਖਿਆ।

"ਹੋਣਾ ਕੀ ਏ......ਅਗਲਿਆਂ ਸਾਈਆਂ ਕੰਮ ਤੋਂ ਕੱਢ ਛੱਡਿਆ। ਬਾਂਦਰ ਦੀ ਖੱਲ ਪਾ ਕੇ ਨੱਚਦਾ ਸਾਂ।"

"ਚਿੰਤਾ ਨਾ ਕਰ, ਕਈ ਵਾਰੀ ਨਕਲ ਅਸਲ ਤੋਂ ਵੱਧ ਹੁੰਦੀ ਏ......ਮੈਂ ਕੁੱਝ ਕਰਨੀ ਆਂ!"

"ਕਿੱਥੋਂ ਆ ਰਹੀ ਏਂ......?"

"ਮੈਂ ਚਾਚੇ ਜਾਮੂੰ ਕੋਲੋਂ ਸ਼ੇਵ ਕਰਾਉਂਦੀ ਪਈ ਸਾਂ......ਹੁਣ ਤਾਂ ਦਿਹਾੜੀ ਵਿੱਚ ਦੋ-ਦੋ ਵਾਰੀ ਉਸਤਰਾ ਫਿਰਾਉਣਾ ਪੈਂਦਾ ਏ।"

ਖੁਸਰੇ ਨੇ ਹੱਸ ਕੇ ਆਖਿਆ।

"ਤੂੰ ਕੀ ਕਰੇਂਗੀ, ਨਰਗਿਸ......?"

ਸ਼ਾਬੋ ਨੇ ਪੁੱਛਿਆ।

"ਕੁੱਝ ਨਾ ਕੁੱਝ ਤਾਂ ਕਰਾਂਗੀ।"

ਨਰਗਿਸ ਨੇ ਇੱਕ ਵਾਰੀ ਫ਼ਿਰ ਉਹਦੀ ਗੱਲ੍ਹ ਪੁੱਟੀ ਤੇ ਮੌਤ ਦੇ ਖ਼ੂਹ ਦੇ ਪਿਛਵਾੜੇ ਲੱਗੀਆਂ ਕਨਾਤਾਂ ਵਿੱਚ ਜਾ ਵੜੀ। ਘੰਟੇ ਕੁ ਮਗਰੋਂ ਨੱਚਦੀ ਨੱਚਦੀ ਬਾਹਰ ਨਿਕਲੀ ਤੇ ਸ਼ਾਬੋ ਨੂੰ ਆਣ ਗਲ੍ਹ ਲਾ ਕੇ ਬੋਲੀ:

"ਤੂੰ ਖ਼ੂਹ ਦੇ ਬਾਹਰ ਸਾਡੇ ਨਾਲ਼ ਖਲੋ ਕੇ ਨੱਚੀਂ। ਜੀਵਨ ਭਾਈ ਅੱਧ ਉੱਤੇ ਰਾਜ਼ੀ ਹੋਇਆ ਏ!"

"ਤੇ ਮੈਂ ਕਰਾਂਗਾ ਕੀ......?"

"ਤੂੰ ਬਸ ਬਾਂਦਰ ਦੀ ਖੱਲ ਪਾ ਕੇ ਨੱਚੀਂ; ਲੋਕਾਂ ਨਾਲ਼ ਹੱਸੀਂ ਖੇਡੀਂ, ਕੁੱਝ ਨਾ ਕੁੱਝ ਲੱਭ ਈ ਜਾਵੇਗਾ।"

"ਚੰਗਾ, ਅੱਜ ਸ਼ਾਮ ਤੋਂ ਈ ਖ਼ੂਹ ਤੇ ਆ ਜਾਵਾਂਗਾ!"

ਇਹ ਆਖ ਕੇ ਸ਼ਾਬੋ ਖ਼ੂਹ ਦੇ ਨਾਲ਼ ਲੱਗੀ ਅੰਦਰਸਿਆਂ ਤੇ ਪਕੌੜਿਆਂ ਦੀ ਹੱਟੀ ਉੱਤੇ ਜਾ ਬੈਠਾ।

ਡੀਗਰ ਵੇਲੇ ਮੋਟਰਸਾਈਕਲ ਡਰਾਇਵਰ ਆ ਗਿਆ। ਉਹਨੇ ਸਲੰਸਰ ਖੋਲ੍ਹ ਕੇ ਮੋਟਰਸਾਇਕਲ ਦੋ ਕੁ ਵਾਰੀ ਚਲਾ ਕੇ ਵੇਖਿਆ। ਖ਼ੂਹ ਦੇ ਨਾਲ਼ ਲੱਗੇ ਫੱਟਿਆਂ ਉੱਤੇ ਖੁਸਰੇ ਵੀ ਆਣ ਖਲੋਤੇ ਤੇ ਉਨ੍ਹਾਂ ਦੇ ਸਾਹਮਣੇ ਇੱਕ ਬੰਦਾ ਸਪੀਕਰ ਦਾ ਮਾਈਕ ਫੜ ਕੇ ਬਹਿ ਗਿਆ। ਗ੍ਰਾਮੋਫ਼ੋਨ ਉੱਤੇ ਰਿਕਾਰਡ ਵੱਜਣ ਲੱਗ ਪਏ। ਸ਼ਾਬੋ ਵੀ ਖ਼ੂਹ ਦੇ ਨਾਲ਼ ਲੱਗੀਆਂ ਲੱਕੜ ਦੀਆਂ ਟੁੱਟੀਆਂ ਭੱਜੀਆਂ ਪੌੜੀਆਂ ਰਾਹੀਂ ਚੜ੍ਹ ਕੇ ਖੁਸਰਿਆਂ ਨਾਲ਼ ਖਲੋ ਕੇ ਨੱਚਣ ਲੱਗ ਪਿਆ। ਅਗਾਂਹ ਬੈਠਾ ਬੰਦਾ ਮਾਈਕ ਉੱਤੇ ਲੋਕਾਂ ਨੂੰ ਵਾਜਾਂ ਮਾਰਣ ਲੱਗ ਪਿਆ:

"ਆਓ ਜੀ, ਆਓ......ਅੱਧੇ ਧੜ ਵਾਲਾ ਬੰਦਾ ਵੇਖੋ!"

"ਸ਼ੀਸ਼ੇ ਨਾਲ਼ ਬਣੀ ਕੁੜੀ ਵੇਖੋ ਤੇ ਚਾਰ ਪੈਰਾਂ ਵਾਲੀ ਕੁਕੜੀ ਵੇਖੋ!"

"ਆਵੋ ਸੱਜਣੋ, ਮੌਤ ਦੇ ਖ਼ੂਹ ਵਿੱਚ ਵੇਖੋ, ਮੋਟਰਸਾਈਕਲ ਕਿਵੇਂ ਟੁਰਦੀ ਏ ਜਿਵੇਂ

ਗ਼ੁਲਾਮ ਪਹਿਲਵਾਨ ਖਾੜੇ ਵਿੱਚ ਟੁਰਦਾ ਏ!"

ਇੰਜ ਦੀਆਂ ਵਾਜਾਂ ਲੱਗਦੀਆਂ ਰਹੀਆਂ......ਲੋਕਾਂ ਦਵਾਨੀ ਦਵਾਨੀ ਦੀਆਂ ਟਿਕਟਾਂ ਲਿੱਤੀਆਂ; ਭੀੜ ਵੱਧੀ; ਮੋਟਰਸਾਈਕਲ ਖੂਹ ਵਿੱਚ ਦੌੜੀ; ਤਾੜੀਆਂ ਵੱਜੀਆਂ ਤੇ ਸ਼ੋਅ ਮੁੱਕ ਗਿਆ।

ਤਿੰਨ ਦਿਹਾੜੀਆਂ ਲੰਘ ਗਈਆਂ। ਸ਼ਾਬੂ ਦਾ ਬਸ ਇੱਕ ਡੰਗ ਟੱਪਦਾ ਸੀ। ਉਸ ਸ਼ਾਮੀਂ ਉਹਨੇ ਵੇਖਿਆ ਕਿ ਸਰਕਸ ਦਾ ਬਾਂਦਰ ਪੰਡਾਲ ਵਿੱਚ ਜਾਣ ਤੋਂ ਪਹਿਲਾਂ ਬੋਤਲਾਂ ਵਿੱਚ ਮੂੰਹ ਮਾਰਦਾ, ਤੁਬਕਾ-ਤੁਬਕਾ ਤਾੜੀ ਪੀਂਦਾ ਅੰਦਰ ਜਾ ਵੜਿਆ ਤੇ ਫ਼ਿਰ ਇੰਜ ਦਾ ਨੱਚਿਆ ਕਿ ਰਹੇ ਰੱਬ ਦਾ ਨਾਂ...... ਖ਼ਲਕਤ ਉਹਦੀਆਂ ਛਾਲਾਂ ਤੇ ਤਮਾਸ਼ਾ ਵੇਖ-ਵੇਖ ਹੱਸਦੀ ਰੁਝਦੀ ਰਹੀ। ਸ਼ਾਬੂ ਕੋਲੋਂ ਵੀ ਰਿਹਾ ਨਾ ਗਿਆ। ਅਗਲੀ ਦਿਹਾੜੀ ਉਹ ਆਪਣੇ ਬਾਲਪਣ ਦੇ ਬੇਲੀ ਚੰਨੇ ਨੂੰ ਸੱਦ ਲਿਆਇਆ; ਤਾੜੀ ਦੀ ਇੱਕ ਬੋਤਲ ਕੱਢੀ; ਅੱਧੀ ਆਪ ਪੀ ਗਿਆ ਤੇ ਅੱਧੀ ਚੰਨੇ ਨੂੰ ਪਿਆ ਦਿੱਤੀ। ਦੂਜੇ ਪਾਸੇ ਮੇਲਾ ਨੱਚੀ ਜਾ ਰਿਹਾ ਸੀ ਤੇ ਖ਼ਲਕਤ ਹੌਲੀ-ਹੌਲੀ ਵੱਧਦੀ ਪਈ ਸੀ।

"ਤੈਨੂੰ ਤਾਂ ਅੰਗਰੇਜ਼ੀ ਬੀਅਰ ਪੀਵਣ ਦਾ ਚਸਕਾ ਏ......ਤਾੜੀ ਕਿਹੋ ਜਿਹੀ ਲੱਗੀ?"

ਸ਼ੀਸ਼ੇ ਨੇ ਸੋਤਰ ਮਾਰੀ ਤੇ ਸਰਮਦ ਉਹਦੇ ਨਾਲ਼ ਔਖਾ ਬੋਲਿਆ:

"ਅੱਗੇ ਤਾੜੀ ਚੜ੍ਹਦੀ ਪਈ ਏ ਤੇ ਉੱਤੋਂ ਤੂੰ ਬੋਲਣ ਲੱਗ ਪਿਆ ਏਂ!"

ਸ਼ਾਮ ਗੂੜ੍ਹੀ ਹੋਈ ਤੇ ਮੇਲੇ ਦੀ ਰੌਣਕ ਵੱਧ ਗਈ। ਮੌਤ ਦੇ ਖੂਹ ਦੇ ਬਾਹਰ ਦੂਜੇ ਖੁਸਰਿਆਂ ਨਾਲ਼ ਨਰਗਿਸ ਵੀ ਨੱਚ ਰਹੀ ਸੀ। ਰੇੜ੍ਹੀ ਆਲਿਆਂ ਦੀਆਂ ਵਾਜਾਂ ਚਾਰ ਚੁਫ਼ੇਰੇ ਗੱਜ ਰਹੀਆਂ ਸਨ। ਚੰਨੇ ਨੇ ਵੀ ਧੋਤੀ ਲਵੇਟੀ ਤੇ ਉੱਚੀ ਉੱਚੀ ਵਾਜਾਂ ਮਾਰਣ ਲੱਗ ਪਿਆ:

"ਅੱਜ ਬਾਂਦਰ ਮਹਾਰਾਜ ਤੁਹਾਡੇ ਲਿਖੇ ਲੇਖ ਤੁਹਾਨੂੰ ਦੱਸਣਗੇ।"

"ਇਹ ਕਿਹੜੇ ਮਹਾਰਾਜ ਨੇਂ......ਕਿਸ ਦੇਸ ਤੋਂ ਨੇਂ......?"

ਨੇੜਿਓਂ ਲੰਘਦੇ ਇੱਕ ਬੰਦੇ ਨੇ ਹੱਸਦਿਆਂ ਆਖਿਆ।

"ਇਹ ਇਸ ਦੇਸ ਦੇ ਵੀ ਨੇਂ ਤੇ ਸਰਕਾਰ ਬਹਾਦਰ ਦੇ ਦੇਸ ਦੇ ਵੀ। ਇਨ੍ਹਾਂ ਨੂੰ ਪਾਂਧੀ ਜੀ ਆਖ ਸਕਦੇ ਓ। ਜੇ ਇਹ ਚੰਗਾ ਨਾ ਲੱਗੇ ਤੇ ਪਹਿਰੂ ਬੜਾ ਈ ਸੌਖਾ ਨਾਂ ਏ। ਜੇ ਇਹ ਦੋਵੇਂ ਮੂੰਹ ਉੱਤੇ ਨਾ ਚੜ੍ਹਣ ਤੇ ਤੁਸੀਂ ਕੁੰਜਾਹ ਕਹਿ ਲਵੋ। ਮੇਰੇ ਸੱਜਣਾਂ, ਵੀਰਾਂ, ਮਾਵਾਂ ਤੇ ਭੈਣਾਂ ਸਭ ਨੂੰ ਜੇ ਇਹ ਭੈੜੇ ਜਾਪਣ ਤੇ ਅਖ਼ੀਰਲਾ ਨਾਂ ਲਾਰਡ ਕਾਊਂਟ ਸੈੱਟਨ ਵੀ ਮੰਨਿਆ ਜਾ ਸਕਦਾ ਏ। ਇਹ ਸਾਡੇ ਲਾਰਡ ਵੀ ਨੇਂ ਤੇ ਸੈਟਨ ਨਾਲ਼ ਸਾਡੀ ਪੁਰਾਣੀ ਸਾਕਾਚਾਰੀ ਏ।"

"ਮਹਾਰਾਜ, ਮੇਰੇ ਹੱਥ ਦੀਆਂ ਲਕੀਰਾਂ ਕੀ ਆਖਦੀਆਂ ਨੇਂ......?"

ਇੱਕ ਸਿੱਖ ਸਰਦਾਰ ਨੇ ਕੁੱਝ ਸਿੱਕੇ ਸ਼ਾਬੂ ਅੱਗੇ ਸੁੱਟਦਿਆਂ ਆਖਿਆ।

ਸ਼ਾਬੂ ਨੂੰ ਤਾਂ ਪਹਿਲਾਂ ਤੋਂ ਈ ਚੜ੍ਹੀ ਹੋਈ ਸੀ। ਉਹਨੇ ਬਾਂਦਰ ਵਾਂਗ ਇੱਕ ਕਲਾਬਾਜ਼ੀ ਮਾਰੀ ਤੇ ਉਹਦਾ ਹੱਥ ਚੁੰਮਦਿਆਂ ਆਖਿਆ:

"ਤੂੰ ਕੈਨੇਡਾ ਜਾਵੇਂਗਾ ਕਮਾਵੇਂਗਾ, ਲਾਰਡ ਮਿੰਟੋ ਵੀ ਉੱਥੋਂ ਈ ਆਇਆ ਸੀ।"

ਇੰਨੇ ਵਿੱਚ ਸਿੱਖ ਸਰਦਾਰ ਨਾਲ਼ ਖਲੋਤੀ ਇੱਕ ਜ਼ਨਾਨੀ ਅੱਗੇ ਵੱਧ ਕੇ ਬੋਲੀ:

"ਸਰਕਾਰ, ਜੇ ਇਹ ਉੱਥੇ ਜਾ ਕੇ ਧਰਮੋਂ ਬੇਧਰਮ ਹੋ ਗਿਆ ਤੇ ਫ਼ਿਰ......?"

"ਦੂਜੇ ਸਵਾਲ ਦੇ ਪੈਸੇ ਹੋਰ ਹੋਵਣਗੇ।"

ਚੰਨੇ ਨੇ ਵਿੱਚ ਆਣ ਕੇ ਆਖਿਆ।



ਸਿੱਖ ਸਰਦਾਰ ਕੈਨੇਡਾ ਦਾ ਨਾਂ ਸੁਣ ਕੇ ਉੱਚੀਆਂ ਹਵਾਵਾਂ ਵਿੱਚ ਸੀ......ਤੁਰਤ ਕੂਇਆ:

"ਦੇਵੋ, ਦੇਵੋ......ਦੂਜਾ ਵੀ ਪੁੱਛ ਲਵੋ!"

ਜ਼ਨਾਨੀ ਨੇ ਕੁੱਝ ਹੋਰ ਸਿੱਕੇ ਸ਼ਾਬੂ ਅੱਗੇ ਧਰੇ ਤੇ ਸ਼ਾਬੂ ਉੱਚੀ ਵਾਜ ਵਿੱਚ ਬੋਲਿਆ:

"ਧਰਮ ਦਾ ਪਾਲਣ ਤੁਸਾਂ ਆਪ ਕਰਨਾ ਹੈ। ਭੁੱਲ ਗਏ ਜੇ, ਭਾਈ ਗੁਰਦਾਸ ਹੋਰਾਂ ਕੀ ਆਖਿਆ ਸੀ!"

"ਕੀ ਆਖਿਆ ਸੀ......?"

ਭਾਈ ਗੁਰਦਾਸ ਦਾ ਨਾਂ ਸੁਣ ਕੇ ਪੰਜ ਸੱਤ ਹੋਰ ਸਰਦਾਰ ਵੀ ਉੱਥੇ ਆਣ ਖਲੋਤੇ ਤੇ ਉਨ੍ਹਾਂ ਵੀ ਕੁੱਝ ਸਿੱਕੇ ਚੰਨੇ ਦੇ ਹੱਥ ਫੜਾ ਦਿੱਤੇ।

"ਮਹਾਰਾਜ ਬੜੇ ਗਿਆਨੀ ਤੇ ਪਹੁੰਚੇ ਹੋਏ ਨੇਂ!"

ਇਸੇ ਜ਼ਨਾਨੀ ਨੇ ਆਪਣੇ ਨਾਲ਼ ਆਈਆਂ ਜ਼ਨਾਨੀਆਂ ਨੂੰ ਆਖਿਆ।

ਮੌਤ ਦੇ ਖੂਹ ਦੇ ਬਾਹਰ ਇੱਕ ਵੱਖਰੀ ਭੀੜ ਲੱਗ ਗਈ, ਜਿਹੜੀ ਬਾਂਦਰ ਮਹਾਰਾਜ ਦੇ ਆਲੇ ਦੁਆਲੇ ਸੀ। ਸਰਕਸ ਦੇ ਕਰਿੰਦੇ ਹੈਰਾਨ ਤੇ ਚਿੰਤਕ ਹੋ ਕੇ ਤੱਕਣ ਲੱਗ ਪਏ। ਸ਼ਾਬੂ ਨੇ ਨਾਲ਼ ਪਈ ਬੋਤਲ 'ਚੋਂ ਇੱਕ ਘੁੱਟ ਭਰਿਆ ਤੇ ਆਲੇ ਦੁਆਲੇ ਤੱਕ ਕੇ ਆਖਿਆ:

"ਸਰਦਾਰ ਜੀ, ਤੁਸੀਂ ਪਹਿਲਾਂ ਬੋਲੋ: ਕੀ ਆਖਿਆ ਸੀ ਗੁਰੂ ਨਾਨਕ ਹੋਰਾਂ, ਫ਼ਿਰ ਮੈਂ ਦੱਸਾਂਗਾ ਕਿ ਭਾਈ ਗੁਰਦਾਸ ਨੇ ਕੀ ਆਖਿਆ ਸੀ।"

ਸ਼ਾਬੂ ਦੀ ਗੱਲ ਸੁਣ ਕੇ ਸਾਰੀਆਂ ਜ਼ਨਾਨੀਆਂ ਨੇ ਸਿਰ ਤੇ ਚੱਦਰਾਂ ਲੈ ਲਈਆਂ ਤੇ ਨੇੜੇ ਖਲੋਤੇ ਅੱਠ ਦੱਸ ਸਰਦਾਰਾਂ ਨੇ ਕਿਰਪਾਨਾਂ ਕੱਢ ਕੇ ਉੱਚੀ ਵਾਜ ਵਿੱਚ ਨਾਅਰਾ ਲਾਇਆ:

"ਜੋ ਬੋਲੇ ਸੋ ਨਿਹਾਲ, ਸੱਤ ਸ੍ਰੀ ਅਕਾਲ!"

"ਮਹਾਰਾਜ ਗਿਆਨ ਦੇਵੋ!"

ਨੱਚਦੀ ਨਰਗਿਸ ਵੀ ਭੋਏਂ ਤੇ ਆਣ ਬੈਠੀ। ਸ਼ਾਬੂ ਨੇ ਇੱਕ ਘੁੱਟ ਫ਼ਿਰ ਲਾ ਲਿਆ:

"ਉੱਚੇ ਮਹਿਲ ਉਸਾਰ ਵਿਛਾਏ-ਵਿਛਾਵਣੇ
ਵੱਡੇ ਦੁਨੀਆਦਾਰ, ਨਾਉਂ ਗੁਣਾ ਵਿਨੇ
ਕਰ ਗੜ ਕੋਟ ਹਜ਼ਾਰ ਰਾਜ ਕਮਾਵਣੇ
ਲੱਖ ਲੱਖ ਮਨਸਬਦਾਰ ਵਜਦ ਵਧਾ ਵਿਨੇ
ਪੂਰ ਭਰੇ ਅਹੰਕਾਰ ਆਉਣੇ ਜਾਵਣੇ
ਤੱਤ ਸੱਚੇ ਦਰਬਾਰ ਖਰੇ ਡਰਾਵਣੇ"

"ਤੁਹਾਨੂੰ ਕਿਸੇ ਨੂੰ ਸਾਰ ਨਾ ਆਈ। ਭਾਈ ਗੁਰਦਾਸ ਹੋਰਾਂ ਕੀ ਵਿਚਾਰ ਸਾਂਝੇ ਕੀਤੇ ਸਨ। ਚੱਲੋ ਹੁਣ ਜਾਵੋ। ਆਪਣੇ ਆਪਣੇ ਕੰਮੀਂ ਲੱਗੋ।"

ਇਹ ਆਖ ਕੇ ਸ਼ਾਬੂ ਇੱਕ ਨੁਕਰੇ ਲੱਗ ਕੇ ਬਹਿ ਗਿਆ। ਫੱਟੇ ਦੇ ਆਲੇ ਦੁਆਲੇ ਇੱਕ ਢੇਰ ਸਿੱਕਿਆਂ ਦਾ ਲੱਗ ਗਿਆ ਸੀ।

ਨਰਗਿਸ ਤੇ ਚੰਨਾ ਦੋਵੇਂ ਰਲ਼ ਕੇ ਗਿਣਤੀ ਕਰਨ ਲੱਗ ਪਏ। ਗਿਣਤੀ ਮਗਰੋਂ ਅੱਧੇ ਪੈਸੇ ਖੂਹ ਦੇ ਮਾਲਿਕ ਨੂੰ ਦਿੱਤੇ ਤੇ ਰਹਿੰਦੇ ਆਪਸੀ ਵੰਡ ਲਏ। ਚੰਨਾ ਜਾ ਕੇ ਰੋਟੀ ਲੈ ਆਇਆ ਤੇ ਉਚਰਾਂ ਨੂੰ ਬੰਦਿਆਂ ਦੀ ਇੱਕ ਹੋਰ ਭੀੜ ਖੂਹ ਦੇ ਆਲੇ ਦੁਆਲੇ ਕੱਠੀ ਹੋ ਗਈ। ਸ਼ਾਬੂ ਨੇ ਇੱਕ ਵਾਰੀ ਫ਼ਿਰ ਬਾਂਦਰ ਦੀ ਖੱਲ ਪਾ ਲਈ, ਘੁੱਟ ਤਾੜੀ ਦੇ ਲਾਏ ਤੇ ਫੱਟੇ ਉੱਤੇ ਚੜ੍ਹ ਕੇ ਛਾਲਾਂ ਮਾਰਣ

ਲੱਗ ਪਿਆ।

"ਡਾਰਵਿਨ ਨੇ ਕੋਈ ਏਡਾ ਝੂਠ ਵੀ ਨਹੀਂ ਆਖਿਆ ਸੀ।"

ਸ਼ੀਸ਼ਾ ਫ਼ਿਰ ਹੱਸ ਪਿਆ:

"ਸ਼ਾਬੂ......ਇਹ ਬਾਂਦਰ ਹੁਣ ਕੀ ਕਰੇਗਾ ਸਕਰਿਪਟ ਹੋਰ ਕੀ ਕੁੱਝ ਵਿਖਾਵੇਗਾ।"

ਸਰਮਦ ਵੀ ਹੱਸ ਕੇ ਬੋਲਿਆ। ਉਹਦੀਆਂ ਅੱਖੀਆਂ ਗੂੜ੍ਹੀਆਂ ਲਾਲ਼ ਹੋਈਆਂ ਪਈਆਂ ਸਨ।

"ਮਹਾਰਾਜ, ਹਨੂੰਮਾਨ ਜੀ ਦੇ ਅਵਤਾਰ ਲੱਗਦੇ ਓ!"

ਇੱਕ ਪੰਡਿਤ ਨੇ ਮੱਥਾ ਟੇਕਦਿਆਂ ਆਖਿਆ।

"ਕੋਈ ਕਿਸੇ ਦਾ ਅਵਤਾਰ ਨਹੀਂ ਹੁੰਦਾ......ਹਰ ਇੱਕ ਦੀ ਆਪਣੀ ਵੱਖਰੀ ਤੇ ਨਿਵੇਕਲੀ ਹਸਤੀ ਹੁੰਦੀ ਏ।"

"ਵਾਹਵਾ ਕਿਆ ਕਹਿਣੇ ਸਰਕਾਰ!"

ਪੰਡਿਤ ਨੇ ਆਪਣੇ ਨਾਲ਼ ਆਏ ਸੰਗੀਆਂ ਸਾਥੀਆਂ ਵੱਲ ਮੂੰਹ ਕਰ ਕੇ ਆਖਿਆ ਤੇ ਇੱਕ ਵਾਰੀ ਫ਼ਿਰ ਹਰ ਪਾਸੇ ਰੌਲ਼ਾ ਪੈ ਗਿਆ। ਆਲੇ ਦੁਆਲੇ ਭੀੜ ਤੇ ਸਿੱਕੇ ਵਧੀ ਗਏ। ਸਰਕਸ ਦਾ ਮਾਲਿਕ ਵੀ ਇੱਕ ਨੁਕਰੇ ਲੱਗ ਕੇ ਸੱਭ ਕੁੱਝ ਵੇਹੰਦਾ ਰਿਹਾ।

ਹਰ ਕੋਈ ਅਪਣਾ ਮਸਲਾ ਸਾਹਮਣੇ ਧਰ ਰਿਹਾ ਸੀ:

"ਮਹਾਰਾਜ, ਮੈਨੂੰ ਧੀ ਵਾਸਤੇ ਆਪਣੀ ਜਾਤੀ ਦਾ ਸਾਕ ਨਹੀਂ ਲੱਭਦਾ।"

"ਸਰਕਾਰ, ਜ਼ਮੀਨ ਗਹਿਣੇ ਪਈ ਹੈ......ਬਾਪੂ ਦੇ ਵੇਲੇ ਦੀ। ਬਿਆਜ ਵਧੀ ਜਾਂਦਾ ਪਿਆ ਏ, ਕਿਵੇਂ ਛੁੱਟੇਗੀ।"

"ਮਹਾਰਾਜ, ਮੈਂ ਕਦੇ ਰੇਲ ਗੱਡੀ ਉੱਤੇ ਨਹੀਂ ਬੈਠਿਆ। ਉਸ ਉੱਤੇ ਹੂੰਟੇ ਲੈਵਣ ਦੀ ਬੜੀ ਚਾਹ ਏ!"

"ਸਾਡੇ ਪਿੰਡ ਸੋਕਾ ਪਿਆ ਹੋਇਆ ਏ, ਦੋ ਵਰ੍ਹਿਆਂ ਤੋਂ ਮੀਂਹ ਈ ਨਹੀਂ ਪਿਆ......ਕੋਈ ਉਪਾਅ ਤਾਂ ਦੱਸੋ!"

ਲੋਕਾਂ ਵੱਖਰੇ ਵੱਖਰੇ ਮੁੱਦੇ ਖੋਲ੍ਹੇ। ਸ਼ਾਬੂ ਤਾੜੀ ਪੀਵੀ ਜਾਵੇ ਤੇ ਪੁੱਠੇ ਸਿੱਧੇ ਪਰਤਾਵੇ ਦਿੱਤੀ ਜਾਵੇ। ਸਰਕਸ ਦੇ ਪੰਡਾਲ 'ਚੋਂ ਵੀ ਲੋਕੀ ਤੇ ਮੁਲਾਜ਼ਮ, ਨੱਚਦੇ ਬਾਂਦਰ ਮਹਾਰਾਜ ਦੇ ਦੁਆਲੇ ਆਣ ਖਲੋਤੇ, ਤੇ ਕੱਠ ਹੋਰ ਵੱਧ ਗਿਆ। ਰੌਲ਼ਾ ਈ ਰੌਲ਼ਾ ਤੇ ਗੱਲਾਂ ਈ ਗੱਲਾਂ।

ਇੰਨੇ ਵਿੱਚ ਅਸ਼ੋਕ ਕੁਮਾਰ ਦੇ ਮੁਹਾਂਦਰੇ ਵਾਲਾ ਇੱਕ ਜਵਾਨ ਮੁੰਡਾ ਪਿੜ ਵਿੱਚ ਆਣ ਖਲੋਤਾ ਤੇ ਹੱਥ ਬੰਨ ਕੇ ਬੋਲਿਆ:

"ਸਰਕਾਰ, ਮੈਂ ਐਕਟਰ ਬਣਨਾ ਚਾਹੁਣਾ ਵਾਂ, ਕੋਈ ਕ੍ਰਿਪਾ ਕਰਿਆ ਜੇ!"

"ਇਹ ਆਪ ਵੀ ਐਕਟਰ ਈ ਏ!"

ਸ਼ੀਸ਼ਾ ਬੋਲਿਆ।

"ਇਹ ਆਪ ਵੀ ਐਕਟਰ ਈ ਏ।"

ਸਰਕਸ ਦੇ ਮਾਲਿਕ ਨੇ ਵੀ ਪਿੜ ਵਿੱਚ ਆ ਕੇ ਇਹੋ ਈ ਆਖਿਆ।

"ਤੁਸਾਂ ਮੇਰਾ ਕਦੇ ਖ਼ਿਆਲ ਨਾ ਕੀਤਾ!"

ਸ਼ਾਬੂ ਨੇ ਸਰਕਸ ਦੇ ਮਾਲਿਕ ਨੂੰ ਮਿਹਣਾ ਮਾਰਿਆ।



"ਚੱਲ ਫ਼ਿਰ ਹੁਣ ਮੁੜ ਆ......ਦੂਣੀ ਤਨਖ਼ਾਹ ਦਿਆਂਗਾ।"

"ਮੈਂ ਸਰਕਾਰ......?"

ਇਸ ਜਵਾਨ ਮੁੰਡੇ ਨੇ ਆਖਿਆ ਤੇ ਸ਼ਾਬੂ ਉਹਨੂੰ ਘੂਰ ਕੇ ਪਿਆ:

"ਚੱਲ ਦੌੜ ਜਾ ਓਏ......ਤੂੰ ਐਕਟਰ ਨਹੀਂ ਬਣ ਸਕਦਾ!"

"ਮਹਾਰਾਜ, ਇੱਕ ਵਾਰੀ ਮੇਰੀ ਕੁੰਡਲੀ ਤਾਂ ਵੇਖ ਲਵੋ......!"

ਉਹਨੇ ਤਰਲਾ ਪਾਇਆ ਤੇ ਸਰਕਸ ਦੇ ਮਾਲਿਕ ਨੇ ਸੇਨਤਰ ਮਾਰੀ:

"ਵੇਖ ਲਵੋ ਸ਼ਾਬੂ ਜੀ......ਕੀ ਯਾਦ ਕਰੇਗਾ।"

"ਸ਼ਾਬੂ ਨਹੀਂ, ਬਾਂਦਰ ਮਹਾਰਾਜ!"

ਚੰਨੋ ਨੇ ਹਟਕਿਆ।

"ਤੇਰਾ ਨਾਂ ਕੀ ਹੈ?"

ਸ਼ਾਬੂ ਨੇ ਉਸ ਜਵਾਨ ਕੋਲੋਂ ਪੁੱਛਿਆ।

"ਮੇਰਾ ਨਾਂ ਸਰਮਦ ਏ।"

"ਸਰਮਦ?......ਇਹ ਭਲਾ ਕੀ ਨਾਂ ਹੋਇਆ?"

ਇਹ ਆਖ ਕੇ ਸ਼ਾਬੂ ਨੇ ਬਾਂਦਰ ਦੀ ਅੱਧੀ ਖੱਲ ਲਾਹ ਸੁੱਟੀ ਤੇ ਛਾਲਾਂ ਮਾਰਦਾ ਪੰਡਾਲ 'ਚੋਂ ਬਾਹਰ ਨਿਕਲ ਗਿਆ......ਨੱਸਦਿਆਂ ਨੱਸਦਿਆਂ ਉਹਦਾ ਸਾਹ ਫੁੱਲ ਗਿਆ ਤੇ ਉਹ ਜੰਗਲ਼ ਵਿੱਚ ਡੰਗਰਾਂ ਦੇ ਇੱਕ ਇੱਜੜ ਵਿੱਚ ਜਾ ਡਿੱਗਿਆ, ਜਿਹੜਾ ਦਰਿਆ ਦੇ ਪੱਤਣ ਉੱਤੇ ਇੱਕ ਰੁੱਖ ਹੇਠ ਕੱਠਾ ਸੀ ਜਿਹਦੇ ਉੱਤੇ ਢੇਰ ਸਾਰੀਆਂ ਚਿੜੀਆਂ ਬਾਬਾ ਫ਼ਰੀਦ ਦਾ ਦੋਹੜਾ ਪਈਆਂ ਗਾਉਂਦੀਆਂ ਸਨ:

ਇਹ ਜੋ ਜੰਗਲ਼ ਰੁੱਖੜੇ, ਹਰੈਲ ਪੱਤ ਤਿਨ੍ਹਾਂ
ਪੋਥਾ ਲਿਖਿਆ ਅਰਥ ਦਾ ਫ਼ਰੀਦਾ ਐਕਸ ਐਕਸ ਮਾਂਹ

ਦੋਹੜਾ......ਚਾਰ ਚੁਫ਼ੇਰੇ ਹਵਾ ਵਿੱਚ, ਬੱਦਲਾਂ ਦੀ ਟੋਰ ਦੇ ਨਾਲ਼......ਪੱਖੂ, ਪਾਣੀ, ਡੰਗਰ, ਸੱਭ ਗਾਉਂਦੇ ਪਏ ਸਨ। ਸ਼ਾਬੂ ਵੀ ਉਹ ਦੋਹੜਾ ਗਾਉਂਦਿਆਂ ਦਰਿਆ ਵਿੱਚ ਛਾਲ ਮਾਰ ਦਿੰਦਾ ਏ। ਬਾਂਦਰ ਦੀ ਬਾਕੀ ਖੱਲ ਵੀ ਲਹਿ ਜਾਂਦੀ ਏ।

ਸਰਮਦ ਦੇ ਲੀੜੇ ਵਾਰਡਰੋਬ ਹੇਠਾਂ ਜਾ ਡਿੱਗੇ; ਬੱਤੀਆਂ ਸਾਰੀਆਂ ਬੁਝ ਗਈਆਂ, ਥੱਕਿਆ ਟੁੱਟਿਆ ਸਰਮਦ ਸੋਫ਼ੇ 'ਤੇ ਜਾ ਲੰਮਾ ਪਿਆ। ਉਹ ਕਦੋਂ ਤੀਕ ਸੁੱਤਾ ਰਿਹਾ, ਉਹਨੂੰ ਕੁੱਝ ਪਤਾ ਨਾ ਲੱਗਿਆ......ਅੱਖ ਉਦੋਂ ਖੁੱਲ੍ਹੀ ਜਦੋਂ ਕੰਧ ਤੇ ਟੰਗੇ ਹੋਏ ਘੜਿਆਲ ਨੇ ਟਨ-ਟਨ ਦੀਆਂ ਵਾਜਾਂ ਮਾਰੀਆਂ......ਵੀਣੀ ਤੇ ਬੱਝੀ ਘੜੀ ਵੱਲ ਧਿਆਨ ਮਾਰਿਆ ਤੇ ਅਗਲੀ ਦਿਹਾੜੀ ਦੀ ਤਰੀਖ਼ ਸੀ। ਉੱਠ ਕੇ ਚੰਗੀ ਤਰ੍ਹਾਂ ਨ੍ਹਾਤਾ ਤੇ ਚਾਹ ਨਾਲ਼ ਕੁੱਝ ਸੈਂਡਵਿਚ ਖਾ ਕੇ ਫ਼ਿਰ ਸਕਰਿਪਟ ਵੇਖਣ ਲੱਗ ਪਿਆ। ਚੋਖਾ ਚਿਰ ਸਕਰਿਪਟ ਵੇਹੰਦਾ ਰਿਹਾ ਤੇ ਫ਼ਿਰ ਇੱਕ ਸਿਗਰੇਟ ਲਾ ਕੇ ਚੁੱਪ ਬਹਿ ਗਿਆ।

"ਕਿਸ ਚਿੰਤਾ ਵਿੱਚ ਏਂ......?"

ਸ਼ੀਸ਼ੇ ਨੇ ਪੁੱਛਿਆ।

"ਕਿਸੇ ਚਿੰਤਾ ਵਿੱਚ ਨਹੀਂ......ਫ਼ਿਲਮ ਤੇ ਰੀਹਰਸਲ......ਇਸ ਦੇ ਨਾਲ਼ ਇੱਕ ਖੇਡ ਵੀ ਤੇ ਟੁਰਦੀ ਪਈ ਏ।"

ਸਰਮਦ ਨੇ ਸਿਗਰੇਟ ਦਾ ਕਸ਼ ਭਰਦਿਆਂ ਆਖਿਆ।

"ਇੱਕ ਖੇਡ ਵਿੱਚ ਕਈ ਖੇਡਾਂ ਨਾਲੋ ਨਾਲ਼ ਟੁਰਦੀਆਂ ਨੇਂ ਝੱਲਿਆ......ਤੂੰ ਛੱਡ ਪਰਾਂਹ ਹੁਣ ਇਹ ਸਾਰਾ ਕੁਝ......ਜਾ, ਜਾ ਕੇ ਕਿਸੇ ਕੰਮ ਕਾਰ ਦੇ ਮੱਥੇ ਲੱਗ......ਇੰਨੇ ਪਾਤਰ ਕਰ ਲਏ ਨੇਂ......ਮਨ ਸ਼ਾਂਤ ਹੋ ਗਿਆ ਹੋਵਣਾ ਏ......ਵੱਡੀ ਸਕਰੀਨ ਵਿੱਚ ਕੀ ਰੱਖਿਆ ਏ......ਬਸ ਮਨ ਪਰਚਾਇਆ ਗਿਆ, ਇਹੋ ਈ ਆਨੰਦ ਏ!"

"ਤੂੰ ਠੀਕ ਆਖਣਾ ਏਂ......ਮੈਨੂੰ ਹੁਣ ਆਪ ਕੋਈ ਸਾਰ ਨਹੀਂ......ਕਦੇ ਲੱਗਦਾ ਏ ਕਿ ਮੈਂ ਦਿੱਤਾ ਸੈਣੀ ਆਂ, ਕਦੇ ਮੌਜੀ ਖ਼ਾਨ ਤੇ ਕਦੇ ਕਦੇ ਇੰਝ ਜਿਵੇਂ ਇਹ ਸੱਭੇ ਇੱਕੋ ਈ ਹੋਵਣ!"

"ਇੱਕੋ ਈ ਤੇ ਨੇਂ......ਇੱਕੋ ਈ ਬੰਦੇ ਦੇ ਵੱਖਰੇ ਵੱਖਰੇ ਤੇ ਨਿਵੇਕਲੇ ਰੂਪ......ਇਹੋ ਈ ਹਯਾਤੀ ਏ।"

ਸ਼ੀਸ਼ੇ 'ਚੋਂ ਵਾਜ ਆਈ ਤੇ ਸਰਮਦ ਇੱਕ ਵਾਰੀ ਫ਼ਿਰ ਸਕਰਿਪਟ ਵੇਖਣ ਲੱਗ ਪਿਆ......ਸਫ਼ੇ ਉੱਥਲ ਉੱਥਲ ਵੇਹੰਦਾ ਰਿਹਾ, ਪਰ ਕੁੱਝ ਸਮਝ ਨਾ ਲੱਗੀ......ਤੰਗ ਆ ਕੇ ਸਾਰੇ ਸਕਰਿਪਟ ਭਵਾਂ ਕੇ ਇੱਕ ਨੁੱਕਰੇ ਮਾਰੇ। ਇਹਦੇ ਨਾਲ਼ ਈ ਲੀੜੇ ਉੱਚੀ ਉੱਚੀ ਬੋਲਣ ਲੱਗ ਪਏ:

"ਇੰਜ ਤੇ ਅਸਾਂ ਕਦੇ ਸਰਕਾਰੀ ਫ਼ਾਇਲਾਂ ਵੀ ਨਹੀਂ ਸਨ ਸੁੱਟੀਆਂ!"

ਕਲਰਕ ਦੇ ਲੀੜਿਆਂ 'ਚੋਂ ਵਾਜ ਆਈ।

ਫ਼ਿਰ ਹਾਰਮੋਨੀਅਮ ਵੱਜਿਆ ਤੇ ਮੌਜੀ ਖ਼ਾਨ ਦੇ ਲੀੜੇ ਕਾਫ਼ੀ ਗਾਉਣ ਲੱਗ ਪਏ:

ਬਾਝ ਸੱਜਣ ਮੈਨੂੰ ਹੋਰ ਨਾ ਸਿਜਦਾ
ਤਨ ਦਿਆਂ ਜਾਣੇ ਮਨ ਦੀਆਂ ਜਾਣੇ
ਸੇਜ ਚੜ੍ਹੀ ਦਾ ਤਨ ਮਨ ਬੱਝਦਾ

"ਇਹ ਸ਼ਾਹ ਹੁਸੈਨ ਦੀ ਕਾਫ਼ੀ ਏ, ਜਿਹੜੀ ਛੋਟੇ ਗ਼ੁਲਾਮ ਅਲੀ ਖ਼ਾਨ ਹੋਰਾਂ ਰਾਗ ਸ਼ੁੱਧ ਸਾਰੰਗ ਵਿੱਚ ਗਾਈ ਸੀ।"

ਸ਼ੀਸ਼ਾ ਬੋਲਿਆ ਤੇ ਇਸ ਦੇ ਨਾਲ਼ ਈ ਹਾਰਮੋਨੀਅਮ ਨੇ ਸ਼ੁੱਧ ਸਾਰੰਗ ਦੀ ਸਰਗਮ ਵਜਾਣੀ ਛੋਹ ਦਿੱਤੀ।

ਸਾਰੇ ਮਾਰੇ ਮਾ ਪਾਨੀ ਸਾ
ਸਾਣੀ ਧਾ ਪਾਮਾ ਪਾਮਾ ਰੇ ਸਾ

ਸਰਗਮ ਵੱਖਰੀ ਵੱਜੀ ਜਾ ਰਹੀ ਸੀ ਤੇ ਕਾਫ਼ੀ ਦੇ ਸੁਰ ਸਾਰੇ ਕਮਰੇ ਵਿੱਚ ਅਪਣਾ ਰੰਗ ਉਤਾਰੀ ਬੈਠੇ ਸਨ।

"ਮੈਂ ਕੀ ਕਰਾਂ!"

ਹੋਰ ਕੁੱਝ ਨਾ ਸੁੱਝੀ, ਤੇ ਉਹਨੇ ਲੀੜੇ ਚੁੱਕ ਕੇ ਸ਼ੀਸ਼ੇ ਉੱਤੇ ਕੱਢ ਮਾਰੇ।

ਲੀੜੇ ਹੱਸਣ ਲੱਗ ਪਏ, ਮਗਰੋਂ ਸ਼ੀਸ਼ੇ 'ਚੋਂ ਵੀ ਹਾਸੇ ਦੀ ਵਾਜ ਆਉਣ ਲੱਗ ਪਈ। ਸਰਮਦ ਨੂੰ ਅਪਣਾ ਆਪ ਭੈੜਾ ਲੱਗਣ ਲੱਗ ਪਿਆ ਕਿ ਉਹਨੇ ਇਹ ਕੀ ਕਰ ਛੱਡਿਆ ਸੀ......ਉੱਠਿਆ ਤੇ ਬੜੇ ਈ ਆਦਰ ਪ੍ਰੇਮ ਨਾਲ਼ ਲੀੜੇ ਚੁੱਕੇ ਤੇ ਉਨ੍ਹਾਂ ਨੂੰ ਵਾਜੇ ਦੇ ਨਾਲ਼ ਸਿੱਧਿਆਂ ਕਰ ਕੇ ਰੱਖ ਦਿੱਤਾ। ਫ਼ਿਰ ਸਕਰਿਪਟਾਂ ਵੱਲ ਹੋਇਆ......ਉਨ੍ਹਾਂ ਦੀ ਝਾੜ ਪੂੰਝ ਕਰਨ ਲੱਗਾ ਤੇ ਉਹਨੂੰ ਕੁੱਝ ਪੰਨੇ ਹਰੀ ਰੁਸ਼ਨਾਈ ਨਾਲ਼ ਲਿਖੇ ਦਿੱਸੇ, ਪਰ ਉਹ ਕਿਸੇ ਕਿਸੇ ਪਾਸਿਓਂ ਪਾਟੇ ਤੇ ਸੜੇ ਹੋਏ ਸਨ, ਫ਼ਿਰ ਵੀ ਪੜ੍ਹੇ ਜਾ ਰਹੇ ਸਨ। ਸਰਮਦ ਨੇ ਉਹ ਪੰਨੇ ਕੱਠੇ ਕੀਤੇ ਤੇ ਹੈਰਾਨੀ ਨਾਲ਼ ਉਸ ਸਕਰਿਪਟ ਨੂੰ ਵੇਖਣ ਲੱਗ ਪਿਆ......ਪਹਿਲੇ ਪੰਨੇ ਉੱਤੇ ਉੱਘੜਵੇਂ ਅੱਖਰਾਂ ਵਿੱਚ 'ਨਾਰੀ'



ਲਿਖਿਆ ਹੋਇਆ ਸੀ।

"ਮੈਂ ਪਹਿਲਾਂ ਤਾਂ ਸ਼ਾਬੂ ਨੂੰ ਈ ਅਖ਼ੀਰਲਾ ਸਮਝਿਆ ਸੀ, ਪਰ ਜਾਂਦਿਆਂ ਜਾਂਦਿਆਂ ਇਹ ਸੋਮੀ ਦਾ ਪਾਤਰ ਵੀ ਕਰ ਈ ਲੈਣਾ ਚਾਹੀਦਾ ਏ......ਇੱਕ ਨਾਰੀ ਦਾ ਪਾਤਰ!"

ਉਹਨੇ ਆਪਣੇ ਆਪ ਨਾਲ਼ ਗੱਲ ਕਰਦਿਆਂ ਆਖਿਆ।

"ਨਾਰੀ ਬਣਨ ਲੱਗਿਆ ਏਂ......?"

ਆਸ਼ਿਕ ਦੇ ਲੀੜਿਆਂ 'ਚੋਂ ਵਾਜ ਆਈ ਤੇ ਬਾਕੀ ਲੀੜੇ ਹੱਸਣ ਲੱਗ ਪਏ।

"ਨਾਰੀ, ਨਾਰੀ, ਤੂੰ ਕੰਬਦਾ ਕਿਉਂ ਏਂ?"

ਭਸ਼ਕੂ ਦੇ ਲੀੜਿਆਂ ਨੇ ਪੁੱਛਿਆ ਤੇ ਸਰਮਦ ਬੋਲਿਆ:

"ਕਦੋਂ......?"

"ਸਰਮਦ ਬਸ ਕਰ ਦੇ, ਇਹ ਪਾਤਰ ਨਾ ਕਰ!"

ਸ਼ੀਸ਼ੇ ਨੇ ਮਿੰਨਤ ਕੀਤੀ।

"ਪਰ ਕਿਉਂ......?"

"ਇਹ ਤੇ ਸਕਰਿਪਟ ਵੀ ਪੂਰਾ ਨਹੀਂ।"

"ਫ਼ਿਰ ਕੀ ਹੋਇਆ......ਮੈਂ ਕਿਹੜੀ ਪੂਰੀ ਫ਼ਿਲਮ ਕਰਨੀ ਏ; ਬਸ ਪਾਤਰ ਈ ਤੇ ਵੇਖਣਾ ਏ!"

"ਸਰਕਾਰ, ਨਾਰੀ ਬਣਨਾ ਸੌਖਾ ਕੰਮ ਨਹੀਂ......ਆਪਣੀ ਜਿੰਦੜੀ ਨਾ ਰੋਲੋ!"

ਸ਼ੀਸ਼ਾ ਔਖਾ ਬੋਲਿਆ, ਤੇ ਨਾਲ਼ ਈ ਦਿੱਤਾ ਸੈਣੀ ਦੇ ਲੀੜਿਆਂ 'ਚੋਂ ਵਾਜ ਆਈ:

"ਛੱਡੋ ਜੀ, ਇਸ ਨੂੰ ਅਪਣਾ ਰਾਂਝਾ ਰਾਜ਼ੀ ਕਰ ਲੈਣ ਦੇਵੋ!"

"ਮੈਂ ਕੀ ਆਖ ਸਕਣਾ ਵਾਂ......ਇੱਥੇ ਤਾਂ ਹੁਣ ਸ਼ੀਸ਼ੇ ਵੀ ਇਨ੍ਹਾਂ ਆਪਣੀ ਮਰਜ਼ੀ ਦੇ ਠੋਕ ਲਏ ਨੇਂ!"

ਸ਼ੀਸ਼ੇ ਨੇ ਨਿਉਂਦਿਆਂ ਆਖਿਆ, ਪਰ ਸਰਮਦ ਨੇ ਬਿਨਾਂ ਕੁੱਝ ਆਖਿਆਂ ਇਕ ਵਾਰੀ ਫ਼ਿਰ ਸਕਰਿਪਟ ਤੇ ਨਜ਼ਰ ਪਾਈ ਤੇ ਜ਼ਨਾਨਾ ਵਾਰਡਰੋਬ ਖੋਲ੍ਹ ਕੇ ਹੈਰਾਨ ਹੋਇਆ ਕਿ ਉਹਦੇ ਵਿੱਚ ਇੱਕ ਪਾਤਰ ਲਈ ਹਰ ਰੰਗ ਦੀਆਂ ਵਨ-ਸਵੰਨੀਆਂ ਵਸਤਰਾਂ ਸਨ......ਕਿਸੇ ਖ਼ਾਨੇ ਵਿੱਚ ਸਲਵਾਰਾਂ ਕਮੀਜ਼ਾਂ ਤੇ ਪਜਾਮੇ ਤੇ ਕਿਸੇ ਵਿੱਚ ਸਾੜ੍ਹੀਆਂ, ਅੱਗਰਖੇ, ਫ਼ਰਾਕ ਤੇ ਮੈਕਸੀਆਂ ਤੇ ਕਿਧਰੇ ਗ਼ਰਾਰੇ, ਲਹਿੰਗੇ ਤੇ ਜੀਂਜ਼ ਦੀਆਂ ਪੈਂਟਾਂ ਦੇ ਨਾਲ਼ ਟੀ-ਸ਼ਰਟਾਂ ਤੇ ਸਕਰਟਾਂ ਪਈਆਂ ਹੋਈਆਂ ਸਨ, ਜਦ ਕਿ ਮਰਦਾਨਾ ਵਾਰਡਰੋਬ ਵਿੱਚ ਇੱਕ ਪਾਤਰ ਵਾਸਤੇ ਇੱਕੋ ਈ ਜੋੜਾ ਨਜ਼ਰ ਆਉਂਦਾ ਸੀ। ਸਰਮਦ ਪਹਿਲਾਂ ਤੇ ਇਹ ਸੱਭ ਕੁੱਝ ਵੇਖ ਕੇ ਹੱਸਿਆ ਤੇ ਫ਼ਿਰ ਅਗਾਂਹ ਵੱਧ ਕੇ ਇੱਕ ਚਿੱਟੀ ਸਾੜ੍ਹੀ ਬੰਨ੍ਹਣ ਲੱਗ ਪਿਆ।

"ਸਰਮਦ, ਇੱਕ ਵਾਰੀ ਫ਼ਿਰ ਸੋਚ ਸਮਝ ਲੈ!"

ਸ਼ੀਸ਼ੇ ਨੇ ਉਹਨੂੰ ਸਮਝਾਉਣਾ ਚਾਹਿਆ।

"ਡਾਇਰੈਕਟਰ ਜੀ, ਬਸ ਇਹ ਅਖ਼ੀਰਲਾ ਪਾਤਰ......ਜ਼ੋਜ਼ਫ਼ ਨੂੰ ਕੁੱਝ ਨਾ ਕੁੱਝ ਤੇ ਕਰ ਕੇ ਵਿਖਾਉਣਾ ਏ!"

"ਐਡਮ ਨਾਲ਼ ਜੁੜੇ ਪਾਤਰ ਦੀ ਜ਼ੋਜ਼ਫ਼ ਨੂੰ ਕੀ ਸਮਝ ਆਉਣੀ ਏ!"

ਸ਼ਾਮ ਗੋਪਾਲ ਵਰਮਾ ਦੇ ਲੀੜਿਆਂ 'ਚੋਂ ਵਾਜ ਆਈ।

"ਜੋ ਵੀ ਹੈ, ਬਸ ਹੁਣ ਇਹੋ ਈ ਏ!"

ਸਰਮਦ ਨੇ ਸਾੜ੍ਹੀ ਬੰਨ ਲਈ ਸੀ......ਬੱਤੀਆਂ ਸਾਰੀਆਂ ਜਗ ਪਈਆਂ ਸਨ ਤੇ ਤਿੰਨਾਂ ਕੰਧਾਂ ਉੱਤੇ ਸ਼ੀਸ਼ੇ ਆ ਗਏ ਸਨ।

ਸਰਮਦ ਜਦੋਂ ਸ਼ੀਸ਼ੇ ਦੇ ਸਾਹਮਣੇ ਆਇਆ, ਉੱਥੇ ਬੱਤੀਆਂ ਦਾ ਚਾਨਣ ਪਹਿਲਾਂ ਤੋਂ ਢੇਰ ਭਰਵਾਂ ਸੀ। ਇੱਕ ਕਮਰੇ ਵਿੱਚ, ਜਿੱਥੇ ਕੁੱਝ ਪੁਰਾਣਾ ਫ਼ਰਨੀਚਰ ਪਿਆ ਸੀ, ਸੋਮੀ ਇੱਕ ਕਿਤਾਬ ਹੱਥ ਵਿੱਚ ਫੜੀ ਕੁਰਸੀ ਤੇ ਬੈਠੀ ਸੀ।

"ਅੱਜ ਥੇਟਰ ਦੀ ਕਲਾਸ ਵਿੱਚ ਕੀ ਪੜ੍ਹਾਣਾ ਏ ਪੜ੍ਹਿਆਰਾਂ ਨੂੰ......?"

ਸੋਮੀ ਨੇ ਪੈੱਨ ਮੂੰਹ ਵਿੱਚ ਰੱਖਦਿਆਂ ਸੋਚਿਆ।

"ਵੇਖ ਭਈ ਸਕਰਿਪਟ, ਤੇ ਤਿਆਰੀ ਫੜ ਕਿ ਪੜ੍ਹਿਆਰਾਂ ਨੂੰ ਕੀ ਪੜ੍ਹਾਉਣਾ ਏ......?"

ਸ਼ੀਸ਼ੇ ਨੇ ਟਿਚਕਰ ਲਾਈ।

"ਉਹ ਸੋਮੀ ਵੇਖਦੀ ਪਈ ਏ!"

"ਚੰਗਾ......ਤੇ ਸਕਰਿਪਟ ਵਿੱਚ ਸੋਮੀ ਦਾ ਧਰਮ ਕੀ ਲਿਖਿਆ ਏ?"

"ਫ਼ਿਰ ਉਹੋ ਈ ਧਰਮ ਜਾਤੀ?......ਸਕਰਿਪਟ ਵਿੱਚ ਇਸ ਦਾ ਕੋਈ ਧਰਮ ਨਹੀਂ ਲਿਖਿਆ ਹੋਇਆ।"

"ਲਿਖਿਆ ਵੀ ਕਿਵੇਂ ਹੋ ਸਕਦਾ ਏ?......ਜਦੋਂ ਜੰਮੀ ਤੇ ਉਹੋ ਈ ਧਰਮ ਉਹਦਾ ਜਿਹੜਾ ਉਹਦੇ ਪਿਓ ਦਾ; ਜਦੋਂ ਵਿਆਹੀ ਗਈ, ਧਰਮ ਖਸਮ ਦਾ; ਜਿਵੇਂ ਨਾਂ ਦੇ ਨਾਲ਼ ਨਾਂ ਬਦਲਿਆ, ਧਰਮ ਵੀ ਬਦਲਦਾ ਗਿਆ! ਉਹਦਾ ਅਪਣਾ ਕਿਹੜਾ ਧਰਮ?......ਧਰਮ ਤਾਂ ਬਸ ਮਾਲਿਕਾਂ ਦਾ......ਉਹ ਤੇ ਬਸ ਇੱਕ ਵਸਤ ਈ ਰਹੀ!"

"ਜ਼ਨਾਨੀ, ਜੀਉਂਦਾ ਜੀ ਹੁੰਦਾ ਏ, ਕੋਈ ਵਸਤ ਨਹੀਂ!"

ਸਰਮਦ ਨੇ ਆਖਿਆ।

"ਵਸਤ ਈ ਤੇ ਹੈ, ਤੁਸੀਂ ਆਪ ਈ ਆਹੰਦੇ ਓ......ਜ਼ਰ, ਜ਼ਨ, ਜ਼ਮੀਨ!......ਕੀ ਨਹੀਂ ਆਂਹਦੇ ਜੇ?"

"ਇਹ ਤਾਂ ਵੱਡੀਆਂ ਦਾ ਆਖਣਾ ਸੀ, ਮੈਂ ਥੋੜ੍ਹੀ ਆਖਿਆ......ਉਨ੍ਹਾਂ ਠੀਕ ਈ ਆਖਿਆ ਹੋਵਣਾ!"

"ਵੱਡਿਆਂ ਵੀ ਤਾਂ ਨਰ ਪ੍ਰਧਾਨ ਵਿਹਾਰ ਦੀ ਗੱਲ ਕੀਤੀ ਨਾ......ਜ਼ਰ ਤੇ ਜ਼ਮੀਨ ਨਾਲ਼ ਰਲ਼ਾ ਛੱਡਿਆ ਇੱਕ ਜੀਉਂਦੇ ਜਾਗਦੇ ਜੀ ਨੂੰ......ਜਿਸ ਜੰਮਿਆ, ਜਿਸ ਟੋਰਿਆ ਹਯਾਤੀ ਨੂੰ ਅਗਾਂਹ, ਉਹਨੂੰ ਵੀ ਨਰ ਨਾਵੇਂ ਲਾ ਛੱਡਿਆ, ਕੋਈ ਸ਼ੈ ਵੀ ਉਸ ਦੇ ਖਾਤੇ ਵਿੱਚ ਛਡਿਓ ਈ ਨਹੀਂ!"

"ਤੂੰ ਹੁਣ ਧਰਮ ਸਮਾਜ ਤੋਂ ਬਾਹਰ ਹੋਵਣਾ ਪਿਆ ਏਂ!"

"ਮੈਂ ਤਾਂ ਬਸ ਇੱਕ ਸ਼ੀਸ਼ਾ ਵਾਂ......ਮੇਰੀ ਕੀ ਉਕਾਤ......ਮੈਂ ਤਾਂ ਬਸ ਇੱਕ ਸ਼ਕਲ ਵਿਖਾਈ ਏ, ਇੱਕ ਗੱਲ ਕੀਤੀ ਏ, ਉਸ ਚਲਣ ਦੀ ਗੱਲ ਕੀਤੀ ਏ, ਉਸ ਕਾਟ ਦੀ ਗੱਲ ਕੀਤੀ ਏ ਜਿਹੜੀ ਜ਼ਨਾਨੀ ਨਾਲ਼ ਹਜ਼ਾਰਾਂ ਵਰ੍ਹਿਆਂ ਤੋਂ ਵਾਪਰਦੀ ਪਈ ਏ......ਜ਼ਨਾਨੀ ਆਪੇ ਮਰੇ ਜਾਂ ਆਪ ਹੱਥੀਂ ਮਾਰੋ, ਅਗਲੀ ਦਿਹਾੜੀ ਨਵੇਂ ਵਿਆਹ ਕੇ ਘਰ ਲੈ ਆਵੋ, ਕੋਈ ਨਹੀਂ ਪੁੱਛਦਾ ਹੈ......ਸਤੀ ਜੇ ਹੋਵਣਾ ਲਿਖਿਆ ਪਰਾਣਾਂ ਵਿੱਚ, ਤੇ ਉਹ ਵੀ ਜ਼ਨਾਨੀ ਵਾਸਤੇ ਸੀ; ਕਦੇ ਕੋਈ



ਮਰਦ ਵੀ ਸਤੀ ਹੋਇਆ ਸੀ ਜ਼ਨਾਨੀ ਪਾਰੋਂ? ਚਾਰ ਮਹੀਨਿਆਂ ਦੀ ਉਡੀਕ ਬੰਨ੍ਹੀ ਜ਼ਨਾਨੀ ਨਾਲ਼......ਫ਼ਿਰ ਉਹਨੂੰ ਡਾਹ ਛੱਡੋ ਜਣਿਆਂ ਅੱਗੇ ਢੋਰ ਡੰਗਰ ਵਾਂਗੂੰ; ਫ਼ਿਰ ਤੁਸੀਂ ਇੱਸ ਨੂੰ ਬੇਮੁਲ ਕਰ ਦਿੰਦੇ ਓ, ਅਮੁਲ ਕਰਨ ਦੀ ਥਾਂ!"

"ਲੱਗਦਾ ਏ ਤੂੰ ਤਾਂ ਜਨਾਨੀਆਂ ਦਾ ਹਿਮਾਇਤੀ ਬਣ ਗਿਆ ਏਂ।"

ਸਰਮਦ ਨੇ ਇੱਕ ਨਮੋਸ਼ੀ ਭਰੇ ਹਾਸੇ ਨਾਲ਼ ਆਖਿਆ।

"ਸ਼ੁੱਕਰ ਹੈ ਰੱਬ ਦਾ......ਸ਼ੀਸ਼ਾ ਜ਼ਨਾਨਾ ਜਾਂ ਮਰਦਾਨਾ ਨਹੀਂ ਹੁੰਦਾ!"

"ਚੱਲ ਹੁਣ ਸੋਮੀ ਨੂੰ ਤਾਂ ਅਗਾਂਹ ਟੁਰ ਲੈਵਣ ਦੇ!"

ਸਰਮਦ ਨੇ ਆਖਿਆ ਤੇ ਇੰਨੇ ਨੂੰ ਸੋਮੀ ਦੇ ਲਾਗੇ ਪੰਜਾਹਾਂ ਦੇ ਨੇੜੇ ਦਾ ਇੱਕ ਬੰਦਾ ਆਣ ਖਲੋਤਾ।

"ਸੋਮੀ, ਛੇਤੀ ਘਰ ਅੱਪੜੀਂ, ਬਾਲਾਂ ਨੂੰ ਰੋਟੀ ਵੀ ਦੇਣੀ ਹੁੰਦੀ ਏ!"

ਉਸ ਬੰਦੇ ਨੇ ਖੰਘਦਿਆਂ ਆਖਿਆ।

"ਕੱਲ੍ਹ ਤੁਹਾਡੀ ਦਵਾ ਕਾਰਨ ਕੁਝ ਚਿਰ ਲੱਗ ਗਿਆ ਸੀ......ਅੱਜ ਛੇਤੀ ਆ ਜਾਵਾਂਗੀ।"

"ਨਾਲੇ ਸਾੜ੍ਹੀ ਜ਼ਰਾ ਲ ਵੈਟ ਕੇ ਟੁਰਿਆ ਕਰ......ਜਦੋਂ ਪਸੀਨਾ ਆਉਂਦਾ ਏ, ਬੜਾ ਕੁੱਝ ਦਿੱਸਣ ਲੱਗ ਪੈਂਦਾ ਏ!"

"ਜੋ ਦਿੱਸਦਾ ਏ, ਉਸ ਦੀ ਸਾਰ ਹੈ ਤੁਹਾਨੂੰ; ਪਸੀਨਾ ਕਿਸ ਕਾਰਨ ਆਉਂਦਾ ਏ, ਇਸਦੀ ਕੋਈ ਸਮਝ ਨਹੀਂ......ਸਾਰੀ ਦਿਹਾੜੀ ਸਕੂਲ ਵਿੱਚ ਬਾਲਾਂ ਨੂੰ ਸੰਗੀਤ ਤੇ ਥੇਟਰ ਪੜ੍ਹਾਵੋ......ਜਾਂਦਿਆਂ ਵੀ ਚੁਲ੍ਹਾਣੀ ਵਿੱਚ ਤੱਤਾ ਚੁੱਲ੍ਹਾ ਤੇ ਘਰ ਵੜਦਿਆਂ ਵੀ ਉਹੋ ਚੁੱਲ੍ਹਾ!"

"ਬਹੁਤੀਆਂ ਗੱਲਾਂ ਨਾ ਕਰ......ਮੈਂ ਬਿਮਾਰ ਕੀ ਪਿਆਂ, ਮਿਹਣੇ ਮਾਰਣ ਲੱਗ ਪਈ ਏਂ!"

ਬੰਦਾ ਔਖਾ ਹੋ ਕੇ ਬੋਲਿਆ।

"ਮੈਂ ਕੋਈ ਮਿਹਣੇ ਨਹੀਂ ਮਾਰਦੀ ਪਈ, ਸੱਚ ਆਖਣੀ ਪਈ ਹਾਂ......ਮਸ਼ੀਨ ਬਣ ਗਈ ਆਂ, ਪੂਰੀ ਇੱਕ ਮਸ਼ੀਨ......ਇੱਕ ਤਾਂ ਰੋਟੀ ਕਮਾਵਣੀ ਐਡੀ ਸੌਖੀ ਨਹੀਂ ਤੇ ਉੱਤੋਂ ਤੁਹਾਡੀਆਂ ਗੱਲਾਂ......!"

"ਤੂੰ ਆਪਣੇ ਧਰਮ ਦਾ ਪਾਲਣ ਕਰਨੀ ਪਈ ਏਂ; ਇਹ ਘਾਟੇ ਦਾ ਸੌਦਾ ਨਹੀਂ, ਸਵਰਗ ਬਖ਼ਸ਼ੀ ਜਾਵੇਂਗੀ।"

"ਨਰਗ ਤਾਂ ਪਹਿਲੇ ਈ ਇੱਥੇ ਬਣਿਆ ਪਿਆ ਏ ਤੇ ਸਵਰਗ ਵਿੱਚ ਵੀ ਨਾਲ਼ ਤੁਸਾਂ ਈ ਹੋਵਣਾ ਏ......ਇੱਕ ਸੇਵਾਕਾਰ ਜ਼ਨਾਨੀ ਪਾਰੋਂ ਹੋਰ ਸੇਵਾ ਕਰਵਾਣ ਲਈ!"

"ਤੇਰੀਆਂ ਇਨ੍ਹਾਂ ਗੱਲਾਂ ਨਾਲ਼ ਈ ਬਾਲ ਮੈਥੋਂ ਪਰਾਂਹ ਪਰਾਂਹ ਰਹਿਣ ਲੱਗ ਪਏ ਨੇਂ!"

ਬੰਦੇ ਨੇ ਸੋਮੀ ਦੀ ਗੁੱਤ ਪੁੱਟਦਿਆਂ ਆਖਿਆ।

"ਮਾਂ ਜੂ ਹੋਈ ਉਨ੍ਹਾਂ ਦੀ!"

ਸੋਮੀ ਨੇ ਗੁੱਤ ਛੁਡਾਂਦਿਆਂ ਆਖਿਆ ਤੇ ਸਿਰ ਦੇ ਵਾਲ਼ ਸਿੱਧੇ ਪੱਧਰੇ ਕਰ ਕੇ ਇੱਕ ਵਾਰੀ ਫ਼ਿਰ ਬੋਲੀ:

"ਮਾਵਾਂ ਹੁੰਦੀਆਂ ਕਿਸ ਵਾਸਤੇ ਨੇਂ......ਹਯਾਤੀ ਦੇਵਣ ਲਈ ਤੇ ਅਪਣਾ ਆਪ ਮਾਰਣ

ਲਈ। ਫ਼ਿਰ ਤੁਹਾਡੇ ਵਰਗੇ ਸੱਭ ਬੰਦੇ ਵੀ ਸਹੁੰ ਮਾਂ ਦੀ ਜਾਂ ਭੈਣ ਦੀ ਈ ਖਾਉਂਦੇ ਨੇਂ......ਜੇ ਗਾਲ੍ਹਾਂ, ਤੇ ਉਹ ਵੀ ਮਾਂ ਜਾਂ ਭੈਣ ਦੇ ਨਾਵੇਂ ਲੱਗਣ......ਕਦੇ ਕਿਸੇ ਨੇ ਪਿਓ ਜਾਂ ਭਰਾ ਦੀ ਗਾਲ੍ਹ ਵੀ ਕੱਢੀ ਜਾਂ ਸਹੁੰ ਵੀ ਖਾਦੀ ?"

"ਬੰਦਾ ਸਿਰ ਦਾ ਸਾਈਂ ਹੁੰਦਾ ਏ....ਮਿੱਟੀ ਦੇ ਬੰਦੇ ਨੂੰ ਵੀ ਮੋਏ ਬੰਦੇ ਤੋਂ ਚੰਗਾ ਆਖਦੇ ਨੇਂ।"

"ਇਹ ਵੀ ਤੁਹਾਡੀਆਂ ਉਸਾਰੀਆਂ ਤੁਹਾਡੇ ਆਪਨੇ ਬਾਰੇ ਦੀਆਂ ਗੱਲਾਂ ਨੇਂ......ਪਤੀ ਪ੍ਰਮੇਸ਼ਵਰ, ਮਜਾਜ਼ੀ ਖ਼ੁਦਾ ਤੇ ਖ਼ੌਰੇ ਹੋਰ ਕੀ ਕੀ ਨਾਂ ਦੇ ਛੱਡੇ ਜੇ ਆਪਨੇ ਆਪ ਨੂੰ......ਜੰਗਾਂ ਤੁਸਾਂ ਮਰਦਾਂ ਨੇ ਲੜੀਆਂ ਤੇ ਜਰੀਆਂ ਅਸਾਂ ਜ਼ਨਾਨੀਆਂ ਨੇਂ......ਇੱਕ ਵੇਲੇ ਜ਼ਨਾਨੀ ਬਾਤਸ਼ਾਹ ਦੀ ਰਾਣੀ ਤੇ ਦੂਜੇ ਵੇਲੇ ਇੱਕ ਲੌਂਡੀ ਜਾਂ ਬਾਂਦੀ......ਵਾਹਵਾ, ਸਿਰ ਦੇ ਸਾਈਂ ਜੀ, ਕਿਆ ਕਹਿਣੇ ਨੇ ਤੁਹਾਡੇ !"

ਸੋਮੀ ਨੇ ਕਿਤਾਬ ਪਰਾਂਹ ਰੱਖਦਿਆਂ ਆਖਿਆ।

"ਅੱਜ ਤੈਨੂੰ ਹੋਇਆ ਕੀ ਏ ?"

"ਅੱਜ ?......ਅੱਜ ਸਾਡੇ ਦੋਹਾਂ ਵਿੱਚ ਸ਼ੀਸ਼ਾ ਏ, ਜਿਹੜਾ ਅਸਲ ਸ਼ਕਲ ਵਿਖਾਉਂਦਾ ਏ......ਇਹਦੇ ਵਿੱਚ ਕੋਈ ਰਲ਼ਾ ਨਹੀਂ, ਬਸ ਅਪਣਾ ਆਪ ਏ ਤੇ ਅੱਜ ਇੱਕ ਨਰ ਵੀ ਨਾਰੀ ਬਣ ਬੈਠਿਆ ਏ। ਇਸ ਦਾ ਵੀ ਤੇ ਹੌਸਲਾ ਏ......ਤੈਨੂੰ ਕਿਸ ਸ਼ੈ ਦਾ ਮਾਣ ਏ...... ?"

"ਸੋਮੀ, ਜ਼ਨਾਨੀ ਨੂੰ ਉਦੋਂ ਈ ਐਡੀ ਜ਼ਬਾਨ ਲੱਗਦੀ ਏ, ਜਦੋਂ ਉਹ ਕਿਸੇ ਹੋਰ ਨਾਲ਼ ਸੌਂਵਣ ਲੱਗ ਪਵੇ।"

"ਤੇਰੇ ਕੋਲ਼ ਅਖੀਰਲਾ ਹਥਿਆਰ ਇਹੋ ਈ ਸੀ, ਜਿਹੜਾ ਵਰਤ ਛੱਡਿਆ ਈ......ਭੜਵਿਆ, ਜਦੋਂ ਮੈਂ ਤੇਰੇ ਨਾਲ਼ ਸੌਂਵਣੀ ਆਂ, ਤੇ ਉਦੋਂ ਵੀ ਕਿਸੇ ਹੋਰ ਨਾਲ਼ ਸੌਂਵਣੀ ਆਂ ? ਮੇਰਾ ਮਨ ਨਾ ਹੋਵੇ ਤਾਂ ਫ਼ਿਰ ਵੀ ਤੇਰੇ ਕੋਲ਼ ਪੂਰਾ ਇਖ਼ਤਿਆਰ ਹੁੰਦਾ ਏ, ਨਿਚੋੜ ਨਿਚੋੜ ਸਰੀਰ, ਹੱਡੀਆਂ ਤੋੜ ਭੰਨ ਛੱਡਣਾ ਏਂ; ਪਰ ਮੈਂ ਤਾਂ ਤੇਰੇ ਨਾਲ਼ ਫ਼ਿਰ ਵੀ ਨਹੀਂ ਹੁੰਦੀ। ਤੇਰੇ ਵਾਂਗ ਦੇ ਈ ਦੂਜੇ ਵੀ ਨੇਂ......ਮੁੱਢੋਂ ਵਾਂਝੇ, ਸੁੱਕੇ, ਬਾਂਝ; ਪਰ ਮਰਦਾਨਗੀ ਦਾ ਜ਼ੋਰ ਹੋਵਣਾ ਚਾਹੀਦਾ ਏ......ਬਾਲ ਜਮਣਾ ਚਾਹੀਦਾ ਏ ਸਮਾਜ ਵਿੱਚ ਆਪਨੀ ਮਰਦਾਨਗੀ ਦੀ ਗਵਾਹੀ ਵਾਸਤੇ। ਜ਼ਨਾਨੀਆਂ ਭਾਵੇਂ ਕਿਸੇ ਸਾਧੂ ਕੋਲ਼ ਜਾਵਣ ਜਾਂ ਕਿਸੇ ਫ਼ਕੀਰ ਕੋਲੋਂ ਖ਼ੈਰ ਦਾ ਬੀ ਮੰਗਣ, ਬਸ ਨਾਵੇਂ ਤੁਹਾਡੇ ਈ ਲੱਗਣਾ ਚਾਹੀਦਾ ਹੈ !"

"ਸਮਾਜ ਵਿੱਚ ਸਭੇ ਰੌਲੇ ਜ਼ਨਾਨੀਆਂ ਕਾਰਨ ਈ ਨੇਂ। ਕਈਆਂ ਜ਼ਨਾਨੀਆਂ ਨੂੰ ਮੈਂ ਜਾਣਦਾ ਹਾਂ ਜਿਹੜੀਆਂ ਕੀ ਕੁੱਝ ਨਹੀਂ ਕਰਦੀਆਂ !"

"ਵੇ ਤੂੰ ਕੀ ਜਾਣੇਂ, ਅਸਾਂ ਤਾਂ ਪੂਰਾ ਸਮਾਜ ਸਾਂਭਿਆ ਹੋਇਆ ਏ। ਮੈਂ ਸਾਵਿਤਰੀ ਵੀ ਆਂ......ਰਾਜਾ ਇਸ਼ੂਪਤੀ ਦੀ ਧੀ, ਸੱਤਿਆਵਾਨ ਦੀ ਜ਼ਨਾਨੀ। ਯਮ ਜਦੋਂ ਆ ਗਿਆ ਸੀ ਰੂਹ ਕੱਢਣ ਤੇ ਮੈਂ ਈ ਬੇਨਤੀ ਕੀਤੀ ਸੀ। ਮੈਂ ਮੰਗਿਆ ਸੀ ਗਵਾਚਿਆ ਰਾਜ ਆਪਨੇ ਸੋਹਰੇ ਦਾ ਤੇ ਮੈਂ ਇੱਕ ਪੁੱਤਰ ਮੰਗਿਆ ਆਪਨੇ ਬੁੱਢੇ ਪਿਓ, ਰਾਜਾ ਇਸ਼ੂਪਤੀ ਵਾਸਤੇ......ਉਹ ਦੋਵੇਂ ਮਰਦ ਸਨ......ਯਮ ਕੋਲੋਂ ਹੋਰ ਕੀ ਕੁੱਝ ਮੰਗ ਨਾ ਸਕਨੀ ਸਾਂ। ਮੈਨੂੰ ਜਾਣਕਾਰੀ ਸੀ ਕਿ ਸੱਤਿਆਵਾਨ ਦਾ ਇੱਕ ਵਰ੍ਹੇ ਦਾ ਜੀਵਨ ਸੀ, ਪਰ ਉਸ ਵਾਹਤੇ ਵੀ ਸੌ ਪੁੱਤਰ ਮੰਗੇ......ਸੱਭੇ ਮਰਦ......ਹੋਰ ਜ਼ਨਾਨੀ ਤੁਹਾਨੂੰ ਕੀ ਸਾਂਭਦੀ......ਗੱਲਾਂ ਜ਼ਨਾਨੀਆਂ ਨੂੰ ਕਰਦੇ ਓ, ਪਰ ਤੁਸਾਂ ਕਦੇ ਅਪਣਾ ਆਪ ਵੀ ਪਿਛਾਣਿਆ ਏ...... ?"



ਸੋਮੀ ਨੇ ਭੋਏਂ ਉੱਤੇ ਥੁੱਕ ਸੁੱਟਦਿਆਂ ਆਖਿਆ। ਬੰਦੇ ਨੇ ਅਗਾਂਹ ਵੱਧ ਕੇ ਉਹਦੇ ਮੂੰਹ ਤੇ ਚੰਡ ਕੱਢ ਮਾਰੀ ਤੇ ਉਹਦਾ ਹੇਠਲਾ ਹੋਂਠ ਪਾਟ ਗਿਆ।

ਸਰਮਦ ਦਾ ਅਪਣਾ ਮੂੰਹ ਵੀ ਲਹੂ ਨਾਲ਼ ਭਰ ਗਿਆ।

"ਮਾਰ ਲੈ, ਕਈ ਯੁੱਗਾਂ ਤੋਂ ਇਹ ਸੱਭ ਕੁੱਝ ਜਰਣੀ ਪਈ ਆਂ, ਤੇਰੀ ਕੀ ਉਕਾਤ ਏ ?......ਵੱਡੇ ਵੱਡੇ ਦੇਵਤਾਵਾਂ ਕੀ ਕੀਤਾ ਸੀ। ਰਾਮ ਜੀ ਤਾਂ ਉਦੋਂ ਵੀ ਸ਼੍ਰੀ ਰਾਮ ਸਨ ਤੇ ਅੱਜ ਵੀ, ਬਨਵਾਸ ਲਿੱਤਾ ਤੇ ਉਹ ਸੀਤਾ ਸੀ......ਅਗਨੀ ਪਰਿਕਸ਼ਾ ਦਿੱਤੀ ਤੇ ਉਹ ਵੀ ਸੀਤਾ ਨੇ, ਰਾਮ ਜੀ ਨੇ ਕੀ ਕੀਤਾ...... ? ਅੱਗ ਵਿੱਚ ਸੜੀ ਤੇ ਪਦਮਨੀ ਸੜੀ ਸੀ। ਜ਼ਹਿਰ ਦਾ ਪਿਆਲਾ ਜੇ ਪੀਤਾ ਤੇ ਮੀਰਾ ਨੇ ਪੀਤਾ। ਕ੍ਰਿਸ਼ਨ ਦੀ ਥਾਂ, ਰਾਧਾ ਕਿੱਥੇ ਖਲੋਤੀ ਏ......ਕੋਈ ਪਰਤਾਵਾ ਹੈ ਤੇਰੇ ਕੋਲ਼ ਇਨ੍ਹਾਂ ਸਵਾਲਾਂ ਦਾ...... ?"

"ਕਿੱਧਰ ਦੀਆਂ ਗੱਲਾਂ ਤੂੰ ਕਿੱਥੇ ਪਈ ਜੋੜਣੀ ਏਂ; ਹਜ਼ਾਰਾਂ ਵਰ੍ਹਿਆਂ ਵਿੱਚ ਕੀ ਹਿੰਦੁਸਤਾਨ ਹੀ ਧਰਤੀ ਉੱਤੇ ਸੀ......ਦੇਵੀਆਂ ਨੂੰ ਕਿੱਥੇ ਲਿਆ ਖੜ੍ਹਾ ਕੀਤਾ ਈ...... ?"

ਬੰਦੇ ਨੇ ਇੱਕ ਹੋਰ ਚੰਡ ਮਾਰਦਿਆਂ ਆਖਿਆ ਤੇ ਸੋਮੀ ਬੋਲੀ:

"ਧਰਤੀ ਦੀ ਕੋਈ ਵੀ ਥਾਂ ਵੇਖ ਲੈ, ਨੰਗੇ ਪੈਰੀਂ ਜੇ ਕੋਈ ਪਹਾੜਾਂ ਤੇ ਨੱਸਿਆ ਸੀ ਤੇ ਉਹ ਵੀ ਜ਼ਨਾਨੀ ਸੀ......ਮਰਦਾਂ ਭਰੇ ਦਰਬਾਰ ਵਿੱਚ ਸੜੀ ਚੱਦਰ ਨਾਲ਼ ਜਿਸ ਨੇ ਕਾਂਬੇ ਪਾਏ ਸਨ, ਉਹ ਵੀ ਇੱਕ ਜ਼ਨਾਨੀ ਸੀ......ਕਿਸ ਕਿਸ ਜ਼ਨਾਨੀ ਤੋਂ ਅੱਖਾਂ ਫੇਰੇਂਗਾ।"

ਹੁਣ ਬੰਦੇ ਨੇ ਸੋਮੀ ਨੂੰ ਗੁੱਤੋਂ ਫੜ ਕੇ ਜ਼ੋਰ ਨਾਲ਼ ਝਟਕਾ ਦਿੱਤਾ ਤੇ ਬੋਲਿਆ:

"ਮਰਦਾਂ ਕਾਰਨ ਈ ਆਦਰ ਏ ਜ਼ਨਾਨੀ ਦਾ......ਜਨੀ ਦੀ ਅਣਖ ਮਗਰੇ ਜਨਾ ਈ ਹੁੰਦਾ ਏ !"

"ਕਿਹੜੀ ਮਰਦਾਨਗੀ ਤੇ ਕਿਹੜੀ ਅਣਖ,......ਨਿਯੋਗ ਦੀ ਰੀਤੀ ਜਦੋਂ ਪੂਰੀ ਕਰਦੇ ਸੋ, ਉਦੋਂ ਮਰਦਾਨਗੀ ਨਹੀਂ ਘੱਟਦੀ ਸੀ ਤੁਹਾਡੀ ?......ਇਸ ਹਨੇਰ ਨਾਲ਼ ਧਰਤੀ ਕਿਉਂ ਨਹੀਂ ਸੀ ਪਾਟਦੀ ? ਪਰ ਤੁਹਾਨੂੰ ਤਾਂ ਬਸ ਆਪਨੀ ਜਦ ਵਧਾਵਣ ਵਾਲਾ ਚਾਹੀਦਾ ਹੁੰਦਾ ਸੀ। ਵੱਡੇ ਸੂਰਮਿਓ, ਅਸੀਂ ਭੇਤ ਜਰੇ ਤੁਹਾਡੇ......ਕਿਸ ਦਾ ਬੀ......ਕਿਸ ਦੇ ਨਾਵੇਂ ਲਾਇਆ......ਗੱਲਾਂ ਕਰਨਾ ਏਂ ਅਣਖ ਦੀਆਂ !"

ਸੋਮੀ ਨੇ ਇਹ ਆਖਦਿਆਂ ਮੂੰਹ ਸਾਫ਼ ਕੀਤਾ, ਵਾਲ਼ ਸਿੱਧੇ ਕੀਤੇ, ਕਿਤਾਬਾਂ ਫੜੀਆਂ ਤੇ ਸਾੜ੍ਹੀ ਲਵੇਟ ਕੇ ਬਾਹਰ ਟੁਰ ਗਈ। ਕੁੱਝ ਚਿੱਰ ਮਗਰੋਂ ਉਹ ਸਕੂਲ ਦੇ ਵੱਡੇ ਥੇਟਰ ਹਾਲ ਵਿੱਚ ਸੀ, ਜਿਸ ਦੀਆਂ ਕੰਧਾਂ ਉੱਤੇ ਵੱਡੇ ਵੱਡੇ ਚਿੱਟੇ ਪਰਦੇ ਲਮਕਦੇ ਪਏ ਸਨ। ਪੜ੍ਹਿਆਰ ਉੱਥੇ ਪਹਿਲਾਂ ਹੀ ਅੱਪੜੇ ਹੋਏ ਸਨ। ਚਾਨਣ ਹੋਰ ਗੂੜ੍ਹਾ ਹੋ ਗਿਆ ਸੀ, ਜਿਸ ਕਾਰਨ ਪਰਦਿਆਂ ਵਿੱਚੋਂ ਹਰੇ ਰੰਗ ਦੀਆਂ ਉਛੱਲਾਂ ਪਈਆਂ ਵੱਜਦੀਆਂ ਸਨ। ਸੋਮੀ ਸਟੇਜ ਉੱਤੇ ਜਾ ਖਲੋਤੀ ਤੇ ਪੜ੍ਹਿਆਰਾਂ ਨੂੰ ਥੇਟਰ ਦੀ ਵਾਰ ਬਾਰੇ ਦੱਸਣ ਲੱਗ ਪਈ। ਜਦੋਂ ਉਹਦੀ ਗੱਲ ਮੁੱਕੀ ਇੱਕ ਮੁੰਡੇ ਨੇ ਖਲੋ ਕੇ ਸਵਾਲ ਕੀਤਾ:

"ਮੈਡਮ, ਇਹ ਤਾਂ ਤੁਸੀਂ ਯੂਰਪੀ ਤੇ ਪਾਰਸੀ ਥੇਟਰ ਬਾਰੇ ਦੱਸਿਆ ਏ। ਪਰ ਸਾਡੇ ਇੱਧਰ ਵੀ ਤੇ ਥੇਟਰ ਹੁੰਦਾ ਸੀ !"

"ਸਾਡੇ ਇੱਧਰ ਦਾ ਥੇਟਰ ਤਾਂ ਬਾਰੇ ਵਿਚ ਹੀ ਨਹੀਂ ਸੀ। ਇਸੇ ਕਾਰਨ ਅਗਲਿਆਂ ਸਾਂਭ ਕੀਤੀ ਨਾ ਲਿਖਿਆ।"

"ਉਹ ਕਿਵੇਂ ਮੈਡਮ ਜੀ ?"

ਇੱਕ ਕੁੜੀ ਨੇ ਖਲੋ ਕੇ ਪੁੱਛਿਆ।

"ਸਾਡਾ ਸਮਾਜ ਏਕਤਾ ਉੱਤੇ ਖਲਾ ਸੀ, ਜਿਸਦੀ ਇਕਾਈ ਇੱਕ ਜ਼ਨਾਨੀ ਸੀ। ਜ਼ਨਾਨੀ ਦੇ ਹੱਥ ਵਿੱਚ ਬਹੁਤ ਕੁੱਝ ਸੀ। ਇਸੇ ਕਾਰਨ ਇੱਥੇ ਹਥਿਆਰ ਨਾ ਉਸਰੇ; ਇੱਥੇ ਵਾਹੀ ਬੀਜੀ ਤੇ ਖਾਵਣ ਪਕਾਉਣ ਦੇ ਚੱਜ ਉਸਰੇ। ਲੋਕਾਈ ਵਿੱਚ ਸੰਗੀਤ ਰਚਿਆ ਪਿਆ ਸੀ। ਫ਼ਿਰ ਇੱਥੇ ਜਦੋਂ ਆਰੀਆ ਲੋਕ ਆਏ, ਹਥਿਆਰ ਵੀ ਉਸਰਣ ਲੱਗ ਪਏ। ਜ਼ਨਾਨੀ ਕੋਲੋਂ ਸਭ ਕੁੱਝ ਖੁੱਸ ਗਿਆ। ਏਕਤਾ ਦੀ ਨੀਂਹ ਉੱਤੇ ਉਸਰੇ ਸਮਾਜ ਵਿੱਚ ਕਈਆਂ ਵੰਡਾਂ ਪੈ ਗਈਆਂ। ਜਾਵੋ, ਅੱਜ ਵੀ ਰਹੱਸ-ਧਾਰੀਆਂ ਦਾ ਥੇਟਰ ਤੱਕੋ; ਕੱਥਕ ਵੇਖੋ ਜਿਸ ਵਿੱਚ ਕਹਾਣੀ ਨੱਚ ਕੇ ਤੇ ਗਾ ਕੇ ਵਿਖਾਈ ਜਾਂਦੀ ਏ। ਤੁਸੀਂ ਲੋਕ ਮਿਊਜ਼ਿਕ ਤੇ ਮੌਸੀਕੀ ਦੇ ਲਫ਼ਜ਼ ਵਰਤਦੇ ਜੇ, ਪਰ ਸਾਡੇ ਇੱਥੇ ਇੱਸ ਫ਼ਨ ਵਾਸਤੇ ਸੰਗੀਤ ਦਾ ਲਫ਼ਜ਼ ਸੀ; ਗਾਉਣ, ਕੱਠਿਆਂ ਰਲ਼ ਕੇ ਗਾਉਣ ਦਾ ਨਾਂ ਸੀ......ਜੇ ਨਹੀਂ ਇਤਬਾਰ ਤੇ ਅੱਜ ਵੀ ਉਨ੍ਹਾਂ ਪਿੰਡਾਂ ਵਿੱਚ ਜਾ ਕੇ ਵੇਖੋ ਜਿੱਥੇ ਲੋਕੀ ਰਲ਼ ਕੇ ਗਾਉਂਦੇ ਨੇਂ!"

ਸੋਮੀ ਨੇ ਆਖਿਆ ਤੇ ਇੱਕ ਹੋਰ ਮੁੰਡਾ ਬੋਲਿਆ:

"ਮੈਡਮ ਜੀ, ਇੰਝ ਤਾਂ ਅਸੀਂ ਬੰਨ੍ਹੇ ਬੱਝੇ ਖਲੋਤੇ ਰਹਵਾਂਗੇ ਆਪਣੇ ਪਿਛੋਕੜ ਨਾਲ਼......ਅਗਾਂਹ ਕਿਵੇਂ ਵੱਧਾਂਗੇ ਸਾਰੀ ਧਰਤੀ ਤਾਂ ਬਦਲਦੀ ਪਈ ਏ!"

"ਜੇ ਧਰਤੀ ਉੱਤੇ ਹਰ ਛੇ ਮਿੰਟ ਮਗਰੋਂ ਇੱਕ ਬੰਬ ਸੁੱਟ ਕੇ ਅਗਾਂਹ ਵੱਧਣਾ ਏ......ਤੇ ਤੁਸੀਂ ਸੋਚੋ! ਵੱਡੀਆਂ ਵੱਡੀਆਂ ਮਲਟੀ-ਨੈਸ਼ਨਲ ਕੰਪਨੀਆਂ ਦੇ ਹੱਥ ਵਿੱਚ ਖ਼ਲਕਤ ਦਾ ਅਪਣਾ ਆਪ ਦੇਵਣਾ, ਅਗਾਂਹ ਵੱਧਣਾ ਏ ਤੇ ਫ਼ਿਰ ਵੀ ਤੁਸੀਂ ਸੋਚੋ!"

ਸੋਮੀ ਦਾ ਇਹ ਆਖਣਾ ਸੀ, ਤੇ ਹਾਰਮੋਨੀਅਮ 'ਚੋਂ ਇੱਕ ਵਾਰੀ ਫ਼ਿਰ ਮਾਲਕੌਂਸ ਵੱਜ ਉਠਿਆ:

ਆਜ ਮੋਰੇ ਘਰ ਆਈ ਲਾ ਬਾਲਮਾ
ਕਰੂੰਗੀ ਅਦਾ ਰੰਗ ਸੁ ਰੰਗ ਰਲੀਆਂ
ਆਜ ਮੋਰੇ ਘਰ ਆਈ ਲਾ ਬਾਲਮਾ
ਇਤਰ ਅਰਗ ਜਾ ਸੁਗੰਧ ਬਸਨ ਸੋ ਪਹਿਰੇ
ਆਜ ਮੋਰੇ ਘਰ ਆਈ ਲਾ ਬਾਲਮਾ
ਸੇਜ ਸਜਾਉਂ ਚੁਣ ਚੁਣ ਕਲੀਆਂ

ਇਹਦੇ ਨਾਲ਼ ਈ ਪੂਰੇ ਹਾਲ ਵਿੱਚ ਮਾਲਕੌਂਸ ਲੱਥ ਆਇਆ। ਸੰਗੀਤ ਈ ਸੰਗੀਤ ਸੀ ਚਾਰ ਚੁਫ਼ੇਰੇ। ਇੰਨੇ ਵਿੱਚ ਉੱਥੇ ਹਨੇਰਾ ਹੋ ਗਿਆ ਤੇ ਸਟੇਜ ਉੱਤੇ ਹੋਰ ਬੱਤੀਆਂ ਜਗ ਪਈਆਂ। ਹਰ ਪਾਸੇ ਸਫ਼ੈਦ ਪਰਦੇ ਤਣ ਗਏ। ਸੋਮੀ ਪਿਛਾਂਹ ਟੁਰਨ ਲੱਗੀ ਤੇ ਉਹਦੇ ਸਾਹਮਣੇ ਚਾਲੀ ਪੰਤਾਲ਼ੀ ਵਰ੍ਹਿਆਂ ਦਾ ਇੱਕ ਬੰਦਾ ਆਣ ਖਲੋਤਾ:

"ਅੱਜ ਤਾਂ ਕਮਾਲ ਈ ਕਰ ਛੱਡਿਆ ਹੈ।"

"ਜੀ ਮਿਹਰਬਾਨੀ!"

ਇਹ ਆਖ ਕੇ ਸੋਮੀ ਅਗਾਂਹ ਹੋਵਣ ਲੱਗੀ ਤੇ ਉਹਦੀ ਸਾੜ੍ਹੀ ਦਾ ਇੱਕ ਪੱਲਾ ਉਸ ਬੰਦੇ ਦੇ ਹੱਥ ਆ ਗਿਆ ਜਿਸ ਕਾਰਨ ਸਾੜ੍ਹੀ ਦੇ ਕੁੱਝ ਵੱਲ ਖੁੱਲ੍ਹ ਗਏ।

"ਕੀ ਪਏ ਕਰਦੇ ਜੇ......?"

"ਸੋਮੀ, ਕਿਉਂ ਪਈ ਤੜਫ਼ਾਣੀ ਏਂ......ਕਦੋਂ ਦਾ ਤੈਨੂੰ ਵੇਹਣਾ ਪਿਆ ਵਾਂ!"



"ਤੁਸੀਂ ਇੱਥੇ ਪ੍ਰਿੰਸੀਪਲ ਜੇ ਤੇ ਮੈਂ ਇੱਕ ਟੀਚਰ......ਇਹ ਗੱਲ ਚੇਤੇ ਰੱਖਿਆ ਜੇ!"

"ਇਸ ਵੇਲੇ ਅਸੀਂ ਦੋਵੇਂ ਬਸ ਇੱਕ ਮਰਦ ਤੇ ਇੱਕ ਔਰਤ ਵਾਂ......ਹੋਰ ਕੁੱਝ ਵੀ ਨਹੀਂ!"

"ਜਨਾਬ ਮੇਰੇ ਲਈ ਬਸ ਪ੍ਰਿੰਸੀਪਲ ਨੇਂ, ਹੋਰ ਕੁੱਝ ਵੀ ਨਹੀਂ......ਮੈਂ ਇੱਥੇ ਪੜ੍ਹਾਵਣ ਆਉਣੀ ਆਂ......ਅਪਣਾ ਆਪ ਵੇਚਣ ਨਹੀਂ ਆਉਂਦੀ!"

ਸੋਮੀ ਨੇ ਸਾੜ੍ਹੀ ਬੰਨ੍ਹਦਿਆਂ ਆਖਿਆ।

"ਨਹੀਂ ਸੋਮੀ......ਅੱਜ ਮੈਂ ਤੈਨੂੰ ਜਾਣ ਨਹੀਂ ਦੇਣਾ!"

"ਰਿਜ਼ਕ ਸਿਰੜ ਤੋਂ ਅਗਾਂਹ ਨਹੀਂ......ਮੈਂ ਕੱਲ੍ਹ ਤੋਂ ਨੌਕਰੀ ਤੇ ਨਹੀਂ ਆਵਾਂਗੀ।"

"ਕੱਲ੍ਹ ਕਿਹਨੇ ਵੇਖੀ ਏ?"

ਉਸ ਬੰਦੇ ਨੇ ਸਾੜ੍ਹੀ ਦਾ ਪੱਲਾ ਫ਼ਿਰ ਫੜ ਲਿਆ ਤੇ ਉਸ ਨੂੰ ਇਹੋ ਜਿਹਾ ਝਟਕਾ ਮਾਰਿਆ ਕਿ ਸੋਮੀ ਦੀ ਅੱਧੀ ਸਾੜ੍ਹੀ ਛਿੱਜ ਗਈ......!

"ਮੈਂ ਇਹ ਪਾਤਰ ਕਰਨਾ ਈ ਨਹੀਂ......ਮੈਂ ਐਕਟਰ ਵੀ ਨਹੀਂ ਬਣਨਾ!"

ਇਹ ਆਖਦਿਆਂ ਸਰਮਦ ਨੇ ਸਾੜ੍ਹੀ ਲਾਹ ਭੋਏਂ ਮਾਰੀ; ਪਰ ਬੱਤੀਆਂ ਆਪਣੀ ਥਾਵੇਂ ਜਗਦੀਆਂ ਰਹੀਆਂ ਤੇ ਪਰਦੇ ਓਵੇਂ ਦੇ ਓਵੇਂ ਈ ਰਹੇ। ਫ਼ਿਰ ਜਦੋਂ ਉਹਨੇ ਅਪਣੇ ਵੱਲ ਧਿਆਨ ਮਾਰਿਆ ਤੇ ਉਹਦੇ ਸਰੀਰ ਉੱਤੇ ਸਲਵਾਰ ਕਮੀਜ਼ ਲੀਰੋ ਲੀਰ ਹੋਈ ਪਈ ਸੀ.....ਸਰਮਦ ਨੇ ਇਹ ਵਸਤਰ ਵੀ ਲਾਹ ਦਿੱਤੇ ਤੇ ਹੁਣ ਉਹਦੇ ਸਰੀਰ ਉੱਤੇ ਬਸ ਇੱਕ ਪਾਟੀ ਹੋਈ ਸਕਰਟ ਰਹਿ ਗਈ ਸੀ।

"ਇਹ?......ਇਹ ਕੀ ਹੋ ਰਿਹਾ ਏ?"

ਸਰਮਦ ਨੇ ਸ਼ੀਸ਼ੇ ਵੱਲ ਮੂੰਹ ਕਰਦਿਆਂ ਆਖਿਆ।

"ਤੈਨੂੰ ਮੈਂ ਆਖਿਆ ਸੀ ਕਿ ਇਹ ਜ਼ਨਾਨਾ ਪਾਤਰ ਏ, ਇਹ ਕਦੋਂ ਲੱਥਿਆ ਆਪਣੇ ਆਪ ਤੋਂ!"

ਸ਼ੀਸ਼ੇ 'ਚੋਂ ਵਾਜ ਆਈ।

"ਮੈਂ ਕੀ ਕਰਾਂ......ਅਗਾਂਹ ਸਕਰਿਪਟ ਦੇ ਪੰਨੇ ਵੀ ਨਹੀਂ......!"

"ਝੱਲਿਆ, ਨਾਰੀ ਦਾ ਸਕਰਿਪਟ ਵੀ ਕਦੇ ਪੂਰਾ ਲਿਖਿਆ ਗਿਆ ਏ......ਉਹ ਤਾਂ ਨਰ ਦੇ ਨਾਲ਼ ਈ ਬੰਨ ਕੇ ਪਰੋ ਦਿੱਤਾ ਜਾਂਦਾ ਏ; ਉਸਦਾ ਅਪਣਾ ਆਪ ਤੇ ਕਿੱਧਰੇ ਵੀ ਨਹੀਂ!

ਸ਼ੀਸ਼ਾ ਬੋਲਿਆ ਤੇ ਸਰਮਦ ਨੇ ਘਾਬਰ ਕੇ ਪਿਛਾਂਹ ਬੂਹੇ ਵਾਲੀ ਕੰਧ ਵੱਲ ਤੱਕਿਆ......ਉੱਥੇ ਵੀ ਸ਼ੀਸ਼ਾ ਈ ਸੀ......ਬੂਹਾ ਖ਼ੌਰੇ ਕਿੱਥੇ ਚਲਾ ਗਿਆ ਸੀ!

"ਮੈਂ......ਮੈਂ ਦਿੱਤਾ ਸੈਣੀ ਆਂ; ਮੈਂ ਮੌਜੀ ਖ਼ਾਨ ਹਾਂ; ਮੈਂ ਸ਼ਾਮ ਗੋਪਾਲ ਵਰਮਾ ਵਾਂ......ਮੈਂ ਇੱਕ ਆਸ਼ਿਕ ਹਾਂ......ਮੈਨੂੰ ਸੱਭ ਕੁੱਝ ਕਹਿ ਲਵੋ ਪਰ ਮੈਨੂੰ ਸੋਮੀ ਨਾ ਆਖੋ!"

ਸਰਮਦ ਚੀਕਾਂ ਮਾਰਦਾ ਬੋਲਿਆ।

"ਸੋਮੀ ਕੋਲ਼ ਵੀ ਕੋਈ ਰਾਹ, ਕੋਈ ਉਪਾ ਨਹੀਂ।"

ਸਾਹਮਣੇ ਸ਼ੀਸ਼ੇ 'ਚੋਂ ਵਾਜ ਆਈ।

"ਮੈਂ ਐਕਟਰ ਵੀ ਨਹੀਂ, ਮੈਂ ਕੁੱਝ ਵੀ ਨਹੀਂ!"

ਸਰਮਦ ਨੇ ਹੋਰ ਉੱਚੀ ਚੀਕ ਮਾਰੀ, ਤੇ ਨਾਲ਼ ਪਏ ਲੀੜੇ ਬੋਲਣ ਲੱਗ ਪਏ:

ਮੈਂ ਹਾਂ ਦਿੱਤਾ ਸੈਣੀ!

ਮੈਂ ਹਾਂ ਸ਼ਾਮ ਗੋਪਾਲ ਵਰਮਾ!

ਮੈਂ ਮੌਜੀ ਖ਼ਾਨ ਆਂ!

ਮੈਂ ਭਸ਼ਕੂ ਆਂ......ਰੇਸ਼ਮੇ ਦਾ ਭਸ਼ਕੂ!

ਮੈਂ ਸ਼ਾਬੂ ਆਂ!

ਇਹਦੇ ਨਾਲ਼ ਈ 'ਪ੍ਰਭੂ ਰੰਗ ਬਿਨਾਂ' ਦੀ ਅਸਥਾਈ ਚਾਰ ਚੁਫ਼ੇਰੇ ਵੱਜਣ ਲੱਗ ਪਈ ਤੇ ਲੀੜੇ ਉੱਠ ਉੱਠ ਸਰਮਦ ਦੇ ਆਲੇ ਦੁਆਲੇ ਨੱਚਣ ਲੱਗ ਪਏ; ਬੱਤੀਆਂ ਦੇ ਰੰਗ ਨੀਲੇ ਪੈ ਗਏ; ਸੋਮੀ ਦੇ ਮੂੰਹ 'ਚੋਂ ਲਹੂ ਵਗੀ ਜਾ ਰਿਹਾ ਸੀ ਤੇ ਉਹ ਉੱਚੀ ਉੱਚੀ ਹੱਸੀ ਜਾ ਰਹੀ ਸੀ। ਸ਼ੀਸ਼ੇ 'ਚੋਂ ਕਦੇ ਹੱਸਣ ਤੇ ਕਦੇ ਰੋਵਣ ਦੀਆਂ ਵਾਜਾਂ ਆਉਣ ਲੱਗ ਪਈਆਂ। ਫ਼ਿਰ ਲੀੜੇ ਵੀ ਖਿੜ ਖਿੜ ਹੱਸਣ ਲੱਗ ਪਏ। 'ਪ੍ਰਭੂ' ਦੀ ਤਾਣ ਵੱਜੀ ਤੇ ਉਹ ਵੀ ਰੋਵਣ ਲੱਗ ਪਏ। ਸ਼ੀਸ਼ੇ ਦਾ ਹਾਸਾ ਮੁੱਕ ਗਿਆ ਤੇ ਹੁਣ ਬਸ ਉਹ ਰੋਈ ਜਾ ਰਿਹਾ ਸੀ......ਇੱਕ ਸੋਮੀ ਸੀ ਜਿਹੜੀ ਕੱਲਮ ਕੱਲੀ ਹੱਸੀ ਜਾ ਰਹੀ ਸੀ।

ਸਰਮਦ ਸੱਭ ਤੋਂ ਵੱਖਰਾ ਖਲੋਤਾ ਚੀਕਾਂ ਮਾਰੀ ਜਾ ਰਿਹਾ ਸੀ:

"ਮੈਂ ਸਟਾਰ ਨਹੀਂ ਬਣਨਾ!......ਮੈਂ ਐਕਟਰ ਵੀ ਨਹੀਂ ਬਣਨਾ!!......ਮੈਂ ਕੁੱਝ ਵੀ ਨਹੀਂ ਬਣਨਾ!!!"

ਬੱਤੀਆਂ ਇੱਕਦਮ ਚਿੱਟੀਆਂ ਹੋ ਗਈਆਂ......ਫ਼ਿਰ ਨੀਲੀਆਂ ਤੇ ਕਦੇ ਪੀਲੀਆਂ ਹੋਵਣ ਲੱਗ ਪਈਆਂ। ਇਸ ਮਗਰੋਂ ਗੂੜ੍ਹੀਆਂ ਨੀਲੀਆਂ ਹੋ ਕੇ ਬੁੱਝਣ ਤੇ ਕਦੇ ਜੱਗਣ ਲੱਗ ਪਈਆਂ......ਜਿਵੇਂ ਅਸਮਾਨੀ ਬਿਜਲੀ ਚਮਕਾਂ ਮਾਰੇ। ਫ਼ਿਰ ਉਹ ਹਰੀਆਂ ਤੇ ਹੋਰ ਡੂੰਘੀਆਂ ਰੱਤੀਆਂ ਕਾਲੀਆਂ ਹੁੰਦੀਆਂ ਗਈਆਂ......ਵਸਤਰਾਂ, ਵਨਤਰਾਂ, ਵਾਜੇ, ਤਬਲੇ, ਸਕਰਿਪਟ ਦੇ ਪੰਨੇ, ਬੁੱਲ੍ਹੇ ਦੀ ਕਾਫ਼ੀ ਦੇ ਬੋਲ ਅਲ਼ਾਵਣ ਲੱਗ ਪਏ:

"ਹੁਣ ਮੈਂ ਕੌਣ ਕਹਾਊਂ ਗਾ
ਉਸ ਕੌਣ ਮੇਂ ਢੂੰਡ ਲਿਆਊਂ
ਤਾਂ ਹੀ ਮੈਂ ਪਿਤਿਆਓਂ ਗਾ
ਮੇਰੀ ਜ਼ਾਤ ਸਿਫ਼ਾਤ ਹੈ ਨਰ ਹੀ
ਸਵਾਣੀ ਨਾਮ ਧਰਾਊਂਗਾ
ਹੁਣ ਮੈਂ ਕੌਣ ਕਹਾਊਂਗਾ
ਹੁਣ ਮੈਂ ਕੌਣ ਕਹਾਊਂਗਾ"

ਸ਼ੀਸ਼ੇ ਦੀਆਂ ਚਾਰ ਚੁਫ਼ੇਰੇ ਬੰਦ ਕੰਧਾਂ ਤੋਂ ਵੀ ਬੋਲ ਗੇੜੇ ਮਾਰੀ ਜਾ ਰਹੇ ਸਨ ਤੇ ਉਨ੍ਹਾਂ ਹੇਠ ਸਰਮਦ ਦੀਆਂ ਚਾਂਗੜਾਂ ਧੱਸਦੀਆਂ ਜਾ ਰਹੀਆਂ ਸਨ!!

ਮੋ: 0092-3238449080



# ਸਟਾਲਿਨ ਤੇ ਖ਼ੂਨੀ ਬੈਂਕ ਰੌਬਰੀ

—ਹਰਜੀਤ ਅਟਵਾਲ

ਬੁੱਧਵਾਰ, 26 ਜੂਨ, 1907

ਟਿਫਲਿਸ ਸ਼ਹਿਰ ਦਾ ਫਰੀਡਮ ਸੁਕੈਅਰ। ਟਿਫਲਿਸ ਸ਼ਹਿਰ ਰੂਸ ਦੇ ਸੂਬੇ ਜੌਰਜੀਆ ਦੀ ਰਾਜਧਾਨੀ। ਇਹ ਸਟਾਲਿਨ ਦਾ ਸ਼ਹਿਰ ਹੈ। ਸਟਾਲਿਨ ਜਿਸ ਨੇ ਅੱਗੇ ਜਾ ਕੇ ਰੂਸ ਦਾ ਪ੍ਰਧਾਨ ਬਣਨਾ ਹੈ ਤੇ ਇਤਿਹਾਸ ਦਾ ਇਕ ਅਹਿਮ ਹਿੱਸਾ ਬਣਨਾ ਹੈ। ਸਟਾਲਿਨ ਇਸੇ ਸ਼ਹਿਰ ਵਿੱਚ ਹੀ ਪੜ੍ਹਿਆ ਹੈ, ਇਥੇ ਹੀ ਵੱਡਾ ਹੋਇਆ ਹੈ ਤੇ ਹੁਣ ਇਥੇ ਹੀ ਆਪਣੀ ਪਤਨੀ ਤੇ ਛੋਟੇ ਜਿਹੇ ਬੱਚੇ ਨਾਲ ਰਹਿੰਦਾ ਹੈ। ਇਥੇ ਮਤਲਬ ਫਰੀਡਮ ਸੁਕੈਅਰ ਵਿੱਚ ਹੀ ਉਸ ਦਾ ਘਰ ਹੈ।

ਸਵੇਰ ਵੱਡੀ ਹੋ ਰਹੀ ਹੈ। ਫਰੀਡਮ ਸੁਕੈਅਰ ਵਿੱਚ ਕਾਫੀ ਭੀੜ ਹੈ। ਇਸ ਚੌਂਕ ਦੇ ਦੁਆਲੇ ਦੁਕਾਨਾਂ, ਪੱਬ, ਕਾਹਵਾ-ਘਰ ਤੇ ਹੋਰ ਬਹੁਤ ਸਾਰੇ ਕਾਰੋਬਾਰ ਚੱਲਦੇ ਹਨ। ਇਥੋਂ ਦੋ ਕੁ ਮਿੰਟ ਦੂਰ ਟਿਫਲਿਸ ਸਟੇਟ ਬੈਂਕ ਹੈ। ਵਾਇਸਰਾਏ ਦਾ ਮਹਿਲ ਵੀ ਨਜ਼ਦੀਕ ਹੀ ਹੈ। ਸ਼ਹਿਰ ਦਾ ਪ੍ਰਮੁੱਖ ਚੌਂਕ ਹੋਣ ਕਰਕੇ ਭੀੜ ਤਾਂ ਇਥੇ ਹਰ ਵੇਲੇ ਰਹਿੰਦੀ ਹੈ ਪਰ ਅੱਜ ਕੁਝ ਜ਼ਿਆਦਾ ਹੀ ਗਹਿਮਾ-ਗਹਿਮੀ ਹੈ। ਅੱਜ ਦੀ ਖਾਸ ਗੱਲ ਜੋ ਕਿ ਬਹੁਤ ਹੀ ਪਰਦੇ ਵਿੱਚ ਹੈ ਕਿ ਅੱਜ ਖਜ਼ਾਨੇ ਵਾਲੀ ਸਟੇਜਕੋਚ ਭਾਵ ਕਿ ਘੋੜਾ-ਬੱਘੀ ਇਸ ਚੌਂਕ ਵਿੱਚ ਦੀ ਲੰਘਣੀ ਹੈ। ਇਹ ਖਜ਼ਾਨਾ ਵੱਡੇ ਡਾਕਖਾਨੇ ਵਿੱਚੋਂ ਕੱਢਵਾ ਕੇ ਸਟੇਟ ਬੈਂਕ ਵਿੱਚ ਜਮ੍ਹਾਂ ਕਰਾਇਆ ਜਾਵੇਗਾ, ਜਿਥੋਂ ਅੱਗੇ ਬੈਂਕ ਦੇ ਮੈਂਬਰਾਂ ਦੇ ਕੰਮ ਆਵੇਗਾ। ਇਵੇਂ ਹੀ ਕਦੇ ਕਦੇ ਲੋੜ ਵੇਲੇ ਪੈਸੇ ਵੱਡੇ ਡਾਕਖਾਨੇ ਵਿੱਚੋਂ ਕੱਢਵਾ ਕੇ ਬੈਂਕ ਵਿੱਚ ਲਿਆਂਦੇ ਜਾਂਦੇ ਹਨ ਪਰ ਇਹ ਸਭ ਬਹੁਤ ਪਰਦੇ ਵਿੱਚ ਹੋਇਆ ਕਰਦਾ ਹੈ। ਕਿਸੇ ਨੂੰ ਕੰਨੋ-ਕੰਨ ਖ਼ਬਰ ਨਹੀਂ ਹੁੰਦੀ। ਖਜ਼ਾਨੇ ਵਾਲੀ ਇਸ ਸਟੇਜਕੋਚ ਦੀ ਹਿਫਾਜ਼ਤ ਲਈ ਇਸ ਦੇ ਮਗਰ-ਮਗਰ ਹਥਿਆਰਬੰਦ ਪੁਲੀਸ ਤੇ ਫੌਜ ਨਾਲ ਭਰੀ ਇਕ ਹੋਰ ਸਟੇਜ ਕੋਚ ਹੋਵੇਗੀ। ਇਸ ਵਾਰ ਇਸ ਖਜ਼ਾਨੇ ਦੀ ਸੁਰੱਖਿਆ ਜ਼ਰਾ ਵਧਾ ਦਿੱਤੀ ਗਈ ਹੈ ਕਿਉਂਕਿ ਇਸ ਵਾਰ ਪੁਲੀਸ ਨੂੰ ਖ਼ਬਰ ਮਿਲੀ ਹੈ ਕਿ ਕੋਈ ਵਾਰਦਾਤ ਹੋਣ ਦਾ ਖਦਸ਼ਾ ਹੈ। ਇਹ ਨਹੀਂ ਪਤਾ ਕਿ ਕਿਹੜੀ ਵਾਰਦਾਤ ਪਰ ਪੁਲੀਸ ਨੂੰ ਸੂਹ ਜ਼ਰੂਰ ਮਿਲੀ ਹੈ। ਪੁਲੀਸ ਕੋਈ ਚਾਂਸ ਨਹੀਂ ਲੈਣਾ ਚਾਹੁੰਦੀ। ਪਰ ਇਹ ਸੁਰੱਖਿਆ ਏਨੀ ਵੀ ਨਹੀਂ ਵਧਾ ਹੋਈ ਕਿ ਮੰਦਭਾਗੀ ਘਟਨਾ ਨੂੰ ਵਾਪਰਨ ਤੋਂ ਰੋਕਿਆ ਜਾ ਸਕੇ।

'ਰਸ਼ੀਅਨ ਸੋਸ਼ਲ-ਡੈਮੋਕਰੇਟਿਕ ਵਰਕਰਜ਼ ਪਾਰਟੀ' ਆਪਣੀਆਂ ਇਨਕਲਾਬੀ ਸਰਗਰਮੀਆਂ ਵਧਾਉਣੀਆਂ ਚਾਹੁੰਦੀ ਸੀ ਪਰ ਉਸ ਕੋਲ ਫੰਡਜ਼ ਨਹੀਂ ਸਨ। ਪਾਰਟੀ ਹਥਿਆਰ ਖਰੀਦਣਾ ਚਾਹੁੰਦੀ ਸੀ। ਪਾਰਟੀ ਵਿੱਚ ਦੋ ਗਰੁੱਪ ਬਣ ਚੁੱਕੇ ਸਨ। ਬੌਲਸੇਵਿਕ ਤੇ ਮੈਨਸੇਵਿਕ। ਬੌਲਸੇਵਿਕ ਜ਼ਰਾ ਗਰਮ-ਖਿਆਲੀਏ ਸਨ। ਹਥਿਆਰਬੰਦ ਘੋਲ ਤੇਜ਼ ਕਰਨਾ ਚਾਹੁੰਦੇ ਸਨ। ਹਥਿਆਰਾਂ ਲਈ ਪੈਸੇ ਲੋੜੀਂਦੇ ਸਨ। ਹੁਣ ਪਾਰਟੀ ਵਿੱਚ ਇਹ ਸੋਚ ਬਣ ਰਹੀ ਸੀ ਕਿ ਪੈਸੇ ਇਕੱਠੇ ਕਰਨ ਲਈ ਉਹ ਕਿਸੇ ਵੀ ਹੱਦ ਤੱਕ ਜਾ ਸਕਦੇ ਸਨ। ਪਾਰਟੀ ਦੀ ਪੰਜਵੀਂ ਕਾਨਫਰੰਸ ਵਿੱਚ ਬੌਲਸ਼ੇਵਿਕਾਂ ਦੇ ਗਰੁੱਪ ਦੀ ਮੀਟਿੰਗ ਹੋਈ ਜਿਸ ਵਿੱਚ ਲੈਨਿਨ, ਸਟਾਲਿਨ, ਮੈਕਸਮ ਲਿਟਵੀਨੋਵ, ਲਿਓਨਡ ਕਰਾਸਿਨ ਤੇ ਅਲੈਗਜੈਂਡਰ ਬੋਂਗਡਾਨੋਵ ਵਰਗੇ ਨੇਤਾ ਸ਼ਾਮਲ ਸਨ। ਪੈਸੇ ਇਕੱਠੇ ਕਰਨ ਲਈ ਬੈਂਕ ਰੌਬਰੀ ਦੀ ਸਲਾਹ ਬਣੀ। ਬੈਂਕ ਰੌਬਰੀ ਦੀ ਜ਼ਿੰਮੇਵਾਰੀ ਸਟਾਲਿਨ ਨੇ ਆਪਣੇ ਸਿਰ ਲੈ ਲਈ। ਸਟਾਲਿਨ ਦੇ ਮਨ ਵਿੱਚ ਇਕਦਮ ਆਪਣੇ ਸ਼ਹਿਰ ਵਾਲਾ ਸਟੇਟ ਬੈਂਕ ਆ ਰਿਹਾ ਸੀ। ਇਹ ਵੱਡਾ

ਬੈਂਕ ਸੀ ਤੇ ਬੇਹਿਸਾਬੇ ਪੈਸਿਆਂ ਦਾ ਲੈਣ-ਦੇਣ ਹੁੰਦਾ ਸੀ। ਪਾਰਟੀ ਦੀ ਲੋੜ ਜੋਗੇ ਪੈਸੇ ਲੁੱਟੇ ਜਾ ਸਕਦੇ ਸਨ ਪਰ ਬੈਂਕ ਲੁੱਟਿਆ ਕਿਵੇਂ ਜਾਵੇ ? ਉਸ ਨੇ ਵਾਪਸ ਆਪਣੇ ਸ਼ਹਿਰ ਆ ਕੇ ਬੈਂਕ ਦਾ ਮੁਆਇਨਾ ਕਰਨਾ ਸ਼ੁਰੂ ਕਰ ਦਿੱਤਾ ਪਰ ਕੁਝ ਵੀ ਹੱਥ-ਪੱਲੇ ਪੈਂਦਾ ਨਾ ਦਿੱਸਿਆ। ਬੈਂਕ ਦੇ ਸਟਰੋਂਗ ਰੂਮਜ਼ ਅਜਿਹੇ ਸਨ ਕਿ ਉਥੇ ਤੱਕ ਪਹੁੰਚ ਕਰਨੀ ਅਸੰਭਵ ਸੀ। ਕਾਊਂਟਰ ਉਪਰਲੇ ਪੈਸੇ ਲੁੱਟਣੇ ਸ਼ਾਇਦ ਸੌਖੇ ਸਨ ਪਰ ਉਥੇ ਬਹੁਤੇ ਪੈਸੇ ਨਹੀਂ ਸਨ ਹੋਣੇ।

ਵਾਰ ਵਾਰ ਬੈਂਕ ਜਾਣ ਦਾ ਬਹਾਨਾ ਉਹ ਇਹ ਬਣਾਉਂਦਾ ਕਿ ਬੈਂਕ ਵਿੱਚ ਉਸ ਦਾ ਇਕ ਜਮਾਤੀ ਕੰਮ ਕਰਦਾ ਸੀ। ਵੌਂਜ਼ਨੇਸੈਂਸਕੀ ਉਸ ਦਾ ਜਮਾਤੀ ਰਿਹਾ ਸੀ। ਉਸ ਨਾਲ ਵਾਹਵਾ ਪਿਆਰ ਕਰਦਾ ਸੀ। ਜਦ ਸਟਾਲਿਨ ਨੂੰ ਕੋਈ ਰਾਹ ਲੱਭਦਾ ਨਾ ਦਿੱਸਿਆ ਤਾਂ ਉਸ ਨੇ ਆਪਣੇ ਦਿਲ ਦੀ ਗੱਲ ਆਪਣੇ ਦੋਸਤ ਨਾਲ ਸਾਂਝੀ ਕੀਤੀ। ਉਹ ਵੀ ਸਟਾਲਿਨ ਨਾਲ ਰਹਿ ਕੇ ਪਾਰਟੀ ਦਾ ਹਮਦਰਦ ਬਣ ਚੁੱਕਾ ਸੀ। ਵੌਂਜ਼ਨੇਸੈਂਸਕੀ ਨੇ ਵੀ ਸੋਚ ਦੇ ਘੋੜੇ ਦੌੜਾਏ ਪਰ ਕੋਈ ਹੱਲ ਨਾ ਲੱਭਾ। ਬੈਂਕ ਵਿੱਚ ਹੀ ਇਕ ਹੋਰ ਕਲਰਕ ਗੀਗੋ ਕਾਸਰੇਡਜ਼ ਵੀ ਕੰਮ ਕਰਦਾ ਸੀ। ਉਹ ਸਟਾਲਿਨ ਦੀ ਕਵਿਤਾ ਦਾ ਬਹੁਤ ਮਦਾਹ ਸੀ। ਸਟਾਲਿਨ ਨੇ ਉਸ ਨੂੰ ਵਿਸ਼ਵਾਸ ਵਿੱਚ ਲੈ ਕੇ ਸਾਰੀ ਗੱਲ ਉਸ ਨਾਲ ਕੀਤੀ। ਉਸ ਨੇ ਸਟਾਲਿਨ ਨੂੰ ਉਹ ਰਾਹ ਦਿਖਾ ਦਿੱਤਾ ਜਿਹੜਾ ਉਸ ਦੀ ਮੰਜ਼ਲ ਨੂੰ ਜਾਂਦਾ ਸੀ। ਉਸ ਨੇ ਸਟਾਲਿਨ ਨੂੰ ਦੱਸਿਆ ਕਿ ਕਈ ਵਾਰ ਲੋੜ ਮੁਤਾਬਕ ਖਜ਼ਾਨਾ ਵੱਡੇ ਸਰਕਾਰੀ ਡਾਕਖਾਨੇ ਵਿੱਚੋਂ ਸਟੇਟ ਬੈਂਕ ਲਈ ਲਿਆਂਦਾ ਜਾਂਦਾ ਹੈ। ਸਟਾਲਿਨ ਨੇ ਇਹਨਾਂ ਦੋਸਤਾਂ ਦੀ ਡਿਊਟੀ ਲਗਾ ਦਿੱਤੀ ਕਿ ਉਹ ਨਜ਼ਰ ਰੱਖਣ ਕਿ ਕਿਹੜੀ ਤਰੀਕ ਨੂੰ ਖਜ਼ਾਨਾ ਲਿਆਂਦਾ ਜਾਵੇਗਾ।

ਹੁਣ ਸਟਾਲਿਨ ਨੇ ਆਪਣਾ ਅਗਲਾ ਕੰਮ ਸ਼ੁਰੂ ਕਰ ਦਿੱਤਾ। ਉਸ ਨੂੰ ਅਜਿਹੇ ਬੰਦਿਆਂ ਦੀ ਲੋੜ ਸੀ ਜੋ ਅਪਰਾਧੀ ਬ੍ਰਿਤੀ ਵਾਲੇ ਵੀ ਹੋਣ ਤੇ ਪਾਰਟੀ ਨਾਲ ਵੀ ਹਮਦਰਦੀ ਰੱਖਦੇ ਹੋਣ। ਉਸ ਦਾ ਇਕ ਖਾਸ ਦੋਸਤ ਸੀ ਕਾਮੋ। ਕਾਮੋ ਬਹੁਤ ਸ਼ਾਤਰ ਕਿਸਮ ਦਾ ਆਦਮੀ ਸੀ। ਉਹ ਸਟਾਲਿਨ ਦੇ ਪ੍ਰਭਾਵ ਹੇਠ ਆ ਕੇ ਮਾਰਕਸਵਾਦੀ ਬਣਿਆਂ ਸੀ। ਸਟਾਲਿਨ ਨੇ ਇਹ ਐਕਸ਼ਨ ਉਸ ਦੇ ਹਵਾਲੇ ਕਰ ਦਿੱਤਾ। ਕਾਮੋ ਨੇ ਆਪਣੇ ਗੈਂਗ ਵਿੱਚ ਵੀਹ ਬੰਦੇ ਏਦਾਂ ਦੇ ਭਰਤੀ ਕੀਤੇ ਜਿਹੜੇ ਅਜਿਹੇ ਕੰਮਾਂ ਵਿੱਚ ਮਾਹਿਰ ਸਨ, ਹੰਡੇ-ਵਰਤੇ ਸਨ। ਕੁਝ ਕੁੜੀਆਂ ਵੀ ਭਰਤੀ ਕੀਤੀਆਂ ਗਈਆਂ। ਸਕੀਮ ਇਹੋ ਸੀ ਕਿ ਜਦ ਸਟੇਜਕੋਚ ਫਰੀਡਮ ਸੁਕੈਅਰ ਵਿੱਚ ਪਹੁੰਚੇ ਤਾਂ ਉਸ ਉਪਰ ਹਮਲਾ ਕਰਕੇ ਲੁੱਟ ਲਿਆ ਜਾਵੇ। ਹਮਲਾ ਅਚਾਨਕ ਤੇ ਏਨਾ ਵੱਡਾ ਹੋਵੇ ਕਿ ਪੁਲੀਸ ਤੇ ਫੌਜ ਦੇ ਸਿਪਾਹੀਆਂ ਨੂੰ ਕੁਝ ਕਰਨ ਦਾ ਮੌਕਾ ਹੀ ਨਾ ਮਿਲੇ। ਇਕ ਹੋਰ ਸਟੇਜਕੋਚ ਵਿੱਚ ਇਸ ਖਜ਼ਾਨੇ ਨੂੰ ਰੱਖ ਕੇ ਉਥੋਂ ਨਿਕਲ ਜਾਇਆ ਜਾਵੇ। ਦੇਖਣ ਨੂੰ ਇਹ ਵਾਰਦਾਤ ਬਹੁਤ ਸੌਖੀ ਜਿਹੀ ਜਾਪਦੀ ਸੀ ਪਰ ਇਹ ਅਸੰਭਵ ਵਾਂਗ ਸੀ ਤੇ ਸੀ ਵੀ ਖਤਰਾ ਹੀ ਖਤਰਾ। ਇਸ ਸਟੇਜਕੋਚ ਨੂੰ ਲੁੱਟਣ ਦੀ ਤਿਆਰੀ ਕੀਤੀ ਜਾਣ ਲੱਗੀ। ਕੁਝ ਰਿਹਰਸਲਾਂ ਵੀ ਹੋਈਆਂ ਹੋਣਗੀਆਂ। ਇਸ ਸਭ ਦਾ ਨਿਰਦੇਸ਼ਨਾ ਸਟਾਲਿਨ ਦਾ ਸੀ ਤੇ ਇਸ ਨੂੰ ਸਿਰੇ ਕਾਮੋ ਨੇ ਚੜ੍ਹਾਉਣਾ ਸੀ। ਇਸ ਰੌਬਰੀ ਲਈ ਹਥਿਆਰ ਇਕੱਠੇ ਕੀਤੇ ਜਾਣ ਲੱਗੇ। ਬੰਬ ਚਾਹੀਦੇ ਸਨ, ਹੈਂਡ ਗਰਨੇਡ ਲੋੜੀਂਦੇ ਸਨ ਤੇ ਹਰ ਇਕ ਲਈ ਰਿਵਾਲਵਰ ਵੀ। ਪੂਰੀ ਦਹਿਸ਼ਤ ਫੈਲਾ ਕੇ ਹੀ ਇਹ ਰੌਬਰੀ ਕੀਤੀ ਜਾ ਸਕਣੀ ਸੀ। ਤਿਆਰੀ ਚੱਲ ਰਹੀ ਸੀ। ਬੰਬ ਤਿਆਰ ਕੀਤੇ ਜਾ ਰਹੇ ਸਨ ਕਿ ਇਸ ਤਿਆਰੀ ਨੂੰ ਬਹੁਤ ਵੱਡਾ ਧੱਕਾ ਲੱਗਾ। ਬੰਬ ਬਣਾਉਂਦਿਆਂ ਇਕ ਬੰਬ ਕਾਮੋ ਦੇ ਹੱਥ ਵਿੱਚ ਫਟ ਗਿਆ ਜਿਸ ਨਾਲ ਉਸ ਦੀ ਇਕ ਅੱਖ ਨੂੰ ਬਹੁਤ ਜ਼ਿਆਦਾ ਨੁਕਸਾਨ ਪੁੱਜਾ। ਇਕ ਵਾਰ ਤਾਂ ਜਾਪਿਆ ਕਿ ਇਹ ਐਕਸ਼ਨ ਵਿੱਚਕਾਰ ਹੀ ਛੱਡਣਾ ਪਵੇਗਾ।



ਰੌਬਰੀ ਕਰਨ ਦੇ ਐਕਸ਼ਨ ਨੂੰ ਅੱਗੇ ਪਾਉਣ ਬਾਰੇ ਸਲਾਹਾਂ ਹੋਣ ਲੱਗੀਆਂ ਪਰ ਕਾਮੋ ਬਹੁਤ ਬਹਾਦਰ ਸੀ। ਉਸ ਨੇ ਜ਼ਖ਼ਮੀ ਅੱਖ ਨਾਲ ਹੀ ਇਸ ਰੌਬਰੀ ਨੂੰ ਅੰਜਾਮ ਤੱਕ ਲੈ ਜਾਣ ਦਾ ਫੈਸਲਾ ਕਰ ਲਿਆ।

ਹਥਿਆਰਾਂ ਨੂੰ ਚੌਂਕ ਤੱਕ ਲੈ ਜਾਣਾ ਬਹੁਤ ਮੁਸ਼ਕਲ ਸੀ। ਪੁਲੀਸ ਵਾਲੇ ਥਾਂ ਥਾਂ ਤਲਾਸ਼ੀ ਲੈ ਰਹੇ ਸਨ। ਉਹਨਾਂ ਨੇ ਇਹਨਾਂ ਨੂੰ ਇਕ ਸੋਫੇ ਵਿੱਚ ਛੁਪਾ ਕੇ ਫਰੀਡਮ ਸੁਕੈਅਰ ਤੱਕ ਲਿਆਂਦਾ। ਹਰ ਇਕ ਰੌਬਰ ਦੇ ਹਿਸਾਬ ਨਾਲ ਕੰਮ ਵੰਡ ਦਿੱਤੇ ਗਏ। ਕੁਝ ਲੋਕ ਆਲੇ-ਦੁਆਲੇ ਦੀਆਂ ਇਮਾਰਤਾਂ ਉਪਰ ਚੜ੍ਹ ਗਏ ਤਾਂ ਜੋ ਲੋੜ ਵੇਲੇ ਮੱਦਦ ਕੀਤੀ ਜਾ ਸਕੇ। ਕੁਝ ਰੌਬਰ ਭੀੜ ਵਿੱਚ ਰਲ਼ੇ ਰਹੇ। ਕੁਝ ਚੌਂਕ ਵਿੱਚਲੇ ਇਕ ਪੱਬ ਵਿੱਚ ਜਾ ਛੁਪੇ। ਇਸ ਪੱਬ ਵਿੱਚੋਂ ਉਹਨਾਂ ਨੂੰ ਸਭ ਕੁਝ ਦਿੱਸ ਰਿਹਾ ਸੀ, ਜਦ ਸਟੇਜ ਕੋਚ ਨੇ ਪੁੱਜਣਾ ਸੀ ਤਾਂ ਬਾਹਰੋਂ ਉਹਨਾਂ ਨੂੰ ਇਸ਼ਾਰਾ ਹੋਣਾ ਸੀ ਤੇ ਇਹਨਾਂ ਨੇ ਗੋਲੀਆਂ ਚਲਾਉਂਦਿਆਂ ਤੇ ਹੈਂਡ ਗਰਨੇਡ ਸੁੱਟਦਿਆਂ ਮੌਕੇ 'ਤੇ ਪੁੱਜ ਜਾਣਾ ਸੀ। ਸਟਾਲਿਨ ਵੀ ਇਸ ਸਾਰੇ ਐਕਸ਼ਨ ਨੂੰ ਦੇਖਣ ਲਈ ਇਕ ਬਿਲਡਿੰਗ ਵਿੱਚ ਇਵੇਂ ਖੜ ਗਿਆ ਕਿ ਉਸ ਨੂੰ ਸਭ ਕੁਝ ਦਿੱਸਦਾ ਰਹੇ। ਰੌਬਰ ਕਿਸਾਨਾਂ ਦੇ ਕੱਪੜਿਆਂ ਵਿੱਚ ਸਨ। ਜਿਹੜੇ ਪੱਬ ਵਿੱਚ ਛੁਪੇ ਸਨ ਉਹਨਾਂ ਨੇ ਪੱਬ ਦੇ ਮਾਲਕਾਂ ਤੇ ਗਾਹਕਾਂ ਨੂੰ ਇਕ ਕਿਸਮ ਨਾਲ ਬੰਦੀ ਬਣਾ ਲਿਆ ਕਿ ਕੋਈ ਬਾਹਰ ਨਾ ਜਾ ਸਕੇ। ਉਹ ਪੱਬ ਵਿੱਚ ਬੈਠੇ ਇਸ਼ਾਰੇ ਦੀ ਉਡੀਕ ਕਰਨ ਲੱਗੇ।

ਸਵੇਰ ਦੇ ਸਾਢੇ ਦਸ ਵਜੇ ਦੋ ਸਟੇਜਕੋਚਾਂ ਚੌਂਕ ਵਿੱਚ ਪੁੱਜ ਗਈਆਂ। ਉਹਨਾਂ ਨੂੰ ਦੋ-ਦੋ ਘੋੜੇ ਜੁੜੇ ਹੋਏ ਸਨ। ਦੋਨਾਂ ਦੇ ਚਾਲਕ ਹੱਥਾਂ ਵਿੱਚ ਚਾਬੁਕ ਫੜੀ ਉੱਚੀਆਂ ਸੀਟਾਂ ਉਪਰ ਬੈਠੇ ਸਨ। ਇਕ ਭੀੜ ਜਿਹੀ ਸਟੇਜਕੋਚਾਂ ਮੂਹਰੇ ਆ ਗਈ। ਸਟੇਜਕੋਚਾਂ ਰੁਕ ਗਈਆਂ। ਕਿਸੇ ਨੇ ਪੱਬ ਵਿੱਚ ਬੈਠੇ ਸਾਥੀਆਂ ਨੂੰ ਇਸ਼ਾਰਾ ਕਰ ਦਿੱਤਾ। ਉਹਨਾਂ ਨੇ ਆ ਕੇ ਪੁਲੀਸ ਵਾਲੀ ਸਟੇਜਕੋਚ ਉਪਰ ਹੈਂਡ ਗਰਨੇਡ ਸੁੱਟਣੇ ਸ਼ੁਰੂ ਕਰ ਦਿੱਤੇ। ਖਜ਼ਾਨੇ ਵਾਲੀ ਸਟੇਜਕੋਚ ਦਾ ਸਟਾਫ ਉਪਰ ਵੀ ਗੋਲੀਆਂ ਚਲਾਈਆਂ। ਚਾਰੇ ਪਾਸੇ ਭੱਜ-ਦੌੜ ਮਚ ਗਈ। ਜਿਹਦਾ ਜਿੱਧਰ ਮੂੰਹ ਹੋਇਆ ਭੱਜ ਤੁਰਿਆ। ਪੁਲੀਸ ਨੂੰ ਕੁਝ ਕਰਨ ਦਾ ਮੌਕਾ ਹੀ ਨਾ ਮਿਲਿਆ। ਕਈ ਬੰਬ ਤਾਂ ਏਨੇ ਵੱਡੇ ਸਨ ਕਿ ਇਹਨਾਂ ਦੀ ਧਮਕ ਨਾਲ ਮੀਲ ਤਕ ਦੀਆਂ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ ਸਨ। ਕਈ ਇਮਾਰਤਾਂ ਦਾ ਨੁਕਸਾਨ ਵੀ ਹੋਇਆ। ਕਿਉਂਕਿ ਸਟਾਲਿਨ ਦਾ ਘਰ ਵੀ ਇਸ ਚੌਂਕ ਵਿੱਚ ਹੀ ਸੀ, ਉਸ ਦੀ ਪਤਨੀ ਸ਼ੋਰ ਸੁਣ ਕੇ ਬਾਹਰ ਬਾਲਕੋਨੀ ਵਿੱਚ ਆਈ ਪਰ ਗੋਲੀਆਂ-ਬੰਬ ਚਲਦੇ ਦੇਖ ਕੇ ਵਾਪਸ ਅੰਦਰ ਜਾ ਵੜੀ।

ਖਜ਼ਾਨੇ ਵਾਲੀ ਸਟੇਜਕੋਚ ਦਾ ਚਾਲਕ ਕਿਸਮਤ ਨਾਲ ਬਚ ਗਿਆ ਤੇ ਉਹ ਇਕ ਪਾਸੇ ਹੋ ਗਿਆ। ਸਟੇਜਕੋਚ ਦਾ ਇਕ ਘੋੜਾ ਹਾਲੇ ਕੁਝ ਠੀਕ ਸੀ, ਉਹ ਉੱਠ ਕੇ ਬੱਘੀ ਲੈ ਕੇ ਦੌੜਨ ਲੱਗਾ ਤਾਂ ਕਿਸੇ ਨੇ ਹੈਂਡਗਰਨੇਡ ਸੁੱਟ ਕੇ ਉਸ ਨੂੰ ਮਾਰ ਦਿੱਤਾ। ਇਸੇ ਵੇਲੇ ਕਾਮੋ ਬਿਨਾਂ ਛੱਤ ਤੋਂ ਇਕ ਖੁੱਲ੍ਹੀ ਘੋੜਾ-ਬੱਘੀ ਦੌੜਾਉਂਦਾ ਹੋਇਆ ਉਥੇ ਆ ਗਿਆ। ਉਸ ਨੇ ਮਿਲਟਰੀ ਦੇ ਕੈਪਟਨ ਵਾਲੀ ਵਰਦੀ ਪਾਈ ਹੋਈ ਸੀ। ਉਸ ਨੇ ਕਾਹਲੀ ਨਾਲ ਖਜ਼ਾਨਾ ਆਪਣੀ ਬੱਘੀ ਵਿੱਚ ਰਖਵਾਇਆ ਤੇ ਰਫੂ ਚੱਕਰ ਹੋ ਗਿਆ। ਬਾਕੀ ਦੇ ਰੌਬਰ ਵੀ ਭੱਜ ਤੁਰੇ। ਮੌਕੇ 'ਤੇ ਕੋਈ ਵੀ ਨਾ ਫੜ ਹੋਇਆ।

ਚਾਰੇ ਪਾਸੇ ਲਾਸ਼ਾਂ ਹੀ ਲਾਸ਼ਾਂ ਖਿਲਰ ਗਈਆਂ। ਜ਼ਖ਼ਮੀ ਕਰਾਹ ਰਹੇ ਸਨ। ਹਾ-ਹਾ ਕਾਰ ਮਚੀ ਹੋਈ ਸੀ। ਖੂਨ ਨਾਲੀਆਂ ਵਿੱਚ ਵਗ ਰਿਹਾ ਸੀ। ਪੁਲੀਸ ਪੁੱਜਣੀ ਸ਼ੁਰੂ ਹੋ ਗਈ। ਭੀੜ ਜੁੜਨ ਲੱਗੀ। ਇਕ ਰੌਬਰ ਵੀ ਅਧਿਆਪਕ ਦੇ ਕੱਪੜੇ ਪਾ ਕੇ ਭੀੜ ਵਿੱਚ ਆ ਰਲਿਆ। ਉਸ ਮੁਤਾਬਕ ਚਾਲੀ ਤੋਂ ਵੱਧ ਬੰਦੇ ਮਰ ਚੁੱਕੇ ਸਨ ਤੇ ਪੰਜਾਹ ਤੋਂ ਵੱਧ ਜ਼ਖ਼ਮੀ ਸਨ। ਇਹ ਇਤਿਹਾਸ ਦਾ ਸਭ ਤੋਂ

ਵੱਡਾ ਖੂਨੀ ਡਾਕਾ ਸੀ। ਇਸ ਡਾਕੇ ਵਿੱਚ 341000 ਰੂਬਲ ਲੁੱਟੇ ਗਏ। ਅੱਜ ਦੇ ਤਕਰੀਬਨ ਚਾਲੀ ਲੱਖ ਅਮਰੀਕਨ ਡਾਲਰ। ਵੀਹ ਹਜ਼ਾਰ ਰੂਬਲ ਤੋਂ ਕੁਝ ਵੱਧ ਸਟੇਜਕੋਚ ਵਿੱਚ ਰਹਿ ਗਏ ਸਨ ਜਿਹੜੇ ਸਟੇਜਕੋਚ ਦੇ ਚਾਲਕ ਨੇ ਹੁਸ਼ਿਆਰੀ ਨਾਲ ਆਪਣੀਆਂ ਜੇਬਾਂ ਵਿੱਚ ਪਾ ਲਏ, ਜੋ ਬਾਅਦ ਵਿੱਚ ਫੜਿਆ ਗਿਆ ਤੇ ਉਸ ਨੂੰ ਸਜ਼ਾ ਹੋ ਗਈ। ਇਸ ਡਾਕੇ ਨੇ ਜੌਰਜੀਆ ਸੂਬੇ ਦੀ ਸਰਕਾਰ ਹਿਲਾ ਕੇ ਰੱਖ ਦਿੱਤੀ। ਪੁਲੀਸ ਵਾਲੇ ਅਪਰਾਧੀਆਂ ਨੂੰ ਹਲਕੇ ਕੁੱਤਿਆਂ ਵਾਂਗ ਲੱਭਣ ਲੱਗੇ।

ਇਸ ਰੌਬਰੀ ਬਾਰੇ ਸਟਾਲਿਨ ਉਪਰ ਕਿਸੇ ਦੀ ਨਜ਼ਰ ਨਾ ਗਈ। ਰੋਮਨ ਬਰੈਕਮੈਨ ਮੁਤਾਬਕ ਉਹ ਪੁਲੀਸ ਇਨਫੋਰਮਰ ਵੀ ਸੀ। ਲੋੜ ਪੈਣ 'ਤੇ ਉਹ ਪੁਲੀਸ ਨਾਲ ਰਲ਼ ਵੀ ਜਾਂਦਾ ਸੀ। ਉਸੇ ਨੇ ਹੀ ਪੁਲੀਸ ਨੂੰ ਖ਼ਬਰ ਦਿੱਤੀ ਸੀ ਕਿ ਕੋਈ ਵਾਰਦਾਤ ਹੋਣ ਵਾਲੀ ਹੈ। ਇਸ ਰੌਬਰੀ ਵਿੱਚ ਸਟਾਲਿਨ ਦੀ ਸ਼ਮੂਲੀਅਤ ਬਾਰੇ ਵੱਖ-ਵੱਖ ਇਤਿਹਾਸਕਾਰਾਂ ਨੇ ਅੱਡੋ-ਅੱਡ ਰਾਵਾਂ ਦਿੱਤੀਆਂ ਹਨ। ਪਰ ਸਟਾਲਿਨ ਲਈ ਚੰਗਾ ਇਹ ਹੋਇਆ ਕਿ ਉਹ ਜਲਦੀ ਹੀ ਇਹ ਸ਼ਹਿਰ ਛੱਡ ਗਿਆ।

ਕਾਮੋ ਫਰੀਡਮ ਸੁਕੈਅਰ ਵਿੱਚੋਂ ਆਪਣੀ ਬੱਘੀ ਦੁੜਾਉਂਦਾ ਸ਼ਹਿਰ ਦੇ ਕੇਂਦਰ ਵਿੱਚੋਂ ਦੂਰ ਨਿਕਲ ਗਿਆ। ਇਸੇ ਸ਼ਹਿਰ ਵਿੱਚ ਹੀ ਸਟਾਲਿਨ ਦੇ ਇਕ ਦੋਸਤ ਦੇ ਘਰ ਪੁੱਜ ਗਿਆ। ਸਾਰੇ ਖ਼ਜ਼ਾਨੇ ਨੂੰ ਇਕ ਮੈਟਰਸ ਵਿੱਚ ਪਾਇਆ ਤੇ ਇਸ ਨੂੰ ਚੰਗੀ ਤਰ੍ਹਾਂ ਸੀਂਅ ਦਿੱਤਾ। ਕੁਝ ਦਿਨਾਂ ਬਾਅਦ ਇਹ ਖਜ਼ਾਨਾ ਉਥੋਂ ਚੁੱਕ ਕੇ ਇਕ ਹੋਰ ਸੁਰੱਖਿਅਤ ਥਾਂ ਲੈ ਜਾਇਆ ਗਿਆ ਤੇ ਉਸ ਘਰ ਦੀ ਪਰਛੱਤੀ ਵਿੱਚ ਛੁਪਾ ਦਿੱਤਾ। ਜਦ ਕੁਝ ਠੰਡ ਵਰਤੀ ਤਾਂ ਕਾਮੋ ਇਹ ਖਜ਼ਾਨਾ ਲੈ ਕੇ ਲੈਨਿਨ ਕੋਲ ਪੁੱਜ ਗਿਆ। ਉਹਨਾਂ ਦਿਨਾਂ ਵਿੱਚ ਲੈਨਿਨ ਫਿਨਲੈਂਡ ਵਿੱਚ ਲੁਕਿਆ ਹੋਇਆ ਸੀ।

ਕੁਝ ਮਹੀਨੇ ਕਾਮੋ ਲੈਨਿਨ ਕੋਲ ਹੀ ਰਿਹਾ। ਇਹਨਾਂ ਦਿਨਾਂ ਵਿੱਚ ਹੀ ਉਸ ਨੇ ਹਥਿਆਰ ਖਰੀਦਣ ਲਈ ਕੁਝ ਦੇਸ਼ਾਂ ਦਾ ਦੌਰਾ ਵੀ ਕੀਤਾ। ਸਰਦੀਆਂ ਆਈਆਂ ਤਾਂ ਉਹ ਆਪਣੀ ਅੱਖ ਦਾ ਇਲਾਜ ਕਰਾਉਣ ਲਈ ਬਰਲਿਨ ਚਲੇ ਗਿਆ। ਹੁਣ ਤੱਕ ਰੂਸੀ ਪੁਲੀਸ ਕਾਮੋ ਨੂੰ ਲੱਭਣ ਲੱਗ ਪਈ ਸੀ। ਉਸ ਦੀ ਭਾਲ ਯੂਰਪ ਵਿੱਚ ਵੀ ਹੋ ਰਹੀ ਸੀ। ਜਿਸ ਡਾਕਟਰ ਕੋਲ ਕਾਮੋ ਇਲਾਜ ਕਰਾਉਣ ਗਿਆ ਉਹ ਰੂਸੀ ਪੁਲੀਸ ਦਾ ਏਜੰਟ ਸੀ ਤੇ ਉਸ ਨੇ ਕਾਮੋ ਬਾਰੇ ਪੁਲੀਸ ਨੂੰ ਇਤਲਾਹ ਦੇ ਦਿੱਤੀ। ਕਾਮੋ ਕੋਲੋਂ ਆਸਟਰੀਅਨ ਪਾਸਪੋਰਟ ਫੜਿਆ ਗਿਆ ਤੇ ਉਸ ਦੇ ਸੂਟਕੇਸ ਵਿੱਚੋਂ ਬੰਬ ਵੀ ਮਿਲਿਆ। ਉਸ ਨੂੰ 1909 ਵਿੱਚ ਜਰਮਨੀ ਤੋਂ ਰੂਸ ਲਿਆਂਦਾ ਗਿਆ ਤਾਂ ਜੋ ਉਸ ਉਪਰ ਮੁਕੱਦਮਾ ਚਲਾਇਆ ਜਾ ਸਕੇ।

ਕਾਮੋ ਨੂੰ ਰੂਸ ਲਿਆਂਦਾ ਗਿਆ ਤਾਂ ਉਹ ਪਾਗਲ ਬਣ ਗਿਆ। ਡਾਕਟਰਾਂ ਨੇ ਉਸ ਦੇ ਬਹੁਤ ਮੁਆਇਨੇ ਕੀਤੇ ਪਰ ਉਸ ਦੇ ਸਿਹਤਵੰਤ ਹੋਣ ਦੇ ਸਬੂਤ ਨਾ ਲੱਭ ਸਕੇ। ਕਾਮੋ ਨੇ ਸਿੱਧ ਕਰ ਦਿੱਤਾ ਕਿ ਉਸ ਦੀ ਮਾਨਸਿਕ ਸਥਿਤੀ ਮੁਕੱਦਮੇ ਦਾ ਸਾਹਮਣਾ ਕਰਨ ਵਾਲੀ ਨਹੀਂ ਹੈ। ਉਸ ਨੂੰ ਪਾਗਲਾਂ ਦੇ ਹਸਪਤਾਲ ਭੇਜ ਦਿੱਤਾ ਗਿਆ। ਮੌਕਾ ਮਿਲਦਿਆਂ ਹੀ ਕਾਮੋ ਹਸਪਤਾਲ ਵਿੱਚੋਂ ਭੱਜ ਗਿਆ। ਕੁਝ ਦੇਰ ਬਾਅਦ ਹੀ ਕਾਮੋ ਇਕ ਹੋਰ ਬੈਂਕ ਨੂੰ ਲੁੱਟਣ ਦੀ ਤਿਆਰੀ ਕਰਦਾ ਫੜਿਆ ਗਿਆ। 1913 ਵਿੱਚ ਉਸ ਨੂੰ ਟਿਫਲਿਸ ਰੌਬਰੀ ਕੇਸ ਵਿੱਚ ਫਾਂਸੀ ਦੀ ਸਜ਼ਾ ਹੋ ਗਈ। ਇਸ ਫੈਸਲੇ ਦੀ ਉਸ ਨੇ ਅਪੀਲ ਕੀਤੀ ਤਾਂ ਫਾਂਸੀ ਉਮਰ ਕੈਦ ਵਿੱਚ ਬਦਲ ਗਈ। ਇਹਨਾਂ ਸਾਲਾਂ ਵਿੱਚ ਰੂਸ ਵਿੱਚ ਇਨਕਲਾਬੀ ਤਹਿਰੀਕ ਪੂਰੇ ਜ਼ੋਰਾਂ 'ਤੇ ਸੀ। ਅਕਤੂਬਰ 1917 ਵਿੱਚ ਰੂਸ ਵਿੱਚ ਇਨਕਲਾਬ ਆ ਗਿਆ ਤੇ ਕਾਮੋ ਨੂੰ ਰਿਹਾ ਕਰ ਦਿੱਤਾ ਗਿਆ। ਉਸ ਦੇ ਜਿਉਂਦੇ ਜੀਅ ਹੀ ਉਸ ਦਾ ਬੁੱਤ ਟਿਫਲਿਸ ਦੇ ਸਟੇਟ ਬੈਂਕ ਦੇ ਨਜ਼ਦੀਕ ਪੁਸ਼ਕਨ ਸੁਕੇਅਰ ਵਿੱਚ ਲਾ ਦਿੱਤਾ ਗਿਆ। ਇਸ ਰੌਬਰੀ



ਵਿੱਚ ਕਿਸੇ ਨੂੰ ਵੀ ਖਾਸ ਸਜ਼ਾ ਨਾ ਹੋਈ। ਜੇ ਕੋਈ ਫੜਿਆ ਵੀ ਗਿਆ ਤਾਂ ਛੋਟੀ-ਮੋਟੀ ਸਜ਼ਾ ਤੋਂ ਬਾਅਦ ਛੁੱਟ ਗਿਆ। ਇਨਕਲਾਬ ਆਉਣ 'ਤੇ ਉਹਨਾਂ ਸਭ ਦੇ ਬੁੱਤ ਚੌਂਕਾਂ ਵਿੱਚ ਲਾਏ ਗਏ।

ਜਦ ਲੈਨਿਨ ਨੂੰ ਕਾਮੋ ਦੇ ਫੜੇ ਜਾਣ ਦਾ ਪਤਾ ਲੱਗਾ ਤਾਂ ਉਹ ਆਪਣੀ ਪਤਨੀ ਸਮੇਤ ਫਿਨਲੈਂਡ ਤੋਂ ਸਵਿਟਜ਼ਰਲੈਂਡ ਚਲੇ ਗਿਆ। ਉਸ ਨੂੰ ਡਰ ਸੀ ਕਿ ਇੰਟੇਰੋਗੇਸ਼ਨ ਵਿੱਚ ਕਾਮੋ ਉਸ ਬਾਰੇ ਦੱਸ ਸਕਦਾ ਸੀ।

ਇਹ ਜਿਹੜਾ ਲੁੱਟ ਦਾ ਖਜ਼ਾਨਾ ਸੀ ਇਹ ਪਾਰਟੀ ਲਈ ਬਹੁਤ ਵੱਡਾ ਫੰਡ ਸੀ ਪਰ ਇਹ ਸਾਰੇ ਪੈਸੇ ਫੰਡ ਦੇ ਤੌਰ 'ਤੇ ਵਰਤੇ ਨਾ ਜਾ ਸਕੇ। ਇਸ ਰਕਮ ਵਿੱਚੋਂ 91000 ਰੂਬਲ ਤਾਂ ਇਕਦਮ ਹੀ ਵਰਤ ਲਿਆ ਗਿਆ ਕਿਉਂਕਿ ਇਸ ਦਾ ਕੋਈ ਰਿਕਾਰਡ ਨਹੀਂ ਸੀ। ਬਾਕੀ ਦੀ ਰਕਮ ਪੰਜ-ਪੰਜ ਸੌ ਰੂਬਲ ਦੇ ਨੋਟ ਸਨ, ਜਿਹਨਾਂ ਦੇ ਸੀਰੀਅਲ ਨੰਬਰ ਪੁਲੀਸ ਕੋਲ ਸਨ। ਇਹ ਕਿਤੇ ਵੀ ਵਰਤੇ ਜਾਂਦੇ ਫੜੇ ਜਾਣੇ ਸਨ। ਇਹ ਨੋਟ ਪਾਰਟੀ ਲਈ ਕੈਸ਼ ਕਰਾਉਣੇ ਬਹੁਤ ਮੁਸ਼ਕਲ ਹੋ ਗਏ। ਰੂਸੀ ਪੁਲੀਸ ਨੇ ਨੋਟਾਂ ਦੇ ਸੀਰੀਅਲ ਨੰਬਰ ਪੂਰੇ ਯੂਰਪ ਦੀ ਪੁਲੀਸ ਨੂੰ ਪੁੱਜਦੇ ਕਰ ਦਿੱਤੇ। ਕਿਸੇ ਨਾ ਕਿਸੇ ਤਰ੍ਹਾਂ ਕੁਝ ਨੋਟ ਕੈਸ਼ ਹੋ ਵੀ ਗਏ। ਪਾਰਟੀ ਦੇ ਕੁਝ ਲੋਕ ਇਹਨਾਂ ਨੋਟਾਂ ਨੂੰ ਕੈਸ਼ ਕਰਾਉਣ ਲਈ ਉੱਤਰੀ ਅਮਰੀਕਾ ਵੀ ਗਏ ਪਰ ਬਹੁਤੀ ਕਾਮਯਾਬੀ ਨਾ ਮਿਲੀ।

ਰੂਸ ਵਿੱਚ ਇਨਕਲਾਬ ਆਇਆ ਤਾਂ ਕਾਮੋ ਨੂੰ ਹੀਰੋ ਵਾਲਾ ਸਨਮਾਨ ਮਿਲਿਆ ਪਰ ਕਿਹਾ ਜਾਂਦਾ ਹੈ ਕਿ ਸਟਾਲਿਨ ਦੇ ਬਹੁਤ ਸਾਰੇ ਭੇਤ ਉਸ ਕੋਲ ਸਨ ਤੇ ਸਟਾਲਿਨ ਉਸ ਕੋਲੋਂ ਝਿਜਕਦਾ ਸੀ। ਜਦ ਸਟਾਲਿਨ ਰੂਸ ਦਾ ਪ੍ਰਧਾਨ ਬਣਿਆਂ ਤਾਂ ਉਸ ਨੇ ਕਾਮੋ ਦਾ ਬੁੱਤ ਪੁਸ਼ਕਨ ਸੁਕੈਅਰ ਵਿੱਚੋਂ ਹਟਾ ਦਿੱਤਾ। ਕੁਝ ਦੇਰ ਬਾਅਦ ਹੀ ਉਸ ਦੀ ਇਕ ਐਕਸੀਡੈਂਟ ਵਿੱਚ ਮੌਤ ਵੀ ਹੋ ਗਈ। ਕਈ ਲੋਕਾਂ ਦਾ ਮੱਤ ਹੈ ਕਿ ਇਹ ਐਕਸੀਡੈਂਟ ਸਟਾਲਿਨ ਵੱਲੋਂ ਕਰਾਇਆ ਗਿਆ ਸੀ।

ਟਿਫਲਿਸ ਸਟੇਟ ਬੈਂਕ ਦੀ ਇਸ ਰੌਬਰੀ ਨੂੰ ਇਤਿਹਾਸ ਵਿੱਚ ਉਹ ਥਾਂ ਨਹੀਂ ਮਿਲੀ ਜਿਹੜੀ ਹੋਰ ਰੌਬਰੀਆਂ ਨੂੰ ਮਿਲਦੀ ਰਹੀ ਹੈ। ਅਜਿਹੀਆਂ ਰੌਬਰੀਆਂ ਉਪਰ ਫਿਲਮਾਂ ਬਣਦੀਆਂ ਹਨ, ਕਿਤਾਬਾਂ ਲਿਖੀਆਂ ਜਾਂਦੀਆਂ ਹਨ, ਡਾਕੂਮੈਂਟਰੀਆਂ ਬਣਦੀਆਂ ਹਨ, ਗੂਗਲ ਵਿੱਚੋਂ ਲੰਮੀਆਂ-ਲੰਮੀਆਂ ਜਾਣਕਾਰੀਆਂ ਮਿਲਦੀਆਂ ਹਨ ਪਰ ਇਸ ਰੌਬਰੀ ਬਾਰੇ ਅਜਿਹਾ ਕੁਝ ਵੀ ਨਹੀਂ ਹੈ। ਗੂਗਲ ਉਪਰ ਇਸ ਬਾਰੇ ਦੋ-ਤਿੰਨ ਛੋਟੇ-ਛੋਟੇ ਆਰਟੀਕਲ ਹਨ, ਯੂਟਿਊਬ ਉਪਰ ਸਿਰਫ ਦੋ ਸੰਖੇਪ ਜਿਹੀਆਂ ਡਾਕੂਮੈਂਟਰੀਜ਼ ਹਨ, ਸਟਾਲਿਨ ਦੀ ਜੀਵਨੀ ਵਿੱਚ ਇਕ ਚੈਪਟਰ ਇਸ ਰੌਬਰੀ ਬਾਰੇ ਹੈ ਤੇ ਬਸ। ਸ਼ਾਇਦ ਇਸ ਕਰਕੇ ਕਿ ਪੈਸਿਆਂ ਲਈ ਏਡਾ ਵੱਡਾ ਖ਼ੂਨ-ਖਰਾਬਾ ਮਨੁੱਖਤਾ ਦੇ ਖਿਲਾਫ ਘਿਨਾਉਣਾ ਕੁਕਰਮ ਹੈ।


**ਲੇਖਕ, ਲਿਖਤ ਤੇ ਵਿਚਾਰਧਾਰਾ**

(ਚਿੰਤਨ)

**ਬਲਬੀਰ ਪਰਵਾਨਾ**

ਪ੍ਰਕਾਸ਼ਕ : ਲੋਕਗੀਤ ਪ੍ਰਕਾਸ਼ਨ, ਮੋਹਾਲੀ

# ਕਿੰਨਰਾਂ ਦੀ ਆਪਣੀ ਦੁਨੀਆ ਹੁੰਦੀ ਹੈ : ਸੁਭਾਸ਼ ਅਖਿਲ

ਡਾ. ਫਿਰੋਜ਼ ਤੇ ਡਾ. ਸ਼ਮੀਮ

? ਕੀ ਕਾਰਨ ਹੈ ਕਿ ਹਿੰਦੀ ਦੇ ਜ਼ਿਆਦਾ ਲੇਖਕ ਕਿੰਨਰਾਂ 'ਤੇ ਲਿਖਣਾ ਪਸੰਦ ਨਹੀਂ ਕਰਦੇ।

-ਇਸਦਾ ਮੁੱਖ ਕਾਰਨ ਤਾਂ ਇਹੋ ਹੈ ਕਿ ਇਨ੍ਹਾਂ ਦੀ ਆਪਣੀ ਦੁਨੀਆ ਬਹੁਤ ਸੰਦੇਹ ਵਾਲੀ ਹੈ ਅਤੇ ਆਮ ਤੌਰ 'ਤੇ ਇਹ ਆਪਣੇ ਵਿਚਾਲੇ ਆਮ ਲੋਕਾਂ ਨੂੰ ਆਉਣ ਵੀ ਨਹੀਂ ਦਿੰਦੇ। ਇਨ੍ਹਾਂ ਦੀ ਆਪਣੀ ਸੰਕੇਤਕ ਭਾਸ਼ਾ, ਆਪਣੇ ਰੀਤੀ ਰਿਵਾਜ਼, ਪਰੰਪਰਾਵਾਂ, ਮਾਨਤਾਵਾਂ, ਆਪਣੇ ਦੇਵੀ-ਦੇਵਤਾ ਅਤੇ ਆਪਣੇ ਨਿਯਮ ਕਾਇਦੇ ਹਨ ਜੋ ਅਸਲ ਤੌਰ 'ਤੇ ਆਮ ਜਨਜੀਵਨ ਨਾਲੋਂ ਅਲੱਗ ਹਨ। ਦੂਜਾ ਮੁੱਖ ਕਾਰਨ ਇਹ ਹੈ ਕਿ ਅਜੇ ਤੱਕ ਸਮਾਜ 'ਚ ਇਨ੍ਹਾਂ ਦੀ ਸਥਿਤੀ ਵੀ ਘ੍ਰਿਣਾ ਵਾਲੀ, ਨਾਕਾਰਤਮਿਕ ਅਤੇ ਤਿਆਗੇ ਹੋਏ ਵਿਅਕਤੀ ਦੇ ਰੂਪ 'ਚ ਹੀ ਬਣੀ ਹੋਈ ਹੈ। ਇਸੇ ਦੇ ਚੱਲਦੇ ਜ਼ਿਆਦਾਤਰ ਲੇਖਕ ਇਨ੍ਹਾਂ ਤੋਂ ਦੂਰੀ ਹੀ ਬਣਾਈ ਰੱਖਦੇ ਹਨ ਜਾਂ ਫਿਰ ਇਨ੍ਹਾਂ ਦੇ ਬਾਰੇ 'ਚ ਜਾਣਦੇ ਹੀ ਨਹੀਂ। ...ਤੇ ਕੁਝ ਸਿਰਫ਼ 'ਖ਼ਬਰਾਂ ਦੀਆਂ ਕਾਤਰਾਂ 'ਚ ਕਲਪਨਾ ਦੇ ਰੰਗ ਭਰ ਕੇ' ਰਚਨਾ ਕਰਦੇ ਹਨ। ਬਹੁਤ ਘੱਟ ਲੋਕਾਂ ਨੇ ਇਨ੍ਹਾਂ ਦੇ ਨੇੜੇ ਜਾ ਕੇ ਸਮਝਣ ਦਾ ਯਤਨ ਕੀਤਾ ਹੈ। ਸੱਚ ਤਾਂ ਇਹ ਵੀ ਹੈ ਕਿ ਤੁਸੀਂ ਇਨ੍ਹਾਂ ਦੇ ਕੋਲ ਹੁੰਦੇ ਹੋ ਜਾਂ ਇਹ ਤੁਹਾਡੇ ਘਰ ਆਉਂਦੇ-ਜਾਂਦੇ ਹਨ, ਤਾਂ ਤੁਸੀਂ ਵੀ ਸ਼ੱਕੀ ਨਜ਼ਰ ਨਾਲ ਹੀ ਦੇਖੇ ਜਾਂਦੇ ਹੋ। ਇਸ ਲਈ ਲੋਕ ਵੀ ਇਨ੍ਹਾਂ ਦੇ ਬਾਰੇ 'ਚ ਘੱਟ ਜਾਣਦੇ ਹਨ। ਤੇ ਇਹ ਲੋਕ ਵੀ ਆਪਣੇ ਜੀਵਨ ਅਤੇ ਸਮਾਜ ਦੇ ਓਹਲਿਆਂ ਨੂੰ ਸਾਹਮਣੇ ਆਉਣ ਦੇਣਾ ਨਹੀਂ ਚਾਹੁੰਦੇ ਹਨ।

? ਜੈਂਡਰ ਅਤੇ ਸੈਕਸ ਨੂੰ ਸਮਾਨਾਰਥਕ ਮੰਨਣ ਵਾਲੇ ਸਮਾਜ 'ਚ L. G. B. T. ਨੂੰ ਜਿਸ ਪ੍ਰਕਾਰ ਪ੍ਰਭਾਵਿਤ ਕੀਤਾ ਹੈ, ਉਸਦੇ ਪ੍ਰਤੀ ਤੁਹਾਡਾ ਦ੍ਰਿਸ਼ਟੀਕੋਣ ਕੀ ਹੈ।

-ਅਸਲ 'ਚ ਪਹਿਲਾਂ ਤਾਂ ਇਹੋ ਸਮਝਣਾ ਚਾਹੀਦਾ ਹੈ ਕਿ ਜੈਂਡਰ ਅਤੇ ਸੈਕਸ ਸਮਾਨਾਰਥਕ ਹਨ ਹੀ ਨਹੀਂ। ਜੈਂਡਰ ਤਾਂ ਔਰਤ-ਮਰਦ ਜਾਂ ਹੋਰ ਹੋਣਾ ਹੋ ਸਕਦਾ ਹੈ ਅਤੇ ਸੈਕਸ ਇਨ੍ਹਾਂ ਦੇ ਵਿਚਾਲੇ ਹੋਣ ਵਾਲੀ 'ਕਾਮ ਖੇਡ' ਹੈ। ਹੁਣ ਇਹ ਦੂਜਾ ਵਿਸ਼ਾ ਹੈ ਕਿ ਇਹ ਮੈਥੁਨ ਕਿਰਿਆ ਕਿੰਨੀ ਸੁਭਾਵਿਕ, ਪ੍ਰਕ੍ਰਿਤਕ ਅਤੇ ਮਨੋ ਸਥਿਤੀ ਦੇ ਅਨੁਕੂਲ ਹੈ ਜਾਂ ਇਸਦੇ ਉਲਟ। ਇਸ ਨੂੰ ਅਸੀਂ ਇਸ ਤਰ੍ਹਾਂ ਸਮਝ ਸਕਦੇ ਹਾਂ ਕਿ ਇੱਥੇ ਪਹਿਲਾਂ L. G. B. T. ਨੂੰ ਸਮਝਿਆ ਜਾਵੇ। L-ਪ੍ਰਯੋਗ ਹੁੰਦਾ ਹੈ 'ਲੈਜਬਿਅਨ' ਵਾਸਤੇ, ਜਦੋਂ ਦੋ ਔਰਤਾਂ ਇੱਕ-ਦੂਜੇ ਸਮਾਨ ਹੁੰਦੇ ਹੋਏ ਯੋਨਾਚਾਰ ਕਰਦੀਆਂ ਹਨ। ਇਸੇ ਪ੍ਰਕਾਰ G.-ਤੋਂ ਇੱਥੇ ਮਤਲਬ ਹੈ, ਜਦੋਂ ਦੋ ਪੁਰਸ਼ ਆਪਸ 'ਚ ਯੌਨਚਾਰ ਕਰਦੇ ਹਨ। ਤੀਜਾ ਵਰਗ ਹੈ B.-ਜਦੋਂ ਔਰਤ ਜਾਂ ਆਦਮੀ, ਦੋਵੇਂ ਹੀ, ਦੋਵਾਂ ਦੇ ਨਾਲ ਯੌਨਚਾਰ ਕਰਦੇ ਹਨ। ਇਨ੍ਹਾਂ ਤਿੰਨਾਂ ਵਰਗਾਂ ਦਾ ਯੌਨਚਾਰ ਇਨ੍ਹਾਂ ਦੀ ਮਾਨਸਿਕ ਬਣਾਵਟ, ਝੁਕਾਅ, ਲਗਾਅ ਆਦਿ ਕਾਰਨਾਂ ਨਾਲ ਸਮਲੈਂਗਿਕ ਜਾਂ ਸਮਾਨਧਰਮਾ ਹੁੰਦਾ ਹੈ।......ਪਰ ਜਿਸਨੂੰ ਚੌਥੇ ਵਰਗ 'ਤੇ ਰੱਖਿਆ ਗਿਆ ਹੈ, ਉਹ ਹੈ T.- ਅਰਥਾਤ ਟ੍ਰਾਂਸਜੈਂਡਰ। ਇੱਥੇ ਸਭ ਤੋਂ ਜ਼ਿਆਦਾ ਵਿਚਾਰਨ ਵਾਲਾ ਵਿਸ਼ਾ ਹੈ ਕਿ ਇਸ 'ਤੀਜੇ ਜੈਂਡਰ' ਜਾਂ 'ਹੋਰ' ਦਾ ਯੌਨਾਚਾਰ ਤਾਂ ਉਨ੍ਹਾਂ ਦੀ ਯੌਨਿਕ ਵਿਕਲਾਂਗਤਾ ਦੇ ਕਾਰਨ ਹੁੰਦਾ ਹੈ। ਇੱਥੇ ਮਾਨਸਿਕ ਬਣਾਵਟ ਜਾਂ ਹੋਰ ਕਿਸੇ ਤਰ੍ਹਾਂ ਦੀਆਂ ਕਿਰਿਆਵਾਂ ਦਾ ਤਾਂ ਬਦਲ ਹੀ



ਨਹੀਂ ਹੈ। ਇਸ ਨਾਲ ਇਸ ਤੋਂ ਪਹਿਲਾਂ ਦੇ ਤਿੰਨਾਂ ਵਰਗਾਂ 'ਚ ਸਿਲੇਬ੍ਰਿਟੀ ਵੀ ਸ਼ਾਮਿਲ ਹਨ, ਜੋ ਮਾਣ ਨਾਲ ਕਹਿੰਦੇ ਹਨ ਕਿ ਹਾਂ ਅਸੀਂ 'ਅਜਿਹੇ' ਹਾਂ। ਇਹੋ ਉਹ ਲੋਕ ਹਨ, ਜੋ ਸਿੱਖਿਅਕ ਹਨ, ਸਮਰੱਥ ਹਨ, ਜਾਗਰੂਕ ਹਨ ਅਤੇ ਸਾਧਨ ਸੰਪੰਨ ਵੀ ਹਨ। ਸੱਚ ਪੁੱਛੋ ਤਾਂ ਅਦਾਲਤੀ ਲੜਾਈ ਵੀ ਇਨ੍ਹਾਂ ਤਿੰਨਾਂ ਵਰਗਾਂ ਨੇ, ਚੌਥੇ ਵਰਗ ਦੇ ਮੋਢਿਆਂ 'ਤੇ ਚੜ੍ਹ ਕੇ ਲੜੀ...ਅਤੇ ਜਸ਼ਨ ਵੀ ਇਨ੍ਹਾਂ ਲੋਕਾਂ ਨੇ ਹੀ ਜ਼ਿਆਦਾ ਮਨਾਇਆ ਹੈ। ਚੌਥੇ ਵਰਗ ਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਧਾਰਾ-377 ਰਹਿੰਦੀ ਹੈ ਜਾਂ ਖ਼ਤਮ ਹੋ ਜਾਂਦੀ। ਹੁਣ ਸਵਾਲ ਇਹ ਵੀ ਉੱਠਦਾ ਹੈ ਕਿ ਇਸ ਲੜਾਈ ਨਾਲ 'ਇਨ੍ਹਾਂ' ਨੇ ਕੀ ਪ੍ਰਾਪਤ ਕੀਤਾ ?...ਜਦੋਂ ਕਿ ਅਸਲ 'ਚ ਤਾਂ ਇਨ੍ਹਾਂ ਨੂੰ ਰਿਜ਼ਰਵੇਸ਼ਨ, ਸੁਰੱਖਿਆ, ਹਿਫ਼ਾਜਤ, ਸਿੱਖਿਆ, ਸਿਹਤ ਸੇਵਾਵਾਂ ਅਤੇ ਮੁੜ ਵਸੇਬੇ ਦੀ ਜ਼ਰੂਰਤ ਹੈ। ਇਸ ਵਿਸ਼ੇ 'ਤੇ ਅਜੇ ਵੀ ਸਰਕਾਰਾਂ ਅਤੇ ਸਮਾਜ ਬਹੁਤ ਜ਼ਿਆਦਾ ਸੋਚਣ ਜਾਂ ਕੁਝ ਕਰਨ ਦੀ ਮਾਨਸਿਕਤਾ 'ਚ ਨਹੀਂ ਹਨ।

? ਮੁਗਲ ਕਾਲ ਦੇ ਪਤਨ ਦੇ ਨਾਲ ਕਿੰਨਰ ਸਮਾਜ ਵੀ ਹਾਸ਼ੀਏ 'ਤੇ ਆ ਗਿਆ, ਜਦੋਂਕਿ ਅਸੀਂ ਦੇਖਦੇ ਹਾਂ ਕਿ ਹਿੰਦੂ ਸੱਭਿਆਚਾਰ 'ਚ ਇਨ੍ਹਾਂ ਨੂੰ ਸਨਮਾਨਜਨਕ ਸਥਾਨ ਮਿਲਿਆ ਹੋਇਆ ਹੈ। ਫਿਰ ਅੱਜ ਇਨ੍ਹਾਂ ਦੀ ਇਸ ਦਸ਼ਾ ਦਾ ਕਾਰਨ ਕੀ ਹੈ।

-ਜਿਨ੍ਹਾਂ ਨੂੰ ਅਸੀਂ ਕਿੰਨਰ ਆਖ ਰਹੇ ਹਾਂ, ਉਹ ਤਾਂ ਯੁੱਗਾਂ ਤੋਂ ਰਹੇ ਹਨ। ਪਹਿਲਾਂ ਇਨ੍ਹਾਂ ਦੀ ਯੌਨਿਕ ਵਿਕਲਾਂਗਤਾ, ਹਾਸੀ-ਮਖੌਲ, ਘ੍ਰਿਣਾ, ਤਿਆਗੇ ਹੋਏ ਜਿਹੀ ਮਾਨਸਿਕਤਾ ਦੇ ਨਾਲ ਨਹੀਂ ਦੇਖਿਆ ਜਾਂਦਾ ਸੀ। ਇਸਦਾ ਇੱਕ ਮੁੱਖ ਕਾਰਨ ਤਾਂ ਇਹੋ ਸਮਝ 'ਚ ਆਉਂਦਾ ਹੈ ਕਿ ਪਹਿਲਾਂ ਇਨ੍ਹਾਂ ਨੂੰ ਰਾਜਾ ਦੀ ਸ਼ਰਣ ਪ੍ਰਾਪਤ ਹੁੰਦੀ ਸੀ। ਮੁਗਲਾਂ ਦੇ ਦੌਰ 'ਚ ਵੀ ਇਹ ਰਾਜਿਆਂ ਦੀ ਹਿਫ਼ਾਜਤ 'ਚ ਰਹਿੰਦੇ ਸਨ। ਇਸ ਕਾਰਨ ਵੀ ਇਨ੍ਹਾਂ ਨੂੰ ਮੰਗਣਾ-ਕਮਾਉਣਾ ਨਹੀਂ ਪੈਂਦਾ ਸੀ...ਅਤੇ ਰਾਣੀਆਂ ਦੇ ਬਸੇਰਿਆਂ ਜਾਂ ਜਨਾਨਾਖਾਨਿਆਂ ਦੀ ਸੁਰੱਖਿਆ 'ਚ ਰਹਿਣ ਦੇ ਕਾਰਨ ਇਹ ਰਾਜਿਆਂ ਦੇ 'ਨੇੜਲੇ' ਵੀ ਸਮਝੇ ਜਾਂਦੇ ਰਹੇ। ਅਲਾਉਦੀਨ ਖਿਲਜੀ ਦਾ ਨਿੱਜੀ ਅੰਗਰੱਖਿਅਕ ਵੀ ਇਸੇ ਵਰਗ 'ਚੋਂ ਸੀ। ਫਿਰ ਜਿਵੇਂ-ਜਿਵੇਂ 'ਹਿਫ਼ਾਜਤ' ਖਤਮ ਹੁੰਦੀ ਗਈ, ਇਨ੍ਹਾਂ ਨੂੰ ਜੀਵਨ ਜਿਉਣ ਲਈ ਨੱਚਣਾ, ਗਾਉਣਾ , ਕਮਾਉਣਾ ਅਤੇ ਮੰਗਣਾ ਪਿਆ। ....ਫਿਰ ਆਪਣੀਆਂ 'ਵੱਖਰਤਾਵਾਂ' ਜਾਂ 'ਮਜ਼ਬੂਰੀਆਂ' ਕਾਰਨ ਇਨ੍ਹਾਂ ਨੇ ਵੀ ਸਮਾਜ ਤੋਂ ਦੂਰੀ ਬਣਾ ਲਈ। ਹੌਲ਼ੀ-ਹੌਲ਼ੀ ਇਹ ਸਮਾਜ ਵਾਸਤੇ ਵੀ 'ਅਜੂਬਾ' ਹੁੰਦੇ ਚਲੇ ਗਏ, ਤੇ ਦੋਵਾਂ ਦੇ ਵਿਚਕਾਰਲੀ ਦੂਰੀ ਲਗਾਤਾਰ ਵੱਧਦੀ ਚਲੀ ਗਈ। ਹੁਣ ਦੁਬਾਰਾ ਇਨ੍ਹਾਂ ਨੂੰ ਹਾਸ਼ੀਏ ਤੋਂ ਚੁੱਕ ਕੇ 'ਕਿੰਨਰ ਵਿਮਰਸ਼' ਨੂੰ ਸਾਹਿਤ ਅਤੇ ਸਮਾਜ ਦੇ ਧੁਰੇ 'ਚ ਲਿਆਉਣ ਦੀ ਜ਼ਰੂਰਤ ਹੈ।

? ਤੁਸੀਂ ਆਪਣੇ ਨਾਵਲ ਦੇ ਸਾਰੇ ਅਧਿਆਇਆਂ 'ਚ ਗੁਰੂ-ਚੇਲਾ ਪਰੰਪਰਾ ਦਾ ਵਰਣਨ ਕੀਤਾ ਹੈ, ਫਿਰ ਵੀ ਕਿਤੇ-ਕਿਤੇ ਚੇਲਿਆਂ ਨੇ ਆਪਣੇ ਗੁਰੂਆਂ ਨਾਲ ਬਗਾਵਤ ਕੀਤੀ ਹੈ। ਗੁਰੂ-ਚੇਲਾ ਸੰਬੰਧਾਂ ਅਤੇ ਉਨ੍ਹਾਂ ਵਿਚਾਲੇ ਸਥਾਪਤ ਹੋਣ ਵਾਲੇ ਰਿਸ਼ਤਿਆਂ ਦੇ ਬਾਰੇ ਵੀ ਦੱਸੋ।

-ਦਰਅਸਲ, ਗੁਰੂ ਪਰਿਵਾਰ ਦੇ ਮੁਖੀ ਦੀ ਤਰ੍ਹਾਂ ਹੁੰਦੀ ਹੈ। ਉਸ ਨੂੰ ਉਹ ਇਲਾਕਾ ਆਪਣੀ ਗੁਰੂ ਕੋਲੋਂ ਪਰੰਪਰਿਕ ਵਿਰਾਸਤ ਦੇ ਵਾਂਗ ਮਿਲਿਆ ਹੁੰਦਾ ਹੈ। ਫਿਰ ਜਾਂ ਤਾਂ ਕੋਈ ਚੇਲੀ ਖੁਦ ਹੀ ਆਪਣੀ ਅਸਲੀਅਤ ਨੂੰ ਸਮਝਦੇ ਹੋਏ ਕਿਸੇ ਗੁਰੂ ਦੇ ਕੋਲ ਚਲੀ ਆਉਂਦੀ ਹੈ ਜਾਂ ਫਿਰ ਗੁਰੂ ਹੀ ਆਪਣੀਆਂ ਹੋਰ ਚੇਲੀਆਂ ਦੇ ਨਾਲ ਅਜਿਹੇ ਵਿਅਕਤੀ 'ਚੁੱਕ' ਲਿਆਉਂਦੇ ਹਨ। ਇੱਕ ਗੁਰੂ ਦੀਆਂ ਚੇਲੀਆਂ ਵੀ, ਕਿਸੇ ਨਵੀਂ ਚੇਲੀ ਨੂੰ, ਆਪਣੀ ਚੇਲੀ ਬਣਾ ਲੈਂਦੀਆਂ ਹਨ। ਉਹ ਤੀਜੀ ਪੀੜ੍ਹੀ ਅਖਵਾਈ ਜਾਵੇਗੀ। ਹਰ ਕੁਨਬੇ 'ਚ ਸ੍ਰੇਸ਼ਟਤਾ ਦੇ ਅਨੁਸਾਰ ਸਾਰਿਆਂ ਦਾ ਸਥਾਨ ਹੁੰਦਾ ਹੈ।

ਇਨ੍ਹਾਂ 'ਚ ਵੀ ਉਤਰਾਧਿਕਾਰ ਦੇ ਪ੍ਰਸ਼ਨ ਤੇ ਅਨੇਕਾਂ ਵਾਰ ਟਕਰਾ ਹੋ ਜਾਂਦਾ ਹੈ। ਸੰਪੱਤੀ, ਮਕਾਨ, ਇਲਾਕਾ, ਸੋਨਾ-ਚਾਂਦੀ, ਗੱਡੀ ਆਦਿ ਦੇ ਮੁੱਦਿਆਂ 'ਤੇ ਕਈ ਵਾਰ ਤਾਂ ਵੱਡਾ ਗੁਰੂ ਪਹਿਲਾਂ ਹੀ ਸਥਿਤੀ ਸਪੱਸ਼ਟ ਕਰ ਦਿੰਦੀ ਹੈ ਜਾਂ ਫਿਰ ਗੁਰੂ ਤੋਂ ਬਾਅਦ ਸਾਰੀਆਂ ਚੇਲੀਆਂ ਮਿਲ-ਬੈਠ ਕੇ ਇਨ੍ਹਾਂ ਮਸਲਿਆਂ ਨੂੰ ਸੁਲਝਾ ਲੈਂਦੀਆਂ ਹਨ। ਕਈ ਵਾਰ, ਕਿੰਨੇ ਕਾਰਨਾਂ ਨਾਲ ਬਗਾਵਤ ਵੀ ਹੋ ਜਾਂਦੀ ਹੈ। ਕਈ ਵਾਰ 'ਗਿਰੀਆ' (ਕੋਈ ਪੁਰਸ਼) ਰੱਖਣ ਦੇ ਨਾਂ 'ਤੇ ਵੀ, ਜੇ ਗੁਰੂ ਨੂੰ ਪਸੰਦ ਨਹੀਂ, ਤਦ ਵੀ ਬਗਾਵਤ ਹੋ ਜਾਂਦੀ ਹੈ। ਜਿਵੇਂ ਸਾਡੇ ਸਮਾਜ 'ਚ ਵੀ ਉੱਤਰਾਧਿਕਾਰ ਜਾਂ ਪ੍ਰੇਮ ਸੰਬੰਧਾਂ ਦੇ ਕਾਰਨ ਅਜਿਹਾ ਹੋ ਜਾਂਦਾ ਹੈ। ਫਿਰ ਵੀ ਗੁਰੂ ਹੀ ਸਾਰੀਆਂ ਚੇਲੀਆਂ ਅਤੇ ਉਨ੍ਹਾਂ ਦੀਆਂ ਚੇਲੀਆਂ ਦੇ ਲਈ ਦੇਖਭਾਲ ਅਤੇ ਹਿਫਾਜਤ ਕਰਨ ਵਾਲੀ ਹੁੰਦੀ ਹੈ। ਕਈ ਵਾਰ ਨੱਚਣ-ਗਾਉਣ-ਮੰਗਣ ਤੋਂ ਇਲਾਵਾ ਵੀ ਮਕਾਨਾਂ ਜਾਂ ਹੋਰ ਧੰਦਿਆਂ 'ਚ ਵੀ ਇਹ ਪੈਸਾ ਲਾਉਂਦੇ ਹਨ। ਜਿਵੇਂ ਕੋਈ ਟੈਕਸੀ, ਆਟੋ ਆਦਿ ਪਾ ਲਿਆ। ਇਸ ਤਰ੍ਹਾਂ ਸਾਰੀ ਕਮਾਈ ਪਹਿਲਾਂ ਗੁਰੂ ਦੇ ਕੋਲ ਹੀ ਆਉਂਦੀ ਹੈ ਅਤੇ ਉਹ ਹੀ ਜ਼ਰੂਰਤ ਅਨੁਸਾਰ ਸਾਰਿਆਂ ਦੀਆਂ ਲੋੜਾਂ ਪੂਰੀਆਂ ਕਰਦੀ ਹੈ। ਜੇ ਕੁਝ ਸਮੂਹਿਕ ਖ਼ਰਚਾ ਹੁੰਦਾ ਹੈ, ਉਹ ਵੀ ਗੁਰੂ ਹੀ ਕਰਦੀ ਹੈ। ਕੋਈ-ਕੋਈ ਆਪਣੀ ਬੱਚਤ ਨਾਲ ਵੀ ਕੁਝ ਪੈਸਾ 'ਗਿਰੀਆ' 'ਤੇ ਵੀ ਖ਼ਰਚ ਕਰਦੀ ਹੈ ਅਤੇ ਕੁਝ ਆਪਣੇ 'ਗਿਰੀਆ' ਕੋਲੋਂ ਵੀ ਖ਼ਰਚਾ-ਪਾਣੀ ਲੈਂਦੀ ਰਹਿੰਦੀ ਹੈ। ਕੁਨਬੇ ਦੀਆਂ ਪਰੰਪਰਾਵਾਂ ਜਾਂ ਗੁਰੂ ਵੱਲੋਂ ਤੈਅ ਕੀਤੇ ਨਿਯਮਾਂ-ਕਾਇਦਿਆਂ ਦਾ ਪਾਲਣ ਸਾਰੀਆਂ ਚੇਲੀਆਂ ਨੂੰ ਕਰਨਾ ਪੈਂਦਾ ਹੈ। ਕੋਈ ਚੇਲੀ ਚੋਰੀ-ਛਿਪੇ ਵੀ ਅਜਿਹਾ ਕੁਝ ਕਰ ਲੈਂਦੀ ਹੈ, ਜੋ ਗੁਰੂ ਨੂੰ ਪਸੰਦ ਨਹੀਂ। ਕੋਈ ਦੋ-ਤਿੰਨ ਚੇਲੀਆਂ, ਆਪਸ 'ਚ ਵੀ ਇੱਕ-ਦੂਜੇ ਦੀਆਂ ਭੇਤੀ ਬਣ ਕੇ, ਕੁਝ ਕੰਮ ਕਰ ਲੈਂਦੀਆਂ ਹਨ। ...ਪਰ ਆਰਥਿਕ, ਸਮਾਜਿਕ ਜਾਂ ਸੰਸਕ੍ਰਿਤਿਕ ਆਧਾਰ 'ਤੇ, ਕੁਨਬੇ ਦੇ ਸਾਰੇ ਮੈਂਬਰਾਂ ਨੂੰ ਇੱਕ-ਦੂਜੇ ਨਾਲ ਮਿਲ-ਜੁਲ ਕੇ ਹੀ ਰਹਿਣਾ ਪੈਂਦਾ ਹੈ। ਹਾਂ, ਇਥੇ ਉਨ੍ਹਾਂ ਕਿੰਨਰਾਂ ਦੀ ਗੱਲ ਅਲੱਗ ਹੈ, ਜੋ ਗੁਰੂ-ਚੇਲਾ ਪਰੰਪਰਾ 'ਚ ਨਹੀਂ ਰਹਿੰਦੇ। ਅਜਿਹੇ ਕਿੰਨਰ ਦੋ-ਤਿੰਨ ਦੇ ਟੋਲੇ ਵਿਚ ਰਹਿੰਦੇ ਹਨ ਅਤੇ ਸੜਕਾਂ-ਚੁਰੱਸਤਿਆਂ 'ਤੇ ਮੰਗਣ ਦਾ ਕੰਮ ਕਰਦੇ ਹਨ। ....ਜਾਂ ਫਿਰ ਦੇਹ ਵਪਾਰ, ਚੋਰੀ- ਚਕਾਰੀ, ਡਕੈਤੀ, ਲੁੱਟ-ਖੋਹ, ਠੱਗੀ, ਨਸ਼ਾਖੋਰੀ ਜਿਵੇਂ ਅਪਰਾਧਿਕ ਧੰਦਿਆਂ 'ਚ ਲੱਗੇ ਹੁੰਦੇ ਹਨ।

? 'ਖੈਰਗੱਲੇ' ਦੇ ਕਿੰਨਰਾਂ ਦੀ ਕੀ ਪਛਾਣ ਹੁੰਦੀ ਹੈ।

-ਜਿਵੇਂ ਮੈਂ ਦੱਸਿਆ ਕਿ ਹਰ ਗੁਰੂ ਦਾ ਆਪਣਾ ਇੱਕ 'ਇਲਾਕਾ' ਹੁੰਦਾ ਹੈ, ਜੋ ਉਸ ਨੂੰ ਆਪਣੇ ਗੁਰੂ ਕੋਲੋਂ ਵਿਰਾਸਤ 'ਚ ਮਿਲਿਆ ਹੁੰਦਾ ਹੈ। ....ਜਾਂ ਫਿਰ ਕਿਸੇ ਗੁਰੂ ਵੱਲੋਂ ਹੀ ਕਿਸੇ ਨਵੀਂ ਵਿਕਸਿਤ ਹੋ ਰਹੀ ਕਾਲੋਨੀ ਨੂੰ, ਆਪਣੀ ਮੰਡਲੀ ਦੇ 'ਦੱਮਖੱਮ' ਨਾਲ, 'ਨਵਾਂ ਇਲਾਕਾ' ਐਲਾਨ ਕਰ, ਆਪਣੀ ਕਿਸੇ ਨਵੀਂ ਚੇਲੀ ਨੂੰ ਸੌਂਪ ਦਿੱਤਾ ਜਾਂਦਾ ਹੈ। ....ਜੋ ਲੋਕ 'ਆਪਣੇ ਇਲਾਕੇ' 'ਚ ਹੀ ਮੰਗਦੇ ਹਨ, ਉਹ 'ਪਨ ਕੇ' ਅਖਵਾਉਂਦੇ ਹਨ ਅਤੇ ਜੋ ਕਿਸੇ ਹੋਰ ਦੇ ਇਲਾਕੇ 'ਚ ਚੋਰੀ-ਛਿਪੇ ਘੁੱਸ ਕੇ ਮੰਗਦੇ ਹਨ, ਉਨ੍ਹਾਂ ਨੂੰ 'ਖੈਰਗੱਲੇ' ਕਿਹਾ ਜਾਂਦਾ ਹੈ।

ਅਜਿਹਾ ਕਰਨ ਵਾਲਿਆਂ 'ਚ, ਕਿਸੇ ਗੁਰੂ ਨਾਲ ਬਗ਼ਾਵਤ ਕਰ ਕੇ ਆਪਣੀ ਮੰਡਲੀ ਬਣਾ ਲੈਣ ਵਾਲੀ ਚੇਲੀ ਵੀ ਹੋ ਸਕਦੀ ਹੈ ਅਤੇ 'ਅਵਾਰਾ ਘੁੰਮਣ ਵਾਲੇ' ਕਿੰਨਰ ਵੀ ਹੋ ਸਕਦੇ ਹਨ। ਕੁਝ ਥਾਂਵਾਂ 'ਤੇ ਇਹ ਵੀ ਦੇਖਿਆ ਗਿਆ ਹੈ ਕਿ ਚੰਗੇ ਭਲੇ ਸਾਧਾਰਨ ਨੌਜਵਾਨ ਵੀ, ਜੋ ਨੱਚਣ-ਗਾਉਣ ਦਾ ਹੁਨਰ ਰੱਖਦੇ ਹਨ, ਉਹ ਵੀ ਬੇਰੁਜ਼ਗਾਰੀ ਦੇ ਚੱਲਦੇ ਜਾਂ ਮੁਫ਼ਤ ਦੀ ਕਮਾਈ ਦੇ ਲਾਲਚ 'ਚ ਅਜਿਹਾ ਕਰਦੇ ਹਨ। 'ਖੈਰਗੱਲੇ' ਵਾਲਿਆਂ ਦੀ ਵੱਖਰੀ ਕੋਈ ਪਹਿਚਾਣ ਨਹੀਂ ਹੁੰਦੀ,



ਉਨ੍ਹਾਂ ਨੂੰ ਕੇਵਲ ਪੁੱਛ ਕੇ ਹੀ ਜਾਣਿਆਂ ਜਾ ਸਕਦਾ ਹੈ। ਅਜਿਹੇ 'ਚ, ਜੋ 'ਪਨ ਕੇ' ਹੋਣਗੇ ਉਨ੍ਹਾਂ 'ਚ ਆਤਮਵਿਸ਼ਵਾਸ ਹੋਵੇਗਾ...ਅਤੇ ਜੋ 'ਖੈਰਗੱਲੇ' ਹੋਣਗੇ, ਉਹ ਜਾਣ ਜਾਣਗੇ ਕਿ ਤੁਸੀਂ ਇਨ੍ਹਾਂ ਬਾਰੇ 'ਚ ਜਾਣਦੇ ਹੋਂ। ਕੋਈ ਚੇਲੀ, ਕਿਸੇ ਹੋਰ ਗੁਰੂ ਦੀ ਚੇਲੀ ਹੋ ਜਾਣ ਕਾਰਨ, ਜੇ ਉਸਦੇ ਇਲਾਕੇ ਵਿਚ ਮੰਗਦੀ ਹੈ, ਤਾਂ ਉਹ ਖੈਰਗੱਲੇ ਦੀ ਨਹੀਂ ਅਖਵਾਏਗੀ।

'ਇਲਾਕਿਆਂ' 'ਤੇ ਕਬਜ਼ਾ ਕਰਨ ਜਾਂ ਆਪਣੇ ਕਬਜ਼ੇ ਨੂੰ ਬਣਾਈ ਰੱਖਣ ਵਾਸਤੇ, ਇਨ੍ਹਾਂ ਦੇ ਗੁੱਟਾਂ 'ਚ ਕਈ ਵਾਰ ਖ਼ੂਨ-ਖਰਾਬਾ ਤੱਕ ਵੀ ਹੋ ਜਾਂਦਾ ਹੈ। ਉਂਝ ਜੋ 'ਪਨ ਕੇ' ਹੁੰਦੇ ਹਨ, ਉਹ ਆਪਣੇ ਇਲਾਕਿਆਂ ਦੇ ਲੋਕਾਂ ਨੂੰ ਸਿੱਧੇ ਤੌਰ 'ਤੇ ਵੀ ਜਾਣਦੇ ਹਨ। ਇਨ੍ਹਾਂ ਇਲਾਕਿਆਂ ਦੇ ਪ੍ਰੈਸ ਵਾਲੇ, ਪਾਨ-ਬੀੜੀ ਦੇ ਖੋਖੇ ਵਾਲੇ ਜਾਂ ਰੇਹੜੀ-ਫੜੀ ਵਾਲੇ ਵੀ ਇਨ੍ਹਾਂ ਵਾਸਤੇ ਮੁਖ਼ਬਰੀ ਦਾ ਕੰਮ ਕਰਦੇ ਹਨ। ਇਹ ਲੋਕ ਹੀ ਇਨ੍ਹਾਂ ਨੂੰ ਦੱਸ ਦਿੰਦੇ ਹਨ ਕਿ ਕਿੱਥੇ ਬੱਚਾ ਹੋਇਆ ਹੈ ਤੇ ਕਿੱਥੇ ਵਿਆਹ-ਸ਼ਾਦੀ ਹੋਈ ਹੈ। ਇਸ ਲਈ ਇਹ ਲੋਕ ਵੀ ਆਪਣੇ ਇਲਾਕੇ ਦੇ ਕਿੰਨਰਾਂ ਨੂੰ ਪਹਿਚਾਣਦੇ ਹੁੰਦੇ ਹਨ ਕਿ ਇਹੋ ਇੱਥੋਂ ਦੇ ਅਸਲ ਅਤੇ 'ਪਨ ਕੇ' ਹਨ। ਕਈ ਵਾਰ ਇਹ ਲੋਕ ਵੀ 'ਖੈਰਗੱਲੇ' ਵਾਲਿਆਂ ਦੇ ਆਉਣ ਦੀ ਸੂਚਨਾ 'ਪਨ ਕੇ' ਕਿੰਨਰਾਂ ਨੂੰ ਪਹੁੰਚਾ ਦਿੰਦੇ ਹਨ।

## ਅਰਨੈੱਸਟ ਹੈਮਿੰਗਵੇਅ/ਜੌਰਜ ਪਿਲੰਪਟਨ

? ਕਿਹੜੇ ਵੇਲੇ ਲਿਖਦੇ ਹੋ ? ਖਾਸ ਵਕਤ ਜਾਂ ਸ਼ਡਿਊਲ ਕੀ ਹੁੰਦਾ ਹੈ।

—ਜਿਹਨਾਂ ਦਿਨਾਂ ਵਿੱਚ ਕਿਤਾਬ ਜਾਂ ਕਹਾਣੀ ਉਪਰ ਕੰਮ ਕਰ ਰਿਹਾ ਹੁੰਦਾ ਹਾਂ, ਉਹਨਾਂ ਦਿਨਾਂ ਵਿੱਚ ਰੋਜ਼ ਸਵੇਰੇ ਲਿਖਦਾ ਹਾਂ। ਪੌਹ ਫੱਟਦੇ ਹੀ, ਜਿੰਨੀ ਵੀ ਜਲਦੀ ਹੋ ਸਕੇ। ਉਸ ਵੇਲੇ ਕੋਈ ਡਿਸਟਰਬ ਨਹੀਂ ਕਰਦਾ। ਵਾਤਾਵਰਣ ਠੰਢਾ ਤੇ ਖਾਮੋਸ਼ ਹੁੰਦਾ ਹੈ। ਪੂਰੀ ਗਰਮਜੋਸ਼ੀ ਨਾਲ ਕੰਮ ਕੀਤਾ ਜਾ ਸਕਦਾ ਹੈ। ਜਿਵੇਂ ਕਿ ਸਵਰੇ ਛੇ ਵਜੇ ਤੁਸੀਂ ਲਿਖਣਾ ਸ਼ੁਰੂ ਕਰਦੇ ਹੋ ਤੇ ਦੁਪਹਿਰ ਤਕ ਲਿਖਦੇ ਰਹਿੰਦੇ ਹੋ। ਲਿਖ ਚੁੱਕਣ ਤੋਂ ਬਾਅਦ ਤੁਸੀਂ ਖੁਦ ਨੂੰ ਖਾਲੀ ਮਹਿਸੂਸ ਕਰਦੇ ਹੋ। ਪਰ ਕਿਸੇ ਨੂੰ ਪਿਆਰ ਕਰਦੇ ਸਮੇਂ ਜਿਵੇਂ ਤੁਸੀਂ ਭਰੇ ਹੁੰਦੇ ਹੋ ਉਸੇ ਤਰ੍ਹਾਂ ਇਹ ਖਾਲੀਪਨ ਭਰ ਵੀ ਰਿਹਾ ਹੁੰਦਾ ਹੈ। ਤੇ ਅਗਲੇ ਦਿਨ ਕੰਮ ਸ਼ੁਰੂ ਕਰਨ ਵੇਲੇ ਤੱਕ ਦਾ ਸਮਾਂ ਤੁਹਾਡੇ ਲਿਖਣ ਵਿੱਚ ਕੋਈ ਵਿਘਨ ਨਹੀਂ ਪਾਉਂਦਾ।

? ਕੀ ਤੁਸੀਂ ਪਹਿਲਾਂ ਲਿਖੇ ਨੂੰ ਦੁਬਾਰਾ ਲਿਖਦੇ ਹੋ ਜਾਂ ਕਿਤਾਬ ਖਤਮ ਹੋਣ ਤੱਕ ਅਜਿਹਾ ਕਰਦੇ ਹੋ।

—ਮੈਂ ਜਿਥੇ ਖਤਮ ਕਰਦਾ ਹਾਂ ਉਥੇ ਰੀ-ਰਾਈਟ ਵੀ ਕਰਦਾ ਹਾਂ। ਲਿਖੇ ਨੂੰ ਪੜ੍ਹਦਾ ਹੀ ਹਾਂ, ਸਾਫ ਕਾਪੀ ਹੱਥ ਵਿੱਚ ਆਉਣ 'ਤੇ ਇਸ ਨੂੰ ਸੋਧਣ ਦਾ ਮੌਕਾ ਮਿਲ ਜਾਂਦਾ ਹੈ। ਆਖਰੀ ਮੌਕਾ ਪਰੂਫ ਰੀਡਿੰਗ ਕਰਦਿਆਂ ਮਿਲ ਜਾਂਦਾ ਹੈ।

? ਕਿੰਨੀ ਵਾਰ ਰੀ-ਰਾਈਟ ਕਰਦੇ ਹੋ।

—ਇਹ ਤਾਂ ਹਾਲਾਤ 'ਤੇ ਨਿਰਭਰ ਕਰਦਾ ਹੈ। 'ਫੇਅਰਵੈਲ ਟੂ ਆਰਮਜ਼' ਦੇ ਆਖਰੀ ਅਧਿਆਏ ਨੂੰ 39 ਵਾਰ ਰੀ-ਰਾਈਟ ਕਰਨ ਬਾਅਦ ਹੀ ਸੰਤੁਸ਼ਟ ਹੋਇਆ।

? ਕਿਹੜੀ ਜਗ੍ਹਾ ਨੂੰ ਲਿਖਣ ਲਈ ਵਧੀਆ ਮੰਨਦੇ ਹੋ। ਹਵਾਨਾ ਨੂੰ ? ਕਿਉਂਕਿ ਉਥੇ ਤੁਸੀਂ ਕਈ ਕਿਤਾਬਾਂ ਲਿਖੀਆਂ ਹਨ। ਕੀ ਜਗ੍ਹਾ ਤੁਹਾਡੀ ਲੇਖਣੀ 'ਤੇ ਪ੍ਰਭਾਵ ਪਾਉਂਦੀ ਹੈ ?

—ਹਵਾਨਾ ਲਿਖਣ ਲਈ ਬਹੁਤ ਵਧੀਆ ਜਗ੍ਹਾ ਸੀ ਪਰ ਮੈਂ ਤਾਂ ਹਰ ਜਗ੍ਹਾ ਹੀ ਲਿਖਿਆ ਹੈ। ਮੈਂ ਤਾਂ ਵਿਪਰੀਤ ਸਥਿਤੀਆਂ ਵਿੱਚ ਵੀ ਲਿਖ ਸਕਦਾ ਹਾਂ। ਹਾਲਾਂ ਕਿ ਟੈਲੀਫੋਨ ਤੇ ਮਿਲਣ ਆਉਣ ਵਾਲੇ ਲੋਕ ਬਹੁਤ ਵਕਤ ਖਰਾਬ ਕਰ ਦਿੰਦੇ ਹਨ।

? ਵਧੀਆ ਲਿਖਣ ਲਈ ਜਜ਼ਬਾਤੀ ਠਹਿਰਾਅ ਜ਼ਰੂਰੀ ਹੁੰਦਾ ਹੈ। ਤੁਸੀਂ ਮੈਨੂੰ ਕਿਹਾ ਸੀ ਕਿ ਉਸ ਵੇਲੇ ਤੁਸੀਂ ਵਧੀਆ ਲਿਖ ਸਕੇ ਹੋ ਜਦੋਂ ਤੁਸੀਂ ਕਿਸੇ ਦੇ ਪਿਆਰ ਵਿੱਚ ਹੁੰਦੇ ਹੋ। ਇਸ ਬਾਰੇ ਤੁਹਾਡਾ ਕੀ ਕਹਿਣਾ ਹੈ ?

—ਤੁਸੀਂ ਕਿਸੇ ਵੇਲੇ ਵੀ ਲਿਖ ਸਕਦੇ ਹੋ ਬਸ਼ਰਤੇ ਲੋਕ ਪਰੇਸ਼ਾਨ ਨਾ ਕਰਨ। ਇਕੱਲਾ ਛੱਡ ਦੇਣ ਜਾਂ ਤੁਸੀਂ ਇਸ ਦੀ ਪਰਵਾਹ ਹੀ ਨਾ ਕਰੋ। ਪਰ ਵਧੀਆ ਲੇਖਣ ਤੱਦ ਹੀ ਹੁੰਦਾ ਹੈ ਜਦ ਤੁਸੀਂ ਪਿਆਰ ਵਿੱਚ ਹੋਵੋਂ। ਜੇ ਤੁਹਾਡੇ ਨਾਲ ਵੀ ਇਵੇਂ ਹੀ ਹੁੰਦਾ ਹੈ ਤਾਂ ਮੈਂ ਵਿਆਖਿਆ ਨਹੀਂ ਕਰਾਂਗਾ।

? ਆਰਥਿਕ ਸੁਰੱਖਿਆ ਬਾਰੇ ਤੁਹਾਡਾ ਕੀ ਖਿਆਲ ਹੈ। ਕੀ ਵਧੀਆ ਲੇਖਣੀ ਲਈ ਇਹ ਹਾਨੀਕਾਰਕ ਨਹੀਂ ਹੋ ਸਕਦੀ ?

—ਜੇ ਤੁਹਾਨੂੰ ਕਾਫੀ ਪਹਿਲਾਂ ਆਰਥਿਕ ਸੁਰੱਖਿਆ ਮਿਲ ਜਾਂਦੀ ਹੈ ਤੇ ਤੁਸੀਂ ਜ਼ਿੰਦਗੀ ਤੇ ਲਿਖਣ ਨੂੰ ਇਕੋ ਜਿਹਾ ਪਿਆਰ ਕਰਦੇ ਹੋ ਤਾਂ ਉਤਸੁਕਤਾਵਾਂ 'ਤੇ ਅਸਰ ਪੈਂਦਾ ਹੈ ਪਰ ਜਦੋਂ ਇਕ ਵਾਰ ਲਿਖਣ ਦੀ ਆਦਤ ਪੈ ਜਾਵੇ ਤਾਂ ਇਸੇ ਵਿੱਚ ਹੀ ਤੁਹਾਨੂੰ ਪਰਮ-ਅਨੰਦ ਆਉਣ ਲੱਗਦਾ ਹੈ, ਮੌਤ ਹੀ ਇਸ ਨੂੰ ਰੋਕ ਸਕਦੀ ਹੈ। ਵੈਸੇ ਆਰਥਿਕ ਮੱਦਦ ਬਹੁਤ ਸਹਾਈ ਹੁੰਦੀ ਹੈ। ਇਹ ਤੁਹਾਨੂੰ ਚਿੰਤਾਵਾਂ ਤੋਂ ਮੁਕਤ ਕਰਦੀ ਹੈ। ਚਿੰਤਾ ਵਿੱਚ ਲਿਖਣ ਨਾਲ ਤੁਹਾਡੀ ਸਮਰਥਾ ਉਪਰ ਅਸਰ ਪੈਂਦਾ ਹੈ।

? ਜਦੋਂ ਤੁਸੀਂ ਲਿਖਦੇ ਹੋ ਤਾਂ ਕੀ ਉਸ 'ਤੇ, ਉਹਨਾਂ ਦਿਨਾਂ ਵਿੱਚ ਪੜ੍ਹੇ ਜਾਣ ਵਾਲੇ ਸਾਹਿਤ ਦਾ ਪ੍ਰਭਾਵ ਮਹਿਸੂਸ ਕਰਦੇ ਹੋ।

—ਸਿੱਧਾ ਨਹੀਂ ਪਰ ਮੈਂ ਸ਼ਬਦ-ਗਿਆਨ ਵਧਾਉਣ ਲਈ ਇਕ ਇਕ ਸ਼ਬਦ ਲਈ ਜੂਝਦਾ ਹਾਂ, ਅਜਿਹੇ ਸਮੇਂ ਨਵਾਂ ਪੜ੍ਹਿਆ ਰਾਹ ਦਿਖਾਉਂਦਾ ਹੈ ਤੇ ਮੈਂ ਆਪਣੀਆਂ ਸੀਮਤਾਵਾਂ ਉਪਰ ਕਾਬੂ ਪਾ ਲੈਂਦਾ ਹਾਂ।

? ਕੀ ਹੋਰਨਾਂ ਲੇਖਕਾਂ ਤੋਂ ਲਿਖਣ ਬਾਰੇ ਕੁਝ ਸਿੱਖ ਸਕੇ ਹੋ।

—ਅਸੀਂ ਆਪਸ ਵਿੱਚ ਦੋਸਤਾਂ ਨਾਲ ਬਹਿ ਕੇ ਦੂਜੇ ਲੇਖਕਾਂ ਦੀਆਂ ਕਿਤਾਬਾਂ ਬਾਰੇ ਗੱਲਾਂ ਕਰਦੇ ਹਾਂ। ਲੇਖਕ ਆਪ ਆਪਣੀਆਂ ਲਿਖਤਾਂ ਬਾਰੇ ਘੱਟ ਹੀ ਗੱਲਾਂ ਕਰਦੇ ਹਨ। ਗੱਲਾਂ ਕਰਦਿਆਂ ਜੇ ਕੋਈ ਗੱਲ ਉਹਨਾਂ ਦੀ ਲਿਖਤ ਬਾਰੇ ਆ ਜਾਵੇ ਤਾਂ ਭਾਵੇਂ ਕਰ ਲੈਣ।

? ਐਦਾਂ ਜਾਪਦਾ ਹੈ ਕਿ ਮਗਰਲੀ ਉਮਰ ਵਿੱਚ ਤੁਸੀਂ ਲੇਖਕਾਂ ਨੂੰ ਮਿਲਣ-ਜੁਲਣ ਤੋਂ ਦੂਰੀ ਬਣਾਈ ਰੱਖੀ, ਅਜਿਹਾ ਕਿਉਂ।

—ਅਸਲ ਵਿੱਚ ਲੇਖਣੀ ਵਿੱਚ ਜਿੰਨਾ ਲੇਖਕ ਅੱਗੇ ਜਾਂਦਾ ਜਾਵੇਗਾ, ਉਹ ਇਕੱਲਾ ਹੁੰਦਾ ਜਾਵੇਗਾ। ਤੁਹਾਡੇ ਬਹੁਤੇ ਦੋਸਤ ਗੁਜ਼ਰ ਚੁੱਕੇ ਗਏ ਹੋਣਗੇ। ਬਚਦੇ ਹੋਏ ਖਿੰਡਰ ਗਏ ਹੋਣਗੇ। ਉਹਨਾਂ ਨੂੰ ਵੀ ਕਦੇ ਕਦੇ ਹੀ ਮਿਲ ਹੋ ਪਾਵੇਗਾ। ਵੈਸੇ ਚਿੱਠੀਆਂ ਰਾਹੀਂ ਉਹਨਾਂ ਨਾਲ ਉਹੋ ਜਿਹਾ ਵਾਸਤਾ ਬਣਿਆ ਰਹੇਗਾ ਜਿਵੇਂ ਕਾਫ਼ੀ ਹਾਊਸ ਵਿੱਚ ਪੁਰਾਣੇ ਦਿਨਾਂ ਵਿੱਚ ਬੈਠੇ ਰਹੇ ਹੋਵੋਂ। ਕਦੇ ਕਦੇ ਚਿੱਠੀਆਂ ਵਿੱਚ ਹਾਸਾ-ਮਜ਼ਾਕ ਵੀ ਚਲਦਾ ਰਹੇਗਾ। ਕਦੇ ਕਦੇ ਫੂਹੜ ਤੇ ਫੋਹਸ਼ ਕਿਸਮ ਦੀਆਂ ਗੱਲਾਂ ਵੀ ਹੋਣਗੀਆਂ ਪਰ ਕੁਲ ਮਿਲਾ ਕੇ ਇਹ ਓਨਾ ਹੀ ਮਜ਼ੇਦਾਰ ਹੋਵੇਗਾ ਜਿੰਨੀ ਕੁ ਗੱਪਸ਼ਪ। ਪਰ ਫਿਰ ਵੀ ਤੁਸੀਂ ਇਕੱਲੇ ਹੁੰਦੇ ਜਾਂਦੇ ਹੋ। ਕਿਉਂਕਿ ਤੁਸੀਂ ਕੰਮ ਤਾਂ ਕਰਨਾ ਹੀ ਹੁੰਦਾ ਹੈ ਤੇ ਉਹਦੇ ਲਈ ਤੁਹਾਡੇ ਕੋਲ ਬਹੁਤਾ ਸਮਾਂ ਨਹੀਂ ਹੁੰਦਾ ਹੈ। ਜੇ ਤੁਸੀਂ ਸਮੇਂ ਨੂੰ ਨਸ਼ਟ ਕਰੋਂ ਤਾਂ ਜਾਪੇਗਾ ਕਿ ਤੁਸੀਂ ਕੋਈ ਪਾਪ ਕੀਤਾ ਹੈ ਜਿਹਦੇ ਲਈ ਕੋਈ ਮੁਆਫੀ ਨਹੀਂ ਮਿਲਣ ਵਾਲੀ।

? ਕਹਾਣੀ ਦੀ ਤਸਵੀਰ ਤੁਹਾਡੇ ਦਿਮਾਗ ਵਿੱਚ ਕਿੰਨੀ ਕੁ ਸਪੱਸ਼ਟ ਹੁੰਦੀ ਹੈ। ਕੀ ਕਥਾਨਕ, ਕਿਰਦਾਰ ਜਾਂ ਥੀਮ ਲਿਖਦੇ ਵਕਤ ਬਦਲਦੇ ਰਹਿੰਦੇ ਹਨ ?

—ਕਈ ਵਾਰ ਅਸੀਂ ਕਹਾਣੀ ਜਾਣਦੇ ਹਾਂ। ਕਈ ਵਾਰ ਲਿਖਦੇ ਸਮੇਂ ਉਹ ਬਣਦੀ ਹੈ। ਉਸ ਤੋਂ ਪਹਿਲਾਂ ਅਸੀਂ ਨਹੀਂ ਜਾਣਦੇ ਕਿ ਉਹ ਕਿਸ ਰੂਪ ਵਿੱਚ ਆਵੇਗੀ। ਪ੍ਰਤੀਕਿਰਿਆ ਵਿੱਚ ਆ ਕੇ ਹਰ ਚੀਜ਼ ਬਦਲਦੀ ਹੈ। ਕਈ ਵਾਰ ਪ੍ਰੀਕਿਰਿਆ ਬਹੁਤ ਹੌਲੀ ਹੁੰਦੀ ਹੈ ਤੇ ਇਸ ਦੇ ਹੌਲੀਪਨ ਦਾ ਪਤਾ ਵੀ ਨਹੀਂ ਹੁੰਦਾ ਪਰ ਬਦਲਾਉ ਦੇ ਮੌਕੇ ਹਮੇਸ਼ਾ ਰਹਿੰਦੇ ਹਨ।

? ਇਕ ਸਾਹਿਤਕ ਲਿਖਤ ਦਾ ਕੰਮ ਸ਼ੁਰੂ ਕਰ ਕੇ ਨਾਲ ਦੀ ਨਾਲ ਦੂਜਾ ਕੋਈ ਸਾਹਿਤਕ ਕੰਮ ਵੀ ਸ਼ੁਰੂ ਕਰ ਦਿੰਦੇ ਹੋ ਜਾਂ ਸ਼ੁਰੂ ਕੀਤੇ ਕੰਮ ਨੂੰ ਪਹਿਲਾਂ ਮੁਕਾਉਣਾ ਹੁੰਦਾ ਹੈ।

—ਅਸਲ ਵਿੱਚ ਐਦਾਂ ਦੇ ਸਵਾਲਾਂ ਦੇ ਜਵਾਬ ਦੇ ਕੇ ਮੈਂ ਗੰਭੀਰ ਕੰਮ ਵਿੱਚ ਰੁਕਾਵਟ ਪੈਦਾ ਕਰ ਰਿਹਾ ਹਾਂ। ਇਹਦੇ ਲਈ ਮੈਨੂੰ ਸਜ਼ਾ ਮਿਲਣੀ ਚਾਹੀਦੀ ਹੈ, ਮਿਲੇਗੀ ਵੀ ਜ਼ਰੂਰ।

? ਕੀ ਕਦੇ ਆਪਣੇ ਆਪ ਨੂੰ ਹੋਰਨਾਂ ਲੇਖਕਾਂ ਨਾਲ ਮੁਕਾਬਲੇ ਜਾਂ ਈਰਖਾ ਵਿੱਚ ਦੇਖਦੇ ਹੋ।

—ਕਦੇ ਨਹੀਂ। ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਸਰਵੋਤਮ ਲਿਖਾਂ ਤੇ ਕਈ ਵਾਰ ਮੈਂ ਆਪਣੇ ਆਪ ਨੂੰ ਕਿਸਮਤ ਵਾਲਾ ਵੀ ਸਮਝਦਾ ਹਾਂ ਕਿ ਮੈਂ ਆਪਣੀ ਸਮਰਥਾ ਤੋਂ ਵਧੀਆ ਲਿਖ ਲੈਂਦਾ ਹਾਂ।

? ਇਕ ਲੇਖਕ ਨੂੰ ਕਿਸ ਹੱਦ ਤੱਕ ਸਮਕਾਲੀ ਸਮਾਜਿਕ-ਰਾਜਨੀਤਕ ਸਮੱਸਿਆਵਾਂ ਨਾਲ ਜੁੜਨਾ ਚਾਹੀਦਾ ਹੈ।

—ਹਰ ਵਿਅਕਤੀ ਦੀ ਅੰਤਰ-ਆਤਮਾ ਹੁੰਦੀ ਹੈ ਤੇ ਅਜਿਹਾ ਕੋਈ ਨਿਯਮ ਨਹੀਂ ਕਿ ਕਿਸੇ ਦੀ ਅੰਤਰ-ਆਤਮਾ ਨੂੰ ਕਿਸ ਰੂਪ ਵਿੱਚ ਕੰਮ ਕਰਨਾ ਚਾਹੀਦਾ ਹੈ। ਰਾਜਨੀਤੀ ਦੀ ਲਿਸਟ ਵਿੱਚ ਜੁੜੇ ਬਹੁਤ ਸਾਰੇ ਲੇਖਕ ਆਪਣੀ ਰਾਜਨੀਤੀ ਬਹੁਤ ਛੇਤੀ ਬਦਲ ਲੈਂਦੇ ਹਨ। ਇਹ ਉਹਨਾਂ ਵੱਲੋਂ ਕੀਤੀ ਰਾਜਨੀਤਕ ਆਲੋਚਨਾ ਪ੍ਰਤੀ ਉਤੇਜਨਾ ਕਰਕੇ ਹੁੰਦਾ ਹੈ। ਕਈ ਵਾਰ ਉਹਨਾਂ ਨੂੰ ਆਪਣੇ ਵਿਚਾਰ ਦੁਬਾਰਾ ਬਦਲ ਕੇ ਲਿਖਣੇ ਪੈਂਦੇ ਹਨ।

? ਕਿਹਾ ਜਾਂਦਾ ਹੈ ਕਿ ਲੇਖਕ ਜੀਵਨ ਭਰ ਇਕ ਜਾਂ ਦੋ ਵਿਚਾਰਾਂ ਨਾਲ (ਆਪਣੀਆਂ ਲਿਖਤਾਂ ਵਿੱਚ) ਚਲਦਾ ਹੈ। ਕੀ ਤੁਸੀਂ ਸਵੀਕਾਰੋਗੇ ਕਿ ਤੁਹਾਡਾ ਕੰਮ ਇਕ ਜਾਂ ਦੋ ਵਿਚਾਰਾਂ ਦੀ ਪ੍ਰਤੀਛਾਇਆ ਹੈ ?

—ਇਹ ਕਿਹਨੇ ਕਿਹਾ ? ਇਹ ਤਾਂ ਬਹੁਤ ਕੱਚੀ ਗੱਲ ਲੱਗਦੀ ਹੈ। ਜਾਪਦਾ ਹੈ ਕਿ ਜਿਸ ਨੇ ਇਹ ਕਿਹਾ ਹੈ ਉਸ ਕੋਲ ਜੀਵਨ ਭਰ ਇਕ ਜਾਂ ਦੋ ਵਿਚਾਰ ਹੀ ਰਹੇ ਹੋਣਗੇ।

? ਅੰਤ ਵਿੱਚ ਸਵਾਲ ਕਿ ਸਿਰਜਨਸ਼ੀਲ ਲੇਖਕ ਦੇ ਰੂਪ ਵਿੱਚ ਤੁਸੀਂ ਆਪਣੀ ਕਲਾ ਦਾ ਕੀ ਉਦੇਸ਼ ਮੰਨਦੇ ਹੋ, ਤੱਥ ਦੀ ਬਜਾਏ ਤੱਥ ਦੀ ਪੇਸ਼ਕਾਰੀ।

—ਇਸ ਵਿੱਚ ਪਰੇਸ਼ਾਨ ਹੋਣ ਵਾਲੀ ਕਿਹੜੀ ਗੱਲ ਹੈ। ਚੀਜ਼ਾਂ ਜਿਵੇਂ ਘਟਦੀਆਂ ਹਨ, ਚੀਜ਼ਾਂ ਜਿਹੋ ਜਿਹੀਆਂ ਹਨ, ਉਹ ਸਾਰੀਆਂ ਚੀਜ਼ਾਂ ਜਿਹਨਾਂ ਨੂੰ ਤੁਸੀਂ ਜਾਣਦੇ ਹੋ, ਜਿਹਨਾਂ ਨੂੰ ਨਹੀਂ

ਜਾਣ ਸਕਦੇ, ਇਹਨਾਂ ਸਭ ਨੂੰ ਖੋਜ ਕੇ ਤੁਸੀਂ ਬਣਾਉਂਦੇ ਹੋ ਉਹ ਪੇਸ਼ਕਾਰੀ ਨਹੀਂ ਬਲਕਿ ਕਿਸੇ ਵੀ ਜੀਵਤ ਤੇ ਸੱਚੀ ਚੀਜ਼ ਤੋਂ ਵੱਡਾ ਸੱਚ ਹੈ ਤੇ ਜੇ ਇਸ ਨੂੰ ਤੁਸੀਂ ਠੀਕ ਤਰ੍ਹਾਂ ਬਣਾਉਂਦੇ ਹੋ ਤਾਂ ਤੁਸੀਂ ਇਸ ਨੂੰ ਅਮਰ ਕਰ ਦਿੰਦੇ ਹੋ। ਇਹੀ ਕਾਰਨ ਹੈ ਕਿ ਅਸੀਂ ਲਿਖਦੇ ਹਾਂ ਤੇ ਜਾਣਦੇ ਹਾਂ। ਪਰ ਬਹੁਤ ਸਾਰੇ ਉਹ ਕਾਰਣ ਵੀ ਹਨ ਜਿਹਨਾਂ ਨੂੰ ਕੋਈ ਨਹੀਂ ਜਾਣਦਾ।

## ਜੇ ਭਾਰਤ ਦਾ ਅਸਲੀ ਚਿਹਰਾ ਨਾ ਦੇਖਿਆ ਹੁੰਦਾ ਤਾਂ
**-ਕੇਦਾਰਨਾਥ ਸਿੰਘ**

ਮੇਰੀ ਕਾਵਿ ਰਚਨਾ 'ਚ ਆਇਆ ਬਦਲਾਓ ਅਨਜਾਣੇ ਹੀ ਹੋ ਗਿਆ। ਕਵਿਤਾ ਦਾ ਕੋਈ ਨਵਾਂ ਢਾਂਚਾ ਗੰਢਣ ਦੀ ਮੇਰੀ ਇੱਛਾ ਨਹੀਂ ਸੀ। ਮੈਨੂੰ ਇਹ ਜ਼ਰੂਰ ਲੱਗਦਾ ਸੀ ਕਿ ਪ੍ਰਗਤੀਸ਼ੀਲ ਧਾਰਾ ਦੀ ਜਿਹੜੀ ਦਿਸ਼ਾ ਸੀ, ਕਵਿਤਾ ਦਾ ਉਸ ਨਾਲੋਂ ਥੋੜ੍ਹਾ ਵੱਖਰਾ ਸਰੂਪ ਬਣੇ। ਮੈਂ ਨਵੀਂ ਕਵਿਤਾ ਦੀ ਧਾਰਾ 'ਚ ਸ਼ਾਮਿਲ ਨਹੀਂ ਸੀ। ਮੈਂ ਉਸ ਦੇ ਹਾਸ਼ੀਏ 'ਤੇ ਸੀ। ਮੈਂ ਦੇਖ ਰਿਹਾ ਸੀ ਕਿ ਦੂਜੇ ਪਾਸੇ ਕੀ ਹੋ ਰਿਹਾ ਹੈ। ਨਵੀਂ ਕਵਿਤਾ ਨੇ ਜਿਹੜਾ ਕੁਝ ਸਾਨੂੰ ਦਿੱਤਾ ਸੀ, ਮੈਂ ਉਸ ਨੂੰ ਨਾਲ ਲੈ ਕੇ ਤੁਰਨਾ ਚਾਹੁੰਦਾ ਸੀ। ਮੈਂ ਕਦੇ ਪ੍ਰੰਪਰਾ ਨੂੰ ਨਕਾਰਿਆ ਨਹੀਂ। ਇਸ 'ਚ ਜੋ ਕੁਝ ਵੀ ਚੰਗਾ ਹੈ, ਉਸ ਨੂੰ ਹਮੇਸ਼ਾ ਨਾਲ ਲੈ ਕੇ ਤੁਰਨ ਦੀ ਕੋਸ਼ਿਸ਼ ਕੀਤੀ। ਨਵੇਂ ਤਰੀਕੇ ਨਾਲ ਗੱਲ ਕਰਨ ਦਾ ਇਕ ਸਰੂਪ ਬਣੇ, ਮੇਰੇ ਲਈ ਇਹੀ ਸਭ ਕੁਝ ਸੀ। ਇਹ ਮੇਰੀ ਖ਼ੁਸ਼ਕਿਸਮਤੀ ਸੀ ਕਿ ਮੈਂ ਇਕ ਲੰਬੇ ਸਮੇਂ ਤਾਈਂ ਸ਼ਹਿਰ ਤੋਂ ਪਰ੍ਹੇ ਰਿਹਾ। ਪਿੰਡ ਦੀ ਗੱਲ ਨਹੀਂ ਕਰ ਰਿਹਾ। ਐਮ. ਏ. ਤੇ ਪੀਐਚ. ਡੀ. ਕਰਨ ਮਗਰੋਂ ਮੈਨੂੰ ਛੋਟੇ ਜਿਹੇ ਇਕ ਕਸਬੇ 'ਚ ਨੌਕਰੀ ਮਿਲੀ ਜਿਹੜਾ ਪਿੰਡ ਵਾਂਗ ਹੀ ਸੀ। ਉਥੇ ਮੈਂ 13, 14 ਸਾਲ ਰਿਹਾ। ਮੈਂ ਉਥੇ ਲੋਕਾਂ ਨੂੰ ਨੇੜਿਓਂ ਦੇਖਿਆ। ਗਾਉਂਦੇ ਹੋਏ ਲੋਕਾਂ ਨੂੰ ਵੀ ਦੇਖਿਆ ਤੇ ਭੁੱਖ ਦੇ ਮਾਰੇ ਚਿਹਰਿਆਂ ਨੂੰ ਵੀ ਦੇਖਿਆ। ਅਚਾਰਿਆ ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ ਨੂੰ ਸੱਦਿਆ ਸੀ ਇਕ ਵਾਰ ਮੈਂ ਉਥੇ ਤੇ ਉਨ੍ਹਾਂ ਨੂੰ ਇਕ ਜੀਪ 'ਚ ਬੈਠਾ ਕੇ ਉਸ ਇਲਾਕੇ 'ਚ ਲੈ ਗਿਆ ਸੀ। ਜੇ ਮੈਂ ਉਨ੍ਹਾਂ ਨਾਲ ਨਾ ਗਿਆ ਹੁੰਦਾ ਤਾਂ ਭਾਰਤ ਦਾ ਅਸਲੀ ਚਿਹਰਾ ਨਾ ਦੇਖਿਆ ਹੁੰਦਾ। ਭਾਰਤ ਦੇ ਉਸ ਚਿਹਰੇ ਨੂੰ ਮੈਂ ਹੁਣ ਤੱਕ ਨਹੀਂ ਦੇਖਿਆ ਸੀ। ਉਹ ਬਹੁਤ ਹੀ ਪਛੜਿਆ ਤਰਾਈ ਦਾ ਇਲਾਕਾ ਸੀ। ਉਨ੍ਹਾਂ ਦ੍ਰਿਸ਼ਾਂ ਦੀ ਭੈੜੀ ਵੰਨ-ਸੁਵੰਨਤਾ ਨੇ ਮੈਨੂੰ ਮੁੜ ਤੋਂ ਕਵਿਤਾ ਦੇ ਸਰੂਪ ਦੇ ਬਾਰੇ 'ਚ ਸੋਚਣ 'ਤੇ ਮਜਬੂਰ ਕਰ ਦਿੱਤਾ।

**ਸਪੀਡ ਪੋਸਟ**
(ਨੱਚਣ ਵਾਲੀਆਂ ਕੁੜੀਆਂ ਦੀ ਜ਼ਿੰਦਗੀ ਨਾਲ ਸਬੰਧਤ ਕਹਾਣੀਆਂ)
**ਸੰ: ਅਨੇਮਨ ਸਿੰਘ**
ਪ੍ਰਕਾਸ਼ਕ : ਸੀਗੁਲ ਕ੍ਰੀਏਟਿਵ ਬੁਕਸ





## ਗਰਦਾਵਰੀ/ਪ੍ਰੇਮ ਪ੍ਰਕਾਸ਼

ਇਹ ਭਾਵਨਾ ਮੈਨੂੰ ਬਚਪਨ 'ਚ ਅਜਿਹੀ ਚੰਬੜੀ ਕਿ ਬੁਢੇਪੇ 'ਚ ਜਾ ਕੇ ਹੁਣ ਟਲੀ।

ਉਦੋਂ ਮੈਂ ਤੀਜੀ 'ਚ ਪੜ੍ਹਦਾ ਸੀ, ਜਦ ਮੇਰੀ ਮਾਂ ਜਨਾਨੀਆਂ ਵਾਲੀ ਕਿਸੇ ਬਿਮਾਰੀ ਨਾਲ ਪੂਰੀ ਹੋਈ ਸੀ। ਮੇਰੀ ਵੱਡੀ ਭੈਣ ਗੁੱਡੀ ਚੌਥੀ ਪਾਸ ਕਰ ਚੁੱਕੀ ਸੀ। ਸਾਨੂੰ ਤਾਈ ਜੀ ਤੇ ਤਾਇਆ ਜੀ ਨੇ ਈ ਪਾਲਿਆ ਸੀ। ਤਾਈ ਗੁੱਡੀ ਨੂੰ ਦੇਵੀ ਮੰਨਦੀ ਸੀ। ਉਹਦੇ ਹੋਣ ਬਾਅਦ ਹੀ ਤਾਈ ਦੇ ਇੱਕੋ ਇਕ ਔਲਾਦ ਵਜੋਂ ਮੁੰਡਾ ਭਗਵਾਨ ਦਾਸ ਹੋਇਆ ਸੀ। ਉਹ ਮੇਰੇ ਕੋਲੋਂ ਦੋ ਵਰ੍ਹੇ ਵੱਡਾ ਸੀ। ਮੈਨੂੰ ਘੂਰ ਕੇ ਰੱਖਦਾ ਸੀ। ਪਰ ਤਾਇਆ ਜੀ ਮੈਨੂੰ ਮੇਮਨੇ ਵਾਂਗੂੰ ਲਾਡ ਕਰਦੇ ਸੀ। ਪਿਤਾ ਸਾਈਂ ਲੋਕ ਸੀ। ਉਹ ਸਧਾਰਨ ਬੰਦੇ ਵਾਂਗ ਨਿੱਕੀ ਜਿਹੀ ਹੱਟੀ ਚਲਾਉਂਦਾ ਤੇ ਡੰਗਰਾਂ ਦੀ ਚੋ ਚੁਆਈ ਤੇ ਕੱਖ ਕੰਡਾ ਕਰਦਾ ਰਹਿੰਦਾ ਸੀ।

ਪਤਾ ਨਹੀਂ ਇਹ ਗੱਲ ਕਿਵੇਂ ਹੋਈ ਕਿ ਮੈਨੂੰ ਆਪਣੀ ਮਾਂ ਸੁਫਨਿਆਂ 'ਚ ਵੀ ਦਿੱਸਣੋਂ ਹਟ ਗਈ। ਮੈਨੂੰ ਉਹਦਾ ਚਿਹਰਾ ਯਾਦ ਕਰਨ 'ਤੇ ਵੀ ਨਾ ਦਿੱਸਦਾ। ਸਾਰੇ ਨੈਣ ਨਕਸ਼ ਗਵਾਚ ਗਏ ਸਨ।... ਏਸ ਗੱਲ ਦੀ ਤਕਲੀਫ ਦਾ ਅਨੁਭਵ ਮੈਨੂੰ ਸੀ ਤਾਂ ਛੋਟੀ ਉਮਰ 'ਚ ਈ, ਪਰ ਵੱਡੀ ਉਮਰ 'ਚ ਚੋਭ ਵੱਧ ਗਈ ਸੀ। ਇਹ ਲੜੀ ਉਦੋਂ ਟੁੱਟਣ ਲੱਗੀ ਜਦ ਮੈਨੂੰ ਜੀਵਨ 'ਚ ਪਹਿਲਾਂ-ਪਹਿਲਾਂ ਇਸਤਰੀ ਦੇ ਸਰੀਰ ਦੇ ਪਿਆਰ ਦੀ ਬੇਮਲੂਮੀ ਸੁਗੰਧ ਜਿਹੀ ਆਉਣ ਲੱਗੀ। ਮੈਂ ਔਰਤਾਂ ਦੇ ਸਰੀਰ ਨੂੰ ਨੀਝ ਨਾਲ ਦੇਖਣ ਲੱਗ ਪਿਆ।... ਸਭ ਤੋਂ ਪਹਿਲਾਂ ਮੈਨੂੰ ਆਪਣੇ ਪਿੰਡ 'ਚ ਪੱਕੀ ਗਲੀ ਵਾਲੇ ਕਿਰਪੇ ਤਰਖਾਣ ਦੇ ਘਰ ਭਾਬੀ ਦੀਪੀ ਵਿਚੋਂ ਮਾਂ ਦੀ ਗੰਧ ਮਹਿਸੂਸ ਹੋਈ। ਉਹ ਸਾਰੇ ਪਿੰਡ 'ਚ ਇੱਕੋ ਜਨਾਨੀ ਸੀ, ਜੀਹਨੇ ਕਿਸੇ ਸਕੂਲ 'ਚੋਂ ਅੱਠਵੀ ਪਾਸ ਕੀਤੀ ਸੀ। ਮੈਂ ਸੱਤਵੀਂ 'ਚ ਪੜ੍ਹਦਾ ਸੀ। ਉਹ ਮੈਨੂੰ ਸਵਾਲ ਸਮਝਾ ਦੇਂਦੀ ਸੀ। ਮੈਨੂੰ ਓਸ ਤਿੰਨ ਬੱਚਿਆਂ ਦੀ ਮਾਂ ਦੇ ਸੋਹਣੇ ਚਿਹਰੇ ਦੇ ਨਾਲ ਉਹਦੇ ਸਿਰ ਦੇ ਵਾਲ ਵੀ ਸੋਹਣੇ ਲੱਗਦੇ ਸੀ। ਉਹਦਾ ਜਿਸਮ ਤਿੰਨ ਬੱਚੇ ਜੰਮਣ ਬਾਅਦ ਵੀ ਬਹੁਤ ਭਰਵਾਂ ਸੀ। ਉਹ ਜਦ ਕਦੇ ਮੈਨੂੰ ਪਿਆਰ ਨਾਲ ਜੱਫੀ ਪਾ ਕੇ ਛਾਤੀ ਨਾਲ ਲਾਉਂਦੀ ਤਾਂ ਮੈਨੂੰ ਬਹੁਤ ਚੰਗੀ ਲੱਗਦੀ ਸੀ। ਉਦੋਂ ਮੈਨੂੰ ਆਪਣੀ ਮਾਂ ਯਾਦ ਆਉਂਦੀ ਸੀ।

ਉਦੋਂ ਮੈਂ ਦਸਵੀਂ ਕਰ ਕੇ ਕੁਝ ਮਹੀਨੇ ਵਿਹਲਾ ਰਿਹਾ ਸੀ। ਫੇਰ ਨਾਭੇ ਆਪਣੇ ਫੁੱਫੜ ਦੇ ਕਹਿਣ 'ਤੇ ਪਟਵਾਰ- ਸਕੂਲ ਪਾਸ ਕਰ ਕੇ ਨਿਯੁਕਤੀ ਪੱਤਰ ਧਨੌਲੇ ਵੱਲ ਦੇ ਪਿੰਡ ਉਸਮਾਨ ਪੁਰ ਦਾ ਲੈ ਲਿਆ ਸੀ। ਫੁੱਫੜ ਜੀ ਏਸ ਮਹਿਕਮੇ 'ਚ ਸੁਪਰਡੈਂਟ ਸਨ। ਰਿਆਸਤ ਨਾਭੇ 'ਚ ਉਦੋਂ ਇਵੇਂ ਨੌਕਰੀਆਂ ਮਿਲਦੀਆਂ ਸਨ। ਬਾਰ੍ਹਵੀਂ ਪਾਸ ਨੂੰ ਜੇ ਮਾਸਟਰੀ ਨਾ ਮਿਲਦੀ ਤਾਂ ਤਹਿਸੀਲਦਾਰ ਲਾ ਦੇਂਦੇ ਸੀ।

ਮੈਂ ਝੋਲੇ 'ਚ ਇਕ ਜੋੜਾ ਕੁੜਤਾ ਪਜਾਮਾ ਤੇ ਪਰਨਾ ਪਾ ਕੇ ਨਾਭੇ ਤੋਂ ਰੇਲ ਗੱਡੀ ਚੜ੍ਹ ਕੇ ਗਿਆ ਤੇ ਫੇਰ ਤਿੰਨ ਮੀਲ ਤੁਰ ਕੇ ਪਿੰਡ ਉਸਮਾਨ ਪੁਰ ਪਹੁੰਚਿਆ। ਬੰਸੇ ਹਲਵਾਈ ਦੀ ਹੱਟੀ 'ਤੇ ਬਹਿ ਕੇ ਦੁੱਧ ਪੀਣ ਲੱਗਿਆ ਤਾਂ ਹੱਟੀ ਵਾਲੇ ਨੂੰ ਮੇਰੇ ਗਰਦਾਵਰ ਹੋਣ ਦਾ ਪਤਾ ਲੱਗਿਆ। ਉਹਨੇ ਜਦੇ ਨੰਬਰਦਾਰ ਹਰਨਾਮ ਸਿੰਘ ਨੂੰ ਬੁਲਾ ਲਿਆ। ਉਹ ਮੈਨੂੰ ਪਟਵਾਰ ਖਾਨੇ ਲੈ ਗਿਆ, ਜਿਥੇ ਪਹਿਲਾਂ ਗਰਦਾਵਰ ਬੈਠਾ ਹੁੱਕਾ ਪੀ ਰਿਹਾ ਸੀ। ਲੰਬੜ ਨੇ ਉਨ੍ਹਾਂ ਨੂੰ 'ਪੰਡਤ ਜੀ' ਕਿਹਾ ਤਾਂ ਮੈਂ ਵੀ ਮੱਥਾ ਟੇਕ ਕੇ ਪੈਰੀਂ ਹੱਥ ਲਾ ਦਿੱਤਾ। ਉਹਨੇ ਖੁਸ਼ ਹੋ ਕੇ ਸੀਸਾਂ ਦਿੱਤੀਆਂ ਤੇ ਦੱਸਿਆ, "ਦੇਖ ਪੁੱਤ, ਮੈਂ 28 ਤਰੀਕ ਨੂੰ ਰਿਟਾਇਰ ਹੋਣੈ। ਤੇਰੀ ਹਾਜਰੀ 29 ਦੀ ਪੈ ਜੂ। ਜਦ ਨੂੰ ਮੈਂ ਤੈਨੂੰ ਕੰਮ ਸਮਝਾ

ਦਊਂਗਾ। ਚਾਰਜ ਲੈਣ ਦੇਣ ਦੇ ਕਾਗਜ ਮੈਂ ਆਪ ਬਣਾ ਕੇ ਭੇਜ ਦਿਊਂ। ਤੂੰ ਦੋ ਤਿੰਨ ਦਿਨ ਰਹਿ। ਨਾਲੇ ਆਪਣਾ ਸਮਾਨ ਕਿਤੇ ਟਿਕਾ ਲੈ।"

ਜਦੇ ਓਥੇ ਸ਼ਾਮ ਸਿੰਘ ਟੇਲਰ ਮਾਸਟਰ ਤੇ ਸੰਤ ਮਾਹਲਾ ਸਿੰਘ ਆ ਗਏ। ਉਹ ਮੈਨੂੰ ਕੁਝ ਹੋਰ ਖਵਾ ਪਿਆ ਕੇ ਕਿਸੇ ਦੁਕਾਨ ਦੇ ਉੱਤੇ ਬਣੇ ਚੁਬਾਰੇ 'ਚ ਛੱਡ ਗਏ। ਜਿੱਥੇ ਮੰਜੇ ਦੇ ਨਾਲ ਮੇਜੜੀ 'ਤੇ ਪਾਣੀ ਦਾ ਜੱਗ ਤੇ ਤਿੰਨ ਗਲਾਸ ਪਏ ਸਨ। ਉਹਨਾਂ ਚਰਨੇ ਚੌਕੀਦਾਰ ਤੋਂ ਚੰਗਾ ਮੰਜਾ ਬਿਸਤਰਾ ਮੰਗਵਾ ਲਿਆ।... ਸ਼ਾਮ ਸਿੰਘ ਦਰਮਿਆਨੇ ਕੱਦ ਦਾ ਸੋਹਣੇ ਕੱਪੜਿਆਂ ਵਾਲਾ ਸੀ ਤੇ ਸੰਤ ਛੇ ਫੁੱਟ ਉੱਚਾ ਜਿੰਨ ਜਿਹਾ। ਲੱਗਿਆ ਜਿਵੇਂ ਉਹ ਸਾਧਗੀਰੀ ਛੱਡ ਕੇ ਹੁਣੇ ਘਰਬਾਰੀ ਬਣਿਆ ਹੋਵੇ। ਉਹਦੇ ਕੁੜਤੇ ਤੇ ਚਾਦਰੇ ਦਾ ਰੰਗ ਹਲਕਾ ਭਗਵਾ ਸੀ। ਸਿਰ 'ਤੇ ਜਿਵੇਂ ਕਪੱੜੇ 'ਚ ਵਲ੍ਹੇਟੀ ਜਟਾਂ ਦੀ ਟੋਕਰੀ ਧਰੀ ਹੋਵੇ।

ਮੈਂ ਚੁਬਾਰੇ 'ਚ ਆਪਣਾ ਮੰਜਾ ਡਾਹ ਲਿਆ ਤੇ ਝੋਲਾ ਰੱਖ ਲਿਆ। ਉਹਦੇ ਨਾਲ ਇਕ ਹੋਰ ਚੁਬਾਰਾ ਸੀ। ਮੈਂ ਦੂਜੇ ਨੂੰ ਪਟਵਾਰ ਖਾਨਾ ਬਣਾਓਣ ਦਾ ਫੈਸਲਾ ਕਰ ਲਿਆ। ਜਦ ਮੈਂ ਹਲਵਾਈ ਦੇ ਬੈਠਾ ਸੀ ਤਾਂ ਕਿਸੇ ਨੇ ਸ਼ਾਮ ਸਿੰਘ ਤੇ ਸੰਤ ਦੋਹਾਂ ਨੂੰ 'ਰਾਹੂ ਕੇਤੂ' ਕਿਹਾ ਸੀ। ਤਦੇ ਉਹਨਾਂ ਨੇ ਮੇਰੇ ਵਾਸਤੇ ਪਲਾਂ 'ਚ ਸਾਰੇ ਸੁਖ ਪੈਦਾ ਕਰ ਦਿੱਤੇ ਸਨ।... ਹਾਲੇ ਦਿਨ ਖੜ੍ਹਾ ਈ ਸੀ ਕਿ ਉਹਨਾਂ ਨੇ ਬੋਤਲ ਵੀ ਖੋਲ੍ਹ ਲਈ। ਮੈਂ ਤਾਂ ਪੀਂਦਾ ਨਹੀਂ ਸੀ। ਐਵੇਂ ਇਕ ਘੁੱਟ ਪੁਆ ਕੇ ਪਾਣੀ ਜਿਹਾ ਮੂੰਹ ਨੂੰ ਲਾਉਂਦਾ ਰਿਹਾ। ਉਹਨਾਂ ਤੋਂ ਪਤਾ ਲੱਗਿਆ ਕਿ ਏਸ ਵੱਡੇ ਪਿੰਡ ਦੀਆਂ ਦੋ ਪੱਤੀਆਂ ਨੇ। ਚੜ੍ਹਦੇ ਪਾਸੇ ਸ਼ੇਖਾਂ ਦੀ ਪੱਤੀ, ਜੀਹਨੂੰ ਹੁਣ ਸ਼ੇਖੂਪੁਰੀਆਂ ਦੀ ਪੱਤੀ ਕਹਿੰਦੇ ਨੇ ਤੇ ਛਿਪਦੇ ਵਾਲੇ ਪਾਸੇ ਔਜਲਿਆਂ ਦੀ ਪੱਤੀ। ਜਿਥੇ ਕਈ ਗੋਤਾਂ ਦੇ ਦੇਸੀ ਜੱਟ ਤੇ ਹੋਰ ਜਾਤਾਂ ਦੇ ਲੋਕ ਰਹਿੰਦੇ ਨੇ। ਉਹਨਾਂ ਦੇ ਪਾਸੇ ਹੀ ਅੱਠਵੀਂ ਤਕ ਸਕੂਲ ਤੇ ਪੁਲਸ ਦੀ ਚੌਕੀ ਏ। ਪਿੰਡ ਦੇ ਦੋਹੀਂ ਪਾਸੀਂ ਖੇਤੀ ਹੁੰਦੀ ਏ, ਸ਼ਰਾਬ ਦਾ ਵਪਾਰ ਹੁੰਦਾ ਤੇ ਨਿੱਤ ਲੜਾਈਆਂ ਤੇ ਕਤਲ ਕੇਸ ਬਣਦੇ ਨੇ। ਬਹੁਤੀਆਂ ਲੜਾਈਆਂ ਨਹਿਰੀ ਪਾਣੀ ਪਿੱਛੇ ਹੁੰਦੀਆਂ ਨੇ। ਇਹ ਪਿੰਡ ਸੂਏ ਦੀ ਟੇਲ 'ਤੇ ਸੀ।

ਏਨੀ ਪੀ ਕੇ ਵੀ ਉਹਨਾਂ ਦੋਹਾਂ ਨੂੰ ਨਸ਼ਾ ਨਹੀਂ ਸੀ ਹੋਇਆ। ਸ਼ਾਮ ਸਿੰਘ ਨੇ ਚਰਨੇ ਚੌਕੀਦਾਰ ਨੂੰ ਆਖ ਕੇ ਆਪਣੇ ਘਰੋਂ ਮੇਰੀ ਰੋਟੀ ਤੇ ਲਾਲਟੈਨ ਮੰਗਾ ਲਈ। ਮੈਂ ਖਾ ਕੇ ਦੂਜੇ ਚੁਬਾਰੇ 'ਚ ਜਾ ਲੇਟਿਆ। ਉਹ ਮੇਰੇ ਵਾਸਤੇ ਪਾਣੀ ਦਾ ਜੱਗ ਰੱਖ ਕੇ ਚਲੇ ਗਏ। ... ਪਰ ਸਵੇਰੇ ਉੱਠਿਆ ਤਾਂ ਸੰਤ ਮਾਹਲਾ ਸਿੰਘ ਮੇਰੇ ਵਾਸਤੇ ਖੱਟੀ ਲੱਸੀ ਦਾ ਗੜਵਾ, ਵਿਚ ਮੱਖਣ ਤੇ ਬੇਸਣੀ ਰੋਟੀ ਲਈ ਖੜ੍ਹਾ ਸੀ। ਜਦੇ ਸ਼ਾਮ ਸਿੰਘ ਆ ਗਿਆ। ਉਹਨਾਂ ਨੇ ਚੁਬਰੇ ਦੇ ਪਿਛਲੇ ਪਾਸੇ ਵੱਲ ਮੰਗਲ ਖੱਤਰੀ ਦੇ ਤਵੇਲੇ 'ਚ ਬੱਝੀ ਬੁੱਢੀ ਘੋੜੀ ਵੱਲ ਉਂਗਲ ਕਰ ਕੇ ਦੱਸਿਆ ਕਿ ਉਹ ਤੁਹਾਡੇ ਲਈ ਸੀ। ਉਹ ਇਨ੍ਹਾਂ ਚੁਬਾਰਿਆਂ ਵਾਲੇ ਲਾਲਾ ਤੁਲਾ ਰਾਮ ਦੀ ਸੀ। ਉਹ ਹੁਣ ਇਹਨੂੰ ਛੱਡ ਕੇ ਸੰਗਰੂਰ ਜਾ ਕੇ ਕਾਰੋਬਾਰ ਕਰਦਾ ਏ।

ਰਾਹੂ ਕੇਤੂ ਆਪ ਵੀ ਘੋੜੀਆਂ ਲੈ ਆਏ ਸੀ। ਉਹਨਾਂ ਨੇ ਮੈਨੂੰ ਦੋਹਾਂ ਪੱਤੀਆਂ ਦਾ ਬੰਨਾ ਦਿਖਾ ਦਿੱਤਾ। ਸ਼ੇਖੂਪੁਰੀਆਂ ਦੀ ਪੱਤੀ ਬੀੜ ਦੇ ਨਾਲ ਲੱਗਦੀ ਸੀ। ਜਿਥੇ ਹਰੇਕ ਲਾਣੇ ਦੀ ਭੱਠੀ ਪਾਈ ਹੋਈ ਸੀ। ਤਦ ਮੈਨੂੰ ਸਮਝ ਆਈ ਕਿ ਏਸ ਪਿੰਡ 'ਚ ਏਨੀਆਂ ਘੋੜੀਆਂ ਕਿਉਂ ਨੇ। ਇਹ ਅੱਧੀ ਖੇਤੀ ਦਾਰੂ ਦੀ ਕਰਦੇ ਨੇ।

29 ਤਰੀਕ ਨੂੰ ਪਹਿਲੇ ਗਰਦਾਵਰ ਪੰਡਤ ਜੀ ਨੇ ਮੈਨੂੰ ਸਾਰੇ ਰਜਿਸਟਰ ਸੰਭਾਲ ਦਿੱਤੇ ਤੇ ਚਾਰਜ ਲੈਣ ਦੇਣ ਦੇ ਕਾਗਜ਼ ਤਿਆਰ ਕਰ ਕੇ ਨਾਭੇ ਵਾਲੇ ਦਫਤਰ ਭੇਜ ਦਿੱਤੇ। ਫੇਰ ਵੀ ਉਹ



ਦੋ ਤਿੰਨ ਦਿਨ ਪਿੰਡ ਅਟਕੇ ਰਹੇ ਬਈ ਮੁੰਡੇ ਨੂੰ ਕੋਈ ਔਖਿਆਈ ਨਾ ਹੋਵੇ। ਨਾਲੇ ਇਹ ਦਿਨ ਜੱਟਾਂ ਜਿਮੀਂਦਾਰਾਂ ਤੋਂ ਕੁਝ ਮਿਲਣ ਦੀ ਆਸ ਦੇ ਵੀ ਸਨ। ਉਹਨਾਂ ਨੇ ਮੈਨੂੰ ਚੰਗੇ ਮਾੜੇ ਸਾਰੇ ਲਾਣਿਆਂ ਬਾਰੇ ਸਮਝਾ ਦਿੱਤਾ। ਇਕ ਨਸੀਹਤ ਕੀਤੀ ਕਿ ਡੇਰੇ ਵਾਲੇ ਮਹੰਤਾਂ ਤੇ ਪੰਡਤਾਂ ਵੱਲ ਨਿਗਾਹ ਨਰਮ ਰੱਖਣੀ।

ਮੈਂ ਸਾਰੇ ਨਕਸ਼ਿਆਂ ਤੇ ਰਜਿਸਟਰਾਂ ਦੇ ਤਿੰਨੇ ਬਸਤੇ ਚੌਕੀਦਾਰ ਚਰਨੇ ਨੂੰ ਚੁਕਾ ਕੇ ਆਪਣੇ ਚੁਬਾਰੇ ਦੀ ਅਲਮਾਰੀ 'ਚ ਰੱਖ ਕੇ ਜਿੰਦਾ ਲਾ ਦਿੱਤਾ। ਹਾੜ੍ਹੀ ਦੀ ਫਸਲ ਪੱਕਣ ਵਾਲੀ ਸੀ। ਗਰਦੌਰੀ ਦਾ ਕੰਮ ਸੌਣੀ ਵੇਲੇ ਹੋਣਾ ਸੀ, ਹੁਣ ਤਾਂ ਜਿਮੀਂਦਾਰ ਮੌਸਮ ਦੀ ਉਡੀਕ ਈ ਕਰਦੇ ਸੀ। ਮੇਰਾ ਕੰਮ ਮਾੜਾ ਮੋਟਾ ਈ ਹੁੰਦਾ ਸੀ। ਜਦ ਮੈਂ ਕਿਸੇ ਜ਼ਮੀਨ 'ਤੇ ਕਾਨੂਨ ਲਾਗੂ ਕਰਦਾ ਤਾਂ ਸ਼ਾਮ ਸਿੰਘ ਕਹਿੰਦਾ, "ਇਹ ਤੁਸੀਂ ਜੀਹਦੇ ਘਰੋਂ ਰੋਟੀ ਖਾਣੀ ਐ, ਘੋੜੀ ਦੀ ਜੀਹਨੇ ਸੇਵਾ ਕਰਨੀ ਐ, ਉਹਦਾ ਖਿਆਲ ਤਾਂ ਰੱਖਣਾ ਈ ਪਊ।"

ਤਦ ਮੈਨੂੰ ਮਹਿਸੂਸ ਹੋਇਆ ਕਿ ਰਾਹੂ ਕੇਤੂ ਬਿਨਾਂ ਮੈਂ ਆਪ ਤਾਂ ਕੁਝ ਕਰਨ ਜੋਗਾ ਹੀ ਨਹੀਂ। ਸੋ, ਥੋੜ੍ਹੇ ਬਹੁਤੇ ਦਾਣੇ ਆਉਂਦੇ ਤਾਂ ਸ਼ਾਮ ਸਿੰਘ ਬਨਸੇ ਦੀ ਹੱਟੀ 'ਤੇ ਰੱਖਣ ਨੂੰ ਕਹਿ ਦੇਂਦਾ। ਉਂਜ ਉਹ ਘਰੋਂ ਤਕੜਾ ਸੀ। ਉਹਦੀ ਦੁਕਾਨ 'ਤੇ ਚਾਰ ਮਸ਼ੀਨਾਂ ਚੱਲਦੀਆਂ ਸਨ। ਪਰ ਸੰਤ ਦੀ ਜ਼ਮੀਨ ਥੋੜ੍ਹੀ ਸੀ। ਉਹਦੀ ਭੱਠੀ ਦਾ ਮਾਲ ਪੀਪਿਆਂ 'ਚ ਦੂਰ ਤਕ ਜਾਂਦਾ ਸੀ। ਮੈਨੂੰ ਦੋਹਾਂ ਦਾ ਕਿਰਦਾਰ ਚੰਗਾ ਨਾ ਲੱਗਿਆ। ਮੈਂ ਉਹਨਾਂ ਤੋਂ ਖਲਾਸੀ ਚਾਹੁਣ ਲੱਗ ਪਿਆ ਸੀ।

ਇਕ ਦਿਨ ਪਟਵਾਰ ਖਾਨੇ 'ਚ ਮੈਂ 'ਕੱਲਾ ਬੈਠਾ ਸ਼ੇਖੂਪੁਰੀਆਂ ਦੀ ਪੱਤੀ ਵਾਲੀ ਜ਼ਮੀਨ ਦਾ ਨਕਸ਼ਾ ਦੇਖ ਰਿਹਾ ਸੀ ਕਿ ਦੋ ਜਨਾਨੀਆਂ ਪੱਕੀ ਪੌੜੀ ਚੜ੍ਹ ਆਈਆਂ। ਜਿਨ੍ਹਾਂ 'ਚੋਂ ਇਕ ਬੁੱਢੀ ਤੇ ਦੂਜੀ ਬਹੁਤ ਹੀ ਸੁੰਦਰ ਤੇ ਜਵਾਨ ਸੀ। ਉਹਦੀਆਂ ਅੱਖਾਂ ਭੂਰੀਆਂ ਸਨ। ਪਰ ਗੱਲ ਕਰਨ ਲੱਗਿਆਂ ਉਹਦੇ ਮੂੰਹ 'ਚੋਂ ਕੋਈ ਅਵਾਜ਼ ਨਾ ਨਿੱਕਲੇ। ਮੈਂ ਆਪ ਕਿਹਾ, "ਬੀਬੀ ਜੀ ਦੱਸੋ।"

ਉਹਨੇ ਕਿਹਾ, "ਗਰਦਾਵਰ ਜੀ, ਮੈਂ 'ਕੱਲੀ ਜਮੀਨਾਂ ਵੇਖਦੀ ਹਾਂ। ਮੇਰਾ 'ਕੱਲਾ ਪੁੱਤਰ ਬਾਹਰ ਜੰਗਲੀਂ ਫਿਰਦੈ। ਪਿਛਲੇ ਗਰਦਾਵਰ ਨੇ ਸਾਡੇ ਨਾਲ 'ਨਸਾਫ ਨਹੀਂ ਸੀ ਕੀਤਾ। ਦੁਸ਼ਮਣ ਮੋਘੇ ਤੋਂ ਪਾਣੀ ਲਾਓਣ ਨਹੀਂ ਦੇਂਦੇ। ਪੈਸੇ ਦੇਣੇ ਸਾਨੂੰ ਪੈ ਜਾਂਦੇ।"...

ਆਖਦਿਆਂ ਉਹਦੀਆਂ ਅੱਖਾਂ 'ਚੋਂ ਪਾਣੀ ਵਗ ਪਿਆ। ਮੈਨੂੰ ਜਦੇ ਖਿਆਲ ਆਇਆ ਕਿ ਇਹ ਘੁੱਦੇ ਦੀ ਮਾਂ ਏ। ਜਿਸ ਤੋਂ ਸਾਰਾ ਪਿੰਡ ਡਰਦਾ ਏ। ਮੈਂ ਕਿਹਾ, "ਬੀਬੀ , ਜੋ ਪਹਿਲਾਂ ਹੋਇਆ, ਸੋ ਹੋਇਆ। ਮੈਂ ਡੱਕੇ ਜਿੰਨਾ ਗਲਤ ਕੰਮ ਨਹੀਂ ਕਰਨਾ। ਮੇਰੇ ਵੱਲੋਂ ਤੁਸੀਂ ਬੇਫਿਕਰ ਹੋ ਜਾਓ।"

ਤਦ ਉਹਨੇ ਉੱਠਣ ਲੱਗੀ ਨੇ ਇਕ ਪੋਟਲੀ ਜਿਹੀ ਮੇਰੇ ਵੱਲ ਨੂੰ ਸਰਕਾ ਦਿੱਤੀ ਤਾਂ ਮੈਂ ਹੱਥ ਜੋੜ ਕੇ ਕਿਹਾ, "ਮੈਂ ਬੀਬੀ ਜੀ, ਇਹ ਕੰਮ ਨਹੀਂ ਕਰਦਾ। ਮੈਨੂੰ ਆਣ ਐ।"... ਉਹ ਪੋਟਲੀ ਲੈ ਕੇ ਚਲੀਆਂ ਗਈਆਂ। ਮੇਰੀ ਸੋਚ 'ਚ ਉਹ ਜਵਾਨ ਸੋਹਣੀ ਬੀਬੀ ਵੱਸ ਗਈ। ਮੈਂ ਉਹਦੇ ਨਕਸ਼ਾਂ ਵਿਚੋਂ ਆਪਣੀ ਮਾਂ ਦੇ ਨਕਸ਼ ਲੱਭਣ ਲੱਗ ਪਿਆ। ਰੋਜ਼ ਲੱਭਦਾ ਰਿਹਾ। ਸ਼ਾਮ ਨੂੰ ਰਾਹੂ ਕੇਤੂ ਆਏ ਤਾਂ ਮੈਂ ਉਹਨਾਂ ਨੂੰ ਉਹਨਾਂ ਬੀਬੀਆਂ ਦੀ ਕੋਈ ਗੱਲ ਨਾ ਦੱਸੀ।

ਇਕ ਰਾਤ ਨੂੰ ਉਹਨਾਂ ਦੋਹਾਂ ਨੇ ਮੈਨੂੰ ਕੁਝ ਵੱਧ ਈ ਪਿਆ ਦਿੱਤੀ। ਮੈਨੂੰ ਚੜ੍ਹ ਗਈ। ਫੇਰ ਸ਼ਾਮ ਸਿੰਘ ਕਿਸੇ ਜਨਾਨੀ ਨੂੰ ਪਿਆ ਕੇ ਉਹਨੂੰ ਮਿੱਧਣ ਦੀਆਂ ਗੱਲਾਂ ਸੁਣਾਓਣ ਲੱਗ ਪਿਆ। ਉਹ ਵਾਰ-ਵਾਰ ਦੱਸਦਾ ਕਿ ਉਹਦੀ ਗਰਦਣ ਘਰੋੜੇ ਮੰਜੇ ਦੀ ਦੌਣ 'ਚ ਫਸ ਜਾਂਦੀ। ਫੇਰ ਤਾਂ ਉਹਦੀਆਂ ਚੀਕਾਂ ਨਿੱਕਲਣ ਲੱਗਦੀਆਂ।

ਉਹਦੀਆਂ ਗੱਲਾਂ ਸੁਣ ਕੇ ਮੈਨੂੰ ਬਹੁਤ ਤਕਲੀਫ ਹੋਈ। ਮੈਂ ਵੀ ਦੋ ਪੈੱਗ ਹੋਰ ਲਾ ਲਏ। ਫੇਰ ਗੁੱਸੇ 'ਚ ਮੈਂ ਪਤਾ ਨਹੀਂ ਕੀ ਕੁਝ ਬੋਲਦਾ ਰਿਹਾ।... ਜਦ ਮੈਂ ਉੱਚੀ ਬੋਲਣ ਲੱਗ ਪਿਆ ਤਾਂ ਉਹਨਾਂ ਨੇ ਮੇਰੀ ਰੋਟੀ ਮੰਗਾ ਦਿੱਤੀ ਤੇ ਆਪ ਚਲੇ ਗਏ।

ਸਵੇਰੇ ਸੰਤ ਜੀ ਫੇਰ ਲੱਸੀ ਤੇ ਰੋਟੀ ਲਈਂ ਖੜ੍ਹੇ ਸੀ। ਮੈਂ ਮੂੰਹ ਹੱਥ ਧੋ ਕੇ ਖਾਣ ਲੱਗਿਆ ਤਾਂ ਸ਼ਾਮ ਸਿੰਘ ਵੀ ਆ ਗਿਆ। ਉਹ ਪੁੱਛਣ ਲੱਗਿਆ, "ਗਰਦਾਵਰ ਜੀ, ਹੁਣ ਵੀ ਜੀਅ ਕਰਦੈ ਮੇਰੀ ਤੀਵੀਂ ਨਾਲ ਸੌਣ ਨੂੰ?" ... ਉਹਨੇ ਦੱਸਿਆ, "ਤੁਸੀਂ ਰਾਤੀਂ ਸ਼ਰਾਬੀ ਹੋਇਆਂ ਇਹੀ ਕਹੀ ਗਏ ਕਿ ਮੈਂ ਸ਼ਾਮ ਸਿੰਘ ਦੀ ਤੀਵੀਂ ਨਾਲ ਸੌਣੈ। ਹੁਣ ਲਿਆਵਾਂ?"

ਮੈਨੂੰ ਏਸ ਗੱਲ ਦੀ ਬੜੀ ਸ਼ਰਮ ਆਈ। ਦੁਪਹਿਰ ਨੂੰ ਅਸੀਂ ਬਜ਼ਾਰ ਵਿਚੀਂ ਲੰਘੇ ਤਾਂ ਸ਼ਾਮ ਸਿੰਘ ਮੈਨੂੰ ਘੁੰਮਾ ਕੇ ਆਪਣੇ ਘਰ ਲੈ ਗਿਆ। ਉਹਨੇ ਆਪਣੀ ਪਤਨੀ ਨੂੰ ਮਿਲਾਇਆ। ਮੈਂ ਮਸ਼ੀਨ 'ਤੇ ਬੈਠੀ ਓਸ ਆਪਣੀ ਮਾਂ ਵਰਗੀ ਸਿਆਣੀ ਔਰਤ ਨੂੰ ਮੱਥਾ ਟੇਕਿਆ ਤੇ ਪੈਰਾਂ ਨੂੰ ਹੱਥ ਲਾਇਆ। ਨਾਲ ਸ਼ਾਮ ਸਿੰਘ ਵੱਲ ਹੱਥ ਜੋੜੇ ਬਈ ਚੁੱਪ ਰਹੇ। ਉਹਨੂੰ ਦੇਖ ਕੇ ਮੇਰੇ ਮਨ 'ਚ ਆਪਣੀ ਮਾਂ ਦੀ ਭੁੱਲੀ ਵਿੱਸਰੀ ਝੌਲੀ ਜਿਹੀ ਤਸਵੀਰ ਆ ਗਈ ਤੇ ਮੇਰੀਆਂ ਅੱਖਾਂ ਭਿੱਜ ਗਈਆਂ। ...

ਮੈਂ ਆਪਣੀ ਅੰਦਰਲੀ ਗੱਲ ਛੇਤੀ ਕਿਸੇ ਨੂੰ ਦੱਸਦਾ ਨਹੀਂ ਸੀ। ਤਾਈ ਖਾਣ ਪੀਣ ਨੂੰ ਰੱਜਵਾਂ ਦੇਂਦੀ ਸੀ। ਪਰ ਮੈਨੂੰ ਉਹਨੇ ਕਦੇ ਜੱਫੀ ਨਹੀਂ ਸੀ ਲਿਆ। ਮੈਨੂੰ ਤਾਇਆ ਪੜ੍ਹਨ 'ਤੇ ਸ਼ਾਬਾਸ਼ੀ ਦੇਂਦਾ ਸੀ। ਤਾਈ ਥੋੜ੍ਹਾ ਬਹੁਤਾ ਲਾਡ ਕਰਦੀ, ਪਰ ਮੈਨੂੰ ਆਪਣੀ ਮਾਂ ਬਹੁਤ ਯਾਦ ਆਉਂਦੀ। ਪਰ ਮੈਨੂੰ ਆਪਣੀ ਮਾਂ ਦੇ ਚਿਹਰੇ ਦੀ ਪਛਾਣ ਭੁੱਲ ਗਈ ਸੀ। ਘਰ ਕੋਈ ਫੋਟੋ ਵੀ ਨਹੀਂ ਸੀ। ...

ਕੁਝ ਦਿਨਾਂ 'ਚ ਮੈਂ ਸਾਰਾ ਪਿੰਡ ਉਸਮਾਨ ਪੁਰ ਗਾਹ ਕੇ ਦੇਖ ਲਿਆ। ਉੱਚੇ ਥੇਹ 'ਤੇ ਵੱਡੀ ਮਸੀਤ ਦੀ ਥਾਂ ਬਣਿਆ ਗੁਰਦਵਾਰਾ, ਮਿਡਲ ਸਕੂਲ ਤੇ ਪੁਲਸ ਦੀ ਚੌਕੀ।

ਰਾਹੂ ਤੇ ਕੇਤੂ ਨੇ ਦਾਰੂ ਲੈ ਕੇ ਮੇਰੇ ਕੋਲ ਆਉਣਾ ਨਿੱਤ ਦਾ ਨੇਮ ਬਣਾ ਲਿਆ ਸੀ। ਉਹਨਾਂ ਨੇ ਪਟਵਾਰ ਖਾਨੇ ਨੂੰ ਸ਼ਰਾਬ ਖਾਨਾ ਬਣਾ ਲਿਆ। ਮੈਂ ਦਿਨੇਂ ਪੰਡਤ ਜੀ ਤੋਂ ਗਰਦੌਰੀ ਦੀ ਕਰਮਾਂ ਤੇ ਜਰੀਬ ਨਾਲ ਮਿਣਤੀ ਕਰ ਕੇ ਰਕਬਾ ਕੱਢਣ ਦੇ ਗੁਰ ਸਿੱਖਦਾ ਰਹਿੰਦਾ। ਸੂਰਜ ਛਿਪਦਾ ਤਾਂ ਰਾਹੂ ਕੇਤੂ ਆ ਜਾਂਦੇ। ਫੇਰ ਮੈਂ ਵੀ ਦੋ ਤਿੰਨ ਪੈੱਗ ਲੈਣ ਲੱਗ ਪਿਆ। ਓਪਰੇ ਪਿੰਡ ਤੇ ਓਪਰੇ ਘਰ 'ਚ ਮੇਰਾ ਦਿਲ ਘਬਰਾਉਣ ਲੱਗ ਪੈਂਦਾ ਸੀ। ਤਿੰਨ ਪੈੱਗਾਂ ਨਾਲ ਨੀਂਦ ਸੋਹਣੀ ਆ ਜਾਂਦੀ ਸੀ।

ਇਕ ਰਾਤ ਮੈਂ ਤਾਂ ਸ਼ਾਮ ਸਿੰਘ ਨੂੰ ਤੀਵੀਂ ਲਿਆਉਣ ਦਾ ਮਖੌਲ ਈ ਕੀਤਾ ਸੀ। ਪਰ ਰੋਟੀ ਖਾਣ ਬਾਅਦ ਮੈਂ ਇਕ ਕਿਤਾਬ ਪੜ੍ਹ ਰਿਹਾ ਸੀ ਕਿ ਪੌੜੀਆਂ 'ਚ ਕਿਸੇ ਦੇ ਚੜ੍ਹਨ ਦੀ ਅਵਾਜ਼ ਆਈ। ਮੈਂ ਸਾਹਮਣੇ ਦੇਖਿਆ ਤਾਂ ਇਕ ਜਨਾਨੀ ਸੱਚੀਂ ਮੁੱਚੀਂ ਪਟਵਾਰ ਖਾਨੇ ਦਾ ਦਰ ਖੋਲ੍ਹ ਕੇ ਅੰਦਰੋਂ ਕੁੰਡਾ ਲਾ ਕੇ ਖੜ੍ਹ ਕੇ ਮੈਨੂੰ ਦੇਖ ਰਹੀ ਸੀ। ਮੇਰਾ ਤਾਂ ਦਿਲ ਡੁੱਬਣ ਲੱਗ ਪਿਆ। ਉਹ ਮੁਸਕਰਾ ਕੇ ਮੇਰੇ ਮੰਜੇ 'ਤੇ ਬਹਿ ਗਈ। ਉਹ ਬਹੁਤ ਜਵਾਨ ਤੇ ਸੁਹਣੀ ਸੀ। ਫੇਰ ਉਹਨੇ ਲਾਲਟੈਨ ਦੀ ਬੱਤੀ ਬਹੁਤ ਈ ਨੀਵੀਂ ਕਰ ਦਿੱਤੀ। ਫੇਰ ਮੇਰੇ ਨਾਲ ਲੱਗ ਕੇ ਬਹਿ ਕੇ ਹੱਸੀ। ਮੇਰੇ ਮੂੰਹ 'ਚ ਬੋਲ ਨਾ। ਨਾ ਮੇਰੀ ਅੱਖ ਉੱਠੇ। ਉਹ ਆਪਣੀ ਮਰਜੀ ਨਾਲ ਮੈਨੂੰ ਚੁੰਮਦੀ ਤੇ ਹੋਰ ਜੋ ਚਾਹੁੰਦੀ, ਕਰੀ ਗਈ। ਫੇਰ ਉਹਨੇ ਜ਼ੋਰ ਮਾਰ ਕੇ ਮੈਨੂੰ ਨਿਆਣਿਆਂ ਵਾਂਗ ਚੱਕ ਕੇ ਆਪਣੇ ਉੱਪਰ ਕਰ ਲਿਆ। ਉਹਦੀਆਂ ਦੋ ਕੁ ਹਰਕਤਾਂ ਨਾਲ ਮੇਰਾ ਸਾਰਾ ਜਿਸਮ ਉੱਕਾ ਨਿਤਾਣਾ ਹੋ ਗਿਆ। ਉਹਨੇ ਮੈਨੂੰ ਪਿਆਰ ਨਾਲ ਚੁੰਮਿਆ, ਦਿਲਾਸਾ ਦਿੱਤਾ। ਸਾਹ ਲੈਣ ਦਿੱਤਾ। ਫੇਰ ਉਹ ਸੌਖੀ ਹੋ ਕੇ ਹੱਸੀ ਤੇ ਮੈਨੂੰ



ਬੱਚਿਆਂ ਵਾਂਗ ਛਾਤੀ ਨਾਲ ਲਾ ਲਿਆ। ਤੇ ਕੱਪੜੇ ਸੁਆਰ ਕੇ ਬਾਹਰ ਨਿੱਕਲ ਗਈ।

ਮੈਂ ਜਦੇ ਚੁਬਾਰੇ ਦਾ ਕੁੰਡਾ ਲਾ ਕੇ ਆਪਣੇ ਵਾਸੂ ਚੁਬਾਰੇ 'ਚ ਜਾ ਕੇ ਮੰਜੇ 'ਤੇ ਪਿਆ ਏਸ ਕੌਤਕ ਬਾਰੇ ਸੋਚਦਾ ਆਪ ਈ ਹੈਰਾਨ ਹੁੰਦਾ ਰਿਹਾ। ਫੇਰ ਨਹੀਂ ਪਤਾ ਕਿ ਕਦ ਸੌਂ ਗਿਆ। ਏਨੀ ਗੂਹੜੀ ਨੀਂਦ ਮੈਨੂੰ ਪਹਿਲੀ ਵਾਰ ਆਈ ਸੀ।

ਸਵੇਰੇ ਸੰਤ ਜੀ ਨੇ ਆ ਕੇ ਮੈਨੂੰ ਜਗਾਇਆ। ਮੈਂ ਲੱਸੀ ਤਾਂ ਪੀ ਲਈ, ਪਰ ਰੋਟੀ ਨ੍ਹਾ ਧੋ ਕੇ ਖਾਧੀ। ਜਦੇ ਸ਼ਾਮ ਸਿੰਘ ਆ ਗਿਆ। ਉਹ ਮੈਨੂੰ ਦੇਖ ਕੇ ਹੱਸੇ। ਮੈਂ ਨਜ਼ਰ ਨਾ ਮਿਲਾਵਾਂ।... ਉਹ ਚਲੇ ਗਏ ਤਾਂ ਮੈਂ ਪੰਡਤ ਜੀ ਕੋਲ ਚਲਿਆ ਗਿਆ। ਉਹਨਾਂ ਤੋਂ ਈ ਪਤਾ ਲੱਗਿਆ ਕਿ ਇਥੇ ਪੁਲਸ ਚੌਕੀ ਦਾ ਇਨਚਾਰਜ ਥਾਣੇਦਾਰ ਕਸਤੂਰੀ ਲਾਲ ਪੁਰੀ ਸਾਡੇ ਪਿੰਡਾਂ ਵੱਲ ਦਾ ਏ। ਮੈਂ ਘੁੰਮਦਾ ਫਿਰਦਾ ਤੀਜੇ ਕੁ ਪਹਿਰ ਚੌਕੀ ਚਲਿਆ ਗਿਆ। ਮੈਨੂੰ ਸੰਤਰੀ ਨੇ ਰੋਕ ਲਿਆ। ਏਨੇ ਨੂੰ ਥਾਣੇਦਾਰ ਸਾਦਾ ਕੱਪੜਿਆਂ 'ਚ ਇਕ ਕਮਰੇ 'ਚੋਂ ਨਿੱਕਲ ਕੇ ਦੂਜੇ ਵੱਲ ਜਾ ਰਿਹਾ ਸੀ ਕਿ ਮੈਨੂੰ ਦੇਖ ਕੇ ਰੁਕ ਗਿਆ।

ਮੈਂ ਕਿਹਾ, "ਮੈਂ ਏਥੇ ਗਰਦਾਵਰ ਲੱਗ ਕੇ ਆਇਆਂ, ਮੇਰਾ ਪਿੰਡ ਸੌਂਟੀ ਐ, ਥੋਡੇ ਪਿੰਡ ਦੇ ਨਾਲ। ਮੈਂ ਖੁੱਲਰਾਂ ਵਿਚੋਂ ਆਂ।" ... ਉਹਨੇ ਸੰਤਰੀ ਨੂੰ ਹਟਨ ਦੀ ਸੈਨਤ ਕੀਤੀ। ਅਸੀਂ ਅੰਦਰ ਬੈਠੇ ਤਾਂ ਉਹਨੇ ਸਿਪਾਹੀ ਨੂੰ ਭੇਜ ਕੇ ਪਤੌੜ ਮੰਗਾ ਲਏ ਤੇ ਚਾਹ ਧਰਨ ਨੂੰ ਕਹਿ ਦਿੱਤਾ। ਮੈਂ ਉਹਨੂੰ ਪੁੱਛਿਆ ਕਿ ਸਾਰੇ ਪਿੰਡ 'ਚ ਸ਼ਰਾਬ ਦੀਆਂ ਭੱਠੀਆਂ ਚੱਲਦੀਆਂ ਨੇ। ਰਾਤ ਨੂੰ ਡਾਕੂ ਘੋੜਿਆਂ 'ਤੇ ਚੜ੍ਹ ਕੇ ਬਜ਼ਾਰ ਦੇ ਵਿਚੀਂ ਲੰਘਦੇ ਨੇ। ਅਫਸਰ ਨਹੀਂ ਪੁੱਛਦੇ?

ਥਾਣੇਦਾਰ ਪੁਰੀ ਹੱਸ ਪਿਆ। ਕਹਿੰਦਾ, "ਕੋਈ ਇਕ ਥੋੜ੍ਹੈ, ਸਾਰਾ ਪਿੰਡ ਏ ਕਰਦੈ ਕੁਸ਼ ਨਾ ਕੁਸ਼। ਇਕ ਬਦਮਾਸ਼ ਘੁੱਦਾ ਐ। ਉਹ ਰਾਤ ਨੂੰ ਬੀੜ 'ਚੋਂ ਆਉਂਦੈ, ਉਹਦੀ ਘੋੜੀ ਦੇ ਟਾਪਾਂ ਸਾਰੇ ਪਿੰਡ ਨੂੰ ਸੁਣਦੀਆਂ ਨੇ। ਉਹ ਫੇਰ ਬੀੜ 'ਚ ਜਾ ਵੜਦੈ। ਉਹ ਕੋਈ ਕੱਲੈ, ਕਿੰਨੇ ਈ ਗਰੁੱਪ ਫਿਰਦੇ ਨੇ। ਪੁਲਸ ਦਾ ਰੋਅਬ ਆਪਣੇ ਥਾਣੇ 'ਚ ਤੇ ਵਰਦੀ 'ਚ ਈ ਹੁੰਦੈ, ਬੀੜ 'ਚ ਨਹੀਂ ਹੁੰਦਾ।"

ਥਾਣੇਦਾਰ ਦਾ ਖਿਆਲ ਸੀ ਕਿ ਸ਼ਾਮ ਸਿੰਘ ਤੇ ਸੰਤ ਏਨੇ ਮਾੜੇ ਬੰਦੇ ਨਹੀਂ। ਉਹਨਾਂ ਨੂੰ ਭੁਸ ਪਿਆ ਹੋਇਐ ਸਰਕਾਰੀ ਮੁਲਾਜ਼ਮਾਂ ਨਾਲ ਬਣਾ ਕੇ ਰੱਖਣੀ ਤੇ ਹੋਰਾਂ ਦੇ ਕੰਮ ਕਰਵਾ ਕੇ ਕੋਈ ਚੀਜ਼ ਤੇ ਮਹਿਮਾ ਖੱਟਣੀ। ਪਰ ਇਹਨਾਂ ਦੇ ਨਾਲ ਰਹਿਣ ਨਾਲ ਇਲਜ਼ਾਮ ਵੀ ਲੱਗਦੇ ਨੇ। ਇਹ ਆਪ ਵੀ ਚਿੱਠੀਆਂ ਲਿਖਦੇ ਤੇ ਲਿਖਵਾਉਂਦੇ ਰਹਿੰਦੇ ਨੇ। ਦਫਤਰ 'ਚ ਜਦ ਮੈਂ ਪੁਰੀ ਸਾਹਿਬ ਨੂੰ ਚੁਬਾਰੇ 'ਚ ਰਹਿਣ ਦੀ ਗੱਲ ਦੱਸੀ ਤੇ ਕਿਹਾ ਕਿ ਮੇਰੇ ਰਹਿਣ ਤੇ ਰੋਟੀ ਪਾਣੀ ਦਾ ਸਾਰਾ ਪ੍ਰਬੰਧ ਈ ਸ਼ਾਮ ਸਿੰਘ ਦਰਜੀ ਦੇ ਹੱਥ 'ਚ ਐ ਤਾਂ ਉਹਨੇ ਸੋਚ ਕੇ ਕਿਹਾ ਕਿ ਚੰਗਾ ਹੋਵੇ ਜੇ ਤੁਸੀਂ ਘੁੱਦੇ ਦੀ ਹਵੇਲੀ 'ਚ ਜਾ ਰਹੋ। ਇਹ ਉਥੇ ਨਹੀਂ ਆਉਣਗੇ। ਘੁੱਦੇ ਦੀ ਮਾਂ ਨਸੀਬ ਕੌਰ ਬੜੀ ਚੰਗੀ ਐ। ਵਿਚਾਰੀ ਦੁੱਖਾਂ ਦੀ ਮਾਰੀ ਐ। ਘੁੱਦੇ ਦਾ ਬਾਪ ਬਲਕਾਰ ਸਿੰਘ ਬਦਮਾਸ਼ ਸੀ। ਸੋ ਮਾਰਿਆ ਗਿਆ। ਹੁਣ ਤਾਂ ਘੁੱਦਾ ਬੀੜ 'ਚ ਜਾਨ ਬਚਾਉਂਦਾ ਫਿਰਦੈ। ਸਰਕਾਰ ਨਾਲੋਂ ਵੱਧ ਉਹਨੂੰ ਡਰ ਆਪਣੀ ਮਾਂ ਦਾ ਦੁੱਖ ਤੰਗ ਕਰਦਾ ਏ। ਪੁਰੀ ਸਾਹਿਬ ਨੇ ਫੇਰ ਕਿਹਾ, "ਉਹ ਰਾਹੂ ਕੇਤੂ ਤੇਰਾ ਕੁਝ ਵਿਗਾੜ ਤਾਂ ਨਹੀਂ ਸਕਦੇ, ਪਰ ਕਾਹਨੂੰ ਰਹਿਣੈ ਮਾੜੀ ਸੰਗਤ 'ਚ। ਘੁੱਦੇ ਦੀ ਏਡੀ ਹਵੇਲੀ ਏ। ਵਿਚ ਉਹਦੀ ਮਾਂ, ਭੂਆ ਤੇ ਕੰਮ ਕਰਨ ਵਾਲੀ ਕੁੜੀ ਰਹਿੰਦੀ ਏ। ਬਾਹਰ ਨੂੰ ਖੁੱਲ੍ਹਦੇ ਦਰਾਂ ਵਾਲਾ ਕਮਰਾ ਕੱਲ੍ਹ ਨੂੰ ਖਾਲੀ ਕਰਾ ਕੇ ਸਾਫ ਕਰਾ ਦਿਉਂਗਾ। ਫੇਰ ਕੋਈ ਚੰਗਾ ਮਾੜਾ ਬੰਦਾ ਨਹੀਂ ਆਉਣਾ ਉਥੇ। ਜੀਹਨੂੰ ਕੰਮ ਹੋਊ, ਉਹੀ ਆਊਗਾ।"

ਬਚਨੀ ਦੂਜੀ ਵਾਰ ਫੇਰ ਰਾਹੂ ਕੇਤੂ ਦੇ ਜਾਣ ਬਾਅਦ ਆਈ। ਉਹਨੇ ਉਵੇਂ ਮੂੰਹ 'ਤੇ ਕੱਪੜਾ ਪਾਇਆ ਹੋਇਆ ਸੀ। ਮੈਂ ਲਾਲਟਨ ਚੱਕ ਕੇ ਦੂਜੇ ਚੁਬਾਰੇ 'ਚ ਚਲਿਆ ਗਿਆ। ਉਹ ਵੀ ਨਾਲ ਈ ਆ ਗਈ। ਤੇ ਦਰਵਾਜਾ ਬੰਦ ਕਰ ਕੇ ਮੇਰੇ ਵਿਛੇ ਮੰਜੇ 'ਤੇ ਬਹਿ ਗਈ। ਉਹ ਮੂੰਹ ਤੋਂ ਕੱਪੜਾ ਲਾਹ ਕੇ ਹੱਸ ਪਈ। ਉਹਨੂੰ ਦੇਖ ਕੇ ਮੇਰੇ ਹੱਥ ਜੁੜ ਗਏ।... ਆਪ ਤੋਂ ਵੱਡਿਆਂ ਸਾਹਮਣੇ ਏਸ ਤਰ੍ਹਾਂ ਹੱਥ ਜੋੜਨੇ, ਨਮਸਤੇ ਜਾਂ ਪੈਰੀ ਪੈਣਾ ਕਹਿਣਾ ਮੇਰੀ ਆਰੀਆ ਸਕੂਲ 'ਚ ਪੜ੍ਹਣ ਵੇਲੇ ਦੀ ਆਦਤ ਬਣੀ ਹੋਈ ਸੀ।

ਉਹ ਮੇਰੇ ਨਾਲ ਪੰਜ ਸੱਤ ਗੱਲਾਂ ਕਰ ਕੇ ਚਲੀ ਗਈ ਤਾਂ ਮੈਂ ਕਿੰਨਾ ਈ ਚਿਰ ਉਹਦੇ ਬਾਰੇ ਸੋਚਦਾ ਰਿਹਾ।... ਬਚਨੀ ਕਿੰਨੀ ਚੰਗੀ ਜਨਾਨੀ ਏ। ਉਹ ਜਾਂਦੀ ਏ ਤਾਂ ਮੈਨੂੰ ਵਿਗੋਚਾ ਜਿਹਾ ਹੁੰਦਾ ਏ, ਜਿਵੇਂ ਮੇਰੀ ਮਾਂ ਵਰਗੀ ਜਾਂ ਦੀਪੀ ਭਾਬੀ ਵਰਗੀ ਕੋਈ ਤੁਰ ਗਈ ਹੋਵੇ। ਉਹਨੂੰ ਜਾਂ ਹੋਰ ਮੇਰੀਆਂ ਕੁਝ ਲੱਗਦੀਆਂ ਨੂੰ ਯਾਦ ਕਰ ਕੇ ਮੈਂ ਚੁਬਾਰੇ 'ਚ ਕੱਲਾ ਪਿਆ ਤੇ ਪਹਿਲੀ ਵਾਰ ਟੱਬਰ ਤੋਂ ਦੂਰ ਰਹਿਣ ਵਾਲਾ ਹੋਣ ਕਰ ਕੇ ਰੋ ਪੈਂਦਾ। ਫੇਰ ਕਿੰਨਾ ਈ ਚਿਰ ਪਿੰਡ ਨੂੰ ਯਾਦ ਕਰੀ ਜਾਂਦਾ।

ਇਕ ਵਾਰੀ ਬਚਨੀ ਉੱਠ ਕੇ ਜਾਣ ਲੱਗੀ ਤਾਂ ਮੇਰੇ ਕੋਲੋਂ ਉਹਨੂੰ ਫੜ ਕੇ ਰੋਕ ਹੋ ਗਿਆ। ਮੇਰਾ ਦਿਲ ਚਾਹਵੇ ਕਿ ਇਹ ਨਾ ਜਾਵੇ। ਉਹਨੇ ਮੇਰਾ ਮੱਥਾ ਚੁੰਮ ਕੇ ਮੇਰਾ ਸਿਰ ਆਪਣੀ ਛਾਤੀ ਨਾਲ ਲਾ ਲਿਆ। ਤੇ ਸਿਰ ਪਲੋਸ ਕੇ ਚਲੀ ਗਈ।.. ..ਮੈਨੂੰ ਕਾਫੀ ਦਿਨਾਂ ਬਾਅਦ 'ਚ ਪਤਾ ਲੱਗਿਆ ਕਿ ਇਹ ਜਨਾਨੀ ਲੁੱਚੀ ਬਦਮਾਸ਼ ਨਹੀਂ। ਇਹ ਤਾਂ ਗੋਦੀ ਹਰੀ ਕਰਾਉਣ ਦੀ ਮਾਰੀ ਪਿਆਰ ਦੇ ਤਰਲ਼ੇ ਲੈਂਦੀ ਫਿਰਦੀ ਏ ਵਿਚਾਰੀ।

ਇਹ ਗੱਲ ਮੈਨੂੰ ਥਾਣੇਦਾਰ ਪੁਰੀ ਨੇ ਦੱਸੀ। ਤੀਜੀ ਵਾਰ ਜਦ ਬਚਨੀ ਆਈ ਤਾਂ ਮੇਰਾ ਮਨ ਬਹੁਤ ਬਦਲਿਆ ਹੋਇਆ ਸੀ। ਉਹ ਮੈਨੂੰ ਆਪਣੇ ਸਾਕਾਂ ਦੇ ਜੀਅ ਵਰਗੀ ਲੱਗੀ, ਇੱਜ਼ਤ ਵਾਲੀ ਔਰਤ। ਮੈਂ ਉਹਦੇ ਪਿਆਰ 'ਚ ਪੂਰਾ ਉਹਦਾ ਹੋ ਗਿਆ ਸੀ। ਤੇ ਉਹਨੂੰ ਚਾਹ ਬਨਾਉਣ ਨੂੰ ਕਿਹਾ। ਅਸੀਂ ਦੋਹਾਂ ਨੇ ਚਾਹ ਪੀਤੀ ਤਾਂ ਮੈਨੂੰ ਬੜਾ ਸੁਖ ਮਿਲਿਆ।

ਥਾਣੇਦਾਰ ਪੁਰੀ ਨੇ ਈ ਮੇਰੇ ਰਹਿਣ ਦਾ ਸਾਰਾ ਪ੍ਰਬੰਧ ਕਰਾ ਦਿੱਤਾ। ਹਵੇਲੀ ਦੇ ਵੱਖੀ ਵੱਲ ਖੁੱਲ੍ਹਦੇ ਵੱਡੇ ਕਮਰੇ ਨੂੰ ਪਟਵਾਰ ਖਾਨਾ ਬਣਾ ਦਿੱਤਾ ਤੇ ਉਹਦੇ ਵਿਚੀਂ ਨਿੱਕਲਦਾ ਦੂਜਾ ਕਮਰਾ ਮੇਰੀ ਰਿਹਾਇਸ਼ ਲਈ। ਉਹਦਾ ਬੂਹਾ ਅੰਦਰ ਬਰਾਂਡੇ ਵੱਲ ਵੀ ਖੁੱਲ੍ਹਦਾ ਸੀ। ਘਰ 'ਚ ਝਿਊਰਾਂ ਦੀ ਜਵਾਨ ਕੁੜੀ ਬੰਤੋ ਕੰਮ ਕਰਦੀ ਸੀ। ਉਹ ਵੀ ਮੇਰੇ ਆਉਣ 'ਤੇ ਖੁਸ਼ ਸੀ। ਘਰ 'ਚ ਰੌਣਕ ਆ ਗਈ ਸੀ। 'ਕੀ ਚਾੜ੍ਹਨੈ, ਕੀ ਚੰਗਾ ਲੱਗਦੈ' ਵਰਗੀਆਂ ਗੱਲਾਂ ਹੋਣ ਲੱਗ ਪਈਆਂ ਸਨ। ਬੀਬੀ ਨਸੀਬ ਕੌਰ ਆਪ ਵਿਹਲੀ ਹੁੰਦੀ ਤਾਂ ਮੇਰੇ ਕੋਲ ਆ ਕੇ ਗੱਲਾਂ ਕਰ ਲੈਂਦੀ ਸੀ। ਉਹ ਮੇਰੇ ਘਰ ਦੇ ਜੀਆਂ ਬਾਰੇ ਪੁੱਛਦੀ ਰਹਿੰਦੀ ਤੇ ਖੁਸ਼ ਹੁੰਦੀ। ਉਹਦੇ ਘਰ ਕੋਈ ਘੱਟ ਵੱਧ ਈ ਜਾਂਦਾ ਸੀ। ਕਦੇ-ਜਦ ਘੁੱਦਾ ਆਪਣੇ ਜੱਥੇ ਨਾਲ ਘਰ ਰੁਕਦਾ ਤਾਂ ਉਹ ਵੀ ਮੇਰੇ ਨਾਲ ਜਮੀਨ ਤੇ ਗਰਦੌਰੀ ਤੇ ਆਬਿਆਨੇ ਦੀਆਂ ਗੱਲਾਂ ਕਰ ਲੈਂਦਾ ਸੀ। ਉਹ ਆਪਣੀ ਮਾਂ ਵਰਗਾ ਖੂਬਸੂਰਤ ਸਜੀਲਾ ਜਵਾਨ ਸੀ। ਉਹਦੀ ਗੱਲ ਬਾਤ ਡਾਕੂਆਂ ਵਰਗੀ ਨਹੀਂ ਸੀ। ਘਰ 'ਚ ਭੂਆ ਨੂੰ ਮੈਂ ਵੀ ਭੂਆ ਈ ਕਹਿਣ ਲੱਗ ਗਿਆ ਸੀ। ਉਹਦੇ ਨਾਲ ਗੱਲਾਂ ਕਰ ਕੇ ਬੜੀ ਖੁਸ਼ੀ ਹੁੰਦੀ ਸੀ। ਉਹ ਪਾਕਿਸਤਾਨ 'ਚ ਬਹੁਤ 'ਸਮਾਨ ਨਾਲ ਭਰੇ ਆਪਣੇ ਘਰ ਦੀ, ਕਾਫਲੇ ਨਾਲ ਆਉਣ ਤੇ ਜ਼ਮੀਨ ਦੀਆਂ ਦੋ ਢੇਰੀਆਂ ਇਕ ਥਾਂ ਅਲਾਟ ਕਰਨ ਦੀਆਂ ਗੱਲਾਂ ਕਰਦੀ ਰਹਿੰਦੀ।

ਹੁਣ ਪਟਵਾਰ ਖਾਨੇ 'ਚ ਉਹੀ ਆਉਂਦਾ ਸੀ, ਜੀਹਨੂੰ ਕੋਈ ਕੰਮ ਹੁੰਦਾ ਸੀ। ਉਹ ਵੀ



ਨੰਬਰਦਾਰ ਹਰਨਾਮ ਸਿੰਘ ਨੂੰ ਨਾਲ ਲੈ ਕੇ। ਆਪਣਾ ਕੰਮ ਕਰਾਉਂਦਾ ਤੇ ਚੁੱਪ ਕਰ ਕੇ ਤੁਰ ਜਾਂਦਾ। ਇਕ ਦਿਨ ਮੰਗਲ ਖੱਤਰੀ ਘੋੜੀ ਵਾਸਤੇ ਨਵੀਂ ਕਾਠੀ ਲੈ ਕੇ ਆਇਆ। ਓਸ ਉੱਚੇ ਲੰਮੇ ਬਾਰੀਏ ਖੱਤਰੀ 'ਚ ਏਧਰਲੇ ਖੱਤਰੀਆਂ ਵਾਲੀ ਕੋਈ ਗੱਲ ਨਹੀਂ ਸੀ। ਨਵੀਂ ਕਾਠੀ ਹੋ ਰਹੀ ਗਰਦੌਰੀ ਦੀ ਨਿਸ਼ਾਨੀ ਸੀ। ਮੈਂ ਉਹਨੂੰ ਖੱਤਰੀ ਭਾਈ ਮੰਨ ਕੇ ਪਾਕਿਸਤਾਨ ਤੋਂ ਆਉਣ ਦੀ ਵਿਥਿਆ ਸੁਣਦਾ ਰਿਹਾ। ਮੰਗਲ ਦੁਖੀ ਸੀ ਕਿ ਉਹਦੇ ਮੁੰਡੇ ਪੜ੍ਹੇ ਨਹੀਂ। ਜੱਟਾਂ 'ਚ ਰਹਿ ਕੇ ਜੱਟ ਹੋ ਗਏ ਨੇ। ਕਰਨਾਲ ਵਸੇ ਉਹਦੇ ਸਹੁਰੇ ਤੇ ਸਾਲੇ ਨੇ। ਉਹ ਖੇਤੀ ਨਈਂ ਕਰਦੇ, ਜ਼ਮੀਨ ਠੇਕੇ 'ਤੇ ਦੇਂਦੇ ਨੇ। ਉਹਨਾਂ ਨੇ ਚੰਗੇ ਕਾਰੋਬਾਰ ਚਲਾ ਲਏ ਨੇ।

ਫੇਰ ਉਹ ਉੱਠ ਕੇ ਹਵੇਲੀ ਦੇ ਅਗਲੇ ਪਾਸੇ ਬੱਝੀ ਆਪਣੀ ਘੋੜੀ ਦੇਖ ਕੇ ਤੇ ਮੈਨੂੰ ਕਿਸੇ ਚੀਜ਼ ਦੀ ਲੋੜ ਪੁੱਛ ਕੇ ਚਲਿਆ ਗਿਆ।... ਇਕ ਦਿਨ ਇਕ ਸਿਪਾਹੀ ਮੈਨੂੰ ਲੈਣ ਲਾਇਆ। ਥਾਣੇਦਾਰ ਨੇ ਬੁਲਾਇਆ ਸੀ। ਉਹਨੇ ਖਾਣੇ ਦੀ ਦਾਅਵਤ ਦਿੱਤੀ ਸੀ। ਉਹਦੀ ਪਤਨੀ ਤੇ ਇਕ ਬੱਚਾ ਆ ਗਏ ਸੀ। ਉਹ ਸ਼ਾਮ ਬੜੀ ਸੋਹਣੀ ਲੰਘੀ। ਉਹਦੀ ਪਤਨੀ ਖੰਨੇ ਦੇ ਨਾਲ ਦੇ ਪਿੰਡ ਤੋਂ ਸੀ। ਸਾਡੀ ਦੂਰ ਦੀ ਰਿਸ਼ਤੇਦਾਰੀ ਵੀ ਨਿੱਕਲ ਆਈ। ਉਹ ਝੱਟ ਮੇਰੀ ਭੈਣ ਬਣ ਗਈ। ਸਾਡੀਆਂ ਮਾਸੀਆਂ ਦੀ ਕੋਈ ਸਕੀਰੀ ਸੀ। ਓਸ ਦਿਨ ਮੈਨੂੰ ਰੋਟੀ ਖਾਣ ਦਾ ਸੁਆਦ ਆਪਣੇ ਘਰ ਵਰਗਾ ਲੱਗਿਆ। ਅਸੀਂ ਚੁਲ੍ਹੇ ਦੇ ਨੇੜੇ ਚੌਂਕੇ 'ਚ ਬਹਿ ਕੇ ਰੋਟੀ ਖਾਧੀ।

ਜਦ ਮੈਂ ਆਪਣੇ ਕਮਰੇ 'ਚ ਰੋਟੀ ਖਾਂਦਾ ਹੁੰਦਾ ਤਾਂ ਬੀਬੀ ਨਸੀਬ ਕੌਰ ਬੜੀ ਖੁਸ਼ ਹੁੰਦੀ, ਜਿਵੇਂ ਉਹਦੀ ਹਵੇਲੀ 'ਚ ਸਰਕਾਰ ਈ ਆ ਗਈ ਹੋਵੇ। ਉਹਦੇ ਮਨ 'ਚ ਵਸਿਆ ਪੁਲਿਸ ਦਾ ਡਰ ਵੀ ਚੱਕਿਆ ਗਿਆ ਸੀ। ਥਾਣੇਦਾਰ ਦੂਜੇ ਤੀਜੇ ਦਿਨ ਮੈਨੂੰ ਖਾਣੇ 'ਤੇ ਬੁਲਾ ਲੈਂਦਾ ਸੀ। ਸਾਨੂੰ ਰੋਟੀ ਦੇ ਨਾਲ ਆਪਣੇ ਪਿੰਡਾਂ, ਸਾਕਾਂ ਤੇ ਹੋਰ ਲੋਕਾਂ ਦੀਆਂ ਗੱਲਾਂ ਕਰ ਕੇ ਵੱਧ ਸੁਆਦ ਆਉਂਦਾ।

ਬੀਬੀ ਨਸੀਬ ਕੌਰ ਕਦੇ-ਕਦੇ ਗਰਮੀ ਵਧਣ 'ਤੇ ਮੇਰੇ ਨੇੜੇ ਹੋ ਕੇ ਮੈਨੂੰ ਆਪਣੀ ਚੁੰਨੀ ਦਾ ਪੱਲਾ ਝੱਲਣ ਲੱਗ ਪੈਂਦੀ। ਮੈਨੂੰ ਉਹਦੀ ਚੁੰਨੀ ਵਿਚੋਂ ਉਹੋ ਜਿਹੀ ਹੀ ਖੱਟੀ-ਖੱਟੀ ਬਾਸ ਆਉਂਦੀ, ਜਿਹੋ ਜਿਹੀ ਬਚਨੀ ਜਾਂ ਮੇਰੀ ਤਾਈ ਦੀ ਚੁੰਨੀ 'ਚੋਂ ਆਉਂਦੀ ਹੁੰਦੀ ਸੀ। ਤਦ ਮੈਨੂੰ ਨਸੀਬ ਕੌਰ ਨਾਲ ਬਹੁਤ ਪਿਆਰ ਜਾਗਦਾ। ਦਿਲ ਏਨਾ ਭਰ ਜਾਂਦਾ ਕਿ ਮੈਂ ਸੋਚਦਾ ਕਿ ਮੈਂ ਇਹਦਾ ਕੀ ਰਿਸ਼ਤੇਦਾਰ ਬਣਾ ਸਕਦਾ ਹਾਂ ? ਇਹ ਏਨੀ ਪਿਆਰੀ ਲੱਗਦੀ ਏ ਕਿ ਇਹਨੂੰ ਭੈਣ ਕਹਾਂ, ਚਾਚੀ ਆਖਾਂ ਜਾਂ ਬੀਬੀ। ਉਹ ਸੱਚਮੁੱਚ ਬੱਚਿਆਂ ਵਾਂਗ ਮੇਰਾ ਖਿਆਲ ਰੱਖਦੀ ਸੀ। ਮੇਰੇ ਕੱਪੜੇ ਵੀ ਧੋ ਦੇਂਦੀ ਸੀ। ਪਰ ਮੈਂ ਆਪਣਾ ਕੱਛਾ ਤੇ ਬਿਸਤਰੇ ਦੀ ਚਾਦਰ ਉਹਦੇ ਚੁੱਕਣ ਤੋਂ ਪਹਿਲਾਂ ਈ ਧੋ ਦੇਂਦਾ ਸੀ। ਮੇਰੇ ਇਹ ਕੱਪੜੇ ਪਲੀਤ ਹੋਏ ਹੁੰਦੇ ਸੀ। ਮੈਂ ਨਹੀਂ ਸੀ ਚਾਹੁੰਦਾ ਕਿ ਮੇਰੀ ਕੋਈ ਮਾਂ ਜਾਂ ਭੈਣ ਮੇਰੇ ਗੰਦੇ ਕੱਪੜਿਆਂ ਨੂੰ ਹੱਥ ਲਾਵੇ।

ਰਾਤ ਨੂੰ ਮੈਂ ਜਦ ਵੀ ਬੀਬੀ ਨਸੀਬ ਕੌਰ ਬਾਰੇ ਸੋਚਦਾ ਤਾਂ ਮੈਨੂੰ ਬਚਨੀ ਜ਼ਰੂਰ ਯਾਦ ਆਉਂਦੀ। ਉਹਦਾ ਦੇਖਣਾ। ਉਹਦਾ ਮੁਸਕਰਾਣਾ ਤੇ ਫੇਰ ਮੈਨੂੰ ਘੁੱਟ ਕੇ ਪਿਆਰ ਕਰਨਾ।... ਮੇਰਾ ਦਿਲ ਕਰਦਾ ਕਿ ਬਚਨੀ ਵੀ ਏਥੇ ਆ ਜਾਵੇ। ਪਰ ਏਥੇ ਛੱਪੜ ਦੇ ਪਾਰ ਦੇ ਘਰਾਂ ਦਾ ਕੋਈ ਆਦਮੀ ਵੀ ਨਹੀਂ ਸੀ ਆ ਸਕਦਾ। ਮੈਂ ਬਚਨੀ ਨੂੰ ਯਾਦ ਕਰਦਾ ਸੌਂ ਜਾਂਦਾ।

ਮੇਰੀ ਪਹਿਲੀ ਗਰਦੌਰੀ ਸਾਉਣੀ ਦੀ ਸ਼ੁਰੂ ਹੋਈ ਤਾਂ ਮੈਂ ਨੰਬਰਦਾਰ ਹਰਨਾਮ ਸਿੰਘ ਤੇ ਚਰਨੇ ਚੌਕੀਦਾਰ ਨੂੰ ਜਰੀਬ-ਕਸ਼ ਦੇ ਤੌਰ 'ਤੇ ਨਾਲ ਲੈ ਲਿਆ। ਮੈਨੂੰ ਵਿੰਗੇ ਟੇਢੇ ਖੱਤਿਆਂ ਦਾ ਰਕਬਾ ਕੱਢਣਾ ਤਾਂ ਸੌਖਾ ਸੀ, ਪਰ ਆਬਿਆਨਾ ਲਾਉਣ ਜਾਂ ਨਾ ਲਾਉਣ ਦਾ ਫੈਸਲਾ ਕਰਨਾ ਔਖਾ

ਸੀ। ਕਦੇ ਕੋਈ ਗਰੀਬ ਜੱਟ ਮਾਰਿਆ ਜਾਂਦਾ ਤੇ ਕਦੇ ਕੋਈ ਡਾਢਾ ਬਚ ਜਾਂਦਾ। ਕਦੇ ਮਾੜਾ ਇਕ ਅੱਧਾ ਪਾਣੀ ਲਾ ਕੇ ਫਸ ਜਾਂਦਾ। ਇਹੀ ਗਰਦੌਰ ਦੀ ਅਫਸਰੀ ਸੀ। ਏਸੇ ਨਾਲ ਉਹ ਖਾਂਦਾ ਪੀਂਦਾ ਸੀ।

ਮੈਂ ਥੱਕ ਹਾਰ ਕੇ ਜਦ ਆਥਣੇ ਘਰ ਮੁੜਦਾ ਤਾਂ ਬੀਬੀ ਆ ਜਾਂਦੀ। ਉਹ ਆਪਣੇ ਸ਼ਰੀਕਾਂ ਦੀ ਰਿਪੋਟ ਮੰਗਦੀ। ਫੇਰ ਰਾਤ ਨੂੰ ਉਹਦੇ ਧੜੇ ਦੇ ਬੰਦੇ ਆ ਜਾਂਦੇ। ਮੈਂ ਕਦੇ ਮਲ੍ਹਕ ਦੇਣੀ ਉੱਠ ਕੇ ਉਦਾਸੀ ਸੰਤਾਂ ਦੇ ਚਲਿਆ ਜਾਂਦਾ ਜਾਂ ਥਾਣੇਦਾਰ ਦੇ ਜਾ ਵੜਦਾ। ਉਹ ਕਿਤੇ ਗਿਆ ਹੁੰਦਾ ਤਾਂ ਭੈਣ ਨਾਲ ਚਾਰ ਗੱਲਾਂ ਕਰ ਆਉਂਦਾ। ਮੈਨੂੰ ਇਹ ਨੌਕਰੀ ਤੇ ਇਹ ਪਿੰਡ ਚੰਗਾ ਲੱਗਣ ਲੱਗ ਪਿਆ ਸੀ। ਮੇਰਾ ਥੋੜ੍ਹਾ ਜਿਹਾ ਦਿਲ ਗਿਆਨੀ ਦੇ ਇਮਤਿਹਾਨ ਦੀ ਤਿਆਰੀ ਕਰਦੇ ਇਕ ਆਪਣੀ ਉਮਰ ਦੇ ਮਾਸਟਰ ਨੇ ਲਾ ਦਿੱਤਾ ਸੀ।

ਇਕ ਵਾਰ ਮੈਨੂੰ ਬੁਖਾਰ ਹੋ ਗਿਆ। ਮੈਂ ਦੁੱਖ 'ਚ ਹੂੰਘਰਾਂ ਤੇ ਆਪਣੇ ਘਰ ਵਾਲੇ ਸੁਖ ਭਾਲਾਂ। ਪੁਰੀ ਸਾਹਿਬ ਨੂੰ ਪਤਾ ਲੱਗਿਆ ਤਾਂ ਉਹਨਾਂ ਨੇ ਨੇੜਲੇ ਪਿੰਡੋਂ ਡਾਕਟਰ ਬੁਲਾ ਲਿਆ। ਮੈਂ ਸੰਤਾਂ ਤੋਂ ਵੀ ਜੁਸ਼ਾਂਦਾ ਮੰਗਵਾ ਲਿਆ ਸੀ। ਡਾਕਟਰ ਗਿਆ ਤਾਂ ਬੀਬੀ ਆ ਗਈ। ਉਹ ਪਿੰਡ 'ਚ ਕਿਸੇ ਦੇ ਗਈ ਹੋਈ ਸੀ। ਘਰ 'ਚ ਭੂਆ ਤੇ ਬੰਤੋ ਈ ਸੀ। ਉਹਨਾਂ ਨੇ ਈ ਮੈਨੂੰ ਜੋਸ਼ਾਂਦਾ ਬਣਾ ਕੇ ਦਿੱਤਾ। ਬੀਬੀ ਪਰੇਸ਼ਾਨ ਹੋ ਕੇ ਮੇਰੇ ਸਰ੍ਹਾਣੇ ਬਹਿ ਕੇ ਹਾਲ ਪੁੱਛਣ ਲੱਗੀ। ਮੈਂ ਚਾਹੁੰਦਾ ਸੀ ਕਿ ਇਹੋ ਰਾਤ ਦਿਨ ਮੇਰੇ ਸਰ੍ਹਾਣੇ ਬੈਠੀ ਰਹਵੇ। ਮੈਨੂੰ ਆਪਣੇ ਘਰ ਈ ਰੱਖ ਲਵੇ, ਕੁਝ ਵੀ ਬਣਾ ਕੇ।

**ਜੋ ਬੋਲੇ ਸੋ ਗ਼ੱਦਾਰ**
**ਨ੍ਰਿਪਇੰਦਰ ਰਤਨ**
ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਮੋਹਾਲੀ

**ਆਖ਼ਰੀ ਬਾਬੇ**
(ਨਾਵਲ)
**ਜਸਬੀਰ ਮੰਡ**
ਪ੍ਰਕਾਸ਼ਕ : ਔਟਮ ਆਰਟ, ਬਾਲੀਆਂ



# ਦੂਰੀਆਂ/ਜਿੰਦਰ

ਮੈਥੋਂ ਵੱਡੀ ਜੀਤਾਂ ਦਾ ਫੋਨ ਆਵੇ ਤਾਂ ਉਹ ਇਹ ਗੱਲ ਕਹਿਣਾ ਕਦੇ ਨਹੀਂ ਭੁੱਲਦੀ, "ਤੈਨੂੰ ਆਏ ਨੂੰ ਬਹੁਤ ਚਿਰ ਹੋ ਗਿਆ। ... ਹੁਣ ਆ ਕੇ ਮਿਲ ਵੀ ਜਾ... ਨਦੀ ਨਾਮ ਸੰਯੋਗੀ ਮੇਲੇ...।" ਜੇ ਮੈਂ ਫੋਨ ਕਰਾਂ ਤਾਂ ਮੇਰੇ ਮੂੰਹੋਂ ਵੀ ਨਿਕਲ ਜਾਂਦਾ, "ਲੈ ਤਾਂ, ਤੂੰ ਹੁਣ ਆਉਂਦੀ ਹੀ ਨ੍ਹੀਂ। ਕਦੇ ਘਰਾਂ ਦੇ ਖਲਜਗਣ ਵੀ ਮੁੱਕੇ ਆ। ਅਜੇ ਮੈਂ ਬੈਠਾਂ। ਤੇਰਾ ਆਪਣਾ ਘਰ ਆ। ਕੁੜੀਆਂ ਦਾ ਪੇਕਿਆਂ ਦਾ ਘਰ ਆਪਣਾ ਹੀ ਹੁੰਦਾ। ਮੈਂ ਕੋਈ ਬਹਾਨਾ ਨ੍ਹੀਂ ਸੁਣਨਾ, ਬਸ ਇਸੇ ਹਫਤੇ ਆ ਜਾ।"

ਹੁਣ ਨਾ ਤਾਂ ਮੈਂ ਪਹਿਲਾਂ ਵਾਂਗੂ ਸੈਲੇ ਜਾਂਦਾ ਹਾਂ, ਨਾ ਹੀ ਉਹ ਪਹਿਲਾਂ ਵਾਂਗੂ ਜਲੰਧਰ ਆਉਂਦੀ ਹੈ।

ਤਿੰਨ-ਚਹੁੰ ਮਹੀਨਿਆਂ ਬਾਅਦ, ਮੇਰੇ ਬਹੁਤਾ ਜ਼ੋਰ ਪਾਉਣ 'ਤੇ ਆਉਂਦੀ। ਗੱਲੀਂ-ਬਾਤੀਂ ਬੀਰੋ ਨੂੰ ਸੁਣਾ ਦਿੰਦੀ, "ਮੈਂ ਤਾਂ ਤਲਵਿੰਦਰ ਦੇ ਕਹੇ 'ਤੇ ਆਈ ਆਂ। ਬਾਕੀਆਂ ਲਈ ਤਾਂ ਮੈਂ ਹੋਈ ਜਾਂ ਨਾ ਹੋਈ, ਇਕ ਬਰੋਬਰ ਆਂ।" ਬੀਰੋ ਕਿਹੜੀ ਘੱਟ ਹੈ। ਉਹਦੀ ਜ਼ਬਾਨ 'ਤੇ ਪਹਿਲਾਂ ਹੀ ਜੁਆਬ ਪਿਆ ਹੁੰਦਾ, "ਦੀਦੀ, ਇਹ ਨਾ ਕਹੋ। ਦੱਸੋ ਮੈਂ ਕਦੇ ਫਰਕ ਕੀਤਾ। ਰੱਖੜੀਆਂ ਨੂੰ ਅਜੇ ਦੋ ਮਹੀਨੇ ਪਏ ਆ, ਮੈਂ ਤਾਂ ਤੁਹਾਡੇ ਦੋਹਾਂ ਭੈਣਾਂ ਲਈ ਸੂਟ ਖਰੀਦ ਰੱਖੇ। ਆਹ ਨਿਆਣਿਆਂ ਨੇ ਮੱਤ ਮਾਰ ਰੱਖੀ। ਇਹੀ ਪੇਸ਼ ਨ੍ਹੀਂ ਜਾਣ ਦਿੰਦੇ। ਜਿੰਨੇ ਵੱਡੇ ਹੋ ਗਏ ਓਨੇ ਹੀ ਸਤਾਉਣ ਲੱਗ ਪਏ। ਪੁੱਛ ਲਓ ਭਾਵੇਂ ਆਪਣੇ ਭਰਾ ਨੂੰ। ਮੈਂ ਤਾਂ ਕਿੰਨੇ ਦਿਨਾਂ ਦੀ ਕਹਿ ਰਹੀ ਆਂ ਕਿ ਚੱਲੋ ਦੀਦੀ ਨੂੰ ਮਿਲ ਕੇ ਆਈਏ। ਪਤਾ ਨ੍ਹੀਂ ਕਿਸ ਗੱਲੋਂ ਨਰਾਜ਼ ਆ।" ਜੀਤਾਂ ਵੀ ਉਸ ਨੂੰ ਅੱਗੋਂ ਬਗਲ ਲੈਂਦੀ, "ਮੇਰੇ ਕੋਲ ਆਉਣ ਦੀ ਕੀ ਲੋੜ ਆ। ਤੈਨੂੰ ਆਪਣੇ ਭੈਣ-ਭਰਾਵਾਂ ਵੱਲੋਂ ਵਿਹਲ ਮਿਲੇ ਤਾਂ ਮੇਰੇ ਵੱਲ ਆਵੇਂ। ਜੇ ਮੈਂ ਆਉਣਾ ਵੀ ਚਾਹਾਂ ਤਾਂ ਨਿਆਣੇ ਰੋਕ ਦਿੰਦੇ ਆ। 'ਲਓ ਮਾਮਾ ਤੇ ਮਾਮੀ ਤਾਂ ਆਉਂਦੇ ਨ੍ਹੀਂ, ਤੂੰ ਹੀ ਜਾਣ ਨੂੰ ਕਾਹਲੀ ਰਹਿੰਦੀ ਆਂ।' ਦੱਸ ਉਨ੍ਹਾਂ ਦੀ ਗੱਲ ਝੂਠ ਆ।" ਬੀਰੋ ਥੋੜ੍ਹਾ ਕੁ ਚਿਰ ਰੁਕ ਜਾਂਦੀ। ਕੋਈ ਹੋਰ ਗੱਲ ਲੱਭ ਲੈਂਦੀ। "ਤੁਹਾਡੀ ਨੂੰਹ ਹੈਗੀ ਘਰ ਬਾਰ ਸਾਂਭਣ ਵਾਲੀ। ਤੁਸੀਂ ਦੋ-ਚਾਰ ਦਿਨ ਕਿਤੇ ਵੀ ਰਹਿ ਆਓ। ਇਸ ਗੱਲ ਦਾ ਤਾਂ ਕੋਈ ਫਿਕਰ ਨ੍ਹੀਂ ਹੁੰਦਾ ਕਿ ਪਿੱਛੋਂ ਰੋਟੀ-ਪਾਣੀ ਕੌਣ ਪਕਾਊ।" ਇਸ ਗੱਲ ਦਾ ਜੀਤਾਂ ਕੋਲ ਕੋਈ ਜੁਆਬ ਨਾ ਹੁੰਦਾ। ਉਹ ਮੇਰੇ ਵੱਲ ਦੇਖ ਕੇ ਪਹਿਲਾਂ ਮੁਸਕਰਾਉਂਦੀ। ਫੇਰ ਹੱਥ 'ਤੇ ਹੱਥ ਮਾਰ ਕੇ ਤਾੜੀ ਮਾਰਦੀ, "ਦੇਖੀ ਫੇਰ ਨਨਾਣ-ਭਰਜਾਈ ਦੀ ਤੂੰ-ਤੂੰ, ਮੈਂ-ਮੈਂ। ਸਹੁੰ ਤੇਰੀ ਲੱਗੇ, ਜਦੋਂ ਤੂੰ ਮੇਰੀਆਂ ਗੱਲਾਂ ਦਾ ਜੁਆਬ ਦਿੰਦੀ ਆਂ ਤਾਂ ਇਕ ਵਾਰ ਰੂਹ ਰਾਜ਼ੀ ਹੋ ਜਾਂਦੀ। ਉਹ ਕਾਹਦੀ ਜਨਾਨੀ ਜਿਹੜੀ ਪਹਿਲੇ ਦਬਕੇ 'ਤੇ ਹੀ ਝਿਬ ਜਾਏ। ਅਸ਼ਕੇ ਜਾਵਾਂ ਤੇਰੇ ਬੀਰੋ ਰਾਣੀਏ। ਇਹ ਅਕਲ ਤਾਂ ਮੈਂ ਤੈਥੋਂ ਸਿੱਖੀ ਆ। ਜੇ ਤੂੰ ਮੇਰੇ ਵਰਗੀ ਬੁੱਧੂ ਹੁੰਦੀ ਤਾਂ ਤਲਵਿੰਦਰ ਕੋਲੋਂ ਕਿੱਥੇ ਇਹ ਘਰ ਚਲਾ ਹੋਣਾ ਸੀ।" ਉਹ ਉੱਠ ਕੇ ਬੀਰੋ ਨੂੰ ਜੱਫੀ ਪਾ ਲੈਂਦੀ, "ਮੇਰੀ ਇਕੋ ਇਕ ਛੋਟੀ ਭਰਜਾਈ ਬਿਲਕੁਲ ਭੱਠੇ ਦੀ ਇੱਟ ਵਰਗੀ।"

ਜੀਤਾਂ ਦੋ ਕੁ ਦਿਨ ਚਾਈਂ-ਚਾਈਂ ਲੰਘਾ ਦਿੰਦੀ। ਫੇਰ ਉਸ ਨੂੰ ਇਸ ਘਰ ਤੋਂ ਅਕੇਵਾਂ ਹੋਣ ਲੱਗਦਾ। ਉਹ ਆਪਣੇ ਆਪ ਨੂੰ ਫਾਲਤੂ ਸਮਝਣ ਲੱਗਦੀ। ਜੇ ਉਹ ਕਿਸੇ ਕੰਮ ਨੂੰ ਹੱਥ ਪਾਉਂਦੀ ਤਾਂ ਬੀਰੋ ਟੋਕ ਦਿੰਦੀ, "ਤੁਸੀਂ ਰਾਮ ਨਾ ਬੈਠੋ। ਘਰੇ ਵੀ ਕੰਮ ਕਰਦੇ ਆਏ ਹੋ। ਕੰਮ ਕਰਨ ਨੂੰ ਮੈਂ ਹਾਂ। ਆਹ ਦੇਖੋ ਵਟਸਐਪ 'ਤੇ ਕਿਸੇ ਨੇ ਨੂੰਹ-ਸੱਸ ਦੀ ਲੜਾਈ ਦੀ ਵੀਡੀਓ ਪਾਈ ਆ। ਤੁਸੀਂ ਦੇਖ ਕੇ

ਹੱਸ ਹੱਸ ਕੇ ਲੋਟ-ਪੋਟ ਹੋ ਜਾਓਗੇ। ਉਨੇ ਚਿਰ 'ਚ ਮੈਂ ਲੌਂਗ-ਲੈਚੀਆਂ ਵਾਲੀ ਚਾਹ ਬਣਾ ਕੇ ਲਿਆਈ।" ਚਾਹ ਜੀਤਾਂ ਦੀ ਬਹੁਤ ਵੱਡੀ ਕਮਜ਼ੋਰੀ ਹੈ। ਦਿਹਾੜੀ 'ਚ ਭਾਵੇਂ ਪੰਜਾਹ ਵਾਰ ਦੇ ਦਿਓ। ਜੇ ਤੁਲਸੀ ਦੇ ਪੱਤੇ, ਅਦਰਕ ਤੇ ਪੂਦਨਾ ਜਾਂ ਲੌਂਗ-ਲੈਚੀਆਂ ਪਾਈਆਂ ਹੋਣ ਤਾਂ ਉਹ ਖਿੜ ਉੱਠਦੀ। ਫੇਰ ਵੀ ਉਸ ਕੋਲੋਂ ਵਿਹਲਿਆਂ ਬੈਠਿਆਂ ਨਾ ਜਾਂਦਾ। ਉਹ ਅੰਦਰ-ਬਾਹਰ ਗੇੜੇ ਮਾਰਦੀ। ਦੇਖਦੀ ਉਸ ਗੋਚਰੇ ਕਿਹੜਾ ਕੰਮ ਕਰਨ ਵਾਲਾ ਹੈ। ਰਸੋਈ ਤੋਂ ਬਿਨਾਂ ਉਹ ਹਰ ਕਮਰੇ 'ਚ ਜਾਂਦੀ। ਬੈੱਡ ਦੀਆਂ ਚਾਦਰਾਂ ਝਾੜ ਕੇ ਵਿਛਾਉਂਦੀ। ਸੋਟੀ ਨਾਲ ਜਾਲੇ ਲਾਹੁੰਦੀ। ਚਗਾਠਾਂ ਦੇਖਦੀ ਕਿ ਕਿਤੇ ਸਿਉਂਕ ਤਾਂ ਨਹੀਂ ਲੱਗ ਗਈ। ਰੈਕ 'ਚ ਪਈਆਂ ਜੁੱਤੀਆਂ ਨੂੰ ਰੁੱਖ ਸਿਰ ਰੱਖਦੀ ਤੇ ਨਾਲ ਦੀ ਨਾਲ ਬੁੜ-ਬੁੜ ਕਰਦੀ ਰਹਿੰਦੀ, 'ਐਵੇਂ ਤਾਂ ਨ੍ਹੀਂ ਬੀਬੀ ਕਹਿੰਦੀ ਹੁੰਦੀ ਸੀ ਕਿ ਜਦੋਂ ਮੈਂ ਚੱਲੇ ਗਈ ਤੁਹਾਨੂੰ ਇਸ ਘਰ ਨੇ ਵੱਢ-ਵੱਢ ਖਾਣਾ। ਠੀਕ ਕਹਿੰਦੀ ਸੀ-ਹੁਣ ਮੇਰੀ ਵੱਢੀ ਰੂਹ ਨ੍ਹੀਂ ਲੱਗਦੀ ਇਸ ਘਰ 'ਚ। ਇੱਥੇ ਆਇਆਂ ਬਿਨਾਂ ਵੀ ਗੁਜਾਰਾ ਨ੍ਹੀਂ ਹੁੰਦਾ। ਪੇਕਿਆਂ ਦੇ ਘਰ ਤੋਂ ਵੀ ਕੋਈ ਵੱਡਾ ਟਿਕਾਣਾ ਹੋ ਸਕਦਾ?' ਫੇਰ ਆਪਣੇ ਆਪ ਨੂੰ ਜੁਆਬ ਦਿੰਦੀ, 'ਮੈਂ ਜਦੋਂ ਵਿਆਹੀ ਨ੍ਹੀਂ ਸੀ ਇਸ ਘਰ ਦੀ ਕੱਲੀ-ਕੱਲੀ ਚੀਜ਼ ਦਾ ਪਤਾ ਹੁੰਦਾ ਸੀ ਕਿ ਕਿੱਥੇ ਪਈ ਆ। ਭਾਵੇਂ ਕੋਈ ਮੇਰੀਆਂ ਅੱਖਾਂ 'ਤੇ ਪੱਟੀ ਬੰਨ ਦੇਵੇ-ਮੈਂ ਫੇਰ ਵੀ ਲੱਭ ਲੈਂਦੀ ਸੀ। ਹੁਣ ਜਦੋਂ ਦੀ ਬੀਰੋ ਆਈ ਆ, ਇਹਦੀ ਰੱਖੀ ਚੀਜ਼ ਲੱਭਦੀ ਹੀ ਨ੍ਹੀਂ। ਲੈ-ਇੱਥੇ ਨਾਹੁਣ ਵਾਲਾ ਸਾਬਣ ਪਿਆ ਹੁੰਦਾ ਸੀ। ਹੁਣ ਇਹ ਇਕ ਥਾਂ ਮਿਲਦਾ ਹੀ ਨ੍ਹੀਂ। ਜਿੱਥੇ ਕਿਸੇ ਦਾ ਜੀਅ ਕਰਦਾ, ਨਹਾ ਕੇ ਸੁੱਟ ਜਾਂਦਾ। ਇਹੀ ਹਾਲ ਕੰਘੇ ਦਾ।'

ਘੁੰਮ ਘੁੰਮਾ ਕੇ ਉਸ ਦੀ ਨਜ਼ਰ ਆਪਣੇ ਬੈੱਗ 'ਤੇ ਚੱਲੇ ਜਾਂਦੀ। ਉਹਦਾ ਬੈੱਗ ਹਮੇਸ਼ਾ ਟੀਵੀ ਦੀ ਟਰਾਲੀ ਕੋਲ ਪਿਆ ਰਹਿੰਦਾ। ਜਿੱਥੇ ਉਸ ਆ ਕੇ ਰੱਖਿਆ ਹੁੰਦਾ, ਉੱਥੇ ਜਿਉਂ ਦਾ ਤਿਉਂ ਪਿਆ ਰਹਿੰਦਾ। ਇਕ ਇੰਚ ਵੀ ਇੱਧਰ ਤੋਂ ਉੱਧਰ ਨਾ ਹੁੰਦਾ। ਬੀਬੀ ਜਿਉਂਦੀ ਹੁੰਦੀ ਸੀ ਤਾਂ ਉਸ ਦਾ ਪਹਿਲਾ ਕੰਮ ਬੈੱਗ ਸੰਭਾਲਣਾ ਹੁੰਦਾ ਸੀ। ਉਹ ਉਸਦਾ ਬੈੱਗ ਤੇ ਪਰਸ ਅਲਮਾਰੀ 'ਚ ਰੱਖ ਕੇ ਜਿੰਦਰਾ ਮਾਰਦੀ। ਉਸ ਨੂੰ ਚਾਬੀ ਫੜਾ ਦਿੰਦੀ, "ਜਦੋਂ ਤੈਨੂੰ ਲੋੜ ਪਈ, ਆਪੇ ਖੋਲ੍ਹ ਕੇ ਕੱਢ ਲਈਂ।" ਉਹ ਅੱਗੋਂ ਪੁੱਛਦੀ, "ਆਪਣੇ ਘਰ 'ਚ ਕਾਹਦਾ ਜਿੰਦਰਾ? ਇੱਥੇ ਕਿਹੜਾ ਕੋਈ ਚੋਰ ਬੈਠਾ।" ਬੀਬੀ ਸਮਝਾਉਂਦੀ, "ਧੀਏ, ਗੱਲ ਚੋਰੀ ਦੀ ਨ੍ਹੀਂ ਹੁੰਦੀ, ਫਿਕਰ ਦੀ ਹੁੰਦੀ ਆ। ਜੇ ਪੇਕੇ ਆਈ ਕੁੜੀ ਦੀ ਇਕ ਵੀ ਚੀਜ਼ ਗੁਆਚ ਜਾਵੇ ਤਾਂ ਉਹਦੀ ਸੱਸ ਉਹਦਾ ਜਿਊਣਾ ਦੁੱਭਰ ਕਰ ਦਿੰਦੀ ਆ।"

ਬੀਰੋ ਉਸ ਦੀਆਂ ਰਮਜਾਂ ਸਮਝ ਜਾਂਦੀ। ਉਹਨੂੰ ਲੱਗਣ ਲੱਗਦਾ ਕਿ ਅੱਜ ਨਹੀਂ ਤਾਂ ਕੱਲ੍ਹ ਨੂੰ ਉਸ ਚੱਲੇ ਜਾਣਾ ਹੈ। ਉਹ ਪੁੱਛਦੀ, "ਤੁਹਾਡੇ ਭਰਾ ਨੂੰ ਮੱਕੀ ਦੀ ਰੋਟੀ ਬੜੀ ਪਸੰਦ ਆ। ਮੱਕੀ ਦਾ ਆਟਾ ਤੁਹਾਡੇ ਵੱਲ ਆ ਗਿਆ?"

"ਅਗਲੇ ਮਹੀਨੇ ਆਊ। ਲੈ ਮੈਂ ਤਾਂ ਭੁੱਲ ਹੀ ਗਈ। ਮੇਰੇ ਬੈੱਗ 'ਚ ਸੌਂਫ ਵਾਲਾ ਗੁੜ ਪਿਆ। ਮੇਰੀ ਇਕ ਸਹੇਲੀ ਆ। ਮੈਂ ਉਹਨੂੰ ਕਹਿ ਕੇ ਸੌਂਫ ਵਾਲਾ ਗੁੜ ਬਣਵਾਉਂਦੀ ਹੁੰਦੀ ਆਂ। ਤੂੰ ਵੀ ਰੋਟੀ ਖਾਣ ਤੋਂ ਬਾਅਦ ਭੋਰਾ ਕੁ ਮੂੰਹ 'ਚ ਪਾ ਲਿਆ ਕਰ। ਇਹਦੇ ਬੜੇ ਗੁਣ ਨੇ।"

"ਨਿਆਣੇ ਤਾਂ ਮਿੱਠੇ ਵੱਲ ਮੂੰਹ ਨ੍ਹੀਂ ਕਰਦੇ।"

"ਉਨ੍ਹਾਂ ਨੂੰ ਮੈਗੀਆਂ-ਸ਼ੈਗੀਆਂ ਵਰਗੀਆਂ ਚੀਜ਼ਾਂ ਦਾ ਭੁੱਸ ਜਿਉਂ ਪੈ ਗਿਆ।"

ਛੇਤੀ ਹੀ ਉਨ੍ਹਾਂ ਦੀਆਂ ਗੱਲਾਂ ਮੁੱਕ ਜਾਂਦੀਆਂ। ਉਹ ਬੀਰੋ ਨੂੰ ਕਹਿੰਦੀ, "ਕੁੜੇ ਸੈਲੇ ਨੰਬਰ ਮਿਲਾਈਂ ਤਾਂ ਪਿਛਲਿਆਂ ਦਾ ਹਾਲ-ਚਾਲ ਵੀ ਪੁੱਛ ਲਵਾਂ। ਨ੍ਹੀਂ ਤਾਂ ਵਹੁਟੀ ਨੇ ਕਹਿਣਾ-ਪੇਕਿਆਂ



ਦੇ ਜਾ ਕੇ ਸਾਡਾ ਧਿਆਨ ਹੀ ਨ੍ਹੀਂ ਰਿਹਾ। ਫੇਰ ਗੋਨੀ ਵੀ ਕਹਿ ਦਿੰਦਾ- ਮੱਝ ਛੱਪੜ 'ਚ ਵੜੀ ਨ੍ਹੀਂ ਨਿਕਲਦੀ। ਜਨਾਨੀ ਪੇਕਿਆਂ ਤੋਂ ਨ੍ਹੀਂ ਛੇਤੀ ਮੁੜਦੀ। ਮੈਂ ਵੀ ਕੀ ਕਰਾਂ! ਜੇ ਤਲਵਿੰਦਰ ਨੂੰ ਮਹੀਨੇ ਕੁ ਬਾਅਦ ਦੇਖ ਤੇ ਮਿਲ ਨਾ ਲਵਾਂ ਮਨ ਹੋਰੂ-ਹੋਰੂ ਹੁੰਦਾ ਰਹਿੰਦਾ।"

"ਤੁਹਾਡਾ ਭੈਣ-ਭਰਾ ਦਾ ਪਿਆਰ ਵੀ ਬੜਾ। ਇਹ ਤੁਹਾਨੂੰ ਬਹੁਤ ਪਿਆਰ ਤੇ ਇੱਜ਼ਤ ਕਰਦੇ ਨੇ।"

"ਮਾਂ ਜਾਇਆ ਭਰਾ ਕਿਤੇ ਮਿਲਦਾ। ਦੇਖ ਵਿਚਾਰਾ ਮੇਰੇ ਕਰਕੇ ਡਰਾਇੰਗ ਰੂਮ 'ਚ ਸੌਂਦਾ। ਮੈਨੂੰ ਤੇਰੇ ਕੋਲ ਸੌਣਾ ਪੈਂਦਾ। ਮੁੰਡੇ ਤਾਂ ਐਨੇ ਬੇਖੁਠੜੇ ਆ ਕਿ ਦੋ ਜਣੇ ਇਕ ਕਮਰੇ 'ਚ ਨ੍ਹੀਂ ਸੌਂ ਸਕਦੇ। ਅੱਜ ਮੈਂ ਡਰਾਇੰਗ ਰੂਮ 'ਚ ਸੌਊਂਗੀ। ਤੁਸੀਂ ਮੀਆਂ-ਬੀਵੀ ਆਪਣੇ ਕਮਰੇ 'ਚ ਸੌਂਏਉਂ।"

"ਮੈਂ ਤਾਂ ਕਈ ਵਾਰ ਇਨ੍ਹਾਂ ਨੂੰ ਕਿਹਾ ਕਿ ਉੱਪਰ ਦੋ ਕਮਰੇ ਬਣਾ ਲਓ। ਆਇਆਂ ਗਿਆਂ ਤੇ ਔਖ ਹੁੰਦੀ। ਇਕ ਵਾਰ ਮੇਰੇ ਦੋਵੇਂ ਭਰਾ ਤੇ ਉਨ੍ਹਾਂ ਦੇ ਪਰਿਵਾਰ ਆ ਗਏ। ਸਿਆਲ ਮਹੀਨਾ। ਵਿਚਾਰੇ ਫਰਸ਼ 'ਤੇ ਤਲਾਈਆਂ ਸੁੱਟ ਕੇ ਸੁੱਤੇ।... ਕੀ ਕਰੀਏ ਬੱਚੇ ਵੱਡੇ ਹੋ ਗਏ। ਖਰਚੇ ਵੱਧ ਗਏ।"

"ਕੋਈ ਨਾ ਮੈਂ ਗੋਨੀ ਨੂੰ ਕਹੂੰਗੀ ਕਿ ਆਪਣੇ ਮਾਮੇ ਦੀ ਮਦਦ ਕਰੇ। ਸੁਖ ਨਾਲ ਵਾਹਵਾ ਕਮਾਈ ਆ। ਜੇ ਕਿਤੇ ਉਹ ਜਿਉਂਦੇ ਹੁੰਦੇ ਤਾਂ ਤੈਨੂੰ ਕਹਿਣ ਦੀ ਲੋੜ ਹੀ ਨ੍ਹੀਂ ਪੈਣੀ ਸੀ।"

"ਅਸੀਂ ਧੀਆਂ ਕੋਲੋਂ ਪੈਸੇ ਲੈਂਦੇ ਚੰਗੇ ਲੱਗਦੇ ਆਂ। ਰੱਬ ਉਨ੍ਹਾਂ ਨੂੰ ਬਹੁਤਾ ਦੇਵੇ। ਕਮਾਈਆਂ 'ਚ ਬਰਕਤ ਪਾਵੇ।"

"ਭਾਜੀ ਵਰਗਾ ਕਿਹਨੇ ਹੋਣਾ।" ਬੀਰੋ ਕੁਝ ਪਲ ਰੁਕ ਕੇ ਫੇਰ ਕਹਿੰਦੀ।

"ਐਵੇਂ ਤਾਂ ਨ੍ਹੀਂ ਸਿਆਣਿਆਂ ਨੇ ਘਰਵਾਲੇ ਨੂੰ ਸਿਰ ਦਾ ਸਾਈਂ ਕਿਹਾ। ਜਿਹੜੀ ਮੌਜ ਆਪਣੇ ਖਸਮ ਦੇ ਸਿਰ 'ਤੇ ਹੁੰਦੀ ਆ, ਉਹ ਪੁੱਤਾਂ ਦੇ ਸਿਰ 'ਤੇ ਨ੍ਹੀਂ ਹੋ ਸਕਦੀ।"

"ਦੀਦੀ ਇਹ ਗੱਲ ਸੌ ਪਰਸੈਂਟ ਠੀਕ ਆ। ਮੇਰੀ ਵੱਡੀ ਭੈਣ ਦਾ ਮੁੰਡਾ ਇੰਗਲੈਂਡ ਰਹਿੰਦਾ। ਬਹੂ ਨੂੰ ਬਾਲ-ਬੱਚਾ ਹੋਣ ਵਾਲਾ ਸੀ। ਮੁੰਡੇ ਨੇ ਆਪਣੀ ਮਾਂ ਦੇ ਪੇਪਰ ਭੇਜ ਦਿੱਤੇ ਕਿ ਛੇ ਮਹੀਨੇ ਆ ਕੇ ਰਹਿ ਜਾਏ। ਭੈਣ ਨੂੰ ਤਾਂ ਚਾਅ ਚੜ੍ਹ ਗਿਆ। ਦੂਹਰੀ ਖੁਸ਼ੀ। ਇਕ ਇੰਗਲੈਂਡ ਜਾਣ ਦੀ ਤੇ ਦੂਜੀ ਦਾਦੀ ਮਾਂ ਬਣਨ ਦੀ। ਜੀਜੇ ਨੇ ਭੈਣ ਨੂੰ ਸਮਝਾਇਆ, 'ਦੇਖ ਇੱਥੇ ਵਰਗੀ ਮੌਜ ਉੱਥੇ ਜਾ ਕੇ ਨਾ ਭਾਲੀਂ। ਇੱਥੇ ਤੂੰ ਰੋਹਬ ਨਾਲ ਮੈਥੋਂ ਪੈਸੇ ਲੈਂਦੀ ਆਂ। ਉੱਥੇ ਤੇਰੇ ਪੁੱਤ ਤੇ ਨੂੰਹ ਦਾ ਘਰ ਹੋਣਾ। ਤੈਨੂੰ ਉਨ੍ਹਾਂ ਅਨੁਸਾਰ ਰਹਿਣਾ ਪੈਣਾ।' ਜੀਜੇ ਦੀ ਗੱਲ ਸੋਲ੍ਹਾਂ ਆਨੇ ਸੱਚੀ ਨਿਕਲੀ। ਵਾਪਸ ਆ ਕੇ ਭੈਣ ਬਾੜ-ਬਾੜ ਰੋਵੇ।"

ਉਹ ਬੀਰੋ ਕੋਲੋਂ ਆਂਢ-ਗੁਆਂਢ ਬਾਰੇ ਪੁੱਛਦੀ। ਬੀਰੋ ਕਹਿੰਦੀ, "ਦੀਦੀ, ਆਂਢ-ਗੁਆਂਢ 'ਚ ਮੈਂ ਕਦੇ ਗਈ ਹੀ ਨ੍ਹੀਂ। ਜੇ ਕਦੇ ਲੋੜ ਪਵੇ ਤਾਂ ਫੋਨ ਕਰ ਲਈਦਾ।"

"ਚਾਚੀ ਸੱਤਿਆ ਨ੍ਹੀਂ ਕਦੇ ਮਿਲੀ?"

"ਕਿਹੜੀ ਚਾਚੀ?"

"ਔਹ ਨਿੰਮ ਵਾਲਿਆਂ ਦੀ ਬੁੜੀ।"

"ਆਪਣੇ ਮੁਹੱਲੇ 'ਚ ਤਾਂ ਕਿਸੇ ਦੇ ਕੋਈ ਰੁੱਖ ਹੀ ਨ੍ਹੀਂ ਹੈਗਾ।"

'ਹੋਟ ਫਿੱਟੇ ਮੂੰਹ। ਮੈਂ ਤੈਨੂੰ ਕਿੱਦਾਂ ਸਮਝਾਵਾਂ।"

ਫੇਰ ਦੋਵੇਂ ਚੁੱਪ ਕਰ ਜਾਂਦੀਆਂ।

ਮੈਂ ਦਫਤਰੋਂ ਆਉਂਦਾ ਤਾਂ ਉਹਨੂੰ ਚਾਅ ਜਿਹਾ ਚੜ੍ਹ ਜਾਂਦਾ। ਪੁੱਛਦੀ, "ਤੂੰ ਲੇਟ ਕਿਉਂ ਹੋ ਗਿਆਂ ?"

"ਨ੍ਹੀਂ ਤਾਂ। ਮੈਂ ਇਸੇ ਵੇਲੇ ਆਉਂਦਾ ਹੁਣਾਂ। ਤੈਨੂੰ ਐਵੇਂ ਭੁਲੇਖਾ ਪਿਆ। ਮੈਂ ਤਾਂ ਅੱਧਾ ਘੰਟਾ ਪਹਿਲਾਂ ਹੀ ਦਫਤਰੋਂ ਨਿਕਲ ਆਇਆ ਸੀ। ਤੇਰੇ ਲਈ ਰੈਣਕ ਬਾਜ਼ਾਰੋਂ ਚਾਟ ਲਿਆਉਣਾ ਸੀ ਨਾ।" ਮੈਂ ਰਸੋਈ 'ਚ ਜਾਂਦਾ। ਪਲੇਟਾਂ 'ਚ ਚਾਟ ਪਾ ਕੇ ਉਸ ਕੋਲ ਆ ਬੈਠਦਾ। ਖਾਂਦੀ-ਖਾਂਦੀ ਉਹ ਮੇਰੇ ਵੱਲ ਵਾਰ-ਵਾਰ ਦੇਖਦੀ ਤੇ ਕਹਿੰਦੀ, "ਹੁਣ ਇਹ ਘਰ ਪਹਿਲਾਂ ਜਿਹਾ ਨ੍ਹੀਂ ਰਿਹਾ।"

"ਮੈਂ ਤੇਰੀ ਗੱਲ ਨ੍ਹੀਂ ਸਮਝਿਆ ?" ਮੈਂ ਜਾਣਦਿਆਂ ਹੋਇਆਂ ਵੀ ਪੁੱਛ ਲੈਂਦਾ।

"ਬੀਬੀ ਜਿਉਂਦੀ ਸੀ ਤਾਂ ਇਹ ਘਰ ਆਪਣਾ-ਆਪਣਾ ਲੱਗਦਾ ਸੀ। ਹੁਣ ਓਪਰਾ-ਓਪਰਾ ਲੱਗਦਾ। ਤੂੰ ਕੱਲ੍ਹ ਨੂੰ ਦਫਤਰ ਜਾਣ ਲੱਗਾ ਮੈਨੂੰ ਹੁਸ਼ਿਆਰਪੁਰ ਵਾਲੀ ਬੱਸੇ ਚੜ੍ਹਾ ਦਈਂ। ਤੈਨੂੰ ਮਿਲਣਾ ਸੀ- ਮਿਲ ਲਿਆ। ਹੋਰ ਇੱਥੇ ਮੇਰਾ ਕੌਣ ਆ।"

"ਲੈ ਤਾਂ ਇਹ ਕੀ ਗੱਲ ਹੋਈ। ਬੀਰੋ ਆ। ਨਿਆਣੇ ਆ।"

"ਕਿਸੇ ਕੋਲ ਮੇਰੇ ਕੋਲ ਬੈਠਣ ਦਾ ਟਾਈਮ ਹੀ ਨ੍ਹੀਂ। ਕੱਲ੍ਹ ਮੈਂ ਸਤੀਸ਼ ਨੂੰ ਕਿਹਾ ਕਿ ਮੈਨੂੰ ਖੱਟੀਆਂ-ਮਿੱਠੀਆਂ ਗੋਲੀਆਂ ਲਿਆ ਦੇ। ਉਹਨੇ ਮੇਰੀ ਗੱਲ ਹੀ ਨ੍ਹੀਂ ਸੁਣੀ। ਇਹੀ ਕਹੀ ਗਿਆ ਡੈਡੀ ਨੂੰ ਫੋਨ ਕਰ ਦਿਓ। ਆਉਣ ਲੱਗੇ ਫੜ ਲੈ ਆਉਣ।"

"ਨਿਆਣਿਆਂ ਦੀ ਆਪਣੀ ਦੁਨੀਆਂ ਆ। ਉਹ ਪੜ੍ਹਾਈ 'ਚ ਰੁਝੇ ਰਹਿੰਦੇ ਜਾਂ ਮੋਬਾਇਲ 'ਤੇ।"

"ਫੇਰ ਮੈਂ ਕਾਸ ਲਈ ਇੱਥੇ ਰਹਿਣਾ ?"

"ਤਿੰਨ ਦਿਨ ਹੋਰ ਠਹਿਰ ਜਾ। ਮਾਮੇ ਕੋਲ ਬਿਲਗੇ ਚਲਾਂਗੇ। ਤੇਰੇ ਬਹਾਨੇ ਮੈਂ ਵੀ ਜਾ ਆਊਂਗਾ।"

"ਕੀ ਕਰਨ ਜਾਣਾ ਮਾਮੇ ਕੋਲ ? ਨਾ ਕਦੇ ਉਸ ਫੋਨ ਕੀਤਾ। ਨਾ ਮਿਲਣ ਆਇਆ। ਨਾ ਕਦੇ ਕੋਈ ਸੁਖ-ਸੁਨੇਹਾ।"

"ਉਹਦੀ ਉਮਰ ਜ਼ਿਆਦਾ ਹੋ ਗਈ।"

"ਐਨੀ ਵੀ ਨ੍ਹੀਂ ਹੋਈ ਕਿ ਬੰਦਾ ਮਿਲਣੋਂ-ਗਿਲਣੋਂ ਵੀ ਜਾਵੇ।"

ਬੀਰੋ ਚਾਹ ਲੈ ਆਉਂਦੀ। ਮੈਂ ਉਹਨੂੰ ਦੱਸਦਾ, "ਜੀਤਾਂ ਕਹਿੰਦੀ ਆ ਕਿ ਮੈਨੂੰ ਸਵੇਰੇ ਬੱਸੇ ਚੜ੍ਹਾ ਦੇ।"

"ਇਨ੍ਹਾਂ ਨੂੰ ਕਾਹਦੀ ਕਾਹਲੀ ਪਈ ਆ। ਹੁਣ ਆਏ ਤਾਂ ਚਾਰ ਦਿਨ ਰਹਿ ਲੈਂਦੇ। ਘਰ 'ਚੋਂ ਮਸਾਂ-ਮਸਾਂ ਨਿਕਲਿਆ ਜਾਂਦਾ। ਇਨ੍ਹਾਂ ਦੇ ਆਉਣ ਨਾਲ ਤਾਂ ਘਰੇ ਰੌਣਕ ਆ ਜਾਂਦੀ ਆ। ਮੇਰਾ ਵੀ ਜੀਅ ਲੱਗਾ ਰਹਿੰਦਾ। ਨ੍ਹੀਂ ਤਾਂ ਕੱਲੀ ਬੈਠੀ ਮੋਬਾਇਲ ਨਾਲ ਮੱਥਾ ਮਾਰਦੀ ਰਹਿੰਦੀ। ਨਾ ਦੀਦੀ, ਨਾ। ਮੈਂ ਤੁਹਾਨੂੰ ਪੰਦਰ੍ਹਾਂ ਦਿਨਾਂ ਤੋਂ ਪਹਿਲਾਂ ਨ੍ਹੀਂ ਜਾਣ ਦੇਣਾ। ਮੈਥੋਂ ਭਾਵੇਂ ਸੌ ਮਿੰਨਤਾਂ ਕਰਾ ਲਓ। ਤੁਸੀਂ ਪ੍ਰਾਹੁਣਿਆਂ ਵਾਂਗੂ ਨਾ ਆਇਆ ਕਰੋ। ਇਹ ਤਾਂ ਤੁਹਾਡਾ ਆਪਣਾ ਘਰ ਆ...।"

"ਨ੍ਹੀਂ ਭਾਈ, ਮੈਂ ਤਾਂ ਸੁਬ੍ਹਾ ਜਾਊਂਗੀ ਹੀ ਜਾਊਂਗੀ। ਮੇਰੀ ਵੱਡੀ ਪੋਤੀ ਰੇਣੂ ਉਦਾਸ ਹੋਈ ਹੋਣੀ ਆ। ਉਹਨੂੰ ਤਾਂ ਮੇਰੇ ਬਿਨਾਂ ਨੀਂਦ ਹੀ ਨ੍ਹੀਂ ਆਉਣੀ। ਹੁਣ ਮੈਂ ਮਿਲ ਚੱਲੀ ਆਂ ਹਾਂ, ਤੂੰ ਦੱਸ ਕਦੋਂ ਆਵੇਂਗਾ ?"

"ਜਦੋਂ ਤੂੰ 'ਵਾਜ਼ ਮਾਰੀ-ਮੈਂ ਦੌੜਿਆ ਆਉਣਾ।"



"ਝੂਠਾ ਕਿਸੇ ਥਾਂ ਦਾ। ਪੰਜਾਹ ਵਾਰ ਫੋਨ ਕਰਾਂ ਤਾਂ ਇਕ ਵਾਰ ਆਉਂਦਾਂ।"

"ਬਿਨਾਂ ਕੰਮ ਤੋਂ ਆਇਆ ਨ੍ਹੀਂ ਜਾਂਦਾ।"

"ਫੇਰ ਮੈਂ ਹੀ ਵਿਹਲੀ ਆਂ।"

"ਇਹ ਤਾਂ ਤੇਰਾ ਆਪਣਾ ਘਰ ਆ। ਜਦੋਂ ਮਰਜ਼ੀ ਆ। ਤੈਨੂੰ ਕੌਣ ਰੋਕਣ-ਟੋਕਣ ਵਾਲਾ।"

"ਤੇ ਤੈਨੂੰ ਉੱਥੇ ਗਏ ਨੂੰ ਦਰਵਾਜ਼ਾ ਬੰਦ ਮਿਲਦਾ।"

ਬੀਰੋ ਮੈਨੂੰ ਬੁੱਲ੍ਹਾਂ 'ਤੇ ਉਂਗਲ ਰੱਖ ਕੇ ਚੁੱਪ ਰਹਿਣ ਦਾ ਇਸ਼ਾਰਾ ਕਰਦੀ। ਪਰ ਮੈਥੋਂ ਬਹੁਤ ਚਿਰ ਚੁੱਪ ਨਾ ਰਿਹਾ ਜਾਂਦਾ। ਮੈਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਜੇ ਮੈਂ ਉਹਨੂੰ ਗੱਲੀਂ ਨਾ ਲਾਇਆ ਤਾਂ ਉਸ ਦਾ ਮਨ ਬੇਚੈਨ ਰਹਿਣਾ। ਮੈਂ ਕਹਿੰਦਾ, "ਜੇ ਤੂੰ ਤਿੰਨ ਦਿਨ ਹੋਰ ਰਹਿ ਲਵੇਂ ਤਾਂ ਮੈਂ ਤੈਨੂੰ ਆਪ ਛੱਡ ਕੇ ਆਵਾਂਗਾ। ਸ਼ਨੀਵਾਰ ਸ਼ਾਮ ਨੂੰ ਚੱਲਾਂਗੇ। ਮੈਂ ਐਤਵਾਰ ਨੂੰ ਮੁੜ ਆਊਂਗਾ।" ਉਹ ਸੋਚੀਂ ਪੈ ਜਾਂਦੀ। ਫੇਰ ਕਹਿੰਦੀ, "ਚੱਲ ਠੀਕ ਆ। ਜੇ ਮੁੱਕਰ ਗਿਆ ਤਾਂ ਮੈਂ ਜੁੱਤੀ ਲਾਹ ਕੇ ਮਾਰਣੀ ਆ।" ਮੈਂ ਕਹਿੰਦਾ, "ਠੀਕ।" ਇਹ ਜੁੱਤੀ ਮਾਰਣਾ ਉਸ ਦਾ ਆਖਿਰੀ ਹਥਿਆਰ ਹੁੰਦਾ। ਪਰ ਉਸ ਮੇਰੇ ਜੁੱਤੀ ਤਾਂ ਕੀ ਮਾਰਨੀ ਹੈ, ਕਦੇ ਗਾਲ੍ਹ ਵੀ ਨਹੀਂ ਕੱਢੀ। ਨਾ ਹੀ ਕਦੇ ਮਿਹਣਾ ਮਾਰਿਆ। ਮੈਂ ਉੱਠ ਕੇ ਨਹਾਉਣ ਚੱਲਿਆ ਜਾਂਦਾ। ਉਹ ਆਪਣੇ ਬੈਗ 'ਚੋਂ ਕੱਪੜੇ ਕੱਢਣ ਲੱਗ ਜਾਂਦੀ। ਫੇਰ ਪਾਉਣ ਲੱਗ ਪੈਂਦੀ। ਮੇਰੇ ਵਾਪਸ ਮੁੜਦੇ ਤਕ ਉਹ ਉੱਥੇ ਹੀ ਬੈਠੀ ਰਹਿੰਦੀ। ਮੈਂ ਐਲ. ਸੀ. ਡੀ. ਤੇ ਪੈਨ-ਡਰਾਇਵ ਲਾਉਣ ਲੱਗਦਾ ਤਾਂ ਉਹ ਕਹਿੰਦੀ, "ਨ੍ਹੀਂ, ਹੁਣ ਮੈਥੋਂ ਹੋਰ ਰਿਹਾ ਨ੍ਹੀਂ ਜਾਂਦਾ। ਮੈਂ ਚੱਲੇ ਜਾਣਾ।"

* * *

ਮੈਂ ਅਣਮੰਨੇ ਮਨ ਨਾਲ ਸੈਲੇ ਜਾਂਦਾ ਹਾਂ। ਬਹੁਤੀਆਂ ਗੱਲਾਂ ਟੈਲੀਫੋਨ 'ਤੇ ਹੀ ਹੋ ਜਾਂਦੀਆਂ ਹਨ। ਜੀਤਾਂ ਵੀ ਆਪਣਾ ਆਖਿਰੀ ਬਾਣ ਚਲਾ ਹੀ ਦਿੰਦੀ ਹੈ, "ਜੇ ਤੂੰ ਆਵੇਂਗਾ ਤਾਂ ਕਿਸੇ ਨੂੰ ਪਤਾ ਚੱਲੂ ਮੇਰੇ ਪਿੱਛੇ ਵੀ ਕੋਈ ਹੈ।"

ਬੱਸ ਸਟੈਂਡ 'ਤੇ ਉੱਤਰ ਕੇ ਗੋਨੀ ਦੀ ਦੁਕਾਨ 'ਤੇ ਜਾਨਾਂ। ਉਹ ਅਕਸਰ ਆਪਣੇ ਗ੍ਰਾਹਕਾਂ 'ਚ ਰੁਝਿਆ ਹੁੰਦਾ ਜਾਂ ਉਸ ਦਾ ਬਹੁਤਾ ਧਿਆਨ ਟੀਵੀ 'ਤੇ ਆਉਂਦੇ ਸ਼ੇਅਰ ਮਾਰਕੀਟ ਦੇ ਭਾਅ ਵੱਲ ਹੁੰਦਾ। ਜੇ ਉਸ ਕੋਲ ਗ੍ਰਾਹਕ ਬੈਠਾ ਹੁੰਦਾ ਤਾਂ ਉਹ ਦੂਰੋਂ ਹੀ ਮੈਨੂੰ ਪੈਰੀ ਪੈਣਾ ਕਹਿ ਦਿੰਦਾ। ਟੈਲੀਫੂਨ ਕਰਕੇ ਠੰਢਾ ਜਾਂ ਚਾਹ ਮੰਗਾ ਲੈਂਦਾ। ਜੇ ਕੋਈ ਗ੍ਰਾਹਕ ਨਾ ਹੁੰਦਾ ਤਾਂ ਉਸਦਾ ਧਿਆਨ ਸ਼ੇਅਰ ਮਾਰਕੀਟ 'ਚ ਲੱਗਾ ਰਹਿੰਦਾ। ਜਾਂ ਮੋਬਾਇਲ 'ਤੇ ਉਂਗਲ ਘੁੰਮਾਉਂਦਾ। ਬਸ ਇੰਨਾ ਕੁ ਕਹਿੰਦਾ, "ਮਾਮਾ ਜੀ, ਐਸ ਵਾਰ ਬਹੁਤ ਚਿਰ ਬਾਅਦ ਆਏਂ।" ਮੈਂ ਉਸ ਦੇ ਕੰਮਕਾਰ ਬਾਰੇ ਦੋ-ਚਾਰ ਰਸਮੀਂ ਜਿਹੀਆਂ ਗੱਲਾਂ ਪੁੱਛਦਾ। ਮੈਨੂੰ ਲੱਗਦਾ ਕਿ ਹੁਣ ਇੱਥੇ ਬੈਠਣਾ ਫਜ਼ੂਲ ਹੈ। ਘਰ ਜਾਣ 'ਚ ਹੀ ਬੇਹਤਰੀ ਹੈ। ਫੇਰ ਉਸ ਦਾ ਕੰਮ ਹੀ ਅਜਿਹਾ ਹੈ ਕਿ ਨਾ ਤਾਂ ਉਹ ਦੁਕਾਨ ਸੁੰਨੀ ਛੱਡ ਸਕਦਾ ਹੈ। ਨਾ ਹੀ ਬੇਧਿਆਨਾ ਹੋ ਸਕਦਾ ਹੈ। ਬੇਧਿਆਨਾ ਹੋਇਆ ਨਹੀਂ ਕਿ ਵੀਹ ਪੰਜਾਹ ਹਜ਼ਾਰ ਦਾ ਨੁਕਸਾਨ ਹੋਇਆ ਲਓ। ਇਕ ਦਿਨ ਉਸ ਦੱਸਿਆ ਵੀ ਸੀ, "ਲੋਕੀ ਕਹਿੰਦੇ ਆ ਕਿ ਸੁਨਿਆਰੇ ਬੇਈਮਾਨ ਹੁੰਦੇ ਆ। ਮਾਮਾ ਜੀ, ਇਹ ਤਾਂ ਕੋਈ ਮੈਨੂੰ ਪੁੱਛ ਕੇ ਦੇਖੇ-ਜਨਾਨੀਆਂ ਕਿੰਨੀਆਂ ਚਲਾਕੀਆਂ ਕਰਦੀਆਂ। ਇਕ ਵਾਰ ਧਿਆਨ ਦੂਜੇ ਪਾਸੇ ਕਰ ਲਓ ਤਾਂ ਕੂੰਡਾ ਹੋ ਗਿਆ ਲਓ। ਹੁਣ ਮੈਂ ਦੁਕਾਨ 'ਚ ਕੈਮਰੇ ਲਵਾਏ ਆ। ਪਰ ਕੈਮਰਾ ਤਾਂ ਬੰਦਾ ਉਦੋਂ ਦੇਖੂ ਜਦੋਂ ਸ਼ੱਕ ਹੋਊ। ਜਦੋਂ ਨੂੰ ਅਗਲੀ ਕਿਤੇ ਦੀ ਕਿਤੇ ਚੱਲੀ ਜਾਂਦੀ ਆ।" "ਆਹ ਤੁਹਾਡੇ ਕਸਬੇ 'ਚ ਮੋਬਾਇਲਾਂ ਦੀਆਂ

ਬੜੀਆਂ ਦੁਕਾਨਾਂ ਖੁੱਲ੍ਹ ਗਈਆਂ। ਜਲੰਧਰ ਵਾਂਗੂ ਦਸਾਂ ਦੁਕਾਨਾਂ ਮਗਰੋਂ ਮੋਬਾਇਲ ਦੀ ਦੁਕਾਨ ਆ ਜਾਂਦੀ।" ਮੈਂ ਉਸ ਨੂੰ ਪੁੱਛਦਾ। ਉਹ ਕਹਿੰਦਾ, "ਮਾਮਾ ਜੀ, ਕਿਸੇ ਦੀ ਜੇਬ 'ਚ ਭਾਵੇਂ ਪੰਜਾਹ ਰੁਪਈਏ ਨਾ ਹੋਣ, ਹੱਥ 'ਚ ਦਸ ਪੰਦਰ੍ਹਾਂ ਹਜ਼ਾਰ ਦਾ ਮੋਬਾਇਲ ਅਵੱਸ਼ ਹੁੰਦਾ। ਮੈਂ ਤਾਂ ਆਪ ਸੋਚਦਾਂ ਕਿ ਇਕ-ਦੋ ਬੰਦੇ ਰੱਖ ਕੇ ਇਕ ਮੋਬਾਇਲ ਦਾ ਸ਼ੋਅ-ਰੂਮ ਖੋਲ੍ਹ ਦਵਾਂ। ਬੜੀ ਕਮਾਈ ਆ ਇਸ ਕੰਮ 'ਚ।"

ਘਰ ਵੱਲ ਜਾਂਦਿਆਂ ਹੋਇਆਂ ਮੈਨੂੰ ਗਿਆਨ ਵਾਰ-ਵਾਰ ਯਾਦ ਆਉਂਦਾ। ਦੁਕਾਨ ਤਾਂ ਉਹ ਵੀ ਕਰਦਾ ਹੁੰਦਾ ਸੀ। ਮੈਂ ਜਾਂਦਾ ਤਾਂ ਉਹਨੂੰ ਚਾਅ ਚੜ੍ਹ ਜਾਂਦਾ, "ਜੇ ਤੂੰ ਇਸ ਹਫਤੇ ਨਾ ਆਉਂਦਾ ਤਾਂ ਮੈਂ ਤੇਰੇ ਨਾਲ ਲੜਨਾ ਸੀ। ਮੈਂ ਤਾਂ ਹੋਇਆ ਕੰਮਕਾਰ ਵਾਲਾ। ਮੈਨੂੰ ਦੱਸ-ਤੂੰ ਕਿਹੜੇ ਕੰਮਾਂ 'ਚ ਫਸਿਆਂ ?" ਮੈਂ ਦੁਕਾਨ 'ਚ ਆ ਕੇ ਬੈਠਦਾ ਤਾਂ ਉਹ ਆਪ ਚਾਹ ਬਣਵਾ ਕੇ ਲਿਆਉਂਦਾ। ਨਾਲ ਹੀ ਕੋਈ ਨਾ ਕੋਈ ਚੀਜ਼ ਖਾਣ ਨੂੰ ਫੜੀ ਲਿਆਉਂਦਾ। ਮੈਂ ਘਰ ਗੇੜਾ ਮਾਰ ਕੇ ਫੇਰ ਦੁਕਾਨੇ ਆ ਬੈਠਦਾ। ਉਹ ਆਪਣਾ ਕੰਮ ਵੀ ਕਰੀ ਜਾਂਦਾ। ਕੋਈ ਨਾ ਕੋਈ ਗੱਲ ਛੇੜੀ ਰੱਖਦਾ। ਗੱਲਾਂ ਦੀ ਲੜੀ ਮੁੱਕਣ ਨਾ ਦਿੰਦਾ। ਜੇ ਕੋਈ ਕੋਲ ਬੈਠਾ ਹੁੰਦਾ ਤਾਂ ਉਹ ਕਹਿੰਦਾ, "ਯਾਰ, ਆਹ ਤਲਵਿੰਦਰ ਦਾ ਜੀਅ ਲਾਈ ਰੱਖ। ਮੈਂ ਆਹ ਹੱਥ ਵਿਚਲਾ ਕੰਮ ਨਬੇੜ ਲਵਾਂ।" ਜੇ ਵਿਹਲਾ ਹੁੰਦਾ ਤਾਂ ਅਸੀਂ ਤਾਸ਼ ਦੀ ਬਾਜ਼ੀ ਲਾਉਂਦੇ। ਉਹ ਤਾਸ਼ ਖੇਡਣ ਦਾ ਬਹੁਤ ਸ਼ੌਕੀਨ ਸੀ। ਰਾਤ ਨੂੰ ਵੇਲੇ ਸਿਰ ਦੁਕਾਨ ਬੰਦ ਕਰਦਾ। ਅੱਧੀਆ ਫੜ ਲਿਆਉਂਦਾ। ਨਾਲ ਹੀ ਫਰਾਈ ਕੀਤੀ ਹੋਈ ਮੱਛੀ। ਜੀਤਾਂ ਉਹਨੂੰ ਰੋਕਦੀ, "ਤੁਸੀਂ ਆਪ ਤਾਂ ਆਪਣਾ ਭੁੱਸ ਪੂਰਾ ਕਰਨਾ ਹੁੰਦਾ-ਹੁਣ ਇਹਨੂੰ ਵੀ ਆਪਣੇ ਵਰਗਾ ਬਣਾਉਣਾ।" ਉਸ ਦਾ ਅੱਗੋਂ ਜੁਆਬ ਹੁੰਦਾ, "ਮੈਂ ਕਿਹੜਾ ਰੋਜ਼ ਪੀਣਾਂ। ਇਹ ਤਾਂ ਇਹਦੇ ਆਏ 'ਤੇ ਨੁਕਲ ਪਾਣੀ ਕਰੀਦਾ। ਚਾਹ ਪੀ ਕੇ ਗੱਲਾਂ ਮੁੱਕ ਜਾਂਦੀਆਂ। ਗਲਾਸੀ ਪੀਤੀ ਹੋਵੇ ਤਾਂ ਗੱਲਾਂ ਦੀ ਲੜੀ ਚੱਲਦੀ ਰਹਿੰਦੀ।" ਸ਼ਾਲੂ ਤੇ ਗੋਨੀ ਆ ਕੇ ਮੇਰੇ ਪੱਟਾਂ 'ਤੇ ਬੈਠ ਜਾਂਦੇ। ਮੇਰੇ ਹੱਥੋਂ ਮੱਛੀ ਦਾ ਪੀਸ ਲੈ ਕੇ ਖਾਂਦੇ। ਗਿਆਨ ਸਰੂਰਿਆ ਜਾਂਦਾ, "ਲੈ ਬਈ ਜਦੋਂ ਤੂੰ ਆਉਣਾ ਤਾਂ ਇਨ੍ਹਾਂ ਨਿਆਣਿਆਂ ਨੂੰ ਐਨਾ ਚਾਅ ਚੜ੍ਹਦਾ ਕਿ ਰਹੇ ਰੱਬ ਦਾ ਨਾਂ। ਇਹ ਰਿਸ਼ਤਾ ਹੀ ਅਜਿਹਾ।" ਦੋਵੇਂ ਜਣੇ ਜ਼ਿੱਦ ਕਰਦੇ-ਕਰਦੇ। ਮੇਰੇ ਨਾਲ ਹੀ ਖਾਂਦੇ-ਪੀਂਦੇ। ਮੇਰੇ ਨਾਲ ਸੌਂਦੇ। ਦੋ-ਤਿੰਨ ਦਿਨ ਬੀਤਦਿਆਂ ਦਾ ਪਤਾ ਹੀ ਨਾ ਲੱਗਦਾ।

ਸਵੇਰ ਨੂੰ ਅਸੀਂ ਲੰਬੀ ਸੈਰ ਨੂੰ ਜਾਂਦੇ। ਉਸ ਦੁੱਧ ਵੀ ਲਿਆਉਣਾ ਹੁੰਦਾ ਸੀ। ਉਹ ਮੈਨੂੰ ਨਾਲ ਹੀ ਲੈ ਜਾਂਦਾ। ਨਿੱਕੀਆਂ-ਨਿੱਕੀਆਂ ਗੱਲਾਂ ਪੁੱਛਦਾ।  ਕਰਦਾ। ਮੇਰੀ ਇਸ ਨੌਕਰੀ ਦੀ ਦੱਸ ਵੀ ਉਸੇ ਨੇ ਪਾਈ ਸੀ। ਅਖ਼ਬਾਰ 'ਚ ਪੋਸਟਾਂ ਦੀ ਐਡ ਆਈ ਸੀ। ਉਸ ਮੈਨੂੰ ਸਰਪੰਚਾਂ ਦੇ ਘਰੇ ਫੋਨ ਕਰਕੇ ਅਪਲਾਈ ਕਰਨ ਨੂੰ ਕਿਹਾ ਸੀ। ਚੌਥੇ ਦਿਨ ਮੈਂ ਵਾਪਸ ਜਾਣ ਨੂੰ ਕਾਹਲਾ ਪੈ ਜਾਂਦਾ। ਨਾ ਤਾਂ ਜੀਤਾਂ ਤੇ ਨਾ ਹੀ ਗਿਆਨ ਮੇਰੀ ਕੋਈ ਪੇਸ਼ ਜਾਣ ਦਿੰਦੇ। ਮੈਂ ਇਕ ਵਾਰ ਹੱਸਦਿਆਂ ਹੋਇਆਂ ਕਿਹਾ ਸੀ, "ਸਿਆਣੇ ਕਹਿੰਦੇ ਹੁੰਦੇ ਆ ਭੈਣ ਘਰ ਭਰਾ ਕੁੱਤਾ। ਸਹੁਰੇ ਘਰ ਜੁਆਈ ਕੁੱਤਾ।" ਉਸ ਮੈਨੂੰ ਸਮਝਾਇਆ ਸੀ, "ਇਹ ਗੱਲ ਉੱਥੇ ਢੁੱਕਦੀ ਆ ਜਿੱਥੇ ਦਿਲਾਂ ਦੀ ਸਾਂਝ ਨਾ ਹੋਵੇ। ਤੂੰ ਤਾਂ ਮੇਰਾ ਛੋਟਾ ਭਰਾ ਆਂ। ਦੱਸ- ਇਕ ਭਰਾ ਦੂਜੇ ਭਰਾ ਕੋਲ ਰਹਿ ਸਕਦਾ ਹੈ ਕਿ ਨ੍ਹੀਂ ?" ਮੇਰੇ ਕੋਲੋਂ ਇਸ ਗੱਲ ਦਾ ਕੀ ਜੁਆਬ ਹੋ ਸਕਦਾ ਸੀ। ਫੇਰ ਉਹ ਲੰਬੀਆਂ-ਲੰਬੀਆਂ ਸਮਝੌਤੀਆਂ ਦਿੰਦਾ, "ਦੇਖ ਤੂੰ ਵਿਆਹ ਕਰਾਉਣਾ।... ਇਕ ਤਾਂ ਤੂੰ ਕਿਸੇ ਕੋਲ ਆਪਣੇ ਪਰਿਵਾਰ ਦੀ ਨਿੰਦਿਆ ਚੁਗਲੀ ਨਾ ਕਰੀਂ ਤੇ ਦੂਜਾ ਜਿੰਨਾ ਕਿਸੇ ਝਗੜੇ ਤੋਂ ਬਚਿਆ ਜਾ ਸਕਦਾ ਆ, ਬਚ ਕੇ ਰਹੀਂ। ਮੰਨ ਲੈ ਤੂੰ ਬਾਹਰੋਂ



ਆਇਆਂ। ਤੂੰ ਆਪਣੀ ਘਰਵਾਲੀ ਤੋਂ ਪਾਣੀ ਦਾ ਗਲਾਸ ਮੰਗਿਆ। ਅੱਗੋਂ ਉਹ ਕਿਸੇ ਕੰਮ 'ਚ ਵਿਜੀ ਆ। ਤੂੰ ਚੁੱਪ ਕਰਕੇ ਪਾਣੀ ਦਾ ਗਲਾਸ ਭਰੀਂ ਤੇ ਪੀ ਲਈਂ। ਗੱਲ ਨਿੱਕੀ ਜਿਹੀ ਆ। ਇਸ ਨਾਲ ਝਗੜਾ ਵੱਧ ਵੀ ਸਕਦਾ। ਬੰਦੇ ਨੇ ਇਸ ਝਗੜੇ ਤੋਂ ਬਚਣਾ ਹੁੰਦਾ।" ਉਹ ਕੁਝ ਪਲ ਚੁੱਪ ਰਹਿੰਦਾ ਤੇ ਫੇਰ ਸਮਝਾਉਂਦਾ, "ਤੂੰ ਆਪਣੇ ਸਹੁਰਿਆਂ ਦੇ ਜੁਆਈ ਬਣਕੇ ਨਾ ਜਾਈਂ। ਪੁੱਤ ਬਣ ਕੇ ਜਾਈਂ। ਇਸੇ 'ਚ ਫਾਇਦਾ। ਇਸੇ ਨਾਲ ਅਪਣਤ ਵਧਦੀ ਆ। ਸੱਸ ਨੂੰ ਜਿੰਨਾ ਚਾਅ ਜੁਆਈ ਆਏ ਦਾ ਹੁੰਦਾ, ਓਨਾ ਤਾਂ ਰੱਬ ਮਿਲੇ ਦਾ ਵੀ ਨ੍ਹੀਂ ਹੁੰਦਾ। ਤੈਨੂੰ ਪਤਾ ਕਿ ਆਪਣੀ ਬੀਬੀ ਰਾਧਾ ਸੁਆਣੀ ਆ। ਉਦੋਂ ਤੁਸੀਂ ਪਿੰਡ ਰਹਿੰਦੇ ਸੀ। ਮੈਂ ਕੁਵੇਲੇ ਪਿੰਡ ਪਹੁੰਚਿਆ। ਤੁਸੀਂ ਰਾਤ ਦੀ ਰੋਟੀ ਖਾ ਚੁੱਕੇ ਸੀ। ਪਿੰਡ 'ਚੋਂ ਸਬਜ਼ੀ ਕਿੱਥੋਂ ਮਿਲਣੀ ਸੀ। ਬਿਲਗੇ ਵਾਲੀ ਭੂਆ ਆਈ ਸੀ। ਉਹ ਵੀ ਰਾਧਾ ਸੁਆਮਣ ਸੀ। ਬੀਬੀ ਨੇ ਉਹਨੂੰ ਕਿਹਾ ਸੀ, 'ਕੁੜੇ ਛੀਨੀਏ ਆਪਾਂ ਘਰੇ ਤਾਂ ਆਂਡੇ ਨ੍ਹੀਂ ਬਣਾਉਂਦੀਆਂ। ਜਾ ਸਰਬਜੀਤ ਕੇ ਘਰੇ ਬਣਾ ਲਿਆ। ਆਖਰ ਜੁਆਈ ਭਾਈ ਆਇਆ...' ਸਾਡੇ ਲੋਕਾਂ ਦੀ ਅੱਧੀ ਉਮਰ ਤਾਂ ਇਸ ਗੱਲ 'ਚ ਹੀ ਨਿਕਲ ਜਾਂਦੀ ਕਿ ਕਿਤੇ ਜੁਆਈ ਰੁੱਸ ਕੇ ਨਾ ਚਲਿਆ ਜਾਵੇ। ਕਿਤੇ ਉਹ ਸਾਡੀ ਧੀ ਨਾ ਛੱਡ ਦੇਵੇ।"

ਘਰ ਵੱਲ ਜਾਂਦਿਆਂ ਜਾਂਦਿਆਂ ਗਿਆਨ ਦੀਆਂ ਯਾਦਾਂ ਨਾਲ-ਨਾਲ ਤੁਰਦੀਆਂ। ਮੈਂ ਇਕ ਪਲ ਲਈ ਵੀ ਇਕੱਲਾ ਨਾ ਹੁੰਦਾ। ਘਰ ਪਹੁੰਚਦਾ ਤਾਂ ਜੀਤਾਂ ਲੌਬੀ ਜਾਂ ਆਪਣੇ ਕਮਰੇ 'ਚ ਬੈਠੀ ਮਿਲਦੀ। ਉਹਨੂੰ ਚਾਅ ਚੜ੍ਹ ਜਾਂਦਾ। ਮੈਂ ਫਲਾਂ ਵਾਲਾ ਲਿਫ਼ਾਫਾ ਉਸ ਦੇ ਕੋਲ ਰੱਖ ਦਿੰਦਾ ਤਾਂ ਉਹ ਉੱਚੀ ਆਵਾਜ਼ 'ਚ ਬਹੂ ਨੂੰ ਕਹਿੰਦੀ, "ਕੁੜੇ ਆਹ ਲਿਫ਼ਾਫ਼ਾ ਲੈ ਜਾ।" ਬਹੂ ਰਸੋਈ 'ਚ ਕੰਮੀਂ ਲੱਗੀ ਰਹਿੰਦੀ ਤਾਂ ਉਸ ਦੀ ਬੁੜ-ਬੁੜ ਸ਼ੁਰੂ ਹੋ ਜਾਂਦੀ, "ਲੈ ਤਾਂ, ਆਪਣੇ ਆਇਆਂ ਦਾ ਇਹਨੂੰ ਕਿੰਨਾ ਚਾਅ ਚੜ੍ਹ ਜਾਂਦਾ। ਮੇਰਾ ਕੋਈ ਆ ਜਾਵੇ ਤਾਂ ਇਹਦੇ ਮੱਥੇ ਸੌ ਵੱਟ ਪੈ ਜਾਂਦਾ।" ਉਹ ਗੋਡਿਆਂ 'ਤੇ ਹੱਥ ਰੱਖ ਕੇ ਉੱਠਦੀ ਤੇ ਰਸੋਈ 'ਚ ਜਾ ਖੜਦੀ, "ਲੈ, ਮੈਂ ਤੈਨੂੰ ਵਾਜ਼ ਮਾਰੀ ਸੀ, ਅੱਗੋਂ ਤੂੰ ਕੋਈ ਹੁੰਗਾਰਾ ਹੀ ਨ੍ਹੀਂ ਦਿੱਤਾ।" ਬਹੂ ਕਹਿੰਦੀ, "ਲਿਫ਼ਾਫਾ ਕਿੱਥੇ ਦੌੜ ਚਲਿਆ ਸੀ। ਪਹਿਲਾਂ ਮਾਮਾ ਜੀ ਨੂੰ ਚਾਹ-ਪਾਣੀ ਤਾਂ ਪੀ ਲੈਣ ਦਿਓ।" ਬਹੂ ਦੇ ਇੰਨਾ ਕਹਿਣ ਨਾਲ ਜੀਤਾਂ ਠੰਢੀ ਹੋ ਜਾਂਦੀ। ਮੁੜ ਮੇਰੇ ਕੋਲ ਆ ਬੈਠਦੀ। ਬਹੂ ਚਾਹ ਤੇ ਖਾਣ ਵਾਲਾ ਸਾਮਾਨ ਡਾਇਨਿੰਗ ਟੇਬਲ 'ਤੇ ਸਜਾਉਣ ਲੱਗਦੀ ਤਾਂ ਉਹ ਆਵਾਜ਼ ਦਿੰਦੀ, "ਲੈ ਇਹ ਕਿਹੜਾ ਪ੍ਰਾਹੁਣਾ ਆਇਆ। ਇੱਥੇ ਹੀ ਲੈ ਆ।" ਬਹੂ ਹੁਕਮ ਦੀ ਪਾਲਣਾ ਕਰਦੀ ਕੋਲ ਆ ਬੈਠਦੀ। ਉਹ ਬਹੂ ਦੀਆਂ ਸਿਫ਼ਤਾਂ ਕਰਨ ਲੱਗੀ, "ਮੇਰੀ ਬਹੂ ਨ੍ਹੀਂ, ਇਹ ਤਾਂ ਪਿਛਲੇ ਜਨਮ ਦੀ ਧੀ ਆ। ਸ਼ਾਲੂ ਆਪਣੇ ਘਰ ਚਲੀ ਗਈ-ਇਹ ਆ ਗਈ। ਬੜੀ ਸੇਵਾ ਕਰਦੀ ਆ ਵਿਚਾਰੀ। ਸੁੱਤਿਆ ਉੱਠਦਿਆਂ ਚਾਹ ਦਾ ਗਲਾਸ ਮਿਲ ਜਾਂਦਾ। ਗਰਮਾ-ਗਰਮ ਰੋਟੀ, ਧੋਤੇ-ਧੁਆਏ ਕੱਪੜੇ। ਪ੍ਰੈਸ ਕੀਤੇ ਹੋਏ। ਤੇਰਾ ਭਾਜੀ ਮੈਨੂੰ ਇਕ ਦਿਨ ਤੋਂ ਵੱਧ ਸੂਟ ਨ੍ਹੀਂ ਪਾਉਣ ਦਿੰਦਾ ਸੀ। ਇਹ ਵੀ ਨ੍ਹੀਂ। ਇਹਨੇ ਤਾਂ ਸਭ ਕੁਸ਼ ਸੰਭਾਲ ਲਿਆ। ਜੇ ਕਿਸੇ ਕੰਮ ਨੂੰ ਹੱਥ ਵੀ ਲਾਵਾਂ ਤਾਂ ਹੱਥ ਫੜ ਲੈਂਦੀ ਆ, 'ਮੰਮੀ ਜੀ, ਵਥੇਰਾ ਕੰਮ ਕਰ ਲਿਆ। ਤੁਸੀਂ ਆਪਣੇ ਪੋਤੇ ਤੇ ਪੋਤੀ ਨਾਲ ਹੱਸੋ-ਖੇਡੋ ਤੇ ਰੱਬ ਦਾ ਨਾਂ ਲਵੋ'।"

ਮੈਨੂੰ ਲੱਗਦਾ ਕਿ ਜੀਤਾਂ ਆਪਣੇ ਘਰੇ ਸੁਖੀ ਹੈ। ਵੱਡੀ ਸ਼ਾਲੂ ਆਪਣੇ ਘਰੇ ਸੁਖੀ ਹੈ। ਗੋਨੀ ਆਗਿਆਕਾਰ ਤੇ ਸਿਆਣਾ ਮੁੰਡਾ ਹੈ। ਗਿਆਨ ਦੀ ਕਾਰ ਐਕਸੀਡੈਂਟ 'ਚ ਮੌਤ ਹੋ ਗਈ ਸੀ। ਗੋਨੀ ਨੇ ਘਰ-ਬਾਰ ਸੰਭਾਲ ਲਿਆ ਹੈ। ਹੁਣ ਪੰਦਰ੍ਹਾਂ  ਮਰਲਿਆਂ ਦੀ ਕੋਠੀ ਹੈ। ਨੋਵਾ ਕਾਰ ਹੈ। ਕਿਸੇ ਚੀਜ਼ ਦੀ ਕੋਈ ਕਮੀ ਨਹੀਂ ਹੈ। ਜੇ ਕਮੀ ਹੈ ਤਾਂ ਗਿਆਨ ਦੀ ਹੈ। ਡਰਾਇੰਗ ਰੂਮ 'ਚ ਗਿਆਨ

ਦੀ ਵੱਡੀ ਸਾਰੀ ਫਰੇਮ ਕੀਤੀ ਫੋਟੋ ਲੱਗੀ ਹੈ। ਉਹੀ ਮੁਸਕਰਾਉਂਦਾ ਹੋਇਆ ਚਿਹਰਾ। ਮੈਂ ਵਾਰ-ਵਾਰ ਉਸ ਵੱਲ ਦੇਖਦਾ।

"ਮਾਮਾ ਜੀ, ਕੀ ਸੋਚੀਂ ਜਾਂਦੇ ਓਂ ?" ਬਹੂ ਨੇ ਮੈਨੂੰ ਪੁੱਛਿਆ।

"ਕੁਸ਼ ਨ੍ਹੀਂ ਪੁੱਤ। ਆਹ ਭਾਜੀ ਯਾਦ ਆ ਗਏ।"

ਜੀਤਾਂ ਦੀਆਂ ਅੱਖਾਂ ਭਰ ਆਈਆਂ।

ਮੇਰੀਆਂ ਆਪਣੀਆਂ ਅੱਖਾਂ 'ਚ ਪਾਣੀ ਆ ਗਿਆ।

ਜੀਤਾਂ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਬੋਲੀ, "ਆ ਤੈਨੂੰ ਸਾਰੀ ਕੋਠੀ ਦਿਖਾਵਾਂ। ਜਦੋਂ ਦੀ ਬਣੀ ਆ- ਤੂੰ ਤਾਂ ਪਹਿਲੀ ਵਾਰ ਆਇਆਂ। ਬੀਰੋ ਵੀ ਸਿਰਫ਼ ਇਕ ਵਾਰ ਆਈ ਸੀ।" ਫੇਰ ਉਹ ਇਕੱਲਾ-ਇਕੱਲਾ ਕਮਰਾ ਤੇ ਚੀਜ਼ਾਂ ਦਿਖਾਉਣ ਲੱਗੀ, "ਆਹ ਛੱਤ ਨੂੰ ਕੀ ਕਹਿੰਦੇ ਹੁੰਦੇ ਆ, ਮੈਨੂੰ ਤਾਂ ਨਾਂ ਲੈਣਾ ਨ੍ਹੀਂ ਆਉਂਦਾ, ਤੂੰ ਹੀ ਬਹੂ ਦੱਸ... ਸੀਲਿੰਗ... ਹਾਂ ਸੀਲਿੰਗ ਕਰਵਾਈ ਆ... ਆਹ ਸਾਰਾ ਫਰਨੀਚਰ ਮੋਹਾਲੀਓਂ ਲਿਆਂਦਾ। ਆਹ ਦੇਖ ਰਸੋਈ ਦਾ ਚੁੱਲ੍ਹਾ ਸਿਸਟਮ। ਹਰੇਕ ਕਮਰੇ 'ਚ ਏ.ਸੀ.। ਐਲ.ਈ.ਡੀ.। ਜਿੱਦਾਂ ਦਾ ਕੰਧਾਂ ਦਾ ਰੰਗ ਓਦਾਂ ਦਾ ਹੀ ਬੈੱਡ ਦਾ ਰੰਗ... ਮੇਰੀ ਨ੍ਹੀਂ ਹੁਣ ਕੋਈ ਸਲਾਹ ਪੁੱਛਦਾ। ਮੈਨੂੰ ਤਾਂ ਉਦੋਂ ਹੀ ਪਤਾ ਲੱਗਦਾ ਜਦੋਂ ਸਾਮਾਨ ਆ ਜਾਂਦਾ। ਗੋਨੀ ਨੂੰ ਕਹਿੰਦੀ ਰਹਿੰਦੀ ਆਂ- ਕਿਉਂ ਪੈਸੇ ਪੱਟੀ ਜਾਣਾ। ਅੱਗੋਂ ਪੋਲਾ ਜਿਹਾ ਮੂੰਹ ਬਣਾ ਕੇ ਜੁਆਬ ਦਿੰਦਾ, 'ਮੰਮੀ ਜੀ ਜੇ ਬੰਦਾ ਪੈਸੇ ਕਮਾਏ ਤਾਂ ਉਹਨੂੰ ਖਰਚੇ ਵੀ।' ਚੱਲ, ਜਿੱਦਾਂ ਇਨ੍ਹਾਂ ਨੂੰ ਚੰਗਾ ਲੱਗਦਾ ਕਰੀਂ ਜਾਣ। ਮੈਂ ਕਿਉਂ ਮੱਥੇ ਵੱਟ ਪਾਵਾਂ...।"

ਹੁਣ ਕਿਸੇ ਚੀਜ਼ 'ਚ ਵੀ ਜੀਤਾਂ ਦੀ ਮਰਜ਼ੀ ਸ਼ਾਮਿਲ ਨਹੀਂ। ਸਾਰੀ ਚੋਣ ਬਹੂ ਦੀ ਹੈ। ਕੋਈ ਸਮਾਂ ਹੁੰਦਾ ਸੀ ਕਿ ਜਦੋਂ ਮੈਂ ਆਉਂਦਾ ਤਾਂ ਜੀਤਾਂ ਮੈਨੂੰ ਬਹੁਤ ਸਾਰੀਆਂ ਨਵੀਆਂ ਖਰੀਦੀਆਂ ਚੀਜ਼ਾਂ ਦਿਖਾਉਂਦੀ। ਵਾਰ-ਵਾਰ ਪੁੱਛਦੀ, "ਆਹ ਰੰਗ ਦੇਖ ਠੀਕ ਹੈ ਨਾ ਪਰਦਿਆਂ ਦਾ... ਆਹ ਮੈਟ ਮੈਂ ਜੈਪੁਰੋਂ ਖਰੀਦਿਆ... ਨ੍ਹੀਂ, ਆਹ ਬੈੱਡ ਇੱਥੇ ਦਾ ਨ੍ਹੀਂ ਬਣਿਆ... ਇਹ ਤਾਂ ਤੇਰੇ ਭਾਜੀ ਦਾ ਇਕ ਦੋਸਤ ਸ੍ਰੀਨਗਰ ਰਹਿੰਦਾ। ਇਹ ਬੈੱਡ ਉਹਨੇ ਭੇਜਿਆ... ਦੋ ਕੁ ਮਹੀਨਿਆਂ ਤਾਈਂ ਕੁਰਸੀਆਂ, ਮੇਜ਼ ਤੇ ਡਾਇਨਿੰਗ ਟੇਬਲ ਭੇਜੂ...।" ਤੇ ਫੇਰ ਜਿੱਦਾਂ ਉਹਨੂੰ ਕੋਈ ਭੁੱਲੀ ਹੋਈ ਗੱਲ ਚੇਤੇ ਆ ਗਈ ਹੋਵੇ, ਉਹ ਕਾਹਲੀ-ਕਾਹਲੀ ਪੁੱਛਦੀ, "ਤੂੰ ਦੱਸਦਾ ਸੀ ਕਿ ਦਿੱਲੀ ਕਿਸੇ ਇੰਟਰਵਿਊ 'ਤੇ ਜਾਣਾ।" ਮੈਂ ਦੱਸਦਾ, "ਉਹ ਤਾਂ ਕੈਂਸਲ ਹੋ ਗਈ। ਕੀ ਗੱਲ ?" "ਲੈ ਗੱਲ ਕੀ ਹੋਣੀ ਸੀ, ਮੈਂ ਤਾਂ ਲਾਲ ਕਿਲ੍ਹੇ ਲਾਗਲੀ ਮਾਰਕੀਟ 'ਚੋਂ ਹੈਂਗਰ ਮੰਗਵਾਉਣੇ ਸੀ।" ਉਹਨੇ ਸਿਰਫ਼ ਪੰਜ ਜਮਾਤਾਂ ਪਾਸ ਕੀਤੀਆਂ ਹਨ ਪਰ ਉਹਦੀ ਸਮਝ ਦੀ ਗਿਆਨ ਵੀ ਦਾਦ ਦਿੰਦਾ ਸੀ, "ਜੇ ਕਿਤੇ ਤੂੰ ਬੀ.ਏ. ਪਾਸ ਕੀਤੀ ਹੁੰਦੀ ਤਾਂ ਮੈਨੂੰ ਬਾਂਦਰ ਵਾਂਗੂ ਟਪਾਈ ਜਾਣਾ ਸੀ।"

ਮੈਨੂੰ ਆਇਆਂ ਦੋ ਕੁ ਘੰਟੇ ਹੋ ਜਾਂਦੇ। ਬੱਚੇ ਸਕੂਲੋਂ ਆਉਂਦੇ। ਮੈਨੂੰ ਨਮਸਤੇ ਕਹਿ ਕੇ ਐਲ.ਈ.ਡੀ. 'ਤੇ ਕਾਰਟੂਨ ਦੇਖਣ ਲੱਗਦੇ ਜਾਂ ਟੈਬਲਿਟ ਲੈ ਕੇ ਗੇਮਾਂ ਖੇਡਣੀਆਂ ਸ਼ੁਰੂ ਕਰ ਦਿੰਦੇ ਜਾਂ ਆਪਣੀ ਮੰਮੀ ਵਾਲੇ ਮੋਬਾਇਲ 'ਤੇ ਨੈੱਟ ਖੋਲ੍ਹ ਲੈਂਦੇ। ਬਹੂ ਦੇ ਆਪਣੇ ਕੰਮ ਨਾ ਮੁੱਕਦੇ। ਸਾਡੀਆਂ ਗੱਲਾਂ ਮੁੱਕ ਜਾਂਦੀਆਂ। ਮੈਨੂੰ ਲੱਗਦਾ ਕਿ ਹੁਣ ਵਾਪਸ ਚਲੇ ਜਾਣਾ ਚਾਹੀਦਾ ਹੈ। ਇੱਥੇ ਕਾਸ ਲਈ ਰਹਿਣਾ ਹੈ। ਅਜੇ ਤਾਂ ਦੋ ਹੀ ਵੱਜੇ ਹਨ। ਗੋਨੀ ਨੇ ਅੱਠ ਵਜੇ ਤੋਂ ਪਹਿਲਾਂ ਨਹੀਂ ਆਉਣਾ। ਉਂਝ ਮੈਂ ਰਾਤ ਰਹਿਣ ਦਾ ਪ੍ਰੋਗਰਾਮ ਬਣਾ ਕੇ ਆਇਆ ਸੀ। ਛੋਟੇ ਬੈੱਗ 'ਚ ਕੁੜਤਾ-ਪਜਾਮਾ, ਬੁਰਸ਼ ਆਦਿ ਲਿਆਇਆ ਸੀ। ਮੇਰੇ ਲਈ ਸਮਾਂ ਬਿਤਾਉਣਾ ਔਖਾ ਹੋ ਜਾਂਦਾ। ਜੇ ਮੈਂ ਹੁਣ ਸੌਂ ਗਿਆ ਤਾਂ ਰਾਤ ਨੂੰ ਨੀਂਦ ਨਹੀਂ ਆਉਣੀ। ਫੇਰ ਕਿੰਨਾ ਕੁ ਸੌਂ ਸਕਦਾ ਹਾਂ!

ਮੈਨੂੰ ਇਹ ਘਰ ਓਪਰਾ-ਓਪਰਾ ਲੱਗਦਾ। ਹੁਣ ਇਹ ਘਰ ਜੀਤਾਂ ਦਾ ਨਹੀਂ, ਉਸ ਦੀ ਬਹੂ ਦਾ ਹੈ। ਉਸੇ ਦੀ ਮਰਜ਼ੀ ਨਾਲ ਚੱਲਦਾ ਹੈ। ਮੈਂ ਆਪਣੀ ਆਜ਼ਾਦੀ ਨਾਲ ਕਿਸੇ ਵੀ ਕਮਰੇ 'ਚ ਘੁੰਮ ਫਿਰ ਨਹੀਂ ਸਕਦਾ। ਗਿਆਨ ਹੁੰਦਾ ਤਾਂ ਉਸ ਕਹਿ ਦੇਣਾ ਸੀ, 'ਤੂੰ ਨਹਾ ਧੋ ਲੈ। ਘੰਟਾ ਕੁ ਆਰਾਮ ਕਰ ਲੈ। ਫੇਰ ਆਪਾਂ ਗੜ੍ਹਸ਼ੰਕਰ ਫ਼ਿਲਮ ਦੇਖਣ ਚਲਦੇ ਆਂ।'

ਮੈਨੂੰ ਸੈਂਡਲਾਂ ਦੀ ਬੱਦਰ ਲਗਾਉਂਦੇ ਹੋਏ ਨੂੰ ਦੇਖ ਕੇ ਜੀਤਾਂ ਕਹਿੰਦੀ, "ਗੋਨੀ ਕੋਲ ਦੁਕਾਨੇ ਗੇੜਾ ਮਾਰ ਆ।"

"ਉਹਨੂੰ ਤਾਂ ਮੈਂ ਮਿਲ ਆਇਆਂ।"

"ਫੇਰ ਕਿੱਥੇ ਚੱਲਿਆਂ ?"

"ਵਾਪਸ ਜਲੰਧਰ।"

ਬਹੂ ਨੂੰ ਵੀ ਸੁਣ ਪੈਂਦਾ। ਉਹ ਕਹਿੰਦੀ, "ਮਾਮਾ ਜੀ, ਅੱਜ ਨ੍ਹੀਂ ਜਾਣਾ। ਕੱਲ੍ਹ ਚੱਲੇ ਜਾਇਓ। ਤੁਸੀਂ ਤਾਂ ਪ੍ਰਾਹੁਣਿਆਂ ਵਾਂਗੂ ਆਏ ਹੋ।"

"ਨ੍ਹੀਂ ਪੁੱਤ, ਮੈਨੂੰ ਕਈ ਕੰਮ ਆ।" ਮੈਂ ਝੂਠ ਬੋਲਦਾ।

ਮੈਂ ਜੀਤਾਂ ਨੂੰ ਪੰਜ ਸੌ ਦਾ ਨੋਟ ਦਿੰਦਾ ਤਾਂ ਉਹ ਅੱਖਾਂ ਭਰ ਲੈਂਦੀ, "ਚੁੱਪ ਕਰ ਕੇ ਬੈਠ ਜਾ। ਆ ਕੇ ਬਾਣੀਆਂ ਦੇ ਪ੍ਰਾਹੁਣਿਆਂ ਵਾਂਗੂ ਕਰਨ ਲੱਗਾ। ਅੱਜ ਨ੍ਹੀਂ ਕਿਤੇ ਜਾਣਾ।" ਉਸ ਦੀ ਆਵਾਜ਼ 'ਚ ਪਹਿਲਾਂ ਵਾਲਾ ਗੜਕਾ ਨਾ ਹੁੰਦਾ। ਨਾ ਹੀ ਜ਼ੋਰ।

ਜਾਣ ਲਈ ਮੈਂ ਉੱਠ ਹੀ ਖੜਦਾ। ਉਸ ਨੂੰ ਇਤਬਾਰ ਜਿਹਾ ਨਾ ਆਉਂਦਾ ਕਿ ਮੈਂ ਸੱਚੀਂਮੁੱਚੀਂ ਚੱਲਿਆ ਹਾਂ। ਫੇਰ ਉਹ ਕਹਿੰਦੀ, "ਅੱਛਾ ਚੱਲਿਆ ਜਾਈਂ। ਅਜੇ ਤਾਂ ਸਿਖਰ ਦੁਪਹਿਰਾ। ਤੂੰ ਰੋਟੀ ਵੀ ਨ੍ਹੀਂ ਖਾਧੀ। ਕੁੜੇ ਰੋਟੀ ਬਣਾ। ਮੇਰਾ ਮਾਂ ਜਾਇਆ ਸਾਡੇ ਘਰੋਂ ਭੁੱਖਾ ਹੀ ਜਾਊਗਾ।" ਹੁਣ ਜੀਤਾਂ ਸਾਡੇ ਘਰੋਂ ਸ਼ਬਦ ਵਰਤਦੀ। ਪਹਿਲਾਂ ਤਾਂ ਉਹ 'ਮੇਰੇ' ਕਹਿੰਦੀ ਹੁੰਦੀ ਸੀ।

ਬੱਚੇ ਮੋਬਾਇਲ 'ਤੇ ਕਾਰਟੂਨ ਦੇਖਣ 'ਚ ਮਸਤ ਹੁੰਦੇ।

"ਲੈ ਐਨਾ ਕੁਸ਼ ਖਾ ਲਿਆ।" ਮੈਂ ਕਹਿੰਦਾ।

"ਖਾਧਾ ਕਿੱਥੋਂ ਆ, ਚਿੜੀ ਵਾਂਗੂ ਡੂੰਗਿਆ।"

ਮੈਂ ਉਸ ਦੇ ਪੈਰੀਂ ਹੱਥ ਲਾਉਣ ਲਈ ਝੁੱਕਦਾ ਤਾਂ ਉਹ ਮੈਨੂੰ ਘੁੱਟ ਕੇ ਜੱਫੀ ਪਾ ਲੈਂਦੀ। ਹਟਕੋਰੇ ਭਰ-ਭਰ ਰੋਣ ਲੱਗਦੀ ਤੇ ਹੌਲੀ ਜਿਹੇ ਕਹਿੰਦੀ, "ਹੁਣ ਤਾਂ ਰਿਸ਼ਤੇ ਵੀ ਟੈਲੀਫੋਨਾਂ 'ਤੇ ਰਹਿ ਗਏ............।"

ਮੋ. 98148-03254

# ਠਹਿਰੇ ਪਲ/ ਦੀਪਤੀ ਬਬੂਟਾ

ਅੱਜ ਫਿਰ ਸ਼ਿਖਾ ਦਾ ਫ਼ੋਨ ਆਇਆ ਹੈ। ਪੈਂਦੀ ਸੱਟੇ ਉਸ ਨੇ ਉਹੀ ਪੁਰਾਣਾ ਸਵਾਲ ਦੁਹਰਾਇਆ ਹੈ, "ਦਾਮਿਨੀ ਤੇਰਾ ਹਸਬੈਂਡ ਕਿੱਥੇ ... ?"

"ਕੀ ਆਖਾਂ... ?" ਸਮਝ ਨਹੀਂ ਆ ਰਹੀ।

ਪਰਤ ਦਰ ਪਰਤ ਖੁੱਲ੍ਹਦਾ ਇਨਸਾਨ ਕੀ ਦਾ ਕੀ ਨਿਕਲ ਸਕਦੈ...!

ਸੱਚੀਂ ਕਹਿੰਦੇ ਨੇ 'ਰਾਹ ਪਏ ਜਾਣੀਏਂ ਜਾਂ ਵਾਹ ਪਏ।' ਇੱਕ ਵਿਚਾਰ ਕੀ ਆਇਆ ? ਸੋਚਾਂ ਦਾ ਰਥ ਬੇਲਗਾਮ ਹੋ ਚਿਹਰੇ ਦੇ ਅੰਦਰ ਛੁਪੇ ਚਿਹਰਿਆਂ ਦੀ ਤਲਾਸ਼ ਕਰਦਾ ਮਿੱਥੀਆਂ ਧਾਰਨਾਵਾਂ ਨਾਲ ਭਿੜਨ ਲੱਗਿਆ। ਕੀ 'ਪਹਿਲਾ ਪ੍ਰਭਾਵ ਆਖਰੀ ਹੁੰਦੈ... ?' ਮੇਰਾ ਅੰਦਰ ਹੱਸਿਆ ਤੇ ਮਨ ਬੋਲਿਆ, 'ਕਦੀ ਵੀ ਨਹੀਂ। ਪਹਿਲਾ ਪ੍ਰਭਾਵ ਕਦੀ ਆਖ਼ਰੀ ਹੋ ਹੀ ਨਹੀਂ ਸਕਦਾ। ਪਹਿਲੀ ਮਿਲਣੀ 'ਚ ਅਸੀਂ ਇੱਕ-ਦੂਜੇ ਲਈ ਬਿਲਕੁਲ ਨਕਲੀ ਹੁੰਦੇ ਹਾਂ। ਸਾਡਾ ਹਾਸਾ ਨਕਲੀ, ਰੋਣਾ ਨਕਲੀ, ਉਦਾਸੀ ਨਕਲੀ, ਚਿਹਰੇ ਦੀ ਰੌਣਕ ਨਕਲੀ। ਇੱਥੋਂ ਤੱਕ ਇੱਕ-ਦੂਜੇ ਦੇ ਗਲ਼ ਲੱਗਣਾ ਵੀ ਨਕਲੀ। ਮੌਕੇ ਮੁਤਾਬਿਕ ਮੁਖੌਟਾ ਪਹਿਨ ਕੇ ਹੀ ਤਾਂ ਵਿਚਰਦੇ ਹਾਂ ਅਸੀਂ ਸਮਾਜਿਕ ਪ੍ਰਾਣੀ, ਸਮਾਜ ਅੰਦਰ। ਅਸੀਂ ਸੱਭਿਆ ਸਮਾਜ ਦੇ ਜੀਵ ਹਾਂ। ਸਮਾਜਿਕ ਤੌਰ 'ਤੇ ਵਿਚਰਦਿਆਂ ਸੱਭਿਅਕ ਹੋਣਾ ਸਾਡਾ ਸਮਾਜਿਕ ਫਰਜ਼ ਹੈ ਤੇ ਧਰਮ ਵੀ। ਸਿਉਂਕ ਖਾਧੀ ਲੱਕੜ ਨੂੰ ਕਿੰਨੀ ਵੀ ਪਾਲਿਸ਼ ਕਿਉਂ ਨਾ ਕਰ ਲਉ ਆਖਿਰ ਉਸ ਨੇ ਭੁਰਨਾ ਹੁੰਦੈ।' ਇੰਜ ਹੀ ਵਕਤ ਨਾਲ ਵਹਿੰਦਿਆਂ ਸਾਡੇ ਹਾਸਿਆਂ, ਸਾਡੇ ਬੋਲਾਂ, ਸਾਡੀ ਗਲਵੱਕੜੀ 'ਤੇ ਲਿੱਪੀ-ਪੋਤੀ ਪਾਲਿਸ਼ ਵੀ ਹੌਲੀ-ਹੌਲੀ ਫਿੱਕੀ ਪੈਣ ਲੱਗੀ। ਭੁਰਦੀਆਂ-ਭੁਰਦੀਆਂ ਅਸੀਂ ਅਜਿਹਾ ਭੁਰਨ ਲੱਗੀਆਂ ਕਿ ਅੰਦਰ ਦੇ ਖੰਡਰ ਚੀਕਾਂ ਮਾਰਨ ਲੱਗੇ। ਨਕਲੀ/ਅਸਲੀ ਨੂੰ ਸਹੀ/ਗਲਤ ਦੇ ਪੈਮਾਨੇ 'ਚ ਢਾਲਣਾ ਵੱਸ ਦਾ ਰੋਗ ਨਹੀਂ। ਹਾਂ, ਇੱਕ ਗੱਲ ਸਾਫ਼ ਹੈ। ਅਸੀਂ ਜਿਉਂ-ਜਿਉਂ ਗੰਢੇ ਦੀਆਂ ਪਰਤਾਂ ਉਤਾਰਨ ਵਾਂਗ ਇੱਕ-ਦੂਜੇ ਕੋਲ ਖੁੱਲ੍ਹਣ ਲੱਗੀਆਂ ਪਹਿਲਾਂ ਨਾਲੋਂ ਸਫ਼ੇਦ ਹੋ ਕੇ ਇੱਕ-ਦੂਜੇ ਦਾ ਅਕਸ ਨਿਹਾਰਨ ਲੱਗੀਆਂ।

ਸ਼ਿਖਾ ਦੀ ਮੇਰੇ ਕੋਲ ਤੀਸਰੀ ਫੇਰੀ ਸੀ। ਇੱਕ-ਦੂਸਰੇ ਨੂੰ ਕੁਰੇਦਦੀਆਂ ਹੁਣ ਤੱਕ ਅਸੀਂ ਇੱਕ-ਦੂਜੇ ਪ੍ਰਤੀ ਵਫ਼ਾਦਾਰੀ ਨਿਭਾਉਣ ਦਾ ਵਿਸ਼ਵਾਸ ਜਿੱਤ ਲਿਆ ਸੀ। ਮੈਂ ਉਸ ਵਾਸਤੇ ਕਦੋਂ ਦਾਮਿਨੀ ਤੋਂ ਦਮੂ ਹੋ ਗਈ ਪਤਾ ਹੀ ਨਾ ਲੱਗਿਆ। ਨੇੜੇ ਹੁੰਦੀਆਂ-ਹੁੰਦੀਆਂ ਇੰਨੀਆਂ ਨੇੜੇ ਹੋਣ ਲੱਗੀਆਂ ਕਿ ਮੈਂ ਉਸ ਕੋਲ ਤੇ ਉਹ ਮੇਰੇ ਕੋਲ ਉਧੜਨ ਲੱਗੀ ਬਖੀਆ-ਬਖੀਆ, ਘੂਰਾ-ਘੂਰਾ।

ਆਪਣੀ ਜ਼ਿੰਦਗੀ ਦਾ ਪਹਿਲਾ ਪੰਨਾ ਖੋਲ੍ਹਦਿਆਂ ਮੈਂ ਉਸ ਨੂੰ ਦੱਸਿਆ, "ਛੋਟੇ ਹੁੰਦਿਆਂ ਹੀ ਮੇਰੇ ਪਾਪਾ ਦੀ ਮੌਤ ਹੋ ਗਈ। ਮਾਂ ਨੇ ਮੈਨੂੰ ਨਾਨਕੇ ਰਹਿ ਕੇ ਪਾਲ਼ਿਆ। ਮਾਮੇ ਨੇ ਮੇਰੀ ਪਰਵਰਿਸ਼ 'ਚ ਸੱਚੀ 'ਮਾ-ਮਾ' ਅਰਥਾਤ ਦੋਹਰੀ ਮਾਂ ਹੋਣ ਦਾ ਫਰਜ਼ ਨਿਭਾਇਆ। ਜ਼ਿੰਦਗੀ ਦੀਆਂ ਧੁੱਪਾਂ ਤੋਂ ਬਚਾਉਣ ਲਈ ਪਿਤਾ ਵਾਂਗ ਛਾਂ ਦਿੱਤੀ। ਅੱਜ ਮੈਂ ਜੋ ਵੀ ਹਾਂ..." ਮੈਂ ਬੋਲ ਰਹੀ ਸੀ ਕਿ ਉਹ ਆਪਣੀ ਜ਼ਿੰਦਗੀ ਦੀਆਂ ਤਹਿਆਂ ਖੋਲ੍ਹਣ ਲੱਗੀ,

"ਜਦੋਂ ਅਸੀਂ ਨਾਸਮਝ ਉਮਰ 'ਚ ਹੁੰਦੇ ਹਾਂ ਨਾ ਦਮੂ। ਉਦੋਂ ਕਈ ਅਜਿਹੇ ਅਣਜਾਣੇ, ਅਣਕਿਆਸੇ, ਅਣਚਾਹੇ ਹਾਦਸੇ ਹੋ ਜਾਂਦੇ ਆ ਜੋ ਠਹਿਰਿਆ ਹੋਇਆ ਪਲ਼ ਬਣ ਕੇ ਉਮਰ ਭਰ ਅੰਦਰੋਂ-ਅੰਦਰ ਜਿੰਦ ਕੋਹਦੇ ਰਹਿੰਦੇ ਆ। ਵੱਧਦੀ ਉਮਰ ਨਾਲ ਅਸੀਂ ਵੱਡੇ ਹੋਣ ਲੱਗਦੇ ਹਾਂ ਤੇ ਇਹ ਠਹਿਰੇ ਪਲਾਂ ਦੇ ਨਿਸ਼ਾਨ ਹੋਰ ਤੇ ਹੋਰ ਪੱਕੇ ਹੋਣ ਲੱਗਦੇ ਆ। ਅਸੀਂ ਤਰੱਕੀ ਦੀਆਂ ਕਿੰਨੀਆਂ



ਵੀ ਮੰਜ਼ਿਲਾਂ ਕਿਉਂ ਨਾ ਚੜ੍ਹ ਜਾਈਏ ? ਇਹ ਪਲ਼ ਟੱਸ ਤੋਂ ਮੱਸ ਨਹੀਂ ਹੁੰਦੇ। ਪਿਉ ਦੀ ਮੌਤ ਦੇ ਬਾਵਜੂਦ ਤੇਰਾ ਬਚਪਨ ਸਾਲਮ ਸਬੂਤਾ ਤੇ ਅਣਭੋਲ ਰਿਹਾ। ਤੇਰੀ ਖੁਸ਼ਨਸੀਬੀ ਹੀ ਆਖਾਂਗੀ। ਮੰਨਿਆ ਤੇਰੀ ਮਾਂ ਦਾ ਪੇਕੀਂ ਰਹਿਣਾ ਮਜਬੂਰੀ ਹੋ ਸਕਦਾ ਸੀ ਪਰ ਮੇਰੀ ਮਾਂ...! ਪਤਾ ਨਹੀਂ ਉਹਨੂੰ ਕੀ ਬਿਮਾਰੀ ਸੀ ? ਜਦੋਂ ਵੇਖੋ ਪੇਕੇ ਜਾਣ ਲਈ ਬੈਗ ਬੰਨ੍ਹੀ ਰੱਖਦੀ। ਨਾਲ ਘਸੀਟ ਲੈਂਦੀ ਮੈਨੂੰ ਤੇ ਮੇਰੀ ਨਿੱਕੀ ਭੈਣ ਨੂੰ। ਮੇਰੇ ਨਾਲ ਕਦੋਂ ਤੋਂ ਕੀ ਹੋ ਰਿਹਾ ਸੀ ? ਮੈਂ ਨਹੀਂ ਸੀ ਜਾਣਦੀ। ਜਿਵੇਂ-ਜਿਵੇਂ ਵੱਡੀ ਹੋਣ ਲੱਗੀ, ਮੈਨੂੰ ਕਚਿਆਣ ਆਉਣ ਲੱਗੀ ਤੇ ਮੇਰੇ ਮਨ 'ਚ ਭਰਨ ਲੱਗੀ ਮੇਰੇ ਮਾਮੇ ਲਈ ਨਫ਼ਰਤ।"

"ਮਾਮੇ ਲਈ ਨਫ਼ਰਤ...! ਉਹ ਕਿਉਂ ?" ਮੇਰੇ ਪੁੱਛਣ ਦੀ ਦੇਰ ਸੀ ਸ਼ਿਖਾ ਦਾ ਸਰੀਰ ਗੁੱਸੇ ਨਾਲ ਥਰ-ਥਰ ਕੰਬਣ ਲੱਗਿਆ।

"ਹਰਾਮੀ ਕਿਸੇ ਥਾਂ ਦਾ। ਪਤੈ ਦਮੂ। ਮੈਂ ਨਿੱਕੀ ਜਿਹੀ। ਰਾਤ ਨੂੰ ਮਾਂ ਨਾਲ ਸੌਂਦੀ। ਜਦੋਂ ਸਵੇਰੇ ਉੱਠਦੀ ਮਾਮੇ ਨੇ ਮੈਨੂੰ ਜੱਫੀ 'ਚ ਲਿਆ ਹੁੰਦਾ। ਮੇਰੀ ਫਰਾਕ ਗਲਮੇ ਤੱਕ ਚੁੱਕੀ ਹੋਣੀ ਤੇ ਮੇਰੀ ਕੱਛੀ...ਆ ਛੀ। ਦੱਸਦਿਆਂ ਉਲਟੀ ਆਉਂਦੀ ਆ।" ਉਹ ਰੋਣ ਲੱਗੀ ਪਰ ਉਹਦੀਆਂ ਅੱਖਾਂ 'ਚੋਂ ਹੰਝੂ ਨਹੀਂ ਸਨ ਡਿੱਗੇ। ਮੈਨੂੰ ਸਮਝ ਨਾ ਆਵੇ ਕੀ ਆਖਾਂ ਕੀ ਨਾ ਆਖਾਂ। ਕੁਝ ਚਿਰ ਸਾਡੇ ਦੋਹਾਂ 'ਚ ਚੁੱਪ ਪੱਸਰੀ ਰਹੀ। ਫਿਰ ਉਸੇ ਨੇ ਚੁੱਪੀ ਤੋੜੀ।

"ਮੈਂ ਸਵੇਰੇ ਉੱਠ ਕੇ ਮਾਂ ਨੂੰ ਕਹਿੰਦੀ, ਮੰਮੀ ਵੇਖੋ ਮਾਮੇ ਨੇ ਮੇਰੀ ਕੱਛੀ 'ਚ ਸੁਸੂ ਕਰ'ਤਾ। ਮਾਂ ਤੋਂ ਪਹਿਲਾਂ ਮਾਮਾ ਬੋਲ ਪੈਂਦਾ।"

"ਵੇਖ ਭੈਂਜੀ ਇਸ ਸ਼ੈਤਾਨ ਦੀ ਚਲਾਕੀ। ਉਲਟਾ ਮੇਰੀ ਸ਼ਿਕੈਤ ਲਾਈ ਜਾਂਦੀ ਏ। ਭਿਉਂ ਮੈਨੂੰ ਦਿੱਤਾ ਤੇ ਨਾਂ ਮੇਰਾ ਲਾਈ ਜਾਂਦੀ ਆ। ਆਪ ਈ ਦੱਸ ਮੈਂ ਇਸ ਉਮਰ 'ਚ ਭਲਾ ਬਿਸਤਰੇ 'ਤੇ ਪਿਸ਼ਾਬ ਕਰਾਂਗਾ ?"

"ਗੱਲ ਤਾਂ ਸਹੀ ਸੀ ਉਸ ਦੀ। ਮੈਂ ਨਿੱਕੀ ਜਿਹੀ ਬਾਲੜੀ ਤੇ ਉਹ ਮੇਰੇ ਨਾਲੋਂ 18-19 ਸਾਲ ਵੱਡਾ। ਮਾਮਾ ਮੈਨੂੰ ਮੋਢਿਆਂ 'ਤੇ ਬਿਠਾ ਕੇ ਖਿਡਾਉਣ ਲੱਗ ਜਾਂਦਾ। ਮਾਂ ਹੱਸ ਪੈਂਦੀ ਤੇ ਗੱਲ ਆਈ ਗਈ ਹੋ ਜਾਂਦੀ। ਸੱਚੀਂ ਦਮੂ ਮੈਨੂੰ ਮਾਂ ਦੇ ਮੂੰਹੋਂ ਨਾਨਕੇ ਜਾਣ ਦਾ ਸੁਣਦੇ ਹੀ ਗੁੱਸਾ ਚੜ੍ਹਨ ਲੱਗਦਾ ਤੇ ਡਰ ਵੀ ਲੱਗਦਾ। ਫਿਰ ਹੌਲੀ-ਹੌਲੀ ਮੈਂ ਨਾਨਕੇ ਜਾਣ ਤੋਂ ਪਾਸਾ ਵੱਟਣ ਲੱਗੀ। ਮੇਰੀ ਨਾਂਹ ਸੁਣ ਕੇ ਮਾਂ ਮੈਨੂੰ ਕੁੱਟ ਸੁੱਟਦੀ। ਮੈਂ ਜਿੱਦਲ ਬਣੀ ਜ਼ਮੀਨ 'ਤੇ ਲਿਟਣ ਲੱਗਦ...ਪਰ ਜਦੋਂ ਮਾਮਾ ਸਾਡੇ ਕੋਲ ਆਇਆ ਹੁੰਦਾ। ਫਿਰ ਉਹੀਓ ਕਾਰਾ...।

ਕਈ ਵਾਰੀ ਤਾਂ ਮਾਮੇ ਨਾਲੋਂ ਵੱਧ ਗੁੱਸਾ ਮੈਨੂੰ ਮਾਂ 'ਤੇ ਆਉਣ ਲੱਗਦੈ। ਅੰਦਰ ਘੁੱਲਦੀ ਵਿਸ ਨਾਲ ਜ਼ਹਿਰੀ ਹੋਈ ਨਸ-ਨਸ ਮੈਨੂੰ ਕੁਰਦੇਣ ਲੱਗਦੀ ਹੈ ਕਿ ਮਾਂ ਨੇ ਕਦੀ ਬਿਸਤਰਾ ਕਿਉਂ ਨਾ ਵੇਖਿਆ ? ਮੇਰੀ ਕੱਛੀ ਹੀ ਗਿੱਲੀ ਹੁੰਦੀ ਸੀ ਜਾਂ ਬਿਸਤਰਾ ਵੀ...!" ਦੱਸਦੀ ਉਹ ਗੰਭੀਰ ਹੋਣ ਲੱਗੀ ਤੇ ਮੈਂ ਸੁਣ ਕੇ ਸੁੰਨ।

"ਇੰਝ ਕਿਵੇਂ ਹੋ ਸਕਦੈ ?" ਮੈਂ ਜਿਵੇਂ ਗਹਿਰੀ ਬੇਹੋਸ਼ੀ ਦੇ ਆਲਮ 'ਚੋਂ ਮਸਾਂ ਜ਼ੁਬਾਨ ਪੁੱਟੀ ਹੋਵੇ।

"ਪਤਾ ਨਹੀਂ ਪਰ ਮੇਰੇ ਨਾਲ ਤਾਂ ਹੋਇਆ। ਇੱਕ ਵਾਰ ਨਹੀਂ ਵਾਰ-ਵਾਰ...।" ਉਹ ਗੰਭੀਰ ਹੋ ਗਈ।

ਉਸ ਦੇ ਚਿਹਰੇ ਵੱਲ ਤੱਕਦੀ ਮੈਂ ਸੋਚਣ ਲੱਗੀ, 'ਸਦਾ ਚਹਿਕਦੀ ਰਹਿਣ ਵਾਲੀ

ਬੁਲਬੁਲ ਕਿੱਡੇ ਪੱਥਰ ਚੁੱਕੀ ਫਿਰਦੀ ਏ।' ਮੇਰੀ ਜ਼ੁਬਾਨ ਨਾ ਖੁੱਲ੍ਹੇ ਤੇ ਉਹ ਚਾਨਚੱਕ ਹੱਸੀ। ਮੈਂ ਹੈਰਾਨ-ਪਰੇਸ਼ਾਨ। ਪੁੱਛਿਆ, "ਕੀ ਹੋਇਐ ?"

ਅਖੇ, "ਚੱਲ ਅੱਜ ਇਨਾ ਹੀ ਸਹੀ। ਬਾਕੀ ਦੀ ਰਾਮ-ਕਹਾਣੀ ਫਿਰ ਕਦੀ ਦੱਸਾਂਗੀ। ਉਮਰਾਂ ਦੇ ਜ਼ਖ਼ਮ ਇੱਕ ਦਿਨ 'ਚ ਕਿੱਥੇ ਫਰੋਲੇ ਜਾਂਦੇ ਆ।" ਉਸ ਨੇ ਮੈਨੂੰ ਘੁੱਟ ਕੇ ਗਲਵੱਕੜੀ ਪਾਈ ਤੇ 'ਫਿਰ ਆਵਾਂਗੀ' ਆਖ ਕੇ ਚਲੀ ਗਈ। ਮੈਨੂੰ ਛੱਡ ਗਈ ਕਿੰਨੀਆਂ ਹੀ ਉਲਝਣਾਂ ਨਾਲ ਗੁੱਥਮ-ਗੁੱਥਾ ਹੋਣ ਲਈ।

ਜਦੋਂ ਉਹ ਪਹਿਲੀ ਵਾਰੀ ਮਿਲੀ ਸੀ ਤਾਂ ਕਦੋਂ ਸੋਚਿਆ ਸੀ ਕਿ ਅਸੀਂ ਇੱਕ-ਦੂਜੇ ਦੇ ਇੰਨੀਆਂ ਕਰੀਬ ਆ ਜਾਵਾਂਗੀਆਂ। ਉਹ ਜਿਉਂ-ਜਿਉਂ ਆਪਣਾ ਅੰਦਰ ਖੋਲ੍ਹਦੀ ਮੈਨੂੰ ਉਸ ਨਾਲ ਪਹਿਲਾਂ ਨਾਲੋਂ ਵੀ ਵੱਧ ਮੋਹ ਆਉਂਦਾ। ਦਿਲ ਕਰਦਾ ਮਾਂ ਬਣ ਕੇ ਉਹਨੂੰ ਸੀਨੇ ਲਾ ਲਵਾਂ। ਕਦੀ ਮਨ 'ਚ ਆਉਂਦਾ 'ਕਾਸ਼ ! ਮੈਂ ਮਾਂਦਰੀ ਹੋਵਾਂ ਤੇ ਚੂਸ ਲਵਾਂ ਉਸ ਦੇ ਅੰਦਰ ਭਰੀ ਉਮਰਾਂ ਦੀ ਜ਼ਹਿਰ।' ਉਹ ਵੀ ਤਾਂ ਮੇਰੇ ਨਾਲ ਕਿੰਨਾ ਆਪਣਾ-ਪਣ ਜਤਾਉਂਦੀ। ਗੱਲ-ਗੱਲ ਤੇ ਗਲ ਲੱਗਦੀ ਮੈਨੂੰ ਸੀਨੇ ਘੁੱਟ ਲੈਂਦੀ। ਉਹ ਆਉਂਦੀ ਤਾਂ ਘਰ ਰੌਣਕ-ਰੌਣਕ ਹੋ ਜਾਂਦਾ। ਉਹ ਜਾਂਦੀ ਤਾਂ ਅਜੀਬ ਜਿਹੀ ਉਦਾਸੀ ਛਾਣ ਲੱਗਦੀ। ਉਹ ਜਾਂਦੀ ਪਿੱਛੋਂ ਤੇ ਉਸ ਦੇ ਆਉਣ ਦੀ ਉਡੀਕ ਮੈਂ ਪਹਿਲਾਂ ਕਰਨ ਲੱਗਦੀ।

ਉਸ ਨੇ ਜਦੋਂ ਵੀ ਆਉਣਾ ਹੁੰਦਾ ਪਹਿਲਾਂ ਫ਼ੋਨ ਕਰਕੇ ਪੁੱਛਦੀ, "ਦਮੂ ਤੇਰਾ ਘਰਵਾਲਾ ਘਰ ਹੈ ਜਾਂ ਬਾਹਰ ?" ਪਹਿਲੀ ਵਾਰੀ ਜਦੋਂ ਉਸ ਨੇ ਮੇਰੇ ਘਰ ਆਉਣਾ ਸੀ ਤਾਂ ਸੁਣ ਕੇ ਮੈਨੂੰ ਹੈਰਾਨੀ ਨਹੀਂ ਸੀ ਹੋਈ। ਲੱਗਿਆ ਬਸ-ਅੱਡੇ ਤੋਂ ਘਰ ਲੈ ਕੇ ਆਉਣ ਦਾ ਵਸੀਲਾ ਜਾਣਨ ਲਈ ਪੁੱਛਦੀ ਹੋਣੀ ਏ।

ਮੈਂ ਆਖਿਆ, "ਹਾਂ ਸ਼ਿਖਾ, ਰਾਜੀਵ ਘਰ ਹੀ ਨੇ। ਆ ਜਾਵਾਂਗੇ ਅਸੀਂ ਅੱਗੋਂ ਲੈਣ। ਤੂੰ ਆ ਤੇ ਸਹੀ। ਨਾ ਵੀ ਹੁੰਦੇ ਤਾਂ ਵੀ ਮੈਂ ਜਿਵੇਂ ਮਰਜੀ ਤੈਨੂੰ ਅੱਗੋਂ ਲੈਣ ਪਹੁੰਚਦੀ। ਤੈਨੂੰ ਖੱਜਲ ਥੋੜ੍ਹਾ ਨਾ ਹੋਣ ਦੇਣਾ ਸੀ। ਆਜਾ ਅਸੀਂ ਤੇਰੀ ਬੱਸ ਤੋਂ ਪਹਿਲਾਂ ਅੱਡੇ 'ਤੇ ਪਹੁੰਚੇ ਹੋਵਾਂਗੇ।"

ਮੈਂ ਬੋਲੀ ਜਾ ਰਹੀ ਸੀ ਕਿ ਉਸ ਨੇ, "ਚੱਲ ਛੱਡ, ਫਿਰ ਕਦੀ ਆਵਾਂਗੀ।" ਆਖ ਕੇ ਫ਼ੋਨ ਕੱਟ ਦਿੱਤਾ।

"ਅਜੀਬ ਬੰਦੀ ਏ।" ਮੂੰਹ 'ਚ ਬੋਲਦਿਆਂ ਮੈਂ ਵੀ ਨਾ ਗੌਲਿਆ ਕਿ ਉਸ ਨੇ ਆਉਣ ਤੋਂ ਇਨਕਾਰ ਕਿਉਂ ਕਰ ਦਿੱਤਾ। ਅਸਲ ਵਿੱਚ ਉਸ ਵੇਲੇ ਸਾਡੀ ਦੋਸਤੀ ਹੋਈ ਨੂੰ ਥੋੜ੍ਹਾ ਸਮਾਂ ਹੀ ਹੋਇਆ ਸੀ। ਅਸੀਂ ਇੱਕ-ਦੂਸਰੇ ਦੀਆਂ ਸਹੇਲੀਆਂ ਭਾਵੇਂ ਬਣ ਗਈਆਂ ਸੀ ਪਰ ਇੱਕ-ਦੂਜੇ ਨੂੰ ਜਾਣਦੀਆਂ ਨਹੀਂ ਸਾਂ। ਇੱਕ-ਦੂਸਰੇ ਨਾਲ ਜਾਣ-ਪਛਾਣ ਹੋਣਾ ਤੇ ਇੱਕ-ਦੂਸਰੇ ਨੂੰ ਜਾਣਨ ਵਿੱਚ ਵੱਡਾ ਫ਼ਰਕ ਹੁੰਦਾ ਹੈ ਤੇ ਇਹ ਫ਼ਾਸਲਾ ਅਸੀਂ ਅਜੇ ਤੈਅ ਕਰਨਾ ਸੀ। ਤੇਲ ਵੇਖ ਲਿਆ ਸੀ, ਧਾਰ ਪਰਖਣੀ ਬਾਕੀ ਸੀ।

ਸਾਡੀ ਪਹਿਲੀ ਮੁਲਾਕਾਤ ਇੱਕ ਸੈਮੀਨਾਰ ਦੌਰਾਨ ਹੋਈ ਸੀ। ਅਸੀਂ ਦੋਵੇਂ ਇੱਕ ਹੀ ਡਿਪਾਰਟਮੈਂਟ ਵਿੱਚ ਕੰਮ ਕਰਦੀਆਂ ਸੀ ਪਰ ਦੋਹਾਂ ਦੇ ਦਫ਼ਤਰ ਵੱਖ-ਵੱਖ ਸ਼ਹਿਰਾਂ ਵਿੱਚ। ਉਹ ਜਲੰਧਰ ਤੇ ਮੈਂ ਲੁਧਿਆਣਾ।

ਤਿੰਨ ਦਿਨਾ ਸੈਮੀਨਾਰ ਦੇ ਪਹਿਲੇ ਦਿਨ 'ਟੀ ਬ੍ਰੇਕ' ਹੋਈ। ਸਾਰੇ ਕੈਂਡਿਟ ਇੱਕ-ਦੂਸਰੇ ਨੂੰ ਹੈਲੋ-ਹਾਏ ਕਰਦੇ ਆਪਣੀ ਜਾਣ-ਪਛਾਣ ਕਰਵਾ ਰਹੇ ਸਨ। ਉਸ ਨੇ ਚਹਿਕਦੇ ਹੋਏ ਮੇਰੇ ਵੱਲ ਹੱਥ



ਵਧਾਉਂਦਿਆਂ ਕਿਹਾ, "ਹੈਲੋ, ਮੈਂ ਸ਼ਿਖਾ। ਜਲੰਧਰ ਆਫ਼ਿਸ ਇੰਚਾਰਜ।"

"ਹਾਏ ਸ਼ਿਖਾ, ਮੈਂ ਦਾਮਿਨੀ । ਲੁਧਿਆਣਾ ਬ੍ਰਾਂਚ ਮੈਨੇਜਰ।"

"ਓ ਗ੍ਰੇਟ ਟੂ ਮੀਟ ਯੂ।" ਉਸ ਨੇ ਮੇਰੇ ਹੱਥ ਵਿੱਚ ਘੁੱਟਿਆ ਹੱਥ ਹੋਰ ਜ਼ੋਰ ਨਾਲ ਘੁੱਟ ਲਿਆ।

"ਆਉ ਚਾਹ ਲਈਏ।" ਮੈਂ ਵੀ ਉਸ ਦਾ ਹੱਥ ਹੋਰ ਘੁੱਟਦਿਆਂ ਚਾਹ ਵਾਲੀ ਟੇਬਲ ਵੱਲ ਚੱਲਣ ਦਾ ਇਸ਼ਾਰਾ ਕੀਤਾ।

ਬਸ ਪਹਿਲੀ ਗੱਲਬਾਤ ਇੰਨੀ ਹੀ ਸੀ।

ਦੂਸਰੀ ਮੁਲਾਕਾਤ ਲੰਚ ਬ੍ਰੇਕ ਵਿੱਚ ਹੋਈ। ਖਾਣੇ ਦੀ ਪਲੇਟ ਹੱਥ ਵਿੱਚ ਫੜੀ ਉਹ ਲਾਈਨ 'ਚ ਲੱਗੀ ਸੀ। ਦੂਰੋਂ ਹੀ ਮੈਨੂੰ ਹੱਥ ਮਾਰਦਿਆਂ ਲੰਬੀ ਲਾਈਨ ਦੇ ਪਿੱਛੇ ਲੱਗਣ ਦੀ ਬਜਾਏ ਆਪਣੇ ਕੋਲ ਅੱਗੇ ਆਉਣ ਦਾ ਇਸ਼ਾਰਾ ਕਰਨ ਲੱਗੀ। ਕੌਣ ਲਾਈਨ 'ਚ ਲੱਗੇ ? ਮੈਂ ਵੀ ਫ਼ਟਾਫ਼ਟ ਪਲੇਟ, ਚਮਚ, ਨੈਪਕਿਨ ਚੁੱਕੇ ਤੇ ਸਿੱਧਾ ਉਸ ਦੇ ਮਗਰ ਲਾਈਨ 'ਚ ਜਾ ਖਲੋਤੀ। ਪਲੇਟਾਂ ਵਿੱਚ ਖਾਣਾ ਪਾਇਆ ਤੇ ਅਸੀਂ ਦੋਵੇਂ ਇੱਕ ਨੁੱਕਰ ਵਿੱਚ ਲੱਗੇ ਟੇਬਲ 'ਤੇ ਬੈਠ ਕੇ ਖਾਣਾ ਖਾਣ ਲੱਗੀਆਂ। ਖਾਣਾ ਖਾਂਦਿਆਂ ਗੱਲਾਂ ਦਾ ਸਿਲਸਿਲਾ ਚੱਲ ਨਿਕਲਿਆ, "ਦਾਮਿਨੀ ਵੇਖ ਯਾਰ ਮੈਂ ਤਾਂ ਸੈਲਫ਼ ਮੇਡ ਬੰਦੀ ਹਾਂ। ਘਰ ਵਿੱਚ ਬਜ਼ੁਰਗ ਮਾਂ-ਬਾਪ ਹਨ, ਇੱਕ ਭੈਣ ਹੈ ਵਿਆਹੀ ਗਈ। ਮੈਂ ਵਿਆਹ ਨਹੀਂ ਕਰਵਾਇਆ। ਆਪਾਂ ਅਜ਼ਾਦ ਪੰਛੀ... । ਨਾ ਕਿਸੇ ਦੀ ਹੇ-ਹੇ ਨਾ ਖੇ-ਖੇ।" ਆਖ ਕੇ ਉਹ ਖਿੜਖਿੜਾ ਕੇ ਹੱਸੀ।

ਉਸ ਦੇ ਇਸ ਖੁੱਲ੍ਹੇ-ਡੁੱਲ੍ਹੇ ਸੁਭਾਅ ਤੇ ਹਾਸੇ ਨੇ ਮੈਨੂੰ ਪ੍ਰਭਾਵਿਤ ਕੀਤਾ ਜਾਂ ਨਹੀਂ। ਪਤਾ ਨਹੀਂ ਪਰ ਮੈਂ ਵੀ ਆਪਣੇ ਬਾਰੇ ਉਸ ਨੂੰ ਦੱਸਿਆ, "ਮੈਂ ਮਾਂ-ਬਾਪ ਦੀ ਇਕਲੌਤੀ ਧੀ ਹਾਂ। ਪਤੀ ਮਲਟੀਨੈਸ਼ਨਲ ਕੰਪਨੀ ਵਿੱਚ ਇੰਜੀਨੀਅਰ ਹੈ। ਇੱਕ ਧੀ ਏ ਮੇਰੀ। ਪਿਛਲੇ ਮਹੀਨੇ ਹੀ ਪੰਜ ਸਾਲ ਦੀ ਹੋਈ ਹੈ। ਹਸਬੈਂਡ ਦੀ ਜੌਬ ਨੋਇਡਾ ਹੈ। ਛੁੱਟੀਆਂ ਦਾ ਹਿਸਾਬ ਲਗਾ ਕੇ ਉਨ੍ਹਾਂ ਦਾ ਸਾਡੇ ਕੋਲ ਤੇ ਸਾਡਾ ਮਾਂ-ਧੀ ਦਾ ਉਨ੍ਹਾਂ ਕੋਲ ਆਉਣਾ-ਜਾਣਾ ਲੱਗਿਆ ਰਹਿੰਦੈ। ਬਸ ਇਸੇ ਆਵਾਗਮਨ ਵਿੱਚ ਚੁਰਾਸੀ ਵਾਲਾ ਚੱਕਰ ਕੱਟੀ ਜਾ ਰਿਹੈ।" ਖਾਣਾ ਖਾਂਦਿਆਂ ਇੰਨੀ ਕੁ ਜਾਣ-ਪਛਾਣ ਹੋਈ ਤੇ ਸੈਮੀਨਾਰ ਦਾ 'ਸੈਕਿੰਡ ਹਾਫ਼' ਸ਼ੁਰੂ ਹੋਣ ਦਾ ਟਾਈਮ ਹੋ ਗਿਆ। ਸੈਮੀਨਾਰ ਸਮਾਪਤੀ 'ਤੇ ਅਸੀਂ ਆਪੋ-ਆਪਣੇ ਕਮਰਿਆਂ ਵੱਲ ਚਲੇ ਗਏ।

ਅਗਲੇ ਦਿਨ ਸੈਮੀਨਾਰ ਹਾਲ ਵੱਲ ਜਾਣ ਲੱਗੇ ਕੌਰੀਡੋਰ 'ਚ ਮੇਰੇ ਅੱਗੇ ਜਾਂਦੀ ਦੀ ਪਿੱਠ ਦਿਸੀ ਤੇ ਮੈਂ ਆਵਾਜ਼ ਮਾਰ ਦਿੱਤੀ, "ਸ਼ਿਖਾ।"

ਉਹ ਰੁਕੀ। ਪਿੱਛੇ ਮੁੜ ਕੇ ਵੇਖਿਆ। ਇੰਨੇ ਨੂੰ ਮੈਂ ਉਸ ਦੇ ਕੋਲ ਪਹੁੰਚ ਚੁੱਕੀ ਸੀ। ਉਹਨੇ ਮੈਨੂੰ ਬਾਹਾਂ 'ਚ ਘੁੱਟ ਲਿਆ। ਜਿਵੇਂ ਸਦੀਆਂ ਤੋਂ ਵਿਛੜੀਆਂ ਹੁਣ ਜਾ ਕੇ ਮਿਲੀਆਂ ਹੋਈਏ।

"ਇੰਨਾ ਪਿਆਰ... ! ਯਾਰ ਸ਼ਿਖਾ ਇੰਝ ਤਾਂ ਦਿਲ ਆਖੇਗਾ ਭਾਈ ਇਹ ਸੈਮੀਨਾਰ ਕਦੇ ਮੁੱਕੇ ਹੀ ਨਾ।" ਮੈਂ ਉਸ ਨੂੰ ਘੁੱਟ ਕੇ ਮਿਲਦਿਆਂ ਭਾਵੁਕ ਹੋ ਗਈ।

"ਸੈਮੀਨਾਰ ਦਾ ਕੀ ਏ। ਇਹ ਤਾਂ ਮਿਲਣ ਦਾ ਸਬੱਬ ਸੀ। ਦਿਲਾਂ 'ਚ ਮੁਹੱਬਤ ਰਹੇ, ਜਲੰਧਰ ਤੋਂ ਲੁਧਿਆਣਾ ਕਿਹੜਾ ਦੂਰ ਏ। ਮਿਲਣ ਵਾਲੇ ਤਾਂ ਸੱਤ ਸਮੁੰਦਰ ਤਰ ਜਾਂਦੇ ਨੇ।" ਮੇਰੀਆਂ ਅੱਖਾਂ ਵਿੱਚ ਵੇਖ ਕੇ ਉਹ ਹੱਸੀ।

"ਅਰੇ ਵਾਹ, ਕਿਆ ਸ਼ਾਇਰਾਨਾ ਅੰਦਾਜ਼ ਹੈ...!" ਗੱਲਾਂ ਕਰਦੀਆਂ ਅਸੀਂ ਸੈਮੀਨਾਰ ਹਾਲ 'ਚ ਪਹੁੰਚ ਗਈਆਂ।

ਹੱਸਦੇ, ਖੇਡਦੇ ਸੈਮੀਨਾਰ ਦੇ ਤਿੰਨ ਦਿਨ ਲੰਘ ਗਏ। ਚਾਹ ਵਾਲੇ ਪਿਆਲੇ ਤਾਂ ਭਾਵੇਂ ਸਾਡੇ ਦੋ ਹੁੰਦੇ ਪਰ ਖਾਣੇ ਦੀ ਪਲੇਟ ਦੂਸਰੇ ਦਿਨ ਹੀ ਇੱਕ ਹੋ ਗਈ। ਤੀਸਰੇ ਦਿਨ ਆਪੋ-ਆਪਣੇ ਆਲ੍ਹਣਿਆਂ ਵੱਲ ਪਰਤਣ ਤੋਂ ਪਹਿਲਾਂ ਸਾਰਿਆਂ ਦੀ ਗਰੁੱਪ ਫ਼ੋਟੋ ਹੋਈ। ਸ਼ਿਖਾ ਭੱਜਦੀ ਹੋਈ ਆਈ ਤੇ ਮੇਰੇ ਨਾਲ ਲੱਗ ਕੇ ਖੜੋ ਗਈ। ਉਸ ਵੇਲੇ ਤਾਂ ਮੇਰਾ ਧਿਆਨ ਨਾ ਗਿਆ। ਬਾਅਦ ਵਿੱਚ ਵੇਖਿਆ ਸ਼ਿਖਾ ਨੇ ਆਪਣੀ ਬਾਂਹ ਮੇਰੇ ਮੋਢੇ ਦੁਆਲੇ ਲਪੇਟੀ ਹੋਈ ਸੀ। ਘਰ ਆ ਕੇ ਮੈਂ ਉਹ ਫ਼ੋਟੋ ਕਈ ਵਾਰ ਵੇਖੀ। ਫਿਰ ਮੈਂ ਇਹ ਗਰੁੱਪ ਫ਼ੋਟੋ ਆਪਣੇ ਬੈੱਡ ਦੀ ਢੋਅ 'ਤੇ ਸਜਾ ਕੇ ਰੱਖ ਲਈ। ਜਦੋਂ ਵੀ ਨਿਗਾਹ ਪੈਂਦੀ ਸ਼ਿਖਾ ਦਾ ਗੁਲਾਬ ਵਾਂਗ ਖਿੜਿਆ ਚਿਹਰਾ ਵੇਖ ਆਪ-ਮੁਹਾਰੇ ਮੇਰਾ ਅੰਦਰ ਮਹਿਕਣ ਲੱਗਦਾ।

"ਦਿਲ ਨੂੰ ਦਿਲ ਦੀ ਰਾਹ ਹੁੰਦੀ ਆ। ਸੱਚੀ ਸੌ ਸਾਲ ਦੀ ਬੁੱਢੀ ਹੋ ਕੇ ਮਰੇਂਗੀ ਸ਼ਿਖਾ ਦੀ ਬੱਚੀ।" ਫ਼ੋਟੋ ਵੇਖਦੇ ਉਸ ਦਾ ਫ਼ੋਨ ਆਇਆ ਤੇ ਕਾਲ ਅਟੈਂਡ ਕਰਦਿਆਂ ਮੇਰੇ ਮੂੰਹੋਂ ਮੋਹ ਭਿੱਜੇ ਬੋਲ ਨਿਕਲ ਗਏ।

"ਅੱਛਾ ਜੀ...! ਜੇ ਇੰਨੀ ਗੱਲ ਏ ਤਾਂ ਤੂੰ ਚਾਹ ਧਰ ਤੇ ਯਾਰ ਕੇ ਆਏ ਪਰ ਆਪਣੀ ਗੱਲ 'ਚ ਇੱਕ ਸੋਧ ਕਰ ਲੈ। ਸੌ ਸਾਲ ਦੀ ਬੁੱਢੀ ਨਹੀਂ ਸੌ ਸਾਲ ਦੀ ਜਵਾਨ ਹੀ ਮਰਾਂਗੀ। ਅੱਛਾ ਦੱਸ, ਤੇਰੇ ਹਸਬੈਂਡ ਘਰ ਨੇ ਜਾਂ ਨੋਇਡਾ?"

"ਜੇ ਮੈਂ ਆਖਾਂ ਘਰ ਨੇ ਤਾਂ ਦੱਸ ਕੀ ਕਰੇਂਗੀ, ਜੇ ਆਖਾਂ ਘਰ ਨਹੀਂ ਤਾਂ ਫਿਰ ਕੀ ਕਰੇਂਗੀ?" ਮੈਂ ਸਿੱਧਾ ਜਵਾਬ ਦੇਣ ਦੀ ਬਜਾਏ ਪੁੱਠਾ ਕੰਨ ਮਰੋੜ ਕੇ ਉਸ ਦਾ ਅੰਦਰ ਟੋਹਣਾ ਚਾਹਿਆ।

"ਓ ਯਾਰ ਤੂੰ ਵੀ ਨਾ, ਅਸਲ ਵਿੱਚ ਤੇਰੇ ਹਸਬੈਂਡ ਬਾਹਰ ਰਹਿੰਦੇ ਆ। ਉਹ ਆਏ ਹੋਣ ਤਾਂ ਚੰਗਾ ਨਹੀਂ ਲੱਗਦਾ ਡਿਸਟਰਬ ਕਰਨਾ। ਆਫਟਰ-ਆਲ ਹੀ ਇਜ਼ ਯੂਅਰ ਹੱਸਬੈਂਡ। ਯਾਨੀ ਕੇ ਹੱਸ ਕੇ ਵੱਜਣ ਵਾਲਾ ਬੈਂਡ...।"

"ਵਾਹ! ਹੱਸ ਕੇ ਵੱਜਣ ਵਾਲਾ ਬੈਂਡ। ਪਤੀ ਦੀ ਨਵੀਂ ਡੈਫ਼ੀਨੇਸ਼ਨ...। ਮੇਰੇ ਬੈਂਡ ਸਾਹਿਬ ਜੀ ਨੋਇਡਾ ਹੀ ਨੇ ਤੇ ਫ਼ਿਲਹਾਲ ਆਉਣ ਦਾ ਕੋਈ ਪ੍ਰੋਗਰਾਮ ਵੀ ਨਹੀਂ। ਸੋ ਤੂੰ ਜਿੰਨਾ ਚਾਹੇਂ ਰੱਜ ਕੇ ਡਿਸਟਰਬ ਕਰ ਸਕਦੀ ਹੈਂ ਤੇ ਖੁੱਲ੍ਹ ਕੇ ਹੱਸ ਸਕਦੀ ਹੈਂ।" ਮੈਂ ਹੱਸੀ, ਉੱਧਰੋਂ ਉਸ ਦਾ ਹਾਸਾ ਛਣਕਿਆ।

ਉਹ ਐਤਵਾਰ ਸਵੇਰੇ ਆਈ ਤੇ ਅਗਲੀ ਵਾਰੀ ਪੱਕਾ ਰਾਤ ਰਹਿਣ ਦਾ ਆਖ ਕੇ ਸ਼ਾਮ ਨੂੰ ਚਲੀ ਗਈ। ਪੂਰਾ ਦਿਨ ਅਸੀਂ ਸੈਮੀਨਾਰ ਦੇ ਕਿੱਸੇ ਦੁਹਰਾ-ਦੁਹਰਾ ਕੇ ਕਦੀ ਕਿਸੇ ਦੀਆਂ ਤੇ ਕਦੀ ਕਿਸੇ ਦੀਆਂ ਨਕਲਾਂ ਉਤਾਰਦੀਆਂ ਲੋਟ-ਪੋਟ ਹੁੰਦੀਆਂ ਰਹੀਆਂ। ਉਹ ਮੇਰੀ ਧੀ ਅੰਜਲੀ ਨਾਲ ਲਾਡ ਲਡਾਉਂਦੀ ਬੱਚੀ ਨਾਲ ਬੱਚੀ ਹੋਈ ਭੱਜੀ ਫਿਰੇ ਤੇ ਪਲ਼ਾਂ ਵਿੱਚ ਮੇਰੀ ਧੀ ਉਸ ਦੇ ਅੱਗੇ-ਪਿੱਛੇ ਠੁਮਕਣ ਲੱਗੀ।

"ਸ਼ਿਖਾ ਛੱਡ ਯਾਰ, ਤੂੰ ਆਪਣਾ ਖਾਹ-ਪੀ। ਇਹ ਸ਼ੈਤਾਨ ਇਕੱਲੀ ਰਹਿੰਦੀ ਹੈ ਨਾ। ਬਸ ਕੋਈ ਮਿਲ ਜਾਏ ਸਹੀ ਖੇਡਣ ਲਈ। ਅਗਲੀ ਵਾਰੀ ਆਏਂਗੀ ਤਾਂ ਵੇਖੀਂ ਮੇਰੇ ਨਾਲੋਂ ਅੱਗੇ ਹੋ ਕੇ ਤੇਰਾ ਰਾਹ ਉਡੀਕਦੀ ਹੋਊ।"



ਰਾਹ ਕੀ ਉਡੀਕਣਾ ਸੀ, ਅੰਜਲੀ ਉੱਠਦੇ-ਬੈਠਦੇ ਪੁੱਛਦੀ, "ਮੰਮਾ ਆਂਟੀ ਨਹੀਂ ਆਈ?" ਕਰੀਬ ਦੋ ਮਹੀਨੇ ਬਾਅਦ ਉਹ ਦੁਬਾਰਾ ਆਈ ਤੇ ਚੁੱਕ ਲਿਆਈ ਮੇਰੀ ਧੀ ਲਈ ਢੇਰ ਸਾਰਾ ਸਾਮਾਨ। ਬੱਚਿਆਂ ਨੂੰ ਕੀ ਚਾਹੀਦਾ ਹੁੰਦੈ। ਚਾਰ ਟੌਫ਼ੀਆਂ ਤੇ ਖੇਡਣ ਲਈ ਸਾਥ, ਬੱਚੇ ਉਸ ਦੇ ਹੋ ਗਏ।

ਸ਼ਿਖਾ ਪਹਿਲੀ ਵਾਰੀ ਮੇਰੇ ਕੋਲ ਰਾਤ ਰੁਕੀ। ਜ਼ਿੱਦ ਕਰਕੇ ਉਸ ਨੇ ਸੁੱਤੀ ਪਈ ਅੰਜਲੀ ਨੂੰ ਚੁੱਕ ਕੇ ਆਪਣੀ ਬਾਂਹ 'ਤੇ ਪਾ ਲਿਆ। ਅਗਲੀ ਸਵੇਰ ਸ਼ਿਖਾ ਦੀ ਵਾਪਸੀ ਸੀ। ਸੁੱਤੀ ਪਈ ਅੰਜਲੀ ਦਾ ਉਸ ਨੇ ਮੱਥਾ ਚੁੰਮਿਆ। ਮੈਂ ਮੋਹ ਨਾਲ ਸ਼ਿਖਾ ਨੂੰ ਜੱਫੀ 'ਚ ਘੁੱਟ ਲਿਆ। ਅੰਜਲੀ ਉਸ ਦੇ ਜਾਣ ਤੋਂ ਬਾਅਦ ਜਾਗੀ। ਡੌਰ-ਭੌਰੀ ਜਿਹੀ ਮੇਰੇ ਵੱਲ ਝਾਕੀ ਜਾਵੇ। ਕਿੰਨੇ ਦਿਨ ਉਹ ਆਪਣੇ ਖਿਡੌਣਿਆਂ ਨਾਲ ਨਾ ਖੇਡੀ। ਫਿਰ ਹੌਲੀ-ਹੌਲੀ ਰੁਟੀਨ ਲਾਈਫ਼ 'ਚ ਮਸਤ ਹੋਣ ਲੱਗ ਪਈ। ਉਹ ਸ਼ਿਖਾ ਦੀ ਉਡੀਕ ਕਰਦੀ ਗੱਲ-ਗੱਲ ਤੇ ਉਸ ਦੇ ਆਉਣ ਬਾਰੇ ਪੁੱਛਦੀ।

ਅਗਲੀ ਵਾਰੀ ਸ਼ਿਖਾ ਆਈ ਤਾਂ ਮੇਰੀ ਧੀ ਲਈ ਨਾ ਸਿਰਫ਼ ਟੌਫ਼ੀਆਂ-ਚਾਕਲੇਟ ਤੇ ਵੰਨ-ਸੁਵੰਨੀਆਂ ਡਰੈਸਿੱਜ਼ ਲੈ ਕੇ ਆਈ ਬਲਕਿ ਰਿਮੋਟ ਨਾਲ ਚੱਲਣ ਵਾਲੀ ਕਾਰ ਵੀ ਲੈ ਆਈ। ਕਾਰ 'ਚ ਬੈਠ ਕੇ ਅੰਦਰ-ਬਾਹਰ ਗੇੜੀਆਂ ਦਿੰਦੀ ਅੰਜਲੀ ਦੀ ਖ਼ੁਸ਼ੀ ਸੰਭਾਲਿਆ ਨਾ ਸੰਭਲੇ।

"ਕੀ ਗੱਲ ਸਾਰੀ ਕਮਾਈ ਇਸ ਸ਼ੈਤਾਨ 'ਤੇ ਲੁਟਾ ਛੱਡਣੀ ਏ ਸ਼ਿਖਾ...? ਪਲੀਜ਼ ਇਹ ਸਭ ਲਿਆਉਣਾ ਬੰਦ ਕਰ।"

"ਆਈ ਵੱਡੀ। ਤੂੰ ਕੌਣ ਹੁੰਦੀ ਏਂ ਮੈਨੂੰ ਰੋਕਣ ਵਾਲੀ? ਇਹ ਤਾਂ ਮੇਰਾ ਤੇ ਮੇਰੀ ਅੰਜਲੀ ਦਾ ਆਪਸੀ ਮਾਮਲਾ ਏ। ਕਿਉਂ ਅੰਜਲੀ ਪੁੱਤਰ ਹੈ ਕਿ ਨਹੀਂ?"

"ਹੈ ...।"

"ਅੰਜਲੀ ਕਿਸ ਦਾ ਪੁੱਤਰ ਹੈ?"

"ਸ਼ਿਖਾ ਆਂਟੀ ਦਾ।"

ਉਹ ਉੱਛਲ ਕੇ ਸ਼ਿਖਾ ਦੇ ਗਲ ਨੂੰ ਚਿੰਬੜ ਗਈ। ਅੰਜਲੀ ਨਾਲ ਲਾਡ ਕਰਦੀ ਸ਼ਿਖਾ ਫ੍ਰੈੱਸ਼ ਹੋਣ ਵਾਸ਼ਰੂਮ ਚਲੀ ਗਈ। ਅੰਜਲੀ ਨੂੰ ਗੁਆਂਢੀਆਂ ਦੇ ਬੱਚੇ ਬੁਲਾਉਣ ਆ ਗਏ। ਨਵੇਂ ਖਿਡੌਣੇ ਦਿਖਾਉਣ ਉਹ ਵੀ ਚਾਂਈਂ-ਚਾਂਈਂ ਬਾਲਾਂ ਨਾਲ ਚਲੀ ਗਈ।

ਮੈਂ ਰਸੋਈ ਵਿੱਚ ਖਾਣਾ ਬਣਾਉਣ ਰੁੱਝੀ ਗਈ। ਅਚਾਨਕ ਦੋ ਮਜ਼ਬੂਤ ਬਾਹਾਂ ਨੇ ਪਿੱਛੋਂ ਦੀ ਮੇਰੇ ਲੱਕ ਦੁਆਲੇ ਬਾਹਾਂ ਦਾ ਜੂੜ ਕੱਸ ਲਿਆ ਤੇ ਨਰਮ ਹੋਂਠ ਮੇਰੀ ਗਰਦਨ 'ਤੇ ਗਰਦਿਸ਼ ਕਰਨ ਲੱਗੇ। ਮੈਂ ਸਾਰੀ ਦੀ ਸਾਰੀ ਸੁੰਗੜ ਕੇ ਅੰਦਰੇ-ਅੰਦਰ ਨੁੱਚੜ ਗਈ।

"ਰਾਜੀਵ...!" ਮੇਰੇ ਮੂੰਹੋਂ ਚਾਨਚੱਕ ਪਤੀ ਦਾ ਨਾਂ ਨਿਕਲ ਗਿਆ।

"ਅੱਛਾ ਤਾਂ ਮੈਡਮ ਆਪਣੇ ਰਾਜੀਵ ਦੇ ਖ਼ਿਆਲਾਂ ਵਿੱਚ ਡੁੱਬੇ ਹੋਏ ਸਨ।" ਉਸ ਨੇ ਬਾਹਾਂ ਦਾ ਜੂੜ ਹੋਰ ਕੱਸ ਲਿਆ। ਲੱਗਿਆ ਜਿਵੇਂ ਅਰਸੇ ਬਾਅਦ ਮੇਰੇ ਪਤੀ ਨੇ ਮੈਨੂੰ ਅੱਜ ਫਿਰ ਬਾਹਾਂ ਵਿੱਚ ਘੁੱਟ ਲਿਆ ਹੋਵੇ। ਇੰਝ ਹੀ ਤਾਂ ਕਰਦੇ ਸੀ ਉਹ। ਮੇਰੇ ਮਗਰ-ਮਗਰ ਮੰਡਰਾਉਂਦੇ ਫਿਰਨਾ ਤੇ ਰਸੋਈ...! ਜਿਵੇਂ 'ਫੇਵਰਟ ਰੁਮਾਂਟਿਕ ਐੱਜ' ਹੋਵੇ। (ਇਸ਼ਕ ਫ਼ਰਮਾਉਣ ਦੀ ਥਾਂ) ਅਚਾਨਕ ਪਿੱਛੋਂ ਦੀ ਆ ਕੇ ਬਾਹਾਂ 'ਚ ਭਰਨਾ ਤੇ ਮੈਨੂੰ ਚੁੰਮ ਲੈਣਾ। ਮਿੱਠੇ ਅਤੀਤ 'ਚ ਗੁਆਚੀ ਨੇ ਉਸ ਨੂੰ ਹੱਥਾਂ ਤੋਂ ਫੜ ਕੇ ਘੁਮਾਇਆ ਤੇ ਬਾਹਾਂ ਵਿੱਚ ਲੈ ਕੇ ਸੀਨੇ ਨਾਲ ਘੁੱਟ ਲਿਆ, "ਇਹ ਕਿਹੜਾ ਲਾਡ ਜਾਗਿਐ?" ਮੈਂ ਮੋਹ ਨਾਲ ਪੁੱਛਿਆ।

"ਸਾਨੂੰ ਇੰਝ ਹੀ ਪਿਆਰ ਦੇ ਦੌਰੇ ਪੈਂਦੈ ਆ।" ਉਹ ਹੱਸੀ ਤੇ ਪੁੱਛਣ ਲੱਗੀ, "ਸਾਡੀ

ਲਾਡੋ ਅੰਜਲੀ ਨਹੀਂ ਦਿਸਦੀ। ਕਿੱਥੇ ਆ ?"

"ਖੇਡਣ ਗਈ ਆ। ਆ ਜਾਏਗੀ ਹੁਣੇ। ਆਹ ਗੁਆਂਢੀਆਂ ਦੇ ਬੱਚੇ ਲੈ ਗਏ। ਮੈਂ ਵੀ ਤੇਰੇ ਆਉਣ ਦੇ ਚਾਅ ਵਿੱਚ ਰੀਝ ਨਾਲ ਖਾਣਾ ਬਣਾਉਣਾ ਸੀ। ਸੋ ਭੇਜ ਦਿੱਤਾ। ਕੋਈ ਨਾ ਤੂੰ ਮੂੰਹ ਹੱਥ ਧੋ, ਆ ਜਾਵੇਗੀ ਹੁਣੇ।"

"ਦਮੂ ਐਵੇਂ ਨਾ ਬੱਚੀ ਨੂੰ ਭੇਜਿਆ ਕਰ ਕਿਸੇ ਦੇ ਘਰ। ਪਤਾ ਹੈ, ਮਾਂ-ਪਿਉ ਨੂੰ ਇਕੱਠੇ ਹੁੰਦਾ ਵੇਖ ਕੇ ਬੱਚੇ ਵੀ ਇਕੱਲ ਮਿਲਦੇ ਉਹੀ ਹਰਕਤਾਂ ਕਰਨ ਲੱਗਦੇ ਆ। ਅਸਲ ਵਿੱਚ ਬੱਚੇ ਹੁੰਦੇ ਤਾਂ ਨਕਲਚੀ ਬਾਂਦਰ ਹੀ ਨੇ ਨਾ। ਉਂ ਵੀ ਜ਼ਮਾਨੇ ਦੀ ਹਵਾ ਮਾੜੀ ਆ। ਬੁਰੇ ਵਕਤ ਨੇ ਕਿਹੜਾ ਪੁੱਛ ਕੇ ਦਸਤਕ ਦੇਣੀ ਹੁੰਦੀ ਆ।"

ਉਸ ਦਾ ਇੰਝ ਕਹਿਣਾ ਮੈਨੂੰ ਬੜਾ ਅਜੀਬ ਲੱਗਿਆ। ਗੱਲ ਪਚਾਉਣੀ ਵੀ ਥੋੜ੍ਹੀ ਔਖੀ ਪਰ ਮੈਂ ਚੁੱਪ ਰਹਿਣਾ ਬਿਹਤਰ ਸਮਝਿਆ। ਉਸ ਦਾ ਫ਼ੋਨ ਆ ਗਿਆ। ਗੱਲ ਕਰਦੀ ਉਹ ਡਰਾਇੰਗ ਰੂਮ ਵੱਲ ਚਲੀ ਗਈ। ਇੰਨੇ ਨੂੰ ਗੁਆਂਢੀਆਂ ਦਾ ਮੁੰਡਾ ਅੰਜਲੀ ਨੂੰ ਵਾਪਸ ਛੱਡਣ ਆ ਗਿਆ। ਮੇਰੇ ਦਿਮਾਗ ਵਿੱਚ ਇਕਦਮ ਹੁਣੇ-ਹੁਣੇ ਆਖੀ ਸ਼ਿਖਾ ਦੀ ਗੱਲ ਘੁੰਮ ਗਈ। ਪਹਿਲੀ ਵਾਰੀ ਮੈਨੂੰ ਧੀ ਦਾ ਬਾਲਾਂ ਨਾਲ ਖੇਡ ਕੇ ਆਉਣਾ ਗੁਨਾਹ ਜਾਪਿਆ। ਸੋਚਾਂ... ! ਕਈ ਵਾਰੀ ਕਿਸੇ ਦੀ ਗੱਲ ਮੰਨ ਲੈਣ 'ਚ ਹੀ ਭਲਾਈ ਹੁੰਦੀ ਆ। ਅੱਗੇ ਤੋਂ ਨਹੀਂ ਘੱਲਣਾ ਇਹਨੂੰ ਐਵੇਂ ਕਿਸੇ ਆਂਢ-ਗੁਆਂਢ।

ਖਾਣਾ ਖੁਆ ਕੇ ਅੰਜਲੀ ਨੂੰ ਸੁਆ ਦਿੱਤਾ। ਇਸ ਤੋਂ ਪਹਿਲਾਂ ਕਿ ਮੈਂ ਸ਼ਿਖਾ ਨੂੰ ਮਾਮੇ ਵਾਲਾ ਕਿੱਸਾ ਅੱਗੇ ਸੁਣਾਉਣ ਲਈ ਆਖਦੀ। ਉਹ ਆਪ ਹੀ ਦੱਸਣ ਲੱਗੀ।

"ਦਮੂ ਹਰਾਮੀ ਲੋਕ ਕਿਸੇ ਦੇ ਸੱਕੇ ਨਹੀਂ ਹੁੰਦੇ। ਇੱਥੋਂ ਤੱਕ ਕਿ ਆਪਣੀ ਔਲਾਦ ਦੇ ਵੀ। ਮਾਮੇ ਦਾ ਵਿਆਹ ਹੋ ਗਿਆ। ਉਸ ਦੇ ਘਰ ਹੋਈ ਵੀ ਪਹਿਲੀ ਧੀ। ਮੈਂ ਮਨ ਹੀ ਮਨ ਬੜੀ ਖੁਸ਼। ਸੋਚਿਆ ਕਰਾਂ, ਹੁਣ ਤੇਰੀ ਧੀ ਨਾਲ ਕੋਈ ਕਰੇਗਾ ਨਾ ਗੰਦਾ ਕੰਮ ਤਾਂ ਪਤਾ ਲੱਗੂ। ਹਰਾਮੀਆ ਜੁਆਕੜੀਆਂ ਨਾਲ ਕਿਵੇਂ ਗੰਦ ਘੋਲੀ'ਦਾ ਏ ? ਪਰ ਸ਼ਿਖਾ, ਜੋ ਹੋਇਆ ਰੱਬ ਦੀ ਸਹੁੰ ਮੈਂ ਉਹ ਕਦੀ ਨਹੀਂ ਸੀ ਸੋਚਿਆ। ਮਾਮੇ ਦੀਆਂ ਹਰਕਤਾਂ ਤੋਂ ਤੰਗ ਆਈ ਮਾਮੀ ਉਸ ਨੂੰ ਛੱਡ ਕੇ ਪੇਕੀਂ ਚਲੀ ਗਈ। ਚਲੀ ਜਾਂਦੀ ਪਰ ਆਪਣੀ ਧੀ ਨੂੰ ਕਾਹਤੋਂ ਛੱਡ ਗਈ... !

ਮਾਮੇ ਦੀ ਧੀ ਚੌਥੀ ਕਿ ਪਤਾ ਨਹੀਂ ਪੰਜਵੀਂ 'ਚ ਪੜ੍ਹਦੀ ਸੀ। ਇੱਕ ਦਿਨ ਆਪਣੀ ਇੱਕ ਚਾਚੀ ਨੂੰ ਆਖੇ ਪਈ, 'ਚਾਚੀ ਮੇਰਾ ਢਿੱਡ ਪੀੜ ਹੁੰਦੈ। ਕੁਝ ਖਾਣ ਨੂੰ ਵੀ ਜੀਅ ਨਹੀਂ ਕਰਦਾ।' ਪਹਿਲਾਂ ਤਾਂ ਚਾਚੀ ਨੇ ਘਰ ਦਾ ਅਹੁੜ-ਪਹੁੜ ਕਰਦਿਆਂ ਕੁੜੀ ਨੂੰ ਜਵੈਣ-ਜਵੂਨ ਦੇ ਦਿੱਤੀ ਪਰ ਕੁੜੀ ਠੀਕ ਨਾ ਹੋਈ। ਆਖਰ ਡਾਕਟਰ ਕੋਲ ਲੈ ਗਈ। ਚਾਚੀ ਨੂੰ ਤਾਂ ਦੰਦਲਾਂ ਪੈ-ਪੈ ਜਾਣ। ਡਾਕਟਰ ਨੇ ਦੱਸਿਆ ਬੱਚੀ ਪੇਟ ਤੋਂ ਏ। ਚਾਚੀ ਨੇ ਉੱਥੇ ਈ ਕੁੜੀ ਦਾ ਕੁਟਾਪਾ ਚਾੜ੍ਹਨਾ ਸ਼ੁਰੂ ਕਰ ਦਿੱਤਾ। ਪੁੱਛੇ ਕੀਹਦੇ ਨਾਲ ਕੀਤਾ ਈ ਗੰਦਾ ਕੰਮ। ਕੁੜੀ ਸਿੱਧਾ ਪਿਉ ਦਾ ਨਾਂ ਲਈ ਜਾਵੇ ਪਰ ਚਾਚੀ ਨਾ ਮੰਨੇ। ਅਖੇ, 'ਸ਼ਰਮ ਕਰ, ਪਿਉ ਵੀ ਕਦੀ ਧੀਆਂ ਨਾਲ ਖੇਹ ਖਾਂਦੇ ਆ।' ਆਖਰ ਗੱਲ ਦੱਬਣ ਲਈ ਛੋਟੀ ਮਾਮੀ ਨੇ ਮੇਰੀ ਮਾਂ ਨਾਲ ਗੱਲ ਕੀਤੀ। ਦੋਵੇਂ ਨਨਾਣ ਭਰਜਾਈ ਨੇ ਕੁੜੀ ਦੀ ਸਫਾਈ ਕਰਵਾ ਦਿੱਤੀ। ਹਾਏ ! ਨਿੱਕੀ ਜਿਹੀ ਬਾਲੜੀ। ਕਿੰਨਾ ਕੁਝ ਗੁਜ਼ਰ ਗਿਆ ਉਸ ਮਾਸੂਮ ਜਾਨ 'ਤੇ। ਇਸ ਹਾਦਸੇ ਤੋਂ ਬਾਅਦ ਕੁੜੀ ਆਪਣੇ ਘਰ ਦਾ ਨਾਂ ਸੁਣ ਕੇ ਚੀਕਾਂ ਮਾਰੇ। ਕੋਈ ਉਸ ਦਾ ਦਰਦ ਸਮਝਣ ਨੂੰ ਤਿਆਰ ਨਾ ਪਰ ਮੇਰਾ ਰੋਮ-ਰੋਮ ਉਸ ਦੀ ਪੀੜ ਨੂੰ ਮਹਿਸੂਸ ਕਰ ਸਕਦਾ ਸੀ।



ਮੈਨੂੰ ਆਦਮ ਜਾਤ ਤੋਂ ਨਫ਼ਰਤ ਹੋਣ ਲੱਗੀ ਤੇ ਫਿਰ ਅਸਲੋਂ ਮੋਹ ਭੰਗ ਹੋ ਗਿਆ। ਕੁੜੀ ਨੇ ਫਿਨਾਇਲ ਪੀ ਲਈ। ਉਹ ਮਾਸੂਮ ਮਰ ਗਈ ਪਰ ਜੱਲਾਦ ਨਾ ਮਰਿਆ। ਰੱਬ ਕਰਕੇ ਕੀੜੇ ਪੈਣ ਹਰਾਮੀ ਨੂੰ... ।" ਉਹਦੇ ਮੂੰਹ 'ਚ ਜੋ ਆਵੇ ਅਵਾ-ਤਵਾ ਬੋਲੀ ਜਾਵੇ।

"ਸ਼ਿਖਾ ਯਾਰ, ਜੋ ਹੋਇਆ ਸੱਚੀਂ ਬੜਾ ਮਾੜਾ ਹੋਇਆ। ਅਜਿਹੀ ਕੁੰਠਿਤ ਮਾਨਸਿਕਤਾ ਵਾਲੇ ਬੰਦਿਆਂ ਨੇ ਹੀ ਸਮਾਜ ਦੇ ਅੱਧੇ ਹਿੱਸੇ ਨੂੰ ਖ਼ੌਫ਼ਜ਼ਦਾ ਕਰ ਰੱਖਿਐ ਪਰ ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ।"

"ਦਮੂ ਰੱਬ ਕਰੇ, ਤੇਰਾ ਵਿਸ਼ਵਾਸ ਬਣਿਆ ਰਹੇ। ਤੈਨੂੰ ਚੰਗਾ ਪਤੀ ਮਿਲਿਐ। ਉਹ ਤੇਰਾ ਹੋ ਕੇ ਤੇਰਾ ਹੀ ਰਹੇ। ਸੱਚੇ ਮਨੋਂ ਦੁਆ ਹੈ ਮੇਰੀ ਤੇਰੇ ਲਈ... ।"

ਉਸ ਦਾ ਇੰਨਾ ਕਹਿਣਾ ਸੀ ਕਿ ਪਤਾ ਨਹੀਂ ਮੈਨੂੰ ਕੀ ਹੋਇਆ। ਉਸ ਦੀ ਝੋਲੀ 'ਚ ਸਿਰ ਰੱਖਿਆ ਤੇ ਮੇਰਾ ਅੰਦਰ ਫਿੱਸ ਪਿਆ,

"ਸ਼ਿਖਾ ਚਾਚੇ, ਮਾਮੇ ਤੇ ਹੋਰ ਰਿਸ਼ਤੇ ਤਾਂ ਪਤਾ ਨਹੀਂ ਪਰ ਮੇਰਾ ਪਤੀ ਮੇਰਾ ਹੋ ਕੇ ਵੀ ਮੇਰਾ ਨਹੀਂ। ਨੋਇਡਾ ਨੌਕਰੀ ਤਾਂ ਬਸ ਬਹਾਨਾ ਹੀ ਏ। ਉਸ ਨੇ ਸ਼ਰੇਆਮ ਰਖੇਲ ਰੱਖੀ ਹੋਈ ਏ। ਅੰਜਲੀ ਮੇਰੀ ਕੁੱਖ 'ਚ ਸੀ ਜਦੋਂ ਮੈਨੂੰ ਉਸ ਦੇ ਮਾਸੂਮ ਚਿਹਰੇ ਅੰਦਰ ਲੁੱਕੇ ਸ਼ੈਤਾਨ ਦਾ ਪਤਾ ਲੱਗਿਆ। ਮੈਂ ਆਪ ਰਾਜੀਵ ਦੀ ਮੁਬਾਈਲ ਚੈਟ ਪੜ੍ਹੀ। ਮੈਂ ਤਿੜਕੀ, ਟੁੱਟੀ, ਰੱਜ ਕੇ ਰੋਈ। ਰਾਜੀਵ ਕੋਲੋਂ ਵਫ਼ਾ ਬਦਲੇ ਮਿਲੀ ਬੇਵਫ਼ਾਈ ਦਾ ਜਵਾਬ ਮੰਗਿਆ। ਬੜਾ ਚੌਂਕਾਉਣ ਵਾਲਾ ਜਵਾਬ ਮਿਲਿਆ। ਅਖੇ, 'ਦਾਮਿਨੀ ਮੈਂ ਤੇਰਾ ਹੀ ਤਾਂ ਹਾਂ। ਚਿੜੀ ਚੋਂਚ ਭਰ ਲੈ ਗਈ ਨਦੀ ਨਾ ਘਟਿਓ ਨੀਰ। ਇੱਧਰ ਤਾਂ ਠਾਠਾਂ ਮਾਰਦਾ ਸਮੁੰਦਰ ਤੇਰਾ ਹੈ। ਛੱਡ ਇਹ ਛੋਟੀਆਂ-ਮੋਟੀਆਂ ਗੱਲਾਂ। ਆਪਣੇ ਖਾਣ-ਪੀਣ ਵੱਲ ਧਿਆਨ ਦੇ। ਚੰਗਾ ਸੋਚਿਆ ਕਰ ਤੇ ਖੁਸ਼ ਰਿਹਾ ਕਰ। ਤੇਰੀ ਕੁੱਖ ਵਿੱਚ ਮੇਰੀ ਜਾਨ ਪਲ ਰਹੀ ਹੈ।"

ਮੇਰੇ ਪੇਟ ਨਾਲ ਲਿਪਟ ਕੇ ਉਹ ਸਾਰੀ ਰਾਤ ਮੇਰੀ ਕੁੱਖ 'ਚ ਪਲ਼ ਰਹੇ ਆਪਣੇ ਬੀਜ ਨੂੰ ਲਾਡ ਲਡਾਉਂਦਾ ਰਿਹਾ। ਸਵੇਰ ਹੋਈ। ਕੰਮ 'ਤੇ ਵਾਪਸ ਜਾਣਾ ਸੀ, ਪਰਤ ਗਿਆ। ਉਸ ਦਾ ਆਉਣਾ-ਜਾਣਾ ਜਿਵੇਂ ਸੀ ਉਵੇਂ ਹੀ ਚੱਲ ਰਿਹੈ ਪਰ ਮੈਂ ਉਸ ਦੀ ਹੋ ਕੇ ਵੀ ਹੁਣ ਉਸ ਦੀ ਨਹੀਂ ਹੋ ਪਾਉਂਦੀ।"

"ਕਿਉਂ ! ਕਿਸੇ ਹੋਰ 'ਤੇ ਦਿਲ ਆ ਗਿਐ ਮੇਰੀ ਜਾਨ ਦਾ... ? ਡੌਂਟ ਮਾਈਂਡ ਜਸਟ ਜੋਕਿੰਗ ਯਾਰ।" (ਬੁਰਾ ਨਾ ਮਨਾਈਂ, ਬਸ ਮਜ਼ਾਕ ਕਰ ਰਹੀ ਸੀ) ਉਹ ਹੱਸੀ ਤੇ ਮੇਰੀ ਬਾਂਹ ਤੋਂ ਫੜ ਕੇ ਉਸ ਨੇ ਮੈਨੂੰ ਆਪਣੇ ਸੀਨੇ ਨਾਲ ਲਾ ਲਿਆ। ਲਾਡ ਨਾਲ ਮੇਰਾ ਸਿਰ ਪਲੋਸਿਆ ਤੇ ਫਿਰ ਮੱਥਾ ਚੁੰਮ ਲਿਆ। ਮੈਨੂੰ ਲੱਗਿਆ ਜਿਵੇਂ ਇੱਕ ਪਿਤਾ ਆਪਣੀ ਧੀ ਨਾਲ ਮੋਹ ਜਤਾ ਕੇ ਦੁੱਖ ਵੰਡਾ ਰਿਹਾ ਹੋਵੇ। ਮੈਂ ਹੋਰ ਅਧੀਰ ਹੋ ਕੇ ਉਸ ਨਾਲ ਅੰਦਰ ਫਰੋਲਣ ਲੱਗੀ।

"ਸ਼ਿਖਾ ਸੱਚ ਦੱਸਾਂ, ਤੂੰ ਹਰ ਵਾਰੀ ਆਉਣ ਤੋਂ ਪਹਿਲਾਂ ਪੁੱਛਦੀ ਏਂ ਨਾ ਕਿ ਮੇਰਾ ਪਤੀ ਘਰ ਹੈ ਜਾਂ ਨੌਕਰੀ 'ਤੇ। ਮੈਂ ਪਹਿਲੀ ਵਾਰੀ ਤਾਂ ਕੋਰਾ ਝੂਠ ਬੋਲਿਆ ਸੀ ਕਿ ਉਹ ਘਰ ਹੀ ਹੈ। ਕੱਪੜਾ ਚੁੱਕੋ ਤਾਂ ਆਪਣਾ-ਆਪ ਨੰਗਾ ਹੁੰਦੈ। ਬਸ ਆਪਾ ਕੱਜੀ ਰੱਖਣ ਲਈ ਮੈਂ ਤੈਨੂੰ ਕਈ ਵਾਰੀ ਝੂਠ ਆਖਦੀ ਰਹੀ ਕਿ ਉਹ ਆਏ ਹੋਏ ਨੇ... ।" ਮੈਂ ਰੋ ਰਹੀ ਸੀ ਤੇ ਉਹ ਮੇਰੇ ਵਾਲ਼ਾਂ 'ਚ ਉਂਗਲਾਂ ਫੇਰਦੀ ਮੈਨੂੰ ਪਲੋਸ ਰਹੀ ਸੀ। ਉਸ ਰਾਤ ਮੈਂ ਉਸ ਦੀ ਬੁੱਕਲ 'ਚ ਮੂੰਹ ਦੇ ਕੇ ਇੰਝ ਸੁੱਤੀ ਜਿਵੇਂ ਬਚਪਨ 'ਚ ਮਾਂ ਦੀ ਬਾਂਹ 'ਤੇ ਸਿਰ ਧਰ ਕੇ ਪਰੀ ਲੋਕ ਦੀ ਸੈਰ ਕਰਨ ਲੱਗਦੀ ਸਾਂ।

ਸਵੇਰੇ ਅੱਖ ਖੁੱਲ੍ਹੀ। ਉਹ ਬਿਨਾਂ ਹਿੱਲੇ-ਜੁੱਲੇ ਮੈਨੂੰ ਆਪਣੀ ਵੱਖੀ 'ਚ ਲਈ ਪਈ ਸੀ।

ਉਸ ਦੀ ਇੱਕ ਬਾਂਹ ਉੱਤੇ ਮੈਂ ਤੇ ਦੂਜੀ ’ਤੇ ਮੇਰੀ ਅੰਜਲੀ। ਮੈਂ ਉੱਠਣ ਲੱਗੀ। ਉਹਨੇ ਮੇਰੇ ਮੋਢੇ ’ਤੇ ਵਲਾਈ ਬਾਂਹ ਵਾਲਾ ਹੱਥ ਥੋੜ੍ਹਾ ਕੱਸਿਆ ਤੇ ਪਏ ਰਹਿਣ ਦਾ ਇਸ਼ਾਰਾ ਕੀਤਾ। ਮੈਂ ਬੀਬੀ ਧੀ ਬਣ ਕੇ ਫਿਰ ਲੇਟ ਗਈ।

"ਇਹ ਬੰਦੇ ਹੁੰਦੇ ਹੀ ਹਰਾਮਖ਼ੋਰ ਨੇ ਦਮੂ। ਮੈਂ ਵੀ ਸੋਚਾਂ ਮੇਰਾ ਅੰਦਰ ਵਾਰ-ਵਾਰ ਤੇਰੇ ਵੱਲ ਕਿਉਂ ਭੱਜਦੈ। ਪਹਿਲੀ ਵਾਰੀ ’ਚ ਹੀ ਤੂੰ ਮੇਰਾ ਮਨ ਮੋਹ ਲਿਆ ਸੀ। ਤੇਰੇ ਅੱਗੇ ਆਪਣਾ-ਆਪ ਖੋਲ੍ਹਦਿਆਂ ਮੈਨੂੰ ਸ਼ਰਮਿੰਦਗੀ ਨਹੀਂ ਹੁੰਦੀ, ਬਲਕਿ ਸਕੂਨ ਮਿਲਦੈ।" ਉਸ ਦੀ ਗੱਲ ਸੁਣਨ ਲਈ ਮੈਂ ਸਿੱਧੇ ਹੋ ਕੇ ਬੈਠਣ ਲੱਗੀ ਤਾਂ ਉਸ ਨੇ ਪਾਸਾ ਲੈ ਕੇ ਅੰਜਲੀ ਨੂੰ ਬਾਂਹ ਤੋਂ ਉਤਾਰ ਕੇ ਸਿਰਹਾਣੇ ’ਤੇ ਲਿਟਾ ਦਿੱਤਾ। ਅੰਜਲੀ ਦੇ ਸਿਰ ’ਤੇ ਹੱਥ ਫੇਰਿਆ, ਮੱਥਾ ਚੁੰਮਿਆ ਤੇ ਉਸ ਉੱਪਰ ਕੰਬਲ ਪਾ ਕੇ ਉਸ ਦੇ ਮੋਢੇ ’ਤੇ ਹੱਥ ਫੇਰਦੀ ਅੱਗੇ ਬੋਲਣ ਲੱਗੀ।

"ਦਮੂ, ਮੈਂ ਗਿਆਰ੍ਹਵੀਂ ’ਚ ਪੜ੍ਹਦੀ ਸਾਂ। ਸ਼ਾਇਦ ਮੈਂ ਬਚਪਨ ’ਚ ਹੋਈ ਬੀਤੀ ’ਤੇ ਪਾਣੀ ਪਾ ਵੀ ਦਿੰਦੀ ਪਰ ਗਿਆਰ੍ਹਵੀਂ ’ਚ ਵਾਪਰੀ ਇੱਕ ਹੋਰ ਘਟਨਾ ਨੇ ਮੈਨੂੰ ਨਿਰਣਾਇਕ ਮੋੜ ’ਤੇ ਪਹੁੰਚਾ ਦਿੱਤਾ। ਇੱਕ ਦਿਨ ਮੇਰੀ ਬਚਪਨ ਦੀ ਇੱਕ ਸਹੇਲੀ ਮੈਨੂੰ ਸਕੂਲ ਵਾਪਸੀ ਤੋਂ ਡਰਾਇੰਗ ਵਾਲੇ ਸਰ ਦੇ ਘਰ ਲੈ ਗਈ। ਕਹਿੰਦੀ ਇੱਕ ਮਿੰਟ ਲੱਗਣੈ ਬਸ ਬਾਹਰੋ-ਬਾਹਰ ਡਰਾਇੰਗ ਸ਼ੀਟਾਂ ਫੜਨੀਆਂ ਨੇ। ਸਰ ਦਾ ਘਰ ਸਾਡੇ ਘਰ ਦੇ ਰਾਹ ’ਚ ਹੀ ਪੈਂਦਾ ਸੀ। ਉਸ ਨੇ ਗੱਲ ਕਰਦੇ-ਕਰਦੇ ਸਾਈਕਲ ਖਲ੍ਹਾਰ ਕੇ ਸਟੈਂਡ ਲਗਾਇਆ ਤੇ ਸਰ ਦੇ ਦਰਵਾਜ਼ੇ ’ਤੇ ਦਸਤਕ ਦੇ ਦਿੱਤੀ। ਕੋਈ ਦਰਵਾਜ਼ਾ ਖੋਲ੍ਹਣ ਨਾ ਆਇਆ। ਦਰਵਾਜ਼ੇ ’ਤੇ ਲੱਗੇ ਸਵਿੱਚ ’ਤੇ ਮੈਂ ਜ਼ੋਰ ਨਾਲ ਦੋ-ਤਿੰਨ ਵਾਰੀ ਕਟਿੱਚ-ਕਟਿੱਚ ਕੀਤੀ। ਅੰਦਰੋਂ ਚਿੜੀਆਂ ਚਹਿਕਣ ਦੀ ਆਵਾਜ਼ ’ਚ ਬੈੱਲ ਵੱਜੀ। ਮੇਰੇ ਕੰਨਾਂ ਦੇ ਨਾਲ ਧਿਆਨ ਵੀ ਚਿੜੀਆਂ ਦੀ ਚਹਿਚਹਾਟ ਵੱਲ ਲੱਗਿਆ ਸੀ ਕਿ ਮੇਰੀ ਸਹੇਲੀ ਨੇ ਦਰਵਾਜ਼ੇ ਨੂੰ ਹਲਕਾ ਜਿਹਾ ਧੱਕਾ ਮਾਰ ਦਿੱਤਾ। ਦਰਵਾਜ਼ਾ ਖੁੱਲ੍ਹ ਗਿਆ। ਅਸੀਂ ਦੋਵੇਂ ਅੰਦਰ ਲੰਘ ਗਈਆਂ। ਕਮਰੇ ਦੇ ਨਾਲ ਬਣੇ ਬਾਥਰੂਮ ’ਚ ਪਾਣੀ ਚੱਲਣ ਦੀ ਆਵਾਜ਼ ਆਈ ਤੇ ਮੇਰੀ ਸਹੇਲੀ ਬੋਲੀ,

"ਸਰ ਜੀ ਡਰਾਇੰਗ ਸ਼ੀਟਾਂ ਲੈਣੀਆਂ ਸੀ।"

ਅੱਗੋਂ ਆਵਾਜ਼ ਆਈ, "ਆਇਆ ਮੈਂ। ਬਸ, ਇੱਕ ਮਿੰਟ।"

ਮੇਰੀ ਸਹੇਲੀ ਪਤਾ ਨਹੀਂ ਜਾਣ-ਬੁੱਝ ਕੇ ਜਾਂ ਸੱਚੀਂ ਉਹਨੂੰ ਤ੍ਰੇਹ ਲੱਗੀ ਸੀ, "ਪਾਣੀ ਲੈ ਕੇ ਆਈ ਮੈਂ।" ਆਖ ਕੇ ਅੰਦਰ ਚਲੀ ਗਈ। ਮੈਂ ਉਸੇ ਕਮਰੇ ਵਿੱਚ ਪਏ ਸੋਫ਼ੇ ’ਤੇ ਬੈਠ ਕੇ ਉਡੀਕ ਕਰਨ ਲੱਗੀ।

ਮੇਰੇ ਤਾਂ ਪ੍ਰਾਣ ਨਿਕਲ ਗਏ। ਅਚਾਨਕ ਸਰ ਜੀ ਵਾਸ਼ਰੂਮ ’ਚੋਂ ਬਾਹਰ ਨਿਕਲ ਆਏ। ਲੱਕ ਦੁਆਲੇ ਤੌਲੀਆ ਲਪੇਟਿਆ ਹੋਇਆ। ਮੈਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹ ਤਾਂ ਅੱਗੇ ਵੱਧਦੇ ਮੇਰੇ ਸਾਹਮਣੇ ਹੀ ਆ ਖਲੋਤੇ ਤੇ...ਤੇ ਤੌਲੀਆ...। ਮੈਂ ਬਾਹਰ ਨੂੰ ਭੱਜਣ ਲੱਗੀ। ਸਰ ਨੇ ਮੇਰੀ ਬਾਂਹ ਫੜ ਕੇ ਸੋਫੇ ’ਤੇ ਬਿਠਾ ਲਿਆ। ਨਾਲ ਹੀ ਆਪ ਬੈਠ ਕੇ ਮੇਰੀ ਝੋਲੀ ’ਚ ਸਿਰ ਰੱਖ ਕੇ ਰੋਣ ਲੱਗ ਪਿਆ। ਅਖੇ, ‘ਸ਼ਿਖਾ ਮੈਂ ਤੈਨੂੰ ਬੜਾ ਪਿਆਰ ਕਰਦਾਂ। ਮੈਂ ਤੇਰੇ ਬਗੈਰ ਜੀਅ ਨਹੀਂ ਸਕਦਾ।’ ਮੈਨੂੰ ਸਮਝ ਨਾ ਆਵੇ ਮੈਂ ਕੀ ਕਰਾਂ ਤੇ ਸਰ ਮੇਰੇ ਹੋਰ ਨੇੜੇ ਆਈ ਜਾਵੇ। ਫਿਰ ਪਤਾ ਨਹੀਂ ਮੇਰੇ ਅੰਦਰ ਕਿਹੜਾ ਜਿੰਨ-ਭੂਤ ਕੁੱਦਿਆ। ਮੈਂ ਪੂਰਾ ਜ਼ੋਰ ਲਾ ਕੇ ਸਰ ਨੂੰ ਪਰ੍ਹਾਂ ਧੱਕਾ ਮਾਰਿਆ ਤੇ ਕਮਰੇ ਤੋਂ ਬਾਹਰ ਸ਼ੂਟ ਵੱਟ ਦਿੱਤੀ। ਨਾ ਸਾਈਕਲ ਚੁੱਕਿਆ ਨਾ ਕਿਤਾਬਾਂ। ਸਹੇਲੀ ਕਿਹੜੇ ਖੂਹ ’ਚ ਪਈ? ਪਤਾ ਨਹੀਂ। ਮੈਨੂੰ ਕਈ ਦਿਨ ਬੁਖ਼ਾਰ ਨਾ ਉਤਰਿਆ। ਸਕੂਲ ਜਾਣ ਦੇ ਨਾਂ ਤੋਂ ਘਬਰਾਹਟ ਹੋਵੇ।



ਮੇਰਾ ਸਾਲ ਮਾਰਿਆ ਗਿਆ। ਫਿਰ ਅੰਦਰੋ-ਅੰਦਰ ਮਨ ਪੱਕਾ ਹੋਣ ਲੱਗਿਆ।

‘ ਜ਼ਿੰਦਗੀ ਆਪਣੇ ਬਲ-ਬੁੱਤੇ ਜੀਉਣੀ ਹੈ ਸ਼ਿਖਾ ਰਾਣੀ। ’ ਆਪਣੇ-ਆਪ ਨਾਲ ਵਾਅਦਾ ਕੀਤਾ ਤੇ ਅਗਲੇ ਸਾਲ ਨਵੇਂ ਸਕੂਲ ਦਾਖ਼ਲਾ ਲੈ ਲਿਆ। ਪਿੱਛੇ ਭੌਂ ਕੇ ਨਹੀਂ ਵੇਖਿਆ। ਪੜ੍ਹਾਈ ਪੂਰੀ ਕੀਤੀ। ਨੌਕਰੀ ਲੱਗੀ। ਨਿੱਕੀ ਭੈਣ ਵਿਆਹੀ ਪਰ ਮੈਂ ਆਪਣੇ ਵਿਆਹ ਲਈ ਮਾਪਿਆਂ ਨੂੰ ਪੱਲਾ ਨਾ ਫੜਾਇਆ। ਮੈਨੂੰ ਆਦਮੀਆਂ ਤੋਂ ਕਰਹਿਤ ਆਉਣ ਲੱਗੀ। ਤੂੰ ਮੰਨੇਗੀ ਨਹੀਂ, ਮੈਨੂੰ ਜੰਮਦਾ ਵੀ ਨੰਗਾ ਮੁੰਡਾ ਚੰਗਾ ਨਹੀਂ ਲੱਗਦਾ ਪਰ ਕੁੜੀਆਂ ਤੋਂ ਆਪਾ ਕੁਰਬਾਨ ਹੋ-ਹੋ ਜਾਂਦੈ। ਪਤੈ ਤੇਰੀ ਅੰਜਲੀ ਮੈਨੂੰ ਬੜੀ ਪਿਆਰੀ ਲੱਗਦੀ ਏ, ਜਿਵੇਂ ਮੇਰੇ ਵਜੂਦ ਦਾ ਹਿੱਸਾ ਹੋਵੇ। ਮੇਰੀ ਆਪਣੀ ਧੀ...।" ਬੋਲਦੀ ਨੇ ਮੇਰੀ ਅੰਜਲੀ ਵੱਲ ਗਰਦਨ ਘੁਮਾ ਕੇ ਮੋਹ ਨਾਲ ਵੇਖਿਆ। ਮੈਨੂੰ ਉਸ ’ਤੇ ਹੋਰ ਵੀ ਪਿਆਰ ਆਉਣ ਲੱਗਿਆ।

"ਵਿਆਹ ਕਰਵਾ ਲੈ ਸ਼ਿਖਾ ਸਾਰੇ ਮਰਦ ਇੱਕੋ ਜਿਹੇ ਨਹੀਂ ਹੁੰਦੇ।"

"ਅੱਛਾ, ਇਹ ਤੂੰ ਕਹਿ ਰਹੀ ਏਂ। ਜਿਹੜੀ ਮਰਦ ਦੀ ਬੇਵਫ਼ਾਈ ਦੀ ਸਜ਼ਾ ਭੁਗਤਦੀ ਅੱਧੀ-ਅਧੂਰੀ ਜ਼ਿੰਦਗੀ ਜੀ ਰਹੀ ਹੈਂ। ਚੱਲ ਉੱਠ ਨਾਸ਼ਤਾ ਬਣਾਈਏ। ਦਫ਼ਤਰ ਵੀ ਜਾਣੈ ਆਪਾਂ।"

ਪਤਾ ਨਹੀਂ ਮੈਨੂੰ ਕੀ ਹੋਇਆ? ਬੈੱਡ ਤੋਂ ਉੱਠਣ ਤੋਂ ਪਹਿਲਾਂ ਮੈਂ ਮੋਹ ਨਾਲ ਉਸ ਦੀ ਛਾਤੀ ’ਤੇ ਸਿਰ ਧਰ ਦਿੱਤਾ।

"ਆਹਾ, ਇਸ ਤੋਂ ਵਧੀਆ ਇੰਦਰ-ਲੋਕ ਦਾ ਨਜ਼ਾਰਾ ਹੋਰ ਕੀ ਹੋ ਸਕਦੈ? ਇੰਦਰ ਦੀ ਇੰਦਰਾਣੀ ਤਾਂ ਸਾਡੇ ’ਤੇ ਲੱਟੂ ਹੋਈ ਪਈ ਹੈ।" ਉਸ ਨੇ ਸ਼ਰਾਰਤ ਨਾਲ ਮੇਰੇ ਵੱਲ ਵੇਖਿਆ।

"ਪਾਗਲ ਕਿਤੋਂ ਦੀ। ਔਰਤ ਹੈਂ ਤੂੰ ਤੇ ਮੈਂ ਵੀ...। ਆਈ ਵੱਡੀ ਇੰਦਰ-ਲੋਕ ਦੇ ਨਜ਼ਾਰੇ ਲੈਣ ਵਾਲੀ। ਨਜ਼ਾਰੇ ਲੈਣੇ ਆ ਤਾਂ ਪਹਿਲਾਂ ਇੰਦਰ ਜਿਹਾ ਰੁਮਾਂਟਿਕ ਬੰਦਾ ਵੀ ਲੱਭ।"

"ਬੰਦਾ ਹੀ ਕਿਉਂ...? ਆ ਦਿਖਾਵਾਂ ਤੈਨੂੰ ਖੁਜਰਾਓ ਦੀਆਂ ਮੂਰਤਾਂ...।" ਉਹਨੇ ਫਿਰ ਸ਼ਰਾਰਤ ਕੀਤੀ ਤੇ ਆਪਣਾ ਮੁਬਾਇਲ ਹੱਥ ’ਚ ਫੜ ਕੇ ਮੈਨੂੰ ਦਿਖਾਉਣ ਲਈ ਮੁਬਾਇਲ ’ਚ ਕੁੱਝ ‘ਸਰਚ’ ਕਰਨ ਲੱਗ ਪਈ।

"ਚੱਲੋ ਉੱਠੋ ਦਫ਼ਤਰ ਜਾਣੈ ਮੈਡਮ ਜੀ। ਤੁਸੀਂ ਤਾਂ ਲੁਧਿਆਣਾ ਤੋਂ ਜਲੰਧਰ ਤੱਕ ਦਾ ਸਫ਼ਰ ਵੀ ਤੈਅ ਕਰਨਾ ਹੈ।" ਆਖ ਕੇ ਮੈਂ ਉਸ ਦੇ ਹੱਥੋਂ ਮੁਬਾਇਲ ਫੜ ਕੇ ਇੱਕ ਪਾਸੇ ਰੱਖਿਆ ਤੇ ਨਾਸ਼ਤਾ ਤਿਆਰ ਕਰਨ ਲਈ ਰਸੋਈ ਵੱਲ ਜਾਣ ਵਾਸਤੇ ਉੱਠਣ ਲੱਗੀ ਪਰ ਉਸ ਨੇ ਮੈਨੂੰ ਬਾਂਹ ਤੋਂ ਫੜ ਕੇ ਰੋਕ ਲਿਆ। ਨਾਲ ਹੀ, ‘ਊਈ’ ਕਰਦੀ ਲੱਤ ਵੱਲ ਇਸ਼ਾਰਾ ਕਰਨ ਲੱਗੀ।

"ਕੀ ਹੋਇਐ...?" ਮੈਂ ਘਬਰਾ ਕੇ ਉਸ ਦੀ ਲੱਤ ਦਬਾਉਣ ਲੱਗੀ।

"ਕੁੜੱਲ ਪੈ ਗਿਆ ਲੱਗਦੈ। ਆਹਾ, ਕਿੰਨਾ ਸਕੂਨ ਹੈ ਤੇਰੇ ਹੱਥਾਂ ਵਿੱਚ ਦਮੂ। ਪਲੀਜ਼ ਥੋੜ੍ਹੀ ਕਮਰ ਵੀ ਘੁੱਟ ਦੇ।" ਮੈਂ ਕਮਰ ਘੁੱਟਣ ਲੱਗੀ ਤੇ ਉਹ ਥੋੜ੍ਹਾ ਹੋਰ ਉੱਤੇ, ਥੋੜ੍ਹਾ ਹੋਰ ਉੱਤੇ ਦਬਾਉਣ ਲਈ ਕਹਿੰਦੀ ਮੋਢੇ ਘੁੱਟਣ ਲਈ ਆਖਣ ਲੱਗੀ। ਜਿਵੇਂ ਹੀ ਮੈਂ ਬੈੱਡ ਦੇ ਉੱਪਰ ਹੋ ਕੇ ਉਸ ਦੇ ਮੋਢਿਆਂ ’ਤੇ ਭਾਰ ਪਾਇਆ ਉਸ ਨੇ ਟੇਢੀ ਹੋ ਕੇ ਮੇਰੀ ਗਰਦਨ ਨੂੰ ਵਲ ਦੇ ਕੇ ਆਪਣੇ ਅੱਗੇ ਲਿਟਾ ਲਿਆ ਤੇ ਸੀਨੇ ਨਾਲ ਘੁੱਟ ਲਿਆ। ਮੇਰੇ ਅੰਦਰ ਝਰਨਾਹਟ ਛਿੜ ਗਈ ਜਿਵੇਂ ਕਿਸੇ ਰੂਹ ਦੇ ਹਾਣੀ ਨੇ ਮੇਰੇ ’ਤੇ ਆਪਾ ਵਾਰ ਦਿੱਤਾ ਹੋਵੇ।

"ਛੱਡ ਸ਼ਿਖਾ। ਤੇਰਾ ਇਹ ਪਾਗਲਪਨ ਮੈਨੂੰ ਬਿਲਕੁਲ ਪਸੰਦ ਨਹੀਂ। ਚੱਲ ਤਿਆਰ ਹੋ ਜਾ ਦਫ਼ਤਰ ਲਈ ਲੇਟ ਹੋ ਜਾਵਾਂਗੇ। ਅੰਜਲੀ ਨੂੰ ਵੀ ਸਕੂਲ ਭੇਜਣਾ ਹੈ।"

"ਮੰਮਾ…।" ਇੰਨੇ ਨੂੰ ਅੰਜਲੀ ਵੀ ਬੈੱਡ 'ਤੋਂ ਉੱਠ ਕੇ ਸਾਡੇ ਦੋਹਾਂ ਦੇ ਉੱਪਰ ਆ ਕੇ ਟੇਢੀ ਹੋ ਗਈ। ਸ਼ਿਖਾ ਨੇ ਮੈਨੂੰ ਛੱਡ ਦਿੱਤਾ ਤੇ ਅੰਜਲੀ ਨੂੰ ਬੁੱਕਲ 'ਚ ਲੈ ਕੇ ਮੋਹ ਜਤਾਉਣ ਲੱਗੀ।

"ਅੰਜਲੀ ਪੁੱਤਰ, ਅੱਜ ਮੈਂ ਚਲੇ ਜਾਣਾ ਵਾਪਸ। ਦੱਸੋ ਮੇਰੇ ਪੁੱਤਰ ਲਈ ਮੈਂ ਅਗਲੀ ਵਾਰੀ ਕੀ ਲੈ ਕੇ ਆਵਾਂ… ?" ਅੰਜਲੀ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ ਉਹ ਜਾਣ ਲਈ ਤਿਆਰ ਹੋਣ ਲੱਗੀ। ਮੈਂ ਵੀ ਨਾਸ਼ਤਾ ਬਣਾਉਣ ਦੇ ਆਹਰ ਲੱਗ ਗਈ।

ਹਾਲਾਂਕਿ ਉਸ ਦੀ ਅੱਜ ਵਾਲੀ ਹਰਕਤ ਮੈਨੂੰ ਹੱਦੋਂ ਵੱਧ ਅਜੀਬ ਲੱਗੀ ਸੀ ਪਰ ਉਸ ਦਾ ਜਾਣਾ ਵੀ ਉਦਾਸ ਕਰ ਰਿਹਾ ਸੀ। ਉਸ ਨੇ ਜਾਣਾ ਸੀ ਤੇ ਚਲੀ ਗਈ। ਉਸ ਦੀਆਂ ਮਿੱਠੀਆਂ ਸ਼ਰਾਰਤਾਂ…। ਉਸ ਦਾ ਮੇਰੇ ਤੇ ਮੇਰੀ ਅੰਜਲੀ ਨਾਲ ਮੋਹ ਜਤਾਉਣਾ। ਵਾਰ-ਵਾਰ ਮੇਰਾ ਧਿਆਨ ਉਸ ਵੱਲ ਖਿੱਚਿਆ ਜਾਂਦਾ। ਪਹਿਲਾਂ ਤਾਂ ਉਹ ਆਉਣ ਤੋਂ ਪਹਿਲਾਂ ਹੀ ਫ਼ੋਨ ਕਰਕੇ ਪੁੱਛਿਆ ਕਰਦੀ ਸੀ, 'ਰਾਜੀਵ ਘਰ ਹੈ ਜਾਂ ਨਹੀਂ', ਜਾਂ ਫਿਰ ਦਫ਼ਤਰ ਦੀ ਕੋਈ ਗੱਲ ਸਾਂਝੀ ਕਰਨੀ ਹੁੰਦੀ ਤਾਂ ਇੱਕ-ਦੂਜੇ ਦਾ ਹਾਲ ਪੁੱਛ ਲੈਣਾ ਪਰ ਹੁਣ ਉਹ ਰੋਜ਼ਾਨਾ ਫ਼ੋਨ ਕਰਕੇ ਬਾਕਾਇਦਾ ਮੇਰਾ ਤੇ ਅੰਜਲੀ ਦਾ ਹਾਲ ਪੁੱਛਣ ਲੱਗੀ।

ਪਹਿਲਾਂ ਮੈਂ ਚੱਤੋ ਪਹਿਰ ਰਾਜੀਵ ਦਾ ਨਾਂ ਸਕ੍ਰੀਨ 'ਤੇ ਫਲੈਸ਼ ਹੋਣ ਦੀ ਉਡੀਕ ਕਰਦੀ ਸੋਚਿਆ ਕਰਦੀ ਸਾਂ, ਇਸ ਵਾਰ ਰਾਜੀਵ ਜ਼ਰੂਰ ਆਖੇਗਾ, 'ਦਾਮਿਨੀ ਮੈਂ ਆ ਰਿਹਾਂ ਵਾਪਸ ਤੇਰੇ ਕੋਲ ਤੇ ਆਪਣੀ ਅੰਜਲੀ ਕੋਲ' ਜਾਂ ਫਿਰ ਆਖੇਗਾ, 'ਸਮਾਨ ਬੰਨ੍ਹ ਲੈ ਮੇਰੀ ਜਾਨ, ਹੁਣ ਮੈਂ ਤੁਹਾਡੇ ਦੋਹਾਂ ਬਗੈਰ ਇਕੱਲਾ ਨਹੀਂ ਰਹਿ ਸਕਦਾ। ਮੇਰੇ ਦੋਨੋਂ ਜਹਾਨ ਹੁਣ ਮੇਰੀ ਬੁੱਕਲ 'ਚ ਹੀ ਅੱਖਾਂ ਖੋਲ੍ਹਿਆ ਤੇ ਬੰਦ ਕਰਿਆ ਕਰਨਗੇ।'

ਰਾਜੀਵ ਦਾ ਫ਼ੋਨ ਆਉਂਦਾ ਪਰ ਮੇਰੀ ਪਸੰਦ ਦੀ ਗੱਲ ਉਸ ਦੀ ਗੱਲਬਾਤ 'ਚ ਸ਼ਾਮਲ ਨਾ ਹੁੰਦੀ। ਉਹ ਕਿਸੇ ਆਫ਼ੀਸ਼ੀਅਲ ਮੀਟਿੰਗ ਲਈ ਲੁਧਿਆਣਾ ਆਉਣ ਵਾਲਾ ਸੀ। ਮੇਰਾ ਦਿਲ ਧੱਕ-ਧੱਕ ਕਰਦਾ। ਉਮੀਦ ਫਿਰ ਜਾਗ ਪਈ। ਸ਼ਾਇਦ ਪੁਰਾਣੇ ਦਿਨ ਪਰਤ ਆਉਣ ਵਾਲੇ ਹਨ। ਉਹ ਸਿਰਫ ਮੇਰਾ ਤੇ ਮੇਰੀ ਅੰਜਲੀ ਦਾ ਹੋ ਜਾਏਗਾ।

ਪਤਾ ਨਹੀਂ ਕਿਉਂ ? ਹੁਣ ਰਾਜੀਵ ਦੇ ਫ਼ੋਨ ਤੋਂ ਇਲਾਵਾ ਸ਼ਿਖਾ ਦੇ ਫ਼ੋਨ ਦੀ ਬਰਾਬਰ ਉਡੀਕ ਰਹਿਣ ਲੱਗੀ। ਭਾਵੇਂ ਰਾਜੀਵ ਦਾ ਫ਼ੋਨ ਆਉਣਾ ਕਨਫਰਮ ਨਹੀਂ ਸੀ ਪਰ ਸ਼ਿਖਾ ਦਾ ਫ਼ੋਨ ਦਿਨ ਵਿੱਚ ਕਈ ਵਾਰੀ ਆਉਂਦਾ। ਮੈਂ ਸ਼ਿਖਾ ਨੂੰ ਸਰਪ੍ਰਾਈਜ਼ ਦੇਣ ਲਈ ਰਾਜੀਵ ਦੀ ਆਮਦ ਬਾਰੇ ਨਾ ਦੱਸਿਆ। ਸੋਚਿਆ, ਰਾਜੀਵ ਦਾ ਮਨ ਜਾਣ ਕੇ ਹੀ ਉਸ ਨੂੰ ਦੱਸਾਂਗੀ ਕਿ ਜ਼ਿੰਦਗੀ ਕਿਸ ਪਾਸੇ ਮੋੜਾ ਲੈਣ ਵਾਲੀ ਹੈ।

ਸ਼ਿਖਾ ਤਕਰੀਬਨ ਮਹੀਨਾ-ਡੇਢ ਮਹੀਨਾ ਬਾਅਦ ਹੀ ਮੇਰੇ ਕੋਲ ਆਇਆ ਕਰਦੀ ਸੀ। ਉਹ ਵੀ ਫ਼ੋਨ 'ਤੇ ਪੱਕਾ ਕਰਕੇ ਕਿ ਰਾਜੀਵ ਘਰ ਹੈ ਜਾਂ ਨਹੀਂ। ਉਸ ਨੂੰ ਗਏ ਚੌਥਾ ਦਿਨ ਹੀ ਹੋਇਆ ਸੀ ਕਿ ਉਸ ਨੇ ਅਚਾਨਕ ਦਰਵਾਜ਼ੇ 'ਤੇ ਆ ਦਸਤਕ ਦਿੱਤੀ। ਮੈਨੂੰ ਇਸ ਦੀ ਰੱਤੀ ਭਰ ਉਮੀਦ ਨਹੀਂ ਸੀ।

"ਸ਼ਿਖਾ, ਤੂੰ…! ਇੰਝ ਅਚਾਨਕ!!"

"ਤੂੰ ਤਾਂ ਯਾਰ ਐਵੇਂ ਰਿਐਕਟ ਕਰ ਰਹੀ ਹੈਂ ਜਿਵੇਂ ਕਿਸੇ ਹੋਰ ਦੀ ਉਡੀਕ ਕਰ ਰਹੀ ਹੋਵੇਂ। ਮੈਂ ਹੀ ਆਈ ਹਾਂ। ਚੱਲ ਜਲਦੀ ਖਾਣਾ ਬਣਾ ਭੁੱਖ ਲੱਗੀ ਏ ਤੇ ਮੇਰੀ ਅੰਜਲੀ ਕਿੱਥੇ ਆ ?" ਮੈਨੂੰ ਬਾਹਾਂ 'ਚ ਲੈ ਕੇ ਉਹ ਸਾਰਾ ਕੁਝ ਇੱਕੋ ਸਾਹੇ ਕਹਿ ਗਈ।



"ਤੂੰ ਮੂੰਹ ਹੱਥ ਧੋ, ਖਾਣਾ ਤਿਆਰ ਹੈ। ਅੰਜਲੀ ਵੀ ਆਉਂਦੀ ਹੋਵੇਗੀ। ਜੇ ਤੂੰ ਮੈਨੂੰ ਸਰਪ੍ਰਾਈਜ਼ ਦਿੱਤਾ ਹੈ ਤਾਂ ਮੇਰੇ ਕੋਲ ਵੀ ਸਰਪ੍ਰਾਈਜ਼ ਹੈ ਤੇਰੇ ਲਈ।"

"ਅੱਛਾ…!" ਉਹ ਵਾਪਸ ਮੇਰੇ ਵੱਲ ਮੁੜੀ। ਮੇਰੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਬੋਲੀ, "ਆਈ ਮੈਂ ਫ੍ਰੈਸ਼ ਹੋ ਕੇ। ਅੰਜਲੀ ਵੀ ਘਰ ਨਹੀਂ। ਕਰਦੇ ਹਾਂ ਤੇਰਾ ਸਰਪ੍ਰਾਈਜ਼ ਇੰਜੁਆਏ।" ਇੱਕ ਅੱਖ ਦੱਬੀ ਤੇ ਫਿਰ ਸ਼ਰਾਰਤੀ ਜਿਹੀ ਝਾਤ ਮੇਰੇ ਸੀਨੇ 'ਤੇ ਟਿਕਾ ਦਿੱਤੀ।

"ਹਟ ਯਾਰ, ਤੂੰ ਵੀ ਨਾ। ਪਤਾ ਨਹੀਂ ਕੀ ਬੋਲਦੀ ਰਹਿੰਦੀ ਏਂ ਊਲ-ਜਲੂਲ।" ਮੈਂ ਉਸ ਨੂੰ ਵਾਸ਼ਰੂਮ ਵੱਲ ਧੱਕ ਦਿੱਤਾ ਤੇ ਛੇਤੀ ਨਾਲ ਖਾਣਾ ਬਣਾਉਣ 'ਚ ਰੁੱਝ ਗਈ।

ਗੈਸ 'ਤੇ ਰੱਖੇ ਭਾਂਡਿਆਂ 'ਚ ਪਕਵਾਨ ਰਿੱਝ ਰਹੇ ਸਨ। ਛੇਤੀ ਖਾਣਾ ਤਿਆਰ ਕਰਨ ਲਈ ਮੇਰੇ ਦੋ ਹੱਥ ਕਈ ਹੱਥਾਂ ਦਾ ਕੰਮ ਨਿਪਟਾਉਣ ਲਈ ਮਸ਼ੀਨ ਬਣੇ ਹੋਏ ਸਨ। ਅਚਾਨਕ ਮੈਨੂੰ ਪਿੱਛੋਂ ਦੀ ਦੋ ਨਰਮ ਬਾਂਹਾਂ ਨੇ ਮਜ਼ਬੂਤੀ ਨਾਲ ਜਕੜ ਲਿਆ। ਕੱਸ ਇੰਨੀ ਮਜ਼ਬੂਤ ਕਿ ਮੇਰੇ ਕੋਲੋਂ ਪਿੱਛੇ ਮੁੜ ਕੇ ਵੀ ਨਾ ਵੇਖਿਆ ਜਾਵੇ। ਨਰਮ ਹੋਠ ਮੇਰੇ ਰੋਮ-ਰੋਮ 'ਚ…।

"ਛੱਡ ਸ਼ਿਖਾ। ਪਾਗਲ ਹੋ ਗਈ ਹੈਂ ? ਆਰ ਯੂ ਮੈਡ ?" ਮੈਂ ਛੁੱਟਣ ਲਈ ਜ਼ੋਰ ਮਾਰਿਆ ਤੇ ਉਸ ਨੇ ਮੈਨੂੰ ਘੁਮਾ ਕੇ ਛਾਤੀ ਨਾਲ ਲਾ ਲਿਆ।

"ਹਾਂ ਦਮੂ, ਤੂੰ ਪਾਗਲ ਹੀ ਤਾਂ ਕਰ'ਤਾ ਮੈਨੂੰ। ਪਹਿਲੀ ਨਜ਼ਰ 'ਚ ਮੈਂ ਤੇਰੇ ਵਸ਼ੀਕਰਣ ਦੇ ਸੰਮੋਹਨ 'ਚ ਉਲਝ ਕੇ ਰਹਿ ਗਈ। ਵੇਖ ਕਿੰਨੇ ਮਹੀਨੇ ਹੋ ਗਏ ਮੈਨੂੰ ਚੱਪਾ-ਚੱਪਾ ਪੈਰ ਧਰਦਿਆਂ ਤੇਰੀ ਰੂਹ 'ਤੇ ਕਾਬਜ਼ ਹੋਣ ਲਈ। ਆ ਸਾਰਾ ਕੁਝ ਭੁੱਲ ਕੇ ਇੱਕ-ਦੂਜੇ ਦੇ ਹੋ ਜਾਈਏ। ਦਮੂ, ਤਲਾਕ ਦੇ ਦੇ ਰਾਜੀਵ ਨੂੰ। ਉਹਨੇ ਦਿੱਤਾ ਹੀ ਕੀ ਹੈ ਤੈਨੂੰ। ਮਾਸੂਮ ਅੰਜਲੀ ਨੂੰ ਤੇਰੀ ਤੇ ਮੇਰੀ ਦੋਹਾਂ ਦੀ ਲੋੜ ਹੈ। ਜਿੱਥੇ ਮਰਜ਼ੀ ਲਿਖਵਾ ਲੈ। ਮੈਂ ਅੰਜਲੀ ਲਈ ਪਿਤਾ ਵਾਲਾ ਹਰ ਫਰਜ਼ ਨਿਭਾਵਾਂਗੀ। ਤੂੰ, ਮੈਂ ਤੇ ਸਾਡੀ ਅੰਜਲੀ। ਸਾਨੂੰ ਹੋਰ ਕੀ ਚਾਹੀਦਾ ਹੈ ? ਮੇਰਾ ਵੀ ਦਿਲ ਕਰਦੈ, ਮੇਰਾ ਪਰਿਵਾਰ…।"

"ਆਰ.ਯੂ. ਲੇਸਬੀਅਨ… ?" (ਕੀ ਤੂੰ ਸਮਲਿੰਗੀ ਹੈਂ ?) ਉਹ ਕੀ ਬੋਲ ਰਹੀ ਸੀ ਵੱਲੋਂ ਮੇਰਾ ਉੱਕਾ ਹੀ ਧਿਆਨ ਹੱਟ ਕੇ ਇੱਕ ਸਵਾਲ 'ਚ ਸਿਮਟ ਗਿਆ।

"ਪਤਾ ਨਹੀਂ ਪਰ ਮੈਨੂੰ ਪਤੈ। ਤੂੰ ਵੀ ਮੈਨੂੰ ਬਹੁਤ ਪਿਆਰ ਕਰਦੀ ਹੈਂ।" ਉਹ ਮੈਨੂੰ ਬਾਹਾਂ 'ਚ ਭਰ ਕੇ ਬੈੱਡਰੂਮ ਵੱਲ ਚੱਲ ਪਈ।

"ਛੱਡ ਸ਼ਿਖਾ। ਹਾਂ ਮੈਂ ਤੈਨੂੰ ਪਿਆਰ ਕਰਦੀ ਹਾਂ ਪਰ ਇੱਕ ਦੋਸਤ ਵਾਂਗ। ਹੋਸ਼ ਵਿੱਚ ਆ ਤੇ ਜਾ ਕੱਪੜੇ ਪਾ ਕੇ ਆ। ਰਾਜੀਵ ਤੇ ਅੰਜਲੀ ਆਉਂਦੇ ਹੋਣਗੇ। ਆਪਾਂ ਫਿਰ ਕਦੀ ਅਰਾਮ ਨਾਲ ਬੈਠ ਕੇ ਗੱਲ ਕਰਾਂਗੇ ਇਸ ਮੁੱਦੇ 'ਤੇ।"

"ਕੀ ਕਿਹਾ… ? ਰਾਜੀਵ ! ਰਾਜੀਵ ਆਇਆ ਹੋਇਐ ! ? ਤੂੰ ਮੈਨੂੰ ਪਹਿਲਾਂ ਕਿਉਂ ਨਹੀਂ ਦੱਸਿਆ ?" ਛਟਪਟਾ ਕੇ ਉਹਨੇ ਮੈਨੂੰ ਆਪਣੇ ਤੋਂ ਵੱਖ ਕਰ ਦਿੱਤਾ।

"ਤੂੰ ਮੈਨੂੰ ਦੱਸਣ ਦਾ ਮੌਕਾ ਦਿੰਦੀ ਤਾਂ ਨਾ। ਨਾਲੇ ਤੂੰ ਕਿਹੜਾ ਆਉਣ ਤੋਂ ਪਹਿਲਾਂ ਫ਼ੋਨ ਕਰਕੇ ਪੁੱਛਿਆ ਸੀ।"

"ਓ, ਜੋਕਿੰਗ। ਤੂੰ ਪਹਿਲਾਂ ਦੀ ਤਰ੍ਹਾਂ ਮਜ਼ਾਕ ਕਰ ਰਹੀ ਹੈਂ ਨਾ ? ਜਾਣ ਬੁੱਝ ਕੇ ਝੂਠ ਬੋਲ ਰਹੀ ਏਂ। ਜਿਵੇਂ ਪਹਿਲੀ ਵਾਰੀ ਮੈਨੂੰ ਝੂਠ ਬੋਲਿਆ ਸੀ ਕਿ ਰਾਜੀਵ ਘਰ ਹੀ ਹੈ ਤੇ ਮੈਂ ਆਈ ਨਹੀਂ ਸੀ ਪਰ ਮੇਰੀ ਜਾਨ ਹੁਣ ਮੈਂ ਤੈਨੂੰ ਛੱਡ ਕੇ ਨਹੀਂ ਜਾਣ ਵਾਲੀ।" ਉਹਨੂੰ ਅਜੇ ਵੀ ਮੇਰੇ ਕਹੇ 'ਤੇ ਯਕੀਨ ਨਹੀਂ ਸੀ। ਇਸ ਲਈ ਉਸ ਨੇ ਮੈਨੂੰ ਫਿਰ ਬਾਂਹ ਤੋਂ ਖਿੱਚ ਕੇ ਆਪਣੇ ਸੀਨੇ ਨਾਲ ਲਾ ਲਿਆ। ਇੰਨੇ ਨੂੰ ਅਚਾਨਕ ਡੋਰਬੈੱਲ ਹੋ ਗਈ।

"ਮੰਮਾ... ।ਦਰਵਾਜ਼ਾ ਖੋਲ੍ਹੋ।ਦੇਖੋ ਪਾਪਾ ਨੇ ਮੈਨੂੰ ਕਿੰਨਾ ਕੁਝ ਲੈ ਕੇ ਦਿੱਤੈ।" ਬੈੱਲ 'ਤੇ ਬੈੱਲ ਕਰਦੀ ਅੰਜਲੀ ਕੋਲੋਂ ਸਬਰ ਕਰਨਾ ਔਖਾ ਹੋ ਰਿਹਾ ਸੀ।ਉਹ ਉੱਚੀ-ਉੱਚੀ ਆਵਾਜ਼ਾਂ ਮਾਰੀ ਜਾ ਰਹੀ ਸੀ।ਅੰਜਲੀ ਦੀ ਆਵਾਜ਼ ਸੁਣ ਕੇ ਸ਼ਿਖਾ ਵਾਸ਼ਰੂਮ ਵੱਲ ਦੌੜ ਗਈ।ਆਪਣੇ ਮੂੰਹ ਸਿਰ 'ਤੇ ਹੱਥ ਫੇਰਦੀ ਮੈਂ ਦਰਵਾਜ਼ੇ ਵੱਲ ਵਧੀ। ਦਰਵਾਜ਼ਾ ਖੋਲ੍ਹਿਆ। ਰਾਜੀਵ ਹੁਣ ਵੀ ਖ਼ਾਮੋਸ਼ ਸੀ ਪਰ ਅੰਜਲੀ ਖ਼ੁਸ਼।

"ਮੰਮਾ ਕੌਣ ਆਇਐ ? ਸ਼ਿਖਾ ਆਂਟੀ ਆਈ ਏ ?"

ਮੈਂ ਵੇਖਿਆ ਸ਼ਿਖਾ ਦੀ ਇੱਕ ਚੱਪਲ ਦਰਵਾਜ਼ੇ ਕੋਲ ਪਈ ਸੀ ਪਰ ਦੂਜੀ ਕਿੱਥੇ... ? ਮੈਂ ਸੋਚ ਰਹੀ ਸੀ ਕਿ ਰਾਜੀਵ ਨੇ ਪੈਰ ਨਾਲ ਇੱਕ ਚੱਪਲ ਘਸੀਟ ਕੇ ਬਾਹਰ ਵੱਲ ਧੱਕ ਦਿੱਤੀ। ਸ਼ਿਖਾ ਫ੍ਰੈੱਸ਼ ਹੋ ਕੇ ਵਾਸ਼ਰੂਮ 'ਚੋਂ ਬਾਹਰ ਆਈ। ਬਿਲਕੁਲ ਨਾਰਮਲ ਜਿਵੇਂ ਹੁਣੇ ਥੋੜ੍ਹੀ ਦੇਰ ਪਹਿਲਾਂ ਸਾਡੇ ਦਰਮਿਆਨ ਕੁਝ ਹੋਇਆ ਹੀ ਨਾ ਹੋਵੇ।

"ਅੰਜਲੀ, ਹੈਲੋ ਬੇਟੇ। ਹਾਉ ਆਰ ਯੂ ?" ਉਹ ਅੰਜਲੀ ਨੂੰ ਗੋਦੀ 'ਚ ਲੈ ਕੇ ਪਿਆਰ ਕਰਨ ਲੱਗੀ।

"ਖਾਣਾ ਲੱਗ ਗਿਆ ਹੈ ਸ਼ਿਖਾ। ਆਜਾ ਖਾ ਲੈ। ਰਾਜੀਵ ਨੂੰ ਵੀ ਮਿਲ ਲੈ।"

ਉਹ ਡਾਇਨਿੰਗ ਟੇਬਲ 'ਤੇ ਆਈ। ਰਾਜੀਵ ਨਾਲ ਸਰਸਰੀ ਜਿਹੀ ਹੈਲੋ ਬੁਲਾਈ ਤੇ ਜਾਣ ਲਈ ਆਪਣਾ ਬੈਗ ਚੁੱਕ ਲਿਆ।

"ਇਹ ਕੀ ? ਬੈਗ ਕਾਹਤੋਂ ਚੁੱਕ ਲਿਆ ?"

"ਇੰਜੁਆਏ ਯੁਅਰ ਫੈਮਿਲੀ ਟਾਈਮ ਦਾਮਿਨੀ।(ਆਪਣੇ ਪਰਿਵਾਰ ਨਾਲ ਮੌਜਾਂ ਮਾਣੋ) ਮੈਂ ਤਾਂ ਅੰਜਲੀ ਨੂੰ ਮਿਲਣ ਆਈ ਸੀ।ਆਫ਼ੀਸ਼ੀਅਲ ਵਿਜ਼ਿਟ ਹੈ। ਤੈਨੂੰ ਤਾਂ ਪਤੈ। ਬੌਸ ਨੂੰ ਮਿੰਟ-ਮਿੰਟ ਦਾ ਹਿਸਾਬ ਦੇਣਾ ਪੈਂਦੈ।"

"ਪਰ ਖਾਣਾ ਤਾਂ ਖਾ ਲੈ।"

"ਭੁੱਖ ਹੁੰਦੀ ਤਾਂ ਜ਼ਰੂਰ ਖਾ ਲੈਂਦੀ। ਫਿਰ ਸਹੀ। ਓ.ਕੇ. ਬਾਏ-ਬਾਏ। ਬਾਏ ਜੀਜੂ, ਬਾਏ ਅੰਜਲੀ ਬੇਟਾ। ਤੇਰੀ ਪਸੰਦ ਦੇ ਖਿਡੌਣੇ ਤੇ ਡਰੈਸਿਜ਼ (ਕੱਪੜੇ) ਇਸ ਬੈਗ 'ਚ ਨੇ, ਦੇਖ ਲੈਣਾ। ਓ.ਕੇ.।"

"ਨਾ ਜਾਉ ਆਂਟੀ। ਦੇਖੋ, ਪਾਪਾ ਨੇ ਮੈਨੂੰ ਕਿੰਨਾ ਕੁਝ ਲੈ ਕੇ ਦਿੱਤੈ...।"

"ਫਿਰ ਆਵਾਂਗੀ ਨਾ ਤਦ ਦੇਖਾਂਗੀ। ਹੁਣ ਕਾਹਲੀ ਏ। ਜਾਣੈ ਮੈਂ ਮੇਰੇ ਬੱਚੇ।" ਉਸ ਨੇ ਅੰਜਲੀ ਨੂੰ ਘੁੱਟ ਕੇ ਬੁੱਕਲ 'ਚ ਲਿਆ, ਮੱਥਾ ਚੁੰਮਿਆ ਤੇ ਮੈਨੂੰ ਗਲੇ ਮਿਲ ਕੇ ਬੜੇ ਸੱਭਿਅਕ ਢੰਗ ਨਾਲ ਅਲਵਿਦਾ ਆਖ ਉਹ ਤੁਰ ਗਈ।

ਇੱਧਰ ਰਾਜੀਵ ਤੇ ਉੱਧਰ ਸ਼ਿਖਾ ਦਾ ਵਿਵਹਾਰ...।ਮੈਨੂੰ ਸਮਝ ਨਾ ਆਵੇ ਜ਼ਿੰਦਗੀ ਕੀ ਤੋਂ ਕੀ ਹੋ ਰਹੀ ਹੈ। ਦੋ ਦਿਨ ਬਾਅਦ ਸ਼ਿਖਾ ਦਾ ਫ਼ੋਨ ਆਇਆ। ਮੈਂ ਕਾਲ ਅਟੈਂਡ ਨਾ ਕੀਤੀ। ਦੁਬਾਰਾ ਫਿਰ ਰਿੰਗ ਆਉਣ ਲੱਗੀ। ਮੈਂ 'ਬਿਜ਼ੀ ਵਿਦ ਫੈਮਿਲੀ' ਮੈਸੇਜ (ਪਰਿਵਾਰ ਵਿੱਚ ਰੁੱਝੀ ਦਾ ਸੁਨੇਹਾ) ਘੱਲ ਦਿੱਤਾ। ਫਿਰ ਕਿੰਨੇ ਦਿਨ ਉਸ ਦਾ ਫ਼ੋਨ ਨਾ ਆਇਆ।ਮੇਰਾ ਧਿਆਨ ਮੁੜ-ਮੁੜ ਸ਼ਿਖਾ ਵੱਲ ਜਾਂਦਾ ਪਰ ਮੈਂ ਆਪਣੇ-ਆਪ ਨੂੰ ਕੰਮਾਂ ਵਿੱਚ ਲਗਾ ਕੇ ਧਿਆਨ ਹੋਰ ਪਾਸੇ ਲਗਾਉਣ ਦੀ ਕੋਸ਼ਿਸ਼ ਕਰਨ ਲੱਗਦੀ।

...'ਲੇਸਬੀਅਨ' ਮੈਂ ਤਾਂ ਅਜਿਹੇ ਰਿਸ਼ਤੇ ਬਾਰੇ ਸੋਚ ਵੀ ਨਹੀਂ ਸਕਦੀ।ਕੱਲ੍ਹ ਨੂੰ ਮੇਰੀ ਧੀ 'ਤੇ ਕੀ ਅਸਰ ਪਵੇਗਾ...। ਕਿਵੇਂ ਪਿੱਛਾ ਛੁਡਾਵਾਂ ਇਸ ਸ਼ਿਖਾ ਕੋਲੋਂ ਕਿ ਸੱਪ ਵੀ ਮਰ ਜਾਏ ਤੇ ਲਾਠੀ ਵੀ ਨਾ ਟੁੱਟੇ। ਮੇਰੇ ਅੰਦਰ ਕਈ ਕੁਝ ਉਸਰਦਾ ਤੇ ਫਿਰ ਢਹਿ ਜਾਂਦਾ।

ਕਿੰਨੇ ਦਿਨ ਬਾਅਦ ਅੱਜ ਫਿਰ ਉਸ ਦਾ ਫ਼ੋਨ ਨੰਬਰ ਮੁਬਾਈਲ ਸਕ੍ਰੀਨ 'ਤੇ ਫਲੈਸ਼ ਹੋਇਆ ਹੈ।



"ਚੁੱਕਾਂ, ਨਾ ਚੁੱਕਾਂ... ?" ਦੁਚਿੱਤੀ ਵਿੱਚ ਪਈ ਨੇ ਕਾਲ ਅਟੈਂਡ ਕਰਕੇ ਫ਼ੋਨ ਕੰਨ ਨਾਲ ਲਾ ਲਿਆ। ਸ਼ਿਖਾ ਪੁੱਛ ਰਹੀ ਹੈ,

"ਦਮੂ ਕੀ ਹਾਲ ਏ ਤੇਰਾ ? ਮੇਰੀ ਅੰਜਲੀ ਕੀ ਕਰਦੀ ? ਕਿਵੇਂ ਆ ਉਹ ? ਬਈ ਮੈਂ ਤਾਂ ਨਹੀਂ ਰਹਿ ਸਕਦੀ ਤੁਹਾਡੇ ਬਗੈਰ। ਤੁਹਾਨੂੰ ਦੋਹਾਂ ਨੂੰ ਮਿਲਣ ਨੂੰ ਬੜਾ ਜੀਅ ਕਰਦੈ। ਰਾਜੀਵ ਕਿੱਥੇ ਹੈ ? ਇੱਥੇ ਕਿ ਨੋਇਡਾ... ?"

ਦਿਲ ਵਿੱਚ ਆਇਆ ਆਖ ਦਿਆਂ ਇੱਥੇ ਹੀ ਹੈ ਹਮੇਸ਼ਾ ਲਈ। ਰਾਜੀਵ ਦਾ ਖ਼ਿਆਲ ਆਉਂਦੇ ਹੀ ਮਨ ਭਰ ਆਇਆ। ਉਸ ਦੇ ਜਾਣ ਤੋਂ ਪਹਿਲਾਂ ਆਖੇ ਬੋਲ ਘੁਮੇਰ ਪਾਉਣ ਲੱਗੇ।

"ਵੇਖ ਦਾਮਿਨੀ, ਮੈਂ ਇਹ ਨਹੀਂ ਕਹਿੰਦਾ ਤੂੰ ਮੇਰੀ ਇੱਜ਼ਤ ਨਹੀਂ ਕੀਤੀ। ਇੱਜ਼ਤ ਮੈਂ ਵੀ ਕਰਦਾ ਹਾਂ ਤੇਰੀ ਪਰ ਸੱਚ ਇਹ ਹੈ ਕਿ ਮੈਂ ਹੁਣ ਹੋਰ ਤੇਰੇ ਨਾਲ ਨਹੀਂ ਰਹਿ ਸਕਦਾ। ਇਸ ਤਰ੍ਹਾਂ ਅੱਧੇ-ਅਧੂਰੇ ਰਿਸ਼ਤੇ ਸਾਨੂੰ ਕੀ ਦੇਣਗੇ ਸਿਵਾਏ ਪਰੇਸ਼ਾਨੀ ਦੇ।ਕੀ ਅਜਿਹੇ ਵਿੱਚ ਅਸੀਂ ਅੰਜਲੀ ਨੂੰ ਚੰਗਾ ਭਵਿੱਖ ਦੇ ਸਕਾਂਗੇ ? ਮੈਨੂੰ ਲੱਗਦੈ ਸਾਨੂੰ ਆਪਸੀ ਸਹਿਮਤੀ ਨਾਲ ਤਲਾਕ ਲੈ ਕੇ ਵੱਖ ਹੋ ਜਾਣਾ ਚਾਹੀਦਾ ਹੈ। ਹਾਂ ਅੰਜਲੀ ਬਗੈਰ ਤੂੰ ਤੇ ਅੰਜਲੀ ਤੇਰੇ ਬਗੈਰ ਨਹੀਂ ਰਹਿ ਸਕਦੇ। ਆਈ ਨੋ। ਸੋ ਅੰਜਲੀ ਤੇਰੇ ਕੋਲ ਹੀ ਰਹੇਗੀ। ਮੈਂ ਦੂਰ ਹੋ ਕੇ ਵੀ ਉਸ ਦੀ ਹਰ ਲੋੜ ਪੂਰੀ ਕਰਾਂਗਾ। ਵਾਅਦਾ ਹੈ ਮੇਰਾ। ਅਸੀਂ ਦੋਵੇਂ ਪੜ੍ਹੇ-ਲਿਖੇ ਹਾਂ। ਆਪਣੇ ਫੈਸਲੇ ਆਪ ਲੈਣ ਦੇ ਸਮਰੱਥ। ਮੈਂ ਨਹੀਂ ਕਹਿੰਦਾ ਜਲਦੀ ਕਰ। ਸੋਚ ਲੈ। ਇਹ ਤਲਾਕ ਦੇ ਪੇਪਰ ਮੈਂ ਇੱਥੇ ਛੱਡ ਕੇ ਜਾ ਰਿਹਾਂ...।" ਕਿੰਨੀ ਆਸਾਨੀ ਨਾਲ ਉਹ ਇਹ ਸਭ ਕੁਝ ਕਹਿ ਗਿਆ ਸੀ।

"ਹੈਲੋ, ਹੈਲੋ ਦਮੂ...। ਕਿੱਥੇ ਹੈਂ ? ਸੁਣ ਵੀ ਰਹੀ ਹੈਂ ਕਿ ਨਹੀਂ... ?"

"ਹੈਲੋ...ਸੁਣ ਰਹੀ ਹਾਂ, ਸ਼ਿਖਾ। ਅੱਛਾ ਦੱਸ ਜੇ ਮੈਂ ਆਖਾਂ ਰਾਜੀਵ ਇੱਥੇ ਹੈ ਤਾਂ ਕੀ ਕਰੇਂਗੀ, ਜੇ ਆਖਾਂ ਨਹੀਂ ਹੈ ਤਾਂ ਤੂੰ ਕੀ ਕਰੇਂਗੀ ?"

"ਝੱਲੀ, ਭੁੱਲ ਗਈ ਲੱਗਦੀ ਏਂ। ਇਹ ਸਵਾਲ ਪਹਿਲਾਂ ਵੀ ਇੱਕ ਵਾਰੀ ਤੂੰ ਪੁੱਛਿਆ ਸੀ।"

"ਪਹਿਲਾਂ ਦੀ ਗੱਲ ਛੱਡ। ਹੁਣ ਦੱਸ, ਤੇਰਾ ਕੀ ਜਵਾਬ ਹੈ ?"

"ਜੇ ਰਾਜੀਵ ਘਰ ਹੈ ਤਾਂ ਆਖਾਂਗੀ, ਖ਼ੁਸ਼ ਰਹੋ, ਇੰਜੁਆਏ ਕਰੋ। ਜੇ ਆਖੇਂਗੀ ਰਾਜੀਵ ਨਹੀਂ ਹੈ ਤਾਂ ਉੱਡੀ ਚਲੀ ਆਵਾਂਗੀ ਆਪਣੀ ਦਮੂ ਤੇ ਅੰਜਲੀ ਕੋਲ।"

"ਓ.ਕੇ. ਇੱਕ ਸਵਾਲ ਹੋਰ ਹੈ। ਜੇ ਮੈਂ ਆਖਾਂ ਮੈਂ ਲੇਸਬੀਅਨ ਨਹੀਂ ਹਾਂ ਤੇ ਤੇਰੀਆਂ ਹੋਛੀਆਂ ਹਰਕਤਾਂ ਇੱਥੇ ਨਹੀਂ ਚੱਲਣੀਆਂ ਤਾਂ... ?"

"ਦਮੂ ਤੂੰ ਸੱਚੀਂ ਪਾਗਲ ਏਂ। ਇਹ ਕੀ ਸਵਾਲ-ਜਵਾਬ ਦੀ ਖੇਡ ਲਾਈ ਹੈ ?"

"ਇਹ ਮੇਰੇ ਸਵਾਲ ਦਾ ਜਵਾਬ ਨਹੀਂ। ਮੈਂ ਜੋ ਪੁੱਛਿਐ ਉਸ ਦਾ ਸਿੱਧਾ ਜਵਾਬ ਚਾਹੀਦੈ...। ਚਾਹੇਂ ਤਾਂ ਸੋਚ ਕੇ ਫਿਰ ਵੀ ਦੱਸ ਸਕਦੀ ਹੈਂ।"

ਉਹ ਗੁਣਗੁਣਾਉਣ ਲੱਗੀ, "ਤਨ ਸੇ ਤਨ ਕਾ ਮਿਲਨ ਨਾ ਹੋ ਪਾਇਆ ਤੋ ਕਯਾ...।" ਚੱਲ ਤੇਰੀ ਹਰ ਗੱਲ ਮਨਜ਼ੂਰ ਪਰ ਇੱਕ ਗੱਲ ਦੱਸ ? ਤੂੰ ਰਹਿ ਲਵੇਂਗੀ ਮੇਰੇ ਤੋਂ ਵੱਖ ?"

ਉਸ ਦਾ ਸਵਾਲ ਸੁਣ ਕੇ ਮੇਰਾ ਅੰਦਰ ਕੰਬ ਗਿਆ। ਹੱਥ ਵਿੱਚ ਰਾਜੀਵ ਵੱਲੋਂ ਤਿਆਰ ਕਰਵਾਏ ਤਲਾਕ ਦੇ ਕਾਗਜ਼ ਤੇ ਦਸਤਖ਼ਤ ਕਰਨ ਲਈ ਪੈੱਨ ਫੜੀ ਮੈਂ ਥਾਂਵੇਂ ਸੁੰਨ ਹੋ ਗਈ। ਸ਼ਿਖਾ ਹੁਣ ਵੀ ਪੁੱਛ ਰਹੀ ਹੈ, "ਬੋਲ, ਬੋਲਦੀ ਕਿਉਂ ਨਹੀਂ ?"

**(98146-70707)**

ਕਵਿਤਾਵਾਂ

## ਕਵਿਤਾ ਤੇ ਧੀ/ਰਣਧੀਰ

ਮੇਰੀ ਧੀ
ਲਿਖ ਰਹੀ ਹੈ
ਹਰ ਪਲ ਕਵਿਤਾ
ਲਿਖ ਰਹੀ ਤੇ ਜੀ ਰਹੀ

ਕਵਿਤਾ ਕੋਈ ਕੋਸ਼ਿਸ਼ ਨਹੀਂ

ਐਵੇਂ ਹੀ ਬੋਲਦਿਆਂ
ਖਾਂਦਿਆਂ-ਪੀਂਦਿਆਂ
ਤੁਰਦਿਆਂ-ਸੌਂਦਿਆਂ
ਹੱਸਦਿਆਂ-ਰੋਂਦਿਆਂ
ਕਵਿਤਾ ਕਹਿ ਦਿੰਦੀ

ਉਸਦੀਆਂ ਅੱਖਾਂ
ਸੂਰਜ ਦਾ ਰੰਗ ਪੁੱਛਦੀਆਂ
ਮੇਰੀ ਮੁੱਠੀ 'ਚ ਆ
ਚੰਨ ਗੁਆਚਦਾ
ਤਾਰਿਆਂ ਨੂੰ ਫੜ
ਜਾਵੇ ਖਾ! ! !

ਪਰਿੰਦਿਆਂ ਦੇ ਬੋਲਾਂ ਨੂੰ
ਆਵਾਜ਼ ਦਿੰਦੀ
ਸਹਿਜ ਹੀ ਕਵਿਤਾ ਕਹਿ ਦਿੰਦੀ

ਉਹਦੀ ਕਵਿਤਾ ਲਈ
ਰੰਗ ਮਹਿਜ਼ ਰੰਗ
ਪਾਣੀ ਸਹਿਜ ਪਾਣੀ
ਚਾਨਣ, ਮਿੱਟੀ, ਫੁੱਲ
ਜਿਵੇਂ ਹਨ
ਉਵੇਂ ਸਾਹ ਲੈਂਦੇ
ਆਪਣੇ ਆਪ 'ਚ ਪੂਰੇ

ਧੀ ਦੀ ਅੰਬਰ ਜਿੱਡੀ
ਕਵਿਤਾ ਸੁਣ
ਸਹਿਮ ਜਾਣਾ ਮੈਂ
ਸਹਿਮ ਕਿੰਨਾ ਸਹਿਜ! !

ਸਹਿਮਿਆ ਹੋਇਆ ਮੈਂ
ਜਦ ਵੀ ਧੀ ਦੀ
ਸੁਣਦਾ ਅੰਬਰ ਜਿੱਡੀ ਕਵਿਤਾ
ਉਲੱਥ ਦਿੰਦਾ ਉਸ ਨੂੰ
ਵਾਰਤਕ 'ਚ

ਫੋਨ ਨੰ: 94787-50491.

## ਅੰਤਰਾਲ/ਹਰਪ੍ਰੀਤ

ਵਹਿ ਗਏ ਪਾਣੀਆਂ 'ਤੇ
ਕੁਝ ਪੱਤੇ ਹਰੇ
ਰੱਖੇ ਸਨ
ਸਦੀਆਂ ਪਹਿਲਾਂ
ਤੈਨੂੰ ਯਾਦ ਕਰਦਿਆਂ
ਆ ਵੇਖ!
ਮੇਰੇ ਸਿਰ 'ਤੇ
ਉਨ੍ਹਾਂ ਪੱਤਿਆਂ ਦਾ ਰੁੱਖ
ਹਰਾ ਹੈ
ਪਾਣੀ ਆਏ ਹਨ।

ਅੰਤਰ-ਧਿਆਨ

ਦਿਨ ਦੇ ਚਾਨਣ ਤੋਂ
ਰੌਸ਼ਨੀ ਮੰਗਣ ਗਿਆ ਸੀ
ਉਹ
ਰਾਤ ਨੂੰ ਕਮੰਡਲ 'ਚ
ਸੱਪਣੀ ਦਾ ਜ਼ਹਿਰ ਭਰ ਲਿਆਇਆ...
ਉਮਰ ਸਾਰੀ



ਇਕ ਲੱਤ 'ਤੇ
ਤਾਂਡਵ 'ਚ ਲੀਨ ਰਿਹਾ
ਉਹ
ਰੁਦਰਾਖਸ਼ ਦੀ ਮਾਲਾ ਟੁੱਟ ਗਈ ਹੈ.........

ਫੋਨ ਨੰ: 9464315244

## ਫ਼ਿਕਰ/ਗੁਰਪ੍ਰੀਤ ਡੈਣੀ

ਮੈਂ ਹੱਡ ਰਗੜ
ਕੰਮ ਤੋਂ ਆਇਆ
ਮਾਂ ਨੇ ਪਿਆਰ ਨਾਲ
ਮੱਥਾ ਚੁੰਮਦਿਆਂ
ਕਿਹਾ:
ਪੁੱਤ ਬਿਜਲੀ ਵਾਲੇ
ਮੀਟਰ ਤੇਰੇ ਨਾਂਅ ਲਾ ਗਏ ਨੇ
ਅੱਜ ਤੋਂ ਘਰ
ਤੇਰਾ ਹੋਇਆ

ਮੈਨੂੰ ਤਰੇਲੀ ਆ ਗਈ
ਬੁੱਲ ਸੁੱਕ ਗਏ
ਹੁਣ ਜਦੋਂ ਵੀ
ਕੰਮ 'ਤੇ ਜਾਂਦਾ ਹਾਂ
ਘਰ ਦੀ ਕੰਧ ਟੱਪ ਕੇ
ਮੇਰੀ ਕਮੀਜ਼ ਦੀ ਜੇਬ ਵਿਚ
ਵੜ ਜਾਂਦਾ ਹੈ

ਮਾਂ ਦੀ ਗੱਲ ਸੋਚਦਾਂ
ਘਰ ਮੇਰਾ ਹੋਇਆ
ਕਿ ਮੈਂ ਘਰ ਦਾ.......

ਫੋਨ ਨੰਬਰ..9779250653

# ਵਿਰਕ ਦੀਆਂ ਚਿੱਠੀਆਂ
## ਪ੍ਰੇਮ ਪ੍ਰਕਾਸ਼ ਦੇ ਨਾਂ

***ਇਹ ਚਿੱਠੀਆਂ ਵਿਰਕ ਨੇ ਉਦੋਂ ਲਿਖੀਆ, ਜਦ ਉਹ ਐਗਰਕਲਚਰ ਯੂਨੀਵਰਸਿਟੀ, ਲੁਧਿਆਣਾ 'ਚ 'ਜੁਆਏਂਟ ਡਾਇਰੈਕਟਰ ਇਨਫਾਰਮੇਸ਼ਨ' ਸੀ। ਫੇਰ ਉਹ ਏਥੇ ਈ ਬਿਮਾਰ ਹੋ ਗਿਆ ਸੀ। ਕੁਝ ਚਿੱਠੀਆਂ ਉਹਨੇ ਬਿਮਾਰੀ ਵੇਲ਼ੇ ਚੰਡੀਗੜ੍ਹ ਰਹਿੰਦਿਆਂ ਲਿਖੀਆਂ ਸਨ। ਮੈਂ ਦੋਹਾਂ ਥਾਈਂ ਉਹਦੀ ਖਬਰ ਸਾਰ ਲੈਣ ਜਾਂਦਾ ਰਹਿੰਦਾ ਸੀ। ਇਹਨਾਂ ਚਿੱਠੀਆਂ ਵਿਚ ਕੁਝ ਮੇਰੀਆਂ ਕੀਤੀਆਂ ਗੱਲਾਂ ਦੇ ਵੀ ਜਵਾਬ ਨੇ। ਵਿਰਕ ਨੇ ਨਾ ਸ਼ਹਿਰ ਦਾ ਨਾਂ ਤੇ ਨਾ ਤਰੀਕ ਦਾ ਸਾਲ ਲਿਖਿਆ ਏ।***

ਪਿਆਰੇ ਪਰੇਮ

ਮੇਰੀ ਹੁਣ ਉਹ ਗੱਲ ਨਹੀਂ ਰਹੀ, ਜੋ ਮਹੀਨਾ ਪਹਿਲਾਂ ਸੀ। ਮੈਂ ਕੁਝ ਨਾ ਕੁਝ ਕਰ ਸਕਦਾ ਹਾਂ। ਕਹਾਣੀ ਵੀ ਲਿਖ ਸਕਦਾ ਹਾਂ। ਇਕ ਕਹਾਣੀ ਡਰ ਦੀ ਹੈ, ਇਕ ਬਦਮਾਸ਼ੀ ਦੀ। ਦੋਵੇਂ ਵਿਸ਼ੇ ਨਕਸਲੀਆਂ ਨੂੰ ਪਸੰਦ ਨਹੀਂ। ਫੇਰ ਕਿਉਂ ਲਿਖਾਂ? ਮੈਨੂੰ ਆਪ ਹੁਣ ਕਹਾਣੀਆਂ ਲਿਖਣ ਵਿਚ ਬਹੁਤਾ ਸਵਾਦ ਨਹੀਂ।

ਸਵਾਲਨਾਮੇ ਦਾ ਜਵਾਬ ਇਸ ਮਹੀਨੇ ਦੇ ਅਖੀਰ ਵਿਚ ਜ਼ਰੂਰ ਦਿਆਂਗਾ। '**ਲਕੀਰ**' ਰਾਹੀਂ ਤੇਰੀ ਸਾਹਿਤ ਵਿਚ ਲੱਤ ਅੜੀ ਹੀ ਰਹੇ ਤਾਂ ਚੰਗਾ ਹੈ, ਹੋਰ ਕੋਈ ਐਡੀਟਰ ਸਾਡਾ ਵਾਕਿਫ ਹੀ ਨਹੀਂ। ਅਮ੍ਰਿਤਾ ਪ੍ਰੀਤਮ ਹੈ ਪਰ ਉਹ ਤੇ ਇਸ ਤਰ੍ਹਾਂ ਜਿਵੇਂ ਕੱਪੜਾ ਉਨਣ ਵਾਲੀ ਮਸ਼ੀਨ ਮਜ਼ਦੂਰ ਦੀ ਵਾਕਿਫ ਹੁੰਦੀ ਹੈ। ਉਹ ਉਸ ਨੂੰ ਮਰਜ਼ੀ ਨਾਲ ਸਿੱਧੇ ਪੁੱਠੇ ਰਾਹੇ ਪਾ ਸਕਦਾ ਏ। ਤੇਰੀ ਗੱਲ ਹੋਰ ਏ। ਤੇਰੇ ਤੋਂ ਸਾਨੂੰ ਸਾਡੇ ਕੰਮ ਆਉਣ ਦੀਆਂ ਆਸਾਂ ਹਨ।

ਕੁਲਵੰਤ ਸਿੰਘ ਵਿਰਕ
6/1

-ooo-

ਪਿਆਰੇ ਪਰੇਮ

ਮੈਂ 40 ਰੁਪਏ ਦੇਣੇ ਕੀਤੇ ਹਨ, ਜ਼ਰੂਰ ਦਿਆਂਗਾ। ਬਾਕੀ ਸੁਰਜੀਤ (ਸੁਰਜੀਤ ਹਾਂਸ ਇੰਗਲੈਂਡ ਵਿਚ ਸੀ) ਆ ਕੇ ਜਾਂ ਉਥੇ ਬੈਠਾ ਹੀ ਕਰ ਦੇਵੇਗਾ। ਰਾਮ ਭਲੀ ਕਰੇਗਾ।

ਸੋਲਜ਼ੇਨਿਸਤਨ ਬਾਰੇ ਵਿਚਾਰ ਲਿਖ ਕੇ ਘੱਲ ਸਕਦਾ ਹਾਂ, ਜੇ ਕੁਝ ਵਿਹਲ ਮਿਲਿਆ ਤਾਂ। ਦੱਸ ਕਦੋਂ ਘੱਲਾਂ? ਕਹਾਣੀ ਸ਼ਾਮਲ ਕਰਨ ਦੀ ਵੀ ਤੈਨੂੰ ਆਗਿਆ ਹੈ।

ਮੇਰੇ ਕੋਲ ਵੀ ਇਕ ਖਬਰ ਹੈ। ਮੇਰੀਆਂ ਚਾਰ ਕਹਾਣੀਆਂ ਰੂਸ ਦੇ '**ਫਾਰਿਨ ਲਿਟਰੇਚਰ**' ਵਿਚ ਛਪੀਆਂ ਹਨ। ਨਿਤਾਸ਼ਾ ਦੀ ਪ੍ਰੀਤਮ ਸਿੰਘ ਭਾਪੇ ਨੂੰ ਚਿੱਠੀ ਆਈ ਹੈ। ਇਕ ਕਹਾਣੀ 'ਸੋਵੀਅਤ ਰਾਈਟਰਜ਼ ਯੂਨੀਅਨ' ਦੇ 45ਵੇਂ ਜਲਸੇ ਵਿਚ ਪੜ੍ਹ ਕੇ ਸੁਣਾਈ ਗਈ। ਇਸ ਦਾ ਨਾਂ 'ਧਰਤੀ ਹੇਠਲਾ ਬਲਦ' ਹੈ। ਦੂਜੀਆਂ ਚੌਹਾਂ ਦੇ ਨਾਵਾਂ ਦਾ ਪਤਾ ਨਹੀਂ ਲੱਗ ਸਕਿਆ। ਰਸਾਲਾ ਭਾਵੇਂ ਆ ਗਿਆ ਹੈ - ਪ੍ਰੀਤਮ ਸਿੰਘ ਭਾਪੇ ਕੋਲ। ਕਲ੍ਹ ਦੇਖੋ ਏਥੇ ਬੈਠਾ ਕਹਾਣੀਆਂ ਦੇ ਨਾਵਾਂ ਬਾਰੇ ਅਤੇ ਉਹਨਾਂ ਤੋਂ ਮਿਲਣ ਵਾਲੇ ਰੂਬਲਾਂ ਬਾਰੇ ਅਟਕਲ-ਪੱਚੂ ਲਾਂਦਾ ਰਿਹਾ।

ਨਵਤੇਜ ਨੂੰ ਮਿਲ ਕੇ ਇਹਨਾਂ ਘਟਨਾਵਾਂ ਦੀ ਸਾਹਿਤਕ ਅਹਿਮੀਅਤ ਪੁੱਛਾਂਗਾ। ਨਾਲੇ ਕਿੰਨੇ ਪੈਸੇ ਮਿਲਣਗੇ। ਮਤਲਬ ਜੇ ਮੈਂ ਰੂਸ ਜਾ ਸਕਦਾ ਹੁੰਦਾ ਤਾਂ ਕਿੰਨੇ ਪੈਸੇ ਉਗਰਾਹ ਸਕਦਾ ਹੁੰਦਾ ਸੀ।

ਦਾਸ
ਕੁਲਵੰਤ ਸਿੰਘ
21/2

-ooo-

ਪਿਆਰੇ ਪਰੇਮ

ਤੇਰਾ ਪਰਚਾ ਬਹੁਤ ਚੰਗਾ ਹੈ, ਆਨੰਦ ਆ ਗਿਆ। ਕਿੰਨੀਆਂ ਮੁੱਦਤਾਂ ਪਿੱਛੋਂ ਇਹ ਇਹਸਾਸ ਹੋਇਆ ਹੈ ਕਿ ਸਾਡੇ ਜ਼ੁੰਮੇ ਕਰਨ ਲਈ ਕੋਈ ਕੰਮ ਹੈ ਤੇ ਇਹ ਬਹੁਤ ਵਧੀਆ ਕਿਸਮ ਦਾ ਕੰਮ ਹੈ, ਜਿਸ ਨੂੰ ਕੇਵਲ ਅਸੀਂ ਹੀ ਕਰ ਸਕਦੇ ਹਾਂ। ਕਰਾਂਤੀਕਾਰੀ ਸਾਹਿਤ ਦੀ ਗੱਲ ਮੇਰੇ ਲਈ ਬਿਲਕੁਲ ਨਵੀਂ ਸੀ। ਮੈਨੂੰ ਡਰ ਸੀ ਕਿ ਤੇਰਾ ਪਰਚਾ ਠੁੱਸ ਹੋ ਜਾਵੇਗਾ, ਜਿਸ ਤਰ੍ਹਾਂ 1955 ਵਿਚ ਮੈਨੂੰ ਇਹ ਡਰ ਲੱਗਦਾ ਸੀ ਕਿ ਮਾਸਟਰ ਤਾਰਾ ਸਿੰਘ ਦਾ ਪੰਜਾਬੀ ਸੂਬਾ ਮੋਰਚਾ ਠੁੱਸ ਹੋ ਜਾਵੇਗਾ। ਮੇਰੇ ਦੋਵੇਂ ਡਰ ਗਲਤ ਨਿੱਕਲੇ। ਤੇਰੇ ਵਿਚ ਦਿਮਾਗ ਹੈ। (ਸਿਰਜਣਾ ਵੀ ਹੈ ਕਿ ਨਹੀਂ, ਇਹ ਅਜੇ ਤੂੰ ਸਾਬਤ ਕਰਨਾ ਹੈ।)

ਤੂੰ ਆਪਣੇ ਐਡੀਟੋਰੀਅਲ ਵਿਚ ਮੇਰਾ ਨਾਂ ਤਾਂ ਲਿਖਿਆ, ਨਾਲ ਆਪਣਾ ਵੀ ਲਿਖੀ ਗਿਆ। ਤੇਰੀ ਤਿਆਗ ਦੀ ਭਾਵਨਾ ਬਾਰੇ ਮੇਰਾ ਅਨੁਮਾਨ ਏਸ ਤੋਂ ਵੱਧ ਸੀ। ਕੁਝ ਹੋਰ ਮੈਟਰ ਵੀ ਐਸਾ ਵੈਸਾ ਈ ਸੀ। ਪਰ ਏਸੇ ਲਈ ਮੈਂ ਇਕ ਤਰ੍ਹਾਂ ਨਾਲ ਤਿਆਰ ਸੀ। ਨਾਲ ਇਹ ਵੀ ਪਤਾ ਚੱਲ ਗਿਆ ਕਿ ਗੋਲਗੱਪੇ ਖਾਣ ਦੀ ਕੀ ਕਲਾਸਕੀ ਵਿਧੀ ਹੈ। ਰੀਵਿਊ ਅੱਛੇ ਸਨ। ਬੁੱਧੀ ਜੀਵ ਬਹੁਤ ਵਧੀਆ ਸੀ। ਤਰਸੇਮ ਵੀ ਪਸੰਦ ਆ ਹੀ ਗਿਆ। ਕਵਿਤਾਵਾਂ ਨੂੰ ਹੱਥ ਨਹੀਂ ਪਾਇਆ ਡਰਦਿਆਂ। ਪਰਚਾ ਪੜ੍ਹਦਿਆਂ ਮੇਰਾ ਚੋਖਾ ਸਮਾਂ ਲੱਗਾ। ਜੇ ਐਤਵਾਰ ਨਾ ਹੁੰਦਾ ਤਾਂ ਮੁੱਕਣਾ ਨਹੀਂ ਸੀ। ਇਹ ਇਸ ਦੀ ਵਡਿਆਈ ਹੈ। ਜੇ ਅੱਜ ਬਾਹਰ ਜਾਣ ਦਾ ਪਰੋਗਰਾਮ ਨਾ ਹੁੰਦਾ ਤਾਂ ਇਹ ਚਿੱਠੀ ਲਿਖੀ ਨਹੀਂ ਜਾਣੀ ਸੀ। ਇਹ ਤੇਰੇ ਮੇਰੇ ਅੰਦਰ ਰਚੇ ਹੋਣ ਦੀ ਨਿਸ਼ਾਨੀ ਹੈ। ਅਗਲੇ ਮਹੀਨੇ ਲੋਕ ਵਾਢੀ ਵਿਚ ਰੁੱਝ ਜਾਣਗੇ ਤੇ ਡਾਕਟਰਾਂ ਦੀਆਂ ਗੱਲਾਂ ਘੱਟ ਸੁਣਨਗੇ। ਫਿਰ ਸ਼ਾਇਦ ਮੈਨੂੰ ਕੁਝ ਵਿਹਲ ਹੋਵੇ ਤੇ ਮੈਂ ਵੀ ਲਿਖਾਂ। ਦੋ ਮਹੀਨੇ ਵਾਲੀ ਗੱਲ ਠੀਕ ਹੈ। ਮਾਸਕ (ਪਰਚੇ) ਨਾਲ ਭਾਜੜ ਪਈ ਰਹਿੰਦੀ ਹੈ ਤੇ ਤ੍ਰੈਮਾਸਿਕ ਨੂੰ ਲੋਕ ਭੁੱਲ ਜਾਂਦੇ ਹਨ। ਮੇਰਾ ਖਿਆਲ ਹੈ ਕਿ ਮੈਂ 15 ਤਰੀਕ ਨੂੰ ਜਲੰਧਰ ਆਵਾਂਗਾ।

ਪਰੂਫ ਦੀਆਂ ਗਲਤੀਆਂ ਕਾਫੀ ਸਨ। ਇਹ ਮੈਂ ਏਸ ਕਰ ਕੇ ਲਿਖ ਰਿਹਾ ਹਾਂ ਕਿ ਤੂੰ ਹਰ ਵੇਲ਼ੇ ਪਰੂਫ ਦੀਆਂ ਗਲਤੀਆਂ ਕੱਢਦਾ ਰਹਿੰਦਾ ਏਂ। ਜਿਲਦ ਵਾਲਾ ਟਾਂਕਾ ਵੀ ਜੇ ਜ਼ਰਾ ਹੇਠ ਨੂੰ ਹੁੰਦਾ ਤਾਂ ਪੜ੍ਹਨ ਵਿਚ ਸੌਖ ਹੋਣੀ ਸੀ।

ਕੁਲਵੰਤ ਸਿੰਘ ਵਿਰਕ
9. 3. 70

-ooo-

ਪਿਆਰੇ ਪਰੇਮ

ਤੇਰੀ ਚਿੱਠੀ ਮਿਲੀ। ਕੁਝ ਏਸ ਤਰ੍ਹਾਂ ਯਾਦ ਆਉਂਦਾ ਏ ਕਿ ਉਸ ਵਿਚ ਸਾਹਿਤ ਦੀਆਂ ਗੱਲਾਂ ਸਨ। ਇਹ ਕਦੋਂ ਦੀਆ ਗੱਲਾਂ ਨੇ। ਇਸ ਤਰ੍ਹਾਂ ਲੱਗਦਾ ਏ ਜਿਵੇਂ ਇਹ ਸੁਪਨਿਆਂ ਦੀਆ ਗੱਲਾਂ ਹੋਣ। ਇਕ ਉਰਦੂ ਦਾ ਸ਼ਿਅਰ ਯਾਦ ਆਓਣ ਆਓਣ ਕਰਦਾ ਏ, ਪਰ ਆ ਨਹੀਂ ਰਿਹਾ, ਕਿਉਂਕਿ ਉਹ ਵੀ ਸਾਹਿਤ ਦਾ ਹਿੱਸਾ ਏ ਤੇ ਇਸ ਲਈ ਮੇਰਾ 'ਮੈਂ' ਤੇਰੇ ਨਾਲੋਂ ਮੈਥੋਂ ਦੂਰ ਭੱਜਦਾ ਏ।

ਮੈਂ ਸਾਹਿਤ ਬਾਰੇ ਕੋਈ ਬਹਿਸ ਨਹੀਂ ਕਰ ਸਕਦਾ। ਗੱਲ ਵੀ ਨਹੀਂ ਕਰ ਸਕਦਾ। ਉਥੋਂ ਛੇਕਿਆ ਹੋਇਆ ਮਹਿਸੂਸ ਕਰਦਾ ਹਾਂ। ਜੇ ਫਿਰ ਜਿਵਾਣਾ ਏ ਤਾਂ ਇੱਕੋ ਈ ਤਰੀਕਾ ਏ। ਸਾਰੇ ਰਲ਼ ਕੇ ਦੁਆ ਕਰੋ ਕਿ ਮੇਰੀ ਇਹ ਨੌਕਰੀ ਟੁੱਟ ਜਾਵੇ। ਆਪਣੇ ਆਪ ਮੈਂ ਨਹੀਂ ਛੱਡਣੀ।

ਦਾਸ<br>
ਕੁਲਵੰਤ ਸਿੰਘ ਵਿਰਕ<br>
25/9.

-000-

ਪਿਆਰੇ ਪਰੇਮ

ਚਿੱਠੀ ਪੜ੍ਹ ਕੇ ਬੜੀ ਹੈਰਾਨੀ ਹੋਈ ਕਿ ਕੁਝ ਲੋਕ, ਭਾਵੇਂ ਪੀ. ਆਈ. ਬੀ. ਵਾਲੇ ਹੀ ਸਹੀ, ਮੈਨੂੰ ਕੰਮਾਂ ਤੋਂ ਦੂਰ ਸਮਝਦੇ ਨੇ। ਇਹ ਬਿਲਕੁਲ ਝੂਠਾ ਇਲਜ਼ਾਮ ਹੈ। ਮੇਰੀ ਵਹੁਟੀ ਤਾਂ ਇਹ ਕਹਿੰਦੀ ਹੈ ਕਿ ਜਦੋਂ ਤੂੰ ਮਰ ਗਿਆ ਤਾਂ ਤੇਰੀ ਮੰਜੀ ਚੁੱਕਣ ਲਈ ਚਾਰ ਬੰਦੇ ਕਿਹੜੇ ਵੀ, ਸੱਦ ਲਵਾਂਗੀ। ਤੇਰੀ ਕਿਸੇ ਨਾਲ ਦੋਸਤੀ ਜਾਂ ਵਾਕਿਫੀ ਹੈ ਈ ਨਹੀਂ। ਓਮ ਪ੍ਰਕਾਸ਼ (ਪਨਾਹਗੀਰ) ਹੁਣ ਨੂੰ (ਤੇ ਚਿੱਠੀ ਮਿਲਣ ਵੇਲ਼ੇ ਵੀ ਇਹ ਗੱਲ ਠੀਕ ਸੀ) ਇੰਟਰਵਿਊ ਦੇ ਚੁੱਕਿਆ ਹੋਵੇਗਾ, ਇਸ ਲਈ ਮੇਰੇ ਕਹਿਣ ਦੀ ਲੋੜ ਨਹੀਂ। ਪਰ ਕਿਸੇ ਬੈਂਕ ਵਿਚ ਵੀ ਮੇਰੀ ਕੋਈ ਵਾਕਫੀਅਤ ਨਹੀਂ।

ਆਪ ਦਾ ਦਾਸ<br>
ਕੁਲਵੰਤ ਸਿੰਘ ਵਿਰਕ<br>
24.1.77

-000-

ਪਿਆਰੇ ਪਰੇਮ

ਤੇਰਾ ਪਿਆਰਾ ਪਿਆਰਾ ਖਤ ਮਿਲਿਆ। ਦਿਲ ਦੀ ਬਿਮਾਰੀ ਵਿਚੋਂ ਕੋਈ ਕਹਾਣੀ ਨਹੀਂ ਲੱਭ ਸਕਦੀ, ਪਰ ਇਹਦੇ ਹੋਰ ਲਾਭ ਬੇਅੰਤ ਹਨ :

1. ਘਰ ਵਿਚ ਤੁਹਾਡੀ ਸ਼ਾਨ ਬਹੁਤ ਵਧ ਜਾਂਦੀ ਹੈ। ਤੁਹਾਡੀ ਹਰ ਖਾਹਿਸ਼ (ਸਮੇਤ ਜਿਨਸੀ ਖਾਹਿਸ਼ਾਂ ਦੇ) ਦਾ ਇਹਤਰਾਮ (ਸਤਿਕਾਰ) ਕੀਤਾ ਜਾਂਦਾ ਹੈ। ਜਿਸ ਤਰ੍ਹਾਂ ਕੋਈ ਪਰਾਹੁਣਾ ਆ ਕੇ ਇਹ ਕਹੇ ਕਿ ਮੈਂ ਪੰਦਰਾਂ ਮਿੰਟਾਂ ਨੂੰ ਚਲਿਆ ਜਾਣਾ ਹੈ, ਤਾਂ ਤੁਸੀਂ ਓਸ ਨੂੰ ਅੰਗਰੇਜ਼ੀ ਵਿਸਕੀ ਵੀ ਪਿਆਣ ਲਈ ਤਿਆਰ ਹੋ ਜਾਂਦੇ ਹੋਂ।

2. ਦਫਤਰ ਵਿਚ ਕੰਮ ਕਰੋ ਜਾਂ ਨਾ ਕਰੋ, ਮਾਤਹਿਤ ਕੋਈ ਸ਼ਿਕਾਇਤ ਨਹੀਂ ਕਰਦੇ। ਕਿਸੇ ਨੂੰ ਗਲਤੀ ਨਾਲ ਝਾੜ ਝੰਬ ਵੀ ਦੇਂਦੇ ਹੋਂ, ਉਹ ਅੱਗੋਂ ਜਵਾਬ ਨਹੀਂ ਦੇਂਦਾ, ਜਿਵੇਂ ਤੁਸੀਂ ਪਰਤਾਪ ਸਿੰਘ ਕੈਰੋਂ ਹੋਵੋ। ਅਸਲ ਵਿਚ ਅਗਲਾ ਇਹ ਸੋਚ ਰਿਹਾ ਹੁੰਦਾ ਹੈ ਕਿ ਇਹਦੀ ਮੌਤ ਮੇਰੇ ਨਾਂ ਨਾ ਲੱਗ ਜਾਵੇ। ਇਹ ਬਹੁਤ ਵੱਡੀ ਸਰਦਾਰੀ ਹੈ।

3. ਹਰ ਆਦਮੀ ਤੁਹਾਡੇ ਨਾਲ ਗੱਲ ਕਰਨੀ ਚਾਹੁੰਦਾ ਹੈ। ਜਿਨ੍ਹਾਂ ਨੂੰ ਉਹਦੇ ਨਾਲ ਕਰਨ ਲਈ ਕੋਈ ਗੱਲ ਵੀ ਨਹੀਂ ਸੁਝ ਰਹੀ ਹੁੰਦੀ, ਉਹਨਾਂ ਨੂੰ ਵੀ ਪਤਾ ਹੁੰਦਾ ਏ ਕਿ ਤੁਹਾਨੂੰ ਕੀ ਕਹਿਣਾ ਹੈ। ਬਸ ਇਹੀ ਕਿ, "ਹੁਣ ਤੁਹਾਡੀ ਤਬੀਅਤ ਦਾ ਕੀ ਹਾਲ ਹੈ ? ਵਾਹਿਗੁਰੂ ਦਾ ਸ਼ੁਕਰ ਹੈ।"

4. ਵਹੁਟੀ ਜਿਹੜੀ ਅੱਗੇ ਟੀ. ਵੀ. ਉੱਤੇ ਖੇਤੀ ਬਾੜੀ ਪਰੋਗਰਾਮ, ਬੱਚਿਆਂ ਦਾ ਪਰੋਗਰਾਮ ਵੀ ਦੇਖਦੀ ਸੁਣਦੀ ਰਹਿੰਦੀ ਸੀ, ਹੁਣ ਉਹ ਚੰਗੀ ਤੋਂ ਚੰਗੀ ਫਿਲਮ ਵੇਲ਼ੇ ਵੀ ਟੀ. ਵੀ. ਬੰਦ ਕਰ ਦੇਂਦੀ ਹੈ। ਜੇ ਉਸ ਵਿਚੋਂ ਕੋਈ ਮਰ ਜਾਵੇ, ਖਾਸ ਤੌਰ 'ਤੇ ਦਿਲ ਦੀ ਬਿਮਾਰੀ ਨਾਲ ਤਾਂ ਘਰ ਵਿਚ ਆਰਾਮ ਹੋ ਜਾਂਦਾ ਹੈ ਤੇ ਤੁਸੀਂ ਕੁਝ ਪੜ੍ਹ ਲਿਖ ਸਕਦੇ ਹੋਂ।

5. ਬੱਚਿਆਂ ਵੱਲੋਂ ਕਾਰ ਦੀ, ਕੋਠੀ ਦੀ ਤੇ ਹੋਰ ਕੈਸ਼ ਦੀ, ਸਾਰੀਆਂ ਮੰਗਾਂ, ਜਿਨ੍ਹਾਂ ਨਾਲ ਤੁਹਾਨੂੰ ਰੋਜ਼ ਸ਼ਰਮਿੰਦਾ ਕੀਤਾ ਜਾਂਦਾ ਸੀ, ਉਹ ਸਾਰੀਆਂ ਮੰਗਾਂ ਬੰਦ ਹੋ ਜਾਂਦੀਆ ਹਨ।

6. ਮੈਨੂੰ ਇਹ ਫਿਕਰ ਨਹੀਂ ਰਿਹਾ ਸੀ ਕਿ ਜਦੋਂ ਮੈਂ ਬਹੁਤ ਬੁੱਢਾ ਹੋ ਗਿਆ ਤੇ ਕਿਸੇ ਬਿਮਾਰੀ ਨਾਲ ਹਿੱਲਣ ਜੁੱਲਣ ਜੋਗਾ ਨਾ ਰਿਹਾ ਤਾਂ ਮੇਰੀ ਟੱਟੀ ਕੌਣ ਪੂੰਝੇਗਾ ਤੇ ਜੇ ਮੈਨੂੰ ਪੇਸ਼ਾਬ ਆ ਜਾਵੇ ਤਾਂ ਕੌਣ ਕਰਾਵੇਗਾ ? ਹੁਣ ਮੇਰੀ ਜੇਬ ਵਿਚ ਸਿਰਫ ਇਕ ਕਾਰਡ ਦਾ ਹੋਣਾ ਜ਼ਰੂਰੀ ਹੈ। ਜਿਸ ਉੱਤੇ ਮੇਰਾ ਪਤਾ ਲਿਖਿਆ ਹੋਵੇ।

ਕਿਉਂ ਕੀ ਖਿਆਲ ਹੈ ?

ਦਾਸ<br>
ਕੁਲਵੰਤ ਸਿੰਘ ਵਿਰਕ<br>
14.12.81

---


**ਪਤ੍ਰਨ ਰੁੱਤ ਦੇ ਆਰ-ਪਾਰ**<br>
**ਸੰਪਾਦਕ : ਪਰਗਟ ਸਿੰਘ ਸਤੌਜ**

**31 ਦਲਿਤ ਕਹਾਣੀਆਂ**<br>
**ਸੰਪਾਦਕ : ਅਨੇਮਨ ਸਿੰਘ**<br>
**ਆਰਸੀ ਪ੍ਰਕਾਸ਼ਨ, ਦਿੱਲੀ**

**ਬੀ-ਪੌਜ਼ਟਿਵ ਯਾਰ (2019 ਦੀਆਂ ਚੋਣਵੀਆਂ ਕਹਾਣੀਆਂ)**<br>
**ਸੰਪਾਦਕ : ਅਨੇਮਨ ਸਿੰਘ**<br>
**ਸੰਗਮ ਪਬਲੀਕੇਸ਼ਨਜ਼, ਸਮਾਣਾ**

ਨਵੀਆਂ ਪੁਸਤਕਾਂ

## ਹਾਦਸੇ ਅਤੇ ਮਾਨਵੀ ਹੋਂਦ: ਹਾਦਸੇ

### -ਹਰਜਿੰਦਰ ਸਿੰਘ ਅਟਵਾਲ (ਡਾ.)

'ਹਾਦਸੇ' ਹਰਜੀਤ ਅਟਵਾਲ ਦਾ ਨਵਾਂ ਨਾਵਲ ਹੈ। ਹਰਜੀਤ ਅਜਿਹਾ ਪਰਵਾਸੀ ਗਲਪਕਾਰ ਹੈ ਜੋ ਲਗਾਤਾਰ ਲਿਖ ਰਿਹਾ ਹੈ। ਉਸ ਦੀ ਪਛਾਣ ਪੰਜਾਬੀ ਨਾਵਲ ਵਿਚ 'ਵਨ ਵੇਅ', 'ਰੇਤ', 'ਸਾਊਥਾਲ' ਵਰਗੇ ਮਹੱਤਵਪੂਰਨ ਨਾਵਲਾਂ ਨਾਲ ਬਣ ਚੁੱਕੀ ਹੈ। ਪਰ ਇਹ ਨਾਵਲ ਉਨ੍ਹਾਂ ਨਾਲੋਂ ਵੱਖਰਾ ਨੈਰੇਟਿਵ ਸਿਰਜਦਾ ਹੈ। ਜਿਸ ਕਰਕੇ ਪੰਜਾਬੀ ਪਾਠਕਾਂ ਦੇ ਇਕ ਵਰਗ ਨੂੰ ਇਹ ਝੰਜੋੜਦਾ ਹੈ। ਇਹ ਉਹ ਪਾਠਕ ਵਰਗ ਹੈ ਜੋ ਸੁਜਾਨ ਸਿੰਘ ਦੀ ਮਹੱਤਵਪੂਰਨ ਕਹਾਣੀ 'ਰਾਸ ਲੀਲਾ' ਨੂੰ ਅਸ਼ਲੀਲ ਸਮਝਦਾ ਰਿਹਾ। ਹਰਜੀਤ ਦੇ ਇਸ ਨਾਵਲ ਦਾ ਨੈਰੇਟਿਵ ਸੰਤੋਖ ਸਿੰਘ ਧੀਰ ਦੇ ਨਾਵਲ 'ਉਹ ਦਿਨ' ਹੈ ਜਿਨ੍ਹਾਂ ਨੂੰ ਕ੍ਰਮਵਾਰ ਲੇਖਕ ਨੇ ਹੀ ਅਪਣਾਉਣ ਤੋਂ ਨਾਂਹ ਕਰ ਦਿੱਤੀ ਅਤੇ ਦੂਜੇ ਨੂੰ 'ਭਾਰਤੀ ਸਾਹਿਤ ਅਕਾਦਮੀ' ਦੇ ਵਕਾਰੀ ਇਨਾਮ ਨਾਲ ਸਨਮਾਨਿਤ ਕਰਕੇ ਸਰਕਾਰ ਨੇ 'ਬੈਨ' ਕਰ ਦਿੱਤਾ ਸੀ। ਇਸ ਪਾਠਕ ਵਰਗ ਦਾ ਥੋੜ੍ਹਾ ਬਹੁਤਾ ਸੰਬੰਧ ਉਸ ਸੋਚ ਨਾਲ ਵੀ ਹੈ ਜੋ ਪੰਜਾਬੀ ਦੀ ਇਕ ਮਹੱਤਵਪੂਰਨ ਸ਼ਾਇਰਾ ਜੋ ਪੰਜਾਬ ਤੋਂ ਬਾਹਰ ਦੇਸ਼ ਦੀ ਰਾਜਧਾਨੀ ਵਿਚ ਰਹਿੰਦੀ ਸੀ ਅਤੇ ਪਤੀ ਨੂੰ ਤਲਾਕ ਦੇ ਕੇ ਜਾਂ ਲੈ ਕੇ ਆਪਣੀ ਪਸੰਦ ਦੇ ਆਦਮੀ ਨਾਲ ਬਿਨਾਂ ਵਿਆਹ ਤੋਂ ਰਹਿ ਰਹੀ ਸੀ, ਨੂੰ ਨਕਾਰਨਾ ਅਤੇ ਸ਼ਾਇਰੀ ਨੂੰ ਨਾ ਪਸੰਦ ਕਰਨਾ। ਇਸ ਪਾਠਕ ਵਰਗ ਕੋਲ ਆਪਣੇ ਤਰਕ ਹਨ ਜੋ ਖਾਸ ਸੰਦਰਭ ਵਿਚ ਸਹੀ ਹੋ ਸਕਦੇ ਹਨ ਜਾਂ ਲੱਗ ਸਕਦੇ ਹਨ।

ਹਾਦਸੇ ਨਾਵਲ ਵਿਚ ਸੋਸ਼ਲ ਮੀਡੀਏ ਦਾ ਮਾਨਵ ਦੀ ਜ਼ਿੰਦਗੀ ਉੱਪਰ ਪੈਣ ਵਾਲੇ ਜਾਂ ਪੈ ਰਹੇ ਪ੍ਰਭਾਵਾਂ ਦਾ ਕੀ ਅਸਰ ਹੋ ਸਕਦਾ ਹੈ ਇਸ ਨੈਰੇਟਿਵ ਨੂੰ ਸਿਰਜਦਾ ਹੈ। ਸੋਸ਼ਲ ਮੀਡੀਆ ਮਨੁੱਖ ਦੇ ਫੌਰੀ ਪ੍ਰਤੀਕਰਮਾਂ ਅਤੇ ਪ੍ਰਭਾਵਾਂ ਨੂੰ ਕਿਵੇਂ ਨਿਰਧਾਰਤ ਕਰਦਾ ਹੈ, ਇਸ ਦੀ ਪੇਸ਼ਕਾਰੀ ਇਸ ਨਾਵਲ ਵਿਚ ਪੇਸ਼ ਹੈ। ਇਸ ਨਾਵਲ ਵਿਚ ਰਾਵਲ ਅਤੇ ਮੇਘਨਾ ਦੀ ਜ਼ਿੰਦਗੀ ਵਿਚ ਇਕ ਹਾਦਸਾ ਐਕਸੀਡੈਂਟ ਦੇ ਰੂਪ ਵਿਚ ਵਾਪਰਦਾ ਹੈ ਜਿਸ ਵਿਚ ਰਾਵਲ ਦੀ ਪਤਨੀ ਰੇਵਤੀ ਅਪਾਹਜ ਹੋ ਜਾਂਦੀ ਹੈ, ਦੂਜੇ ਵਿਚ ਮੇਘਨਾ ਆਪਣੀ ਲੱਤ ਗੁਆ ਬੈਠਦੀ ਹੈ। ਪਰ ਦੋਹਾਂ ਦੀ ਜ਼ਿੰਦਗੀ ਦੇ ਇਹ ਮਹੱਤਵਪੂਰਨ ਹਾਦਸੇ ਅੱਗੋਂ ਫਿਰ ਹਾਦਸਾ ਦਰ ਹਾਦਸਾ ਵਾਪਰਨ ਦਾ ਰਾਹ ਖੋਲਦੇ ਹਨ। ਰੇਵਤੀ (ਇਕ ਅਪਾਹਜ) ਨਾਲ ਰਹਿ ਕੇ ਰਾਵਲ ਨੂੰ ਜ਼ਿੰਦਗੀ ਦੇ ਅਧੂਰੇਪਨ ਦਾ ਅਹਿਸਾਸ ਹੋਣ ਲਗਦਾ ਹੈ ਪਰ ਨਾਲ ਹੀ ਉਹ ਸਮਾਜਿਕ ਦਬਾਅ ਹੇਠ ਮੇਘਨਾ ਨਾਲ ਰਿਸ਼ਤਾ ਕਾਇਮ ਕਰਨ ਲਈ ਇਕ ਕਦਮ ਅੱਗੇ ਪੁੱਟਦਾ ਹੈ। ਦੋ ਕਦਮ ਪਿੱਛੇ ਹਟਦਾ ਹੈ। ਰਾਵਲ ਦੀ ਜ਼ਿੰਦਗੀ ਵਿਚ ਇਹ ਵਿਡੰਬਨਾਤਮਕ ਸਥਿਤੀ ਇਕ ਹਾਦਸੇ ਦੇ ਰੂਪ ਵਿਚ ਹੀ ਵਾਪਰ ਰਹੀ ਹੈ। ਇਸੇ ਤਰ੍ਹਾਂ ਮੇਘਨਾ ਦੇ ਐਕਸੀਡੈਂਟ ਤੋਂ ਬਾਅਦ ਉਸ ਦਾ ਵਿਆਹ ਇਕ ਅਜਿਹੇ ਵਿਅਕਤੀ ਨਾਲ ਹੁੰਦਾ ਹੈ ਜਿਸ ਨੂੰ ਉਹ ਬਦਰੂਹ ਕਹਿ ਰਹੀ ਹੈ ਤੇ ਜਿਸ ਨੂੰ ਉਸ ਦੇ ਜਾਣੂੰ ਖਹਿਬੜਾ ਸਿੰਘ ਕਹਿੰਦੇ ਹਨ, ਆਪਣੇ ਅਤੇ ਪਤੀ ਦੇ ਭਰਾਵਾਂ ਨਾਲ ਬਹੁਤ ਨੇੜਤਾ ਨਹੀਂ। ਪੁੱਤਰ ਵੱਡਾ ਹੋਣ ਬਾਅਦ ਉਹ ਵੀ ਰਾਵਲ ਵਰਗੀ ਸਥਿਤੀ ਵਿਚੋਂ ਹੀ ਗੁਜ਼ਰਦੀ ਹੈ। ਉਹ ਪੰਜਾਹ ਸਾਲ ਦੀ ਉਮਰ ਵਿਚ ਪਿਆਰ ਨੂੰ ਅੱਲੜ ਉਮਰ ਦੀ ਕੁੜੀ ਵਾਂਗ ਮਾਨਣ ਦਾ ਯਤਨ ਕਰਦੀ ਹੈ, ਜੋ ਪਾਠਕ ਨੂੰ ਅਟਪਟਾ ਵੀ ਲਗਦਾ ਹੈ ਅਤੇ ਕਿਤੇ-ਕਿਤੇ ਇਹ ਨਾਵਲੀ ਬਿਰਤਾਂਤ ਅਸਹਿਜ ਹੋ ਜਾਂਦਾ ਹੈ। ਰਾਵਲ ਵਾਂਗ ਉਹ ਸਮਾਜਿਕ ਬੰਧਨਾਂ ਜਾਂ ਨਿਯਮਾਂ ਤੋਂ ਬਹੁਤਾ ਡਰਦੀ ਨਹੀਂ ਸਗੋਂ ਨਿੱਜੀ ਹਉਂ, ਉਸ ਦੇ ਰਾਹ ਵਿਚ ਆ ਜਾਂਦੀ ਹੈ ਜਿਸ ਨਾਲ ਉਹ ਇਸ



ਰਿਸ਼ਤੇ ਨੂੰ ਕਦੇ ਅੱਗੇ ਕਦੇ ਪਿੱਛੇ ਵਾਲੀ ਸਥਿੱਤੀ ਵਿਚ ਪਹੁੰਚ ਜਾਂਦੀ ਹੈ। ਇਸ ਸਾਰੇ ਕੁਝ ਨਾਲ ਜੁੜੀਆਂ ਘਟਨਾਵਾਂ ਹੀ ਜੀਵਨ ਵਿਚ ਵਾਪਰਨ ਵਾਲੇ ਹਾਦਸੇ ਹਨ ਜਿਨ੍ਹਾਂ ਦਾ ਜ਼ਿਕਰ ਹਰਜੀਤ ਇਥੇ ਕਰਦਾ ਹੈ। ਸੋਸ਼ਲ ਮੀਡੀਏ ਨੇ ਮਨੁੱਖ ਦੀ ਤਣਾਉ ਭਰੀ ਜ਼ਿੰਦਗੀ ਨੂੰ ਇਕ ਵਕਤੀ ਤੌਰ ਤੇ ਸਹਿਜ ਕਰਨ ਦਾ ਨੁੰਮਣਾ ਦੇ ਦਿੱਤਾ ਹੈ, ਸ਼ਾਇਦ ਇਸ ਨਾਲ ਮਨੁੱਖ ਸਹਿਜ ਹੋਣ ਦੀ ਰਾਵਲ ਤੇ ਮੇਘਨਾ ਦੀ ਜ਼ਿੰਦਗੀ ਵਿਚ ਹੀ ਨਹੀਂ ਸਗੋਂ ਉਹ ਹਨ ਖਾਸ ਵਰਗ ਦੇ ਪ੍ਰਤੀਨਿਧ ਪਾਤਰਾਂ ਵਜੋਂ ਪੇਸ਼ ਹੋ ਰਹੇ ਹਨ, ਸਮਕਾਲ ਵਿਚ ਖਾਸ ਕਰਕੇ ਪੂੰਜੀਵਾਦੀ ਵਿਵਸਥਾ ਦਾ ਹਿੱਸਾ ਬਣਿਆ ਵਰਗ ਆਪਣੇ ਵਰਤਮਾਨ ਤੋਂ ਕਦੀ ਸੰਤੁਸ਼ਟ ਨਹੀਂ ਹੁੰਦਾ, ਜਿਸ ਨਾਲ ਇਹ ਭਟਕਣਾ ਬਣੀ ਰਹਿੰਦੀ ਹੈ। ਰਾਵਲ ਅਤੇ ਮੇਘਨਾ ਇਸ ਦੋਚਿੱਤੀ ਵਿਚ ਹੀ ਇਨ੍ਹਾਂ ਹਾਦਸਿਆਂ ਵਿਚੋਂ ਕਹੀ ਇਹ ਜਾ ਰਿਹਾ ਹੈ ਕਿ ਮੈਨੂੰ ਦੋਹਤਿਆਂ/ਪੋਤਿਆਂ ਵਾਲਾ ਹੋ ਕੇ ਇਸ ਉਮਰ ਵਿਚ ਪਿਆਰ ਕਰਨਾ ਚੰਗਾ ਲਗਦਾ ਹਾਂ, ਪਰ ਕਰੀ ਵੀ ਜਾ ਰਿਹਾ ਹੈ ਦੂਜੇ ਪਾਸੇ ਮੇਘਨਾ ਇਹ ਮਹਿਸੂਸ ਕਰਦੀ ਹੈ ਕਿ ਮੈਂ ਰਾਵਲ ਨੂੰ ਇੰਤਹਾ ਦੀ ਪੱਧਰ ਤੇ ਜਾ ਕੇ ਪਿਆਰ ਕਰਦੀ ਹਾਂ ਪਰ ਆਪਣੀ ਹਉਂ ਨੂੰ ਪੱਲੇ ਪਾਉਣ ਲਈ ਉਸ ਨੂੰ ਨਕਾਰਦੀ ਵੀ ਹੈ ਫਿਰ ਸਚਾਈ ਪਤਾ ਲੱਗਣ 'ਤੇ ਪਛਤਾਉਂਦੀ ਵੀ ਹੈ। ਨਾਵਲੀ ਬਿਰਤਾਂਤ ਇਸ ਵਿਡੰਬਨਾਤਮਕ ਸਥਿੱਤੀ ਨੂੰ ਸਿਰਜਦਾ ਹੈ।

ਰੇਤ ਨਾਵਲ ਵਿਚ ਹਰਜੀਤ ਨੇ ਇਕ ਵਿਧੀ ਵਰਤੀ ਸੀ ਕਿ ਦੋਵੇਂ ਮੁਖ ਪਾਤਰਾਂ ਨੂੰ ਬਰਾਬਰ ਦਾ ਸਥਾਨ ਦੇਣ ਦਾ ਯਤਨ ਕੀਤਾ ਸੀ। ਜਿਸ ਨਾਲ ਨਾਵਲ ਵਿਚ ਪਹਿਲੇ ਤੇ ਅਗਲੇ ਕਾਂਡ ਵਿਚ ਬਿਰਤਾਂਤ ਪੇਸ਼ ਕਰਦਿਆਂ ਦੁਹਰਾਅ ਆ ਜਾਂਦਾ ਸੀ। ਇਹ ਸਥਿੱਤੀ ਇਸ ਨਾਵਲ ਵਿਚ ਵੀ ਹੈ ਖਾਸ ਕਰਕੇ ਸੱਤਵੇਂ ਅਤੇ ਅੱਠਵੇਂ ਕਾਂਡ ਵਿਚ। ਪਹਿਲੇ ਅਧੂਰੇ ਕਾਂਡ ਦਾ ਖੱਪ ਪੂਰਾ ਕਰਨ ਲਈ ਜਦ ਅਗਲੇ ਕਾਂਡ ਦਾ ਜ਼ਿਕਰ ਹੁੰਦਾ ਹੈ ਤਾਂ ਦੁਹਰਾਅ ਆ ਜਾਂਦਾ ਹੈ, ਜਿਸ ਤੋਂ ਬਚਿਆ ਜਾ ਸਕਦਾ ਸੀ। ਇਸੇ ਤਰ੍ਹਾਂ ਕੁੱਤੇ ਟਾਈਸਨ ਨਾਲ ਜੁੜੀਆਂ ਕਿਰਿਆਵਾਂ ਦਾ ਹਰ ਵਾਰ ਜ਼ਿਕਰ ਕਰਨ ਤੋਂ ਵੀ ਬਚਿਆ ਜਾਣਾ ਚਾਹੀਦਾ ਸੀ।

## ਚੀਰ ਹਰਨ (ਕਹਾਣੀ ਸੰਗ੍ਰਹਿ) ਸਰੂਪ ਸਿਆਲਵੀ

ਸਰੂਪ ਸਿਆਲਵੀ ਦਾ ਇਹ ਪੰਜਵਾਂ ਕਥਾ ਸੰਗ੍ਰਹਿ ਹੈ, 'ਪਿੰਡ ਅਜੇ ਜਿਉਂਦਾ ਹੈ' ਅਤੇ 'ਨੇੜ੍ਹੇ ਦੇ ਵਾਸੀ' ਆਦਿ ਕਹਾਣੀਆਂ ਨਾਲ ਉਹ ਆਪਣੀ ਨਿਵੇਕਲੀ ਪਛਾਣ ਬਣਾ ਚੁੱਕਾ ਹੈ। ਉਹ ਇਕ ਖਾਸ ਕਿਸਮ ਦੀ ਕਹਾਣੀ ਵਿਚ ਦਲਿਤ ਅਤੇ ਔਰਤ ਨਾਲ ਸੰਬੰਧਿਤ ਮੁੱਦਿਆਂ ਨੂੰ ਕੇਂਦਰ ਵਿਚ ਰੱਖਦਾ ਹੈ। 'ਚੀਰ ਹਰਨ' ਇਸ ਸੰਗ੍ਰਹਿ ਦੀ ਮਹੱਤਵਪੂਰਨ ਕਹਾਣੀ ਹੈ। ਭੂਮਿਕਾ ਵਿਚ ਡਾ. ਗੁਰਮੇਲ ਸਿੰਘ ਨੇ ਇਸ ਕਹਾਣੀ ਦੇ 'ਨਵਾਂ ਜ਼ਮਾਨਾ' ਦੇ ਸਰਵੇਖਣ ਵਿਚ ਬਿਹਤਰੀਨ ਕਹਾਣੀਆਂ ਵਿਚ ਸ਼ਾਮਲ ਹੋਣ ਦੀ ਗੱਲ ਵੀ ਕੀਤੀ ਹੈ। ਭੂਮਿਕਾ ਲੇਖਕ ਨੂੰ ਭੁਲੇਖਾ ਪਿਆ ਹੈ ਜਦਕਿ ਨਵਾਂ ਜ਼ਮਾਨਾ ਵਾਲਿਆਂ ਨੇ ਸਰਵੇਖਣ ਦੇ ਢੰਗ ਵਿਚਲੀ ਕਾਣ ਨੂੰ ਦੇਖਦਿਆਂ ਇਹ ਕੁਝ ਸਾਲਾਂ ਤੋਂ ਬੰਦ ਕਰ ਦਿੱਤਾ ਹੈ। ਉਂਜ ਇਹ ਸਰਵੇਖਣ 'ਸੁਕੀਰਤ' ਹੋਰਾਂ ਇਕ ਵੱਖਰੇ ਅੰਦਾਜ ਵਿਚ ਕਰਵਾਇਆ ਹੈ, ਜੋ ਵਿਚਾਰ ਦਾ ਵਿਸ਼ਾ ਹੈ। ਸਰੂਪ ਆਪਣੀ ਕਹਾਣੀ ਵਿਚ ਮਿਥਿਹਾਸ ਅਤੇ ਇਤਿਹਾਸ ਦੇ ਹਵਾਲੇ ਦੇ ਕੇ ਆਪਣੀ ਕਹਿਣ ਵਾਲੀ ਗੱਲ ਨੂੰ ਵਜਨਦਾਰ ਅਤੇ ਮੰਨਣਯੋਗ ਬਣਾਉਣ ਦਾ ਯਤਨ ਕਰਦਾ ਹੈ ਪਰ ਕਈ ਵਾਰ ਉਹ ਮਿਥਿਹਾਸ ਅਤੇ ਇਤਿਹਾਸ ਦੇ ਵੇਰਵਿਆਂ ਦੀ ਪੇਸ਼ਕਾਰੀ ਕਰਦਾ ਅਜਿਹਾ

ਉਲਝ ਜਾਂਦਾ ਹੈ ਕਿ ਉਸ ਦੀ ਰਚਨਾ ਕਹਾਣੀ ਦੇ ਸਰੂਪ ਵਿਚ ਸਮਾਅ ਨਹੀਂ ਸਕਦੀ, ਇਕ ਵਿਚਾਰਾਤਮਕ ਲੇਖ ਬਣ ਕੇ ਰਹਿ ਜਾਂਦੀ ਹੈ, ਅਜਿਹਾ ਚੀਰ ਹਰਨ ਨਾਲ ਵੀ ਹੋਇਆ ਹੈ। ਇਥੇ ਵੀ ਦਰੋਪਤੀ ਅਤੇ ਹੋਰ ਮਿਥਿਹਾਸਕ ਪਾਤਰਾਂ ਦੀਆਂ ਕਹਾਣੀਆਂ ਨਾਲ ਲੈੱਸ ਹੋਣ ਦੇ ਬਾਵਜੂਦ ਅਜੋਕੇ ਯੁਗ ਵਿਚ ਵਿਚਰ ਰਹੀ ਔਰਤ ਬਰਿੰਦਰ ਕੌਰ ਪਤੀ ਪੰਧੇਰ ਅਤੇ ਦਿਉਰ ਦਲੇਰ ਦੇ ਸੰਕਟ ਵਿਚ ਉਲਝੀ ਪਈ ਹੈ। ਉਸ ਦੀ ਸੱਸ ਸੁਰਜੀ ਇਕ ਵੱਖਰਾ ਬਿਰਤਾਂਤ ਸਿਰਜੀ ਬੈਠੀ ਹੈ। ਸਥਿੱਤੀਆਂ ਦਾ ਉਲਝਾਅ ਹੀ ਇਸ ਕਹਾਣੀ ਦਾ ਹਾਸਲ ਬਣਦਾ ਨਜ਼ਰ ਆ ਰਿਹਾ ਹੈ। ਇਹ ਕਹਾਣੀ ਮਿੱਥ ਅਤੇ ਅਜੋਕੇ ਯਥਾਰਥ ਵਿਚ ਤਾਲਮੇਲ ਬਿਠਾਉਣ ਵਿਚ ਸਫ਼ਲ ਨਹੀਂ ਹੋ ਸਕੀ। ਸਰੂਪ ਦੇ ਇਸ ਸੰਗ੍ਰਹਿ ਵਿਚ 'ਸੱਪ' ਕਹਾਣੀ ਸ਼ਾਮਲ ਹੈ, ਜੋ ਤਕਨੀਕੀ ਪੱਖ ਅਤੇ ਸਰੋਕਾਰਾਂ ਨੂੰ ਪੇਸ਼ ਕਰਨ ਦੇ ਪੱਖ ਤੋਂ ਇਕ ਉਤਮ ਕਹਾਣੀ ਹੈ। ਬਾਪ ਦਾ ਆਪਣੀ ਸਕੀ ਧੀ ਨਾਲ ਸਰੀਰਕ ਰਿਸ਼ਤਾ ਹੋਣ ਉਪਰੰਤ ਧੀ ਦੀ ਮਨੋਦਸ਼ਾ ਦਾ ਬਿਆਨ ਉਸ ਨੇ ਬਾਖ਼ੂਬੀ ਨਿਭਾਇਆ ਹੈ ਅਤੇ 'ਕੇਸਰ ਸਿੰਘ ਕਾਕਰੋ' ਵਰਗ ਤਰਕਸ਼ੀਲ ਪਾਤਰ ਪੇਸ਼ ਕਰਕੇ ਕਹਾਣੀਕਾਰ ਆਪਣੀ ਪੋਜੀਸ਼ਨਿੰਗ ਦੀ ਸਪੱਸ਼ਟ ਅਤੇ ਨਿਰਧਾਰਤ ਕਰ ਗਿਆ ਹੈ ਭਾਵੇਂ ਇਸ ਕਹਾਣੀ ਵਿਚ ਬਾਪ ਤੋਂ ਡਰਦਿਆਂ ਬੇਟੀ ਦੀ ਕੱਛੀ ਗਿੱਲੀ ਹੋਣ ਦੇ 'ਜੁਮਲੇ' ਨੂੰ ਲੋੜੋਂ ਵੱਧ ਵਰਤਿਆ ਗਿਆ ਹੈ। ਇਸ ਤੋਂ ਬਚਿਆ ਜਾ ਸਕਦਾ ਸੀ।

## ਖਿੜਨ ਤੋਂ ਪਹਿਲਾਂ (ਨਾਵਲ) ਧਰਮਪਾਲ ਸਾਹਿਲ

ਧਰਮ ਪਾਲ ਸਾਹਿਲ ਪੰਜਾਬੀ ਸਾਹਿਤ ਜਗਤ ਵਿਚ ਇਕ ਚਰਚਿਤ ਨਾਮ ਹੈ। ਉਸ ਦੇ ਨਾਵਲ 'ਪਥਰਾਟ' ਦੀ ਸਭ ਤੋਂ ਵਧੇਰੇ ਗੱਲ ਹੋਈ ਹੈ। ਉਂਜ ਉਹ ਮਿੰਨੀ ਕਹਾਣੀ ਤੋਂ ਆਰੰਭ ਕਰਕੇ ਸਮਕਾਲ ਵਿਚ ਕਹਾਣੀ ਅਤੇ ਨਾਵਲ ਦੇ ਖੇਤਰ ਵਿਚ ਆਪਣੀ ਬਣਦੀ ਥਾਂ ਬਣਾਉਣ ਵਿਚ ਸਫ਼ਲ ਰਿਹਾ ਹੈ। 'ਖਿੜਨ ਤੋਂ ਪਹਿਲਾਂ' ਨਾਵਲ ਵਿਚ ਉਸ ਨੇ ਸੂਚਨਾ ਤਕਨਾਲੋਜੀ ਦੇ ਖੇਤਰ ਵਿਚ ਹੋ ਰਹੀ ਛਾਲਾਂ ਮਾਰਦੀ ਤਰੱਕੀ ਦੇ ਬੁਰੇ ਪ੍ਰਭਾਵ ਖਾਸ ਕਰਕੇ ਜੋ ਸਾਡੀ 'ਅੱਲੜ' ਉਮਰ ਦੀ ਪੀੜ੍ਹੀ ਉੱਪਰ ਪੈ ਰਹੇ ਹਨ, ਤੋਂ ਸੁਚੇਤ ਕਰਨ ਦਾ ਯਤਨ ਕੀਤਾ ਹੈ। ਆਪ ਕਿਉਂ ਜੋ ਉਹ ਅਧਿਆਪਨ ਕਾਰਜ ਨਾਲ ਲੰਬੇ ਸਮੇਂ ਤੋਂ ਜੁੜਿਆ ਹੋਣ ਕਰਕੇ ਇਸ ਵਿਚਲੇ ਪ੍ਰਭਾਵਾਂ ਨੂੰ ਯਥਾਰਥਮਈ ਢੰਗ ਨਾਲ ਸਮਝ ਕੇ ਪੇਸ਼ ਕਰ ਸਕਿਆ ਹੈ। ਮੈਡਮ ਸੁਮਿਤਰਾ ਅਤੇ ਉਸ ਦੀ ਵਿਦਿਆਰਥੀ 'ਸੈਫ਼ੀ' ਦੁਆਲੇ ਨਾਵਲ ਦੀ ਸਾਰੀ ਕਥਾ ਉਸਾਰੀ ਗਈ ਹੈ। ਸੁਮਿਤਰਾ ਇਕ ਆਦਰਸ਼ ਅਧਿਆਪਕ ਵਾਂਗ ਪੇਸ਼ ਹੋਈ ਹੈ, ਜੋ ਸੈਫ਼ੀ ਦੇ ਸੁਧਾਰ ਲਈ ਆਪਣੀਆਂ ਨਿਰਧਾਰਤ ਸਮਾਜਿਕ ਹੱਦਾਂ ਪਾਰ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੀ। 'ਸੈਫ਼ੀ' ਦੇ ਘਰ ਦਾ ਮਾਹੌਲ ਉਸ ਨੂੰ ਸੰਨੀ ਵੱਲ ਜਾਣ ਲਈ ਪ੍ਰੇਰਿਤ ਕਰ ਰਿਹਾ ਹੈ। ਸੰਨੀ ਨੈੱਟ, ਚੈਟਿੰਗ ਤੇ ਡਰੱਗ ਦੇ ਪ੍ਰਭਾਵ ਹੇਠ ਆਪਣੀ ਜ਼ਿੰਦਗੀ ਦੇ ਬਿਹਤਰੀਨ ਪਲ ਅਜਾਈਂ ਗੁਆ ਰਿਹਾ ਹੈ। ਸਾਡੀ ਜੁਆਨੀ ਖਿੜਨ ਦੀ ਉਮਰੇ ਮੁਰਝਾ ਰਹੀ ਹੈ। ਸ਼ਹਿਰਾਂ ਵਾਂਗ ਪਿੰਡਾਂ ਦੇ ਹਾਲਾਤ ਵੀ ਬਹੁਤ ਹੀ ਖਰਾਬ ਹਨ, ਜਿਸ ਦਾ ਜ਼ਿਕਰ ਮੈਡਮ ਸੰਤੋਸ਼ (ਤੋਸ਼ੀ) ਦੀ ਜ਼ੁਬਾਨੀ ਪੇਸ਼ ਹੋਇਆ ਹੈ। ਸੂਚਨਾ ਕ੍ਰਾਂਤੀ ਇਕ ਨਾ ਟਾਲੇ ਜਾਣ ਵਾਲਾ ਵਰਤਾਰਾ ਹੈ, ਜਿਸ ਤੋਂ ਕਿਨਾਰਾ ਤਾਂ ਨਹੀਂ ਕੀਤਾ ਜਾ ਸਕਦਾ ਪਰ ਇਸ ਦੀ ਵਰਤੋਂ ਸਹੀ ਦਿਸ਼ਾ ਵੱਲ ਕਰਨ ਲਈ ਸੁਚੇਤ ਹੋਇਆ ਜਾ ਸਕਦਾ ਹੈ, ਜਿਵੇਂ ਸੁਮਿਤਰਾ ਕਰ ਰਹੀ ਹੈ। ਸਮਾਜਿਕ ਟੁੱਟ-ਭੱਜ ਅਤੇ ਨੈੱਟ ਕਰਾਂਤੀ ਇਕ ਦੂਜੇ ਨੂੰ ਪ੍ਰਭਾਵਿਤ ਕਰ ਵੀ ਰਹੇ ਹਨ ਅਤੇ ਹੋ ਵੀ ਰਹੇ ਹਨ। ਇਸ ਜਾਂ ਅਜਿਹੇ ਹੋਰ ਕਿਸੇ ਮਸਲੇ ਨੂੰ ਪੇਸ਼ ਕਰਨ ਸਮੇਂ ਲੇਖਕ ਕਈ ਵਾਰ ਆਪਣੀ 'ਪੋਜੀਸ਼ਨ' ਦੇ ਪ੍ਰਸ਼ਨ 'ਤੇ ਉਲਝ ਜਾਂਦਾ ਹੈ ਪਰ ਧਰਮਪਾਲ ਇਸ ਉਲਝਣ ਤੋਂ ਮੁਕਤ ਹੈ, ਇਹੀ ਇਸ ਨਾਵਲ ਦੀ ਪ੍ਰਾਪਤੀ ਹੈ।



## ਬਾਕੀ ਸਫ਼ਾ 5 'ਤੇ (ਨਾਵਲ) ਰੂਪ ਸਿੰਘ

ਰੂਪ ਸਿੰਘ ਦਾ ਇਹ ਤੀਜਾ ਨਾਵਲ ਹੈ। ਨਾਵਲ ਦੇ ਆਰੰਭ ਵਿਚ ਸਥਾਪਿਤ ਸ਼ਾਇਰ ਬਲਬੀਰ ਮਾਧੋਪੁਰੀ ਦੀ ਕਵਿਤਾ 'ਠੰਢੀ 'ਵਾ ਦੀ ਉਡੀਕ' ਦਰਜ਼ ਕੀਤੀ ਗਈ ਹੈ, ਇਹ ਇਸ ਨਾਵਲ ਦੀ ਭੂਮਿਕਾ ਵੀ ਹੋ ਸਕਦੀ ਹੈ ਕਿਉਂ ਜੋ ਇਹ ਕਵਿਤਾ ਨਾਵਲ ਦੇ ਕੇਂਦਰੀ ਨੁਕਤੇ ਦੀ ਨਿਸ਼ਾਨਦੇਹੀ ਕਰਦੀ ਹੈ। ਆਰੰਭਲੀਆਂ ਸਤਰਾਂ ਵਿਚ ਨਾਵਲਕਾਰ ਆਮ ਗਲਪਕਾਰਾਂ ਵਾਂਗ ਆਪਣੇ ਪਾਤਰਾਂ ਜਾਂ ਕਹਾਣੀ ਨੂੰ ਕਲਪਿਤ ਨਹੀਂ ਕਹਿੰਦਾ ਸਗੋਂ ਇਸ ਦੇ ਉਲਟ ਉਸ ਦਾ ਮੰਨਣਾ ਹੈ ਕਿ ਇਹ ਕਹਾਣੀ ਜਾਂ ਪਾਤਰ ਹਰ ਪਾਠਕ ਦੇ ਆਸ-ਪਾਸ ਵਾਪਰ ਰਹੀ ਹੈ ਅਤੇ ਤੁਰਦੇ ਫਿਰਦੇ ਨਜ਼ਰ ਆਉਂਦੇ ਹਨ, ਇਹ ਪਾਤਰ ਪਾਠਕ ਪਾਤਰਾਂ ਨੂੰ ਦਿਸਦੇ ਨਜ਼ਰ ਆਉਂਦੇ ਹਨ, ਇਹ ਪਾਤਰ ਪਾਠਕ ਪਾਤਰਾਂ ਨੂੰ ਦਿਸਦੇ ਲੋਕਾਂ ਵਰਗੇ ਅਤੇ ਉਨ੍ਹਾਂ ਵਿਚੋਂ ਹੀ ਹਨ, ਇਹ ਯਥਾਰਥ ਹੈ ਮਹਿਜ ਇਤਫ਼ਾਕ ਨਹੀਂ। ਸਾਰਾ ~~ਨਾਵਲ ਬਿਨਾਂ ਕਿਸੇ ਕਾਂਡ ਵੰਡ ਦੇ ਇਕ ਸਾਹੇ ਹੀ ਬਿਆਨੀਆ ਸ਼ੈਲੀ ਵਿਚ ਪੇਸ਼ ਹੈ। ਨਾਵਲ ਦੇ~~ ਕੇਂਦਰ ਵਿਚ ਪੰਜਾਬ ਦੇ ਉਸ ਕਾਲੇ ਦੌਰ ਨੂੰ ਰੱਖਿਆ ਗਿਆ ਹੈ, ਜਦੋਂ ਸਵੇਰੇ ਘਰੋਂ ਤੁਰਨ ਲੱਗੇ ਵਿਅਕਤੀ ਨੂੰ ਇਹ ਪਤਾ ਨਹੀਂ ਸੀ ਹੁੰਦਾ ਕਿ ਸ਼ਾਮ ਨੂੰ ਸਹੀ ਸਲਾਮਤ ਘਰ ਪਰਤਣਾ ਹੈ ਜਾਂ ਨਹੀਂ। ਇਸ ਨਾਲ ਸੰਬੰਧਿਤ ਪੰਜਾਬੀ ਵਿਚ ਬਹੁਤ ਸਾਰੀ ਗਲਪ ਰਚਨਾ ਹੋਈ ਹੈ ਪਰ ਰੂਪ ਸਿੰਘ ਦੇ ਇਸ ਨਾਵਲ ਦੀ ਵਿਲੱਖਣਤਾ ਇਹ ਹੈ ਕਿ ਉਸ ਨੇ ਇਸ ਅੱਤਵਾਦ ਵਾਲੀ ਘਟਨਾ ਨੂੰ ਖ਼ਾਸ ਕਰਕੇ ਜਦੋਂ ਲੋਕਾਂ ਵੱਲੋਂ ਚੁਣੀ ਹੋਈ ਸਰਕਾਰ ਦੇ ਹੱਥਾਂ ਵਿਚੋਂ ਨਿਕਲ ਜਾਂਦੀ ਹੈ ਤਾਂ ਪੁਲੀਸ (ਨੀਮ ਫੌਜੀ ਅਤੇ ਫੌਜੀ ਬਲਾਂ ਸਮੇਤ) ਵਲੋਂ ਜਿਵੇਂ ਨੌਨ-ਪ੍ਰੋਫੈਸ਼ਨਲ ਢੰਗ ਨਾਲ ਇਸ ਨੂੰ ਨਜਿੱਠਿਆ ਜਾਂਦਾ ਹੈ, ਉਹ ਇਕ ਬਹੁਤ ਵੱਡਾ ਪ੍ਰਸ਼ਨ ਖੜ੍ਹਾ ਕਰਦਾ ਹੈ। ਸਾਰਾ ਨਾਵਲ ਗੁਰਮੀਤ (ਮੀਤਾ) ਦੇ ਇਰਦ-ਗਿਰਦ ਉਸਾਰਦਾ ਹੈ ਜੋ ਇਕ ਸ਼ਹੀਦ ਫੌਜੀ ਦਾ ਬੇਕਸੂਰ ਪੁੱਤਰ ਹੈ। ਉਸ ਦੀ ਨੇੜਤਾ ਪਿੰਡ ਦੇ ਹਿੰਦੂ ਮੁੰਡੇ ਛਿੰਦਰ ਨਾਲ ਹੈ ਜੋ ਅੰਤ ਤਕ ਨਿਭਦੀ ਹੈ। ਗੁਰਮੀਤ ਉਨ੍ਹਾਂ ਅਨੇਕਾਂ ਬੇਕਸੂਰ ਮੁੰਡਿਆਂ ਦੀ ਪ੍ਰਤੀਨਿਧਤਾ ਕਰਦਾ ਹੈ ਜਿਨ੍ਹਾਂ ਨੂੰ ਪੁਲੀਸ ਦੀ ਜ਼ਿਆਦਤੀ ਦਾ ਸ਼ਿਕਾਰ ਹੋਣਾ ਪਿਆ। ਭਾਵੇਂ ਇਹ ਅੱਤਵਾਦ ਦਾ ਇਕ ਰੂਪ ਹੈ ਪਰ ਇਹ ਰੂਪ ਬਹੁਤੇ ਪੰਜਾਬੀਆਂ ਨੇ ਭੋਗਿਆ ਹੈ। ਰਾਜਨੀਤੀ ਇਸ ਵਿਚੋਂ ਕਿਵੇਂ ਲਾਭ ਲੱਭ ਰਹੀ ਹੈ ਉਸ ਦੀ ਉਦਾਹਰਣ ਪਿੰਡ ਦੇ ਸਰਪੰਚ ਦੇ ਮਨ ਵਿਚ ਪੁਲੀਸ ਵਲੋਂ ਐਮ. ਐਲ. ਏ. ਬਣਨ ਦੀ ਤਾਂਘ ਪੈਦਾ ਕਰਨ ਵਿਚ ਦੇਖੀ ਜਾ ਸਕਦੀ ਹੈ। ਨੀਮ ਫੌਜੀ ਅੱਤਵਾਦੀ ਘਰ ਨਾ ਮਿਲਣ 'ਤੇ ਮੱਝ ਦਾ ਮੱਥਾ ਹੀ ਭੰਨਣ ਵਿਚ ਬਹਾਦਰੀ ਦਿਖਾ ਰਿਹਾ ਹੈ। ਆਮ ਲੋਕ ਵੀ ਇਹ ਹੀ ਮਹਿਸੂਸ ਕਰਦੇ ਹਨ ਕਿ ਉਹ ਸਮਾਂ ਪੰਜਾਬੀਆਂ ਲਈ ਬਹੁਤ ਮਾੜਾ ਸੀ ਪਰ ਪੁਲੀਸ ਲਈ ਵਧੀਆ ਰਿਹਾ। ਸਿਰਲੇਖ ਅਖ਼ਬਾਰੀ ਖ਼ਬਰ ਦੀ ਇਕ ਸੁਰਖੀ ਵਰਗਾ ਹੈ ਪਰ ਸਫ਼ਾ 'ਪੰਜ' ਗਾਇਬ ਹੈ। ਅਖ਼ਬਾਰ ਵਿਚੋਂ ਵੀ ਤੇ ਪੰਜਾਬ ਦੇ ਉਸ ਹਾਲਾਤ ਵਿਚੋਂ ਵੀ।

**98721-73475**

## ਅਨੇਮਨ ਸਿੰਘ:- ਨੂਰੀ
### ਪ੍ਰਕਾਸ਼ਕ: ਨਵਯੁਗ ਪਬਲਿਸ਼ਰਜ਼ ਦਿੱਲੀ
### ਮੁੱਲ: ਰੁ 225/- ਪੰਨੇ: 122

**-ਡਾ. ਪਰਗਟ ਸਿੰਘ ਟਿਵਾਣਾ**

ਅਨੇਮਨ ਸਿੰਘ ਚੌਥੇ ਪੜਾਅ ਦਾ ਉਹ ਕਹਾਣੀਕਾਰ ਹੈ ਜਿਸ ਦਾ ਪੰਜਾਬੀ ਕਥਾ ਸਾਹਿਤ 'ਚ ਜ਼ਿਕਰ ਤਾਂ ਹੁੰਦਾ ਹੈ ਪਰ ਉਹ ਬਹੁਤਾ ਅਣਗੌਲਿਆ ਜਿਹਾ ਹੀ ਰਿਹਾ ਹੈ। ਇਸ ਦਾ ਕਾਰਣ ਸਾਹਿਤਕ ਮੱਠਾਂ ਦੇ ਮਹੰਤਾਂ ਤੱਕ ਅਨੇਮਨ ਦੀ ਰਸਾਈ ਨਾ ਹੋਣਾ ਹੈ। ਉਸ ਦਾ ਪਹਿਲਾ ਕਹਾਣੀ ਸੰਗ੍ਰਹਿ 'ਗਲੀ ਨੰਬਰ ਕੋਈ ਨਹੀਂ' 2007 'ਚ ਛਪਿਆ ਸੀ। ਹੁਣ ਬਾਰਾਂ ਸਾਲਾਂ ਬਾਅਦ ਉਸ ਦਾ ਦੂਜਾ ਕਹਾਣੀ ਸੰਗ੍ਰਹਿ ਨੂਰੀ (2019) 'ਚ ਛਪਦਾ ਹੈ। ਇਸ ਸਮੇਂ ਦਾ ਅਨੁਭਵ, ਉਸ ਦੀ ਲਿਖਤ 'ਚੋਂ ਝਲਕਦਾ ਹੈ। 'ਨੂਰੀ' ਉਸ ਦੀ ਇੱਕ ਖਾਸ ਕਬੀਲੇ ਸੰਬੰਧੀ ਕਮਾਲ ਦੀ ਕਹਾਣੀ ਹੈ। ਜੋ ਪਹਿਲੀ ਪੜ੍ਹਤ ਦਿਲੋਂ ਦਿਮਾਗ਼ 'ਚ ਉੱਤਰਦੀ ਰੌਂਗਟੇ ਖੜ੍ਹੇ ਕਰਦੀ ਚਲੀ ਜਾਂਦੀ ਹੈ। ਪਾਸ਼ੀ ਦਾ ਆਪਣੇ ਕਬੀਲੇ ਦੀ ਚੜ੍ਹਤ ਲਈ ਯਤਨ, ਸਾਥੀਆਂ ਦੇ ਛੱਡ ਜਾਣ ਦਾ ਡਰ, ਰਾਜ਼ੀ ਦੇ ਅੰਗ ਦੀ ਬਲੀ ਦੇ ਕੇ ਆਪਣੇ ਵਰਗਾ ਬਣਾ ਲੈਣ ਦੇ ਵੇਰਵੇ ਹੀ ਕਹਾਣੀ 'ਚ ਸ਼ਾਮਿਲ ਨਹੀਂ ਸਗੋਂ ਉਸ ਤੋਂ ਬਾਅਦ ਉੱਭਰਦੇ ਦੁਖਾਂਤ ਦੀ ਕਹਾਣੀ ਹੈ। ਨੂਰੀ ਦੀ ਪੈਦਾਇਸ਼, ਉਸ ਦੀ ਡੇਰੇ 'ਚ ਆਮਦ, ਪਾਸ਼ੀ ਦੀ ਮੌਤ ਤੋਂ ਬਾਅਦ ਡੇਰੇ ਦੀ ਲੀਡਰ ਬਣ, ਇੱਕ ਹੋਰ ਬੱਚੇ (ਨੂਰੀ ਵਰਗੇ) ਨੂੰ ਚੁੱਕ ਕੇ ਲਿਆਉਣ ਦੀ ਦਾਸਤਾਂ ਇਸ ਕਹਾਣੀ ਦਾ ਸਿਖਰ ਹੈ। 'ਬੁਝਾਰਤ' ਲਿੰਗ ਆਧਾਰਿਤ ਪਛਾਣ ਨਾਲ ਜੁੜੀ ਕਹਾਣੀ ਹੈ। ਕਈ ਵਾਰ ਮਾਂ-ਪਿਉ ਔਲਾਦ ਦੀ ਲਿੰਗ ਆਧਾਰਿਤ ਵਿਸ਼ੇਸ਼ ਪਛਾਣ ਉੱਪਰ ਆਪਣੀ ਸੋਚ ਦਾ ਮੁਲੰਮਾ ਚਾੜ੍ਹ ਕੇ ਉਸ ਦੇ ਸ਼ਖ਼ਸੀ ਵਿਕਾਸ ਨੂੰ ਰੋਕਦੇ ਹਨ ਜਿਵੇਂ ਬੁਝਾਰਤ ਕਹਾਣੀ ਦੀ ਕੁੜੀ ਨੂੰ ਉਸ ਦਾ ਪਿਉ, ਮੁੰਡਾ ਬਣ ਕੇ ਰਹਿਣ ਲਈ ਮਜਬੂਰ ਕਰਦਾ ਹੈ। ਅਜਿਹੇ ਬੱਚੇ ਆਉਣ ਵਾਲੀ ਜ਼ਿੰਦਗੀ ਕਿਵੇਂ ਬਸ਼ਰ ਕਰਦੇ ਹਨ। ਉਸ ਮਸਲੇ ਤੇ 'ਬੁਝਾਰਤ' ਖ਼ੂਬਸੂਰਤ ਕਹਾਣੀ ਹੈ। 'ਅਜੇ ਆਪਾਂ ਇੰਨੇ ਨਹੀਂ ਮਾੜੇ' ਕਹਾਣੀ ਆਰਥਿਕ ਮਜਬੂਰੀਆਂ ਦੇ ਝੰਬੇ ਵਿਅਕਤੀ ਦੀਆਂ ਮਾਨਸਿਕ ਸੋਚਾਂ ਦੇ ਵਿਭਿੰਨ ਪੱਧਰਾਂ, ਹਾਲਤਾਂ ਦੇ ਸਾਹਮਣੇ ਟੁੱਟ ਕੇ ਆਪਣੇ ਜਿਗਰ ਦੇ ਟੋਟੇ ਦਾ ਮੁੱਲ ਤਾਰਨ ਤੱਕ ਸੋਚਣ ਦੀ ਕਹਾਣੀ ਹੈ। ਕਹਾਣੀ ਦੀ ਖ਼ੂਬਸੂਰਤੀ ਇਹ ਹੈ ਕਿ ਇਹ ਕਮਜ਼ੋਰ ਬੰਦੇ ਹਾਲਤਾਂ ਸਾਹਮਣੇ ਝੁਕਣ/ਟੁੱਟਣ ਦੀ ਬਜਾਏ ਹਾਲਤਾਂ ਦਾ ਸਾਹਮਣਾ ਕਰਨ ਦਾ ਹੌਸਲਾ ਰੱਖਦੇ ਹਨ। 'ਵ੍ਹੇਲ' ਆਰਥਿਕ ਮਜਬੂਰੀਆਂ ਦੇ ਦੱਬੇ ਇਨਸਾਨ ਦੀਆਂ ਨਵੀਆਂ ਸਮੱਸਿਆਵਾਂ 'ਤੇ ਇਨ੍ਹਾਂ ਦਾ ਬੱਚਿਆਂ ਦੇ ਮਾਨਸਿਕ ਪੱਧਰ 'ਤੇ ਪੈਂਦੇ ਪ੍ਰਭਾਵਾਂ ਨੂੰ ਉਲੀਕਦੀ ਵਜ਼ਨਦਾਰ ਕਹਾਣੀ ਹੈ। ਹਰਨੇਕ ਸਿਰ ਚੜ੍ਹਿਆ ਕਰਜ਼ ਉਸ ਦੀ ਆਤਮ-ਹੱਤਿਆ ਦਾ ਕਾਰਨ ਬਣਦਾ ਹੈ। ਪੁੱਤਰ ਨਸ਼ਿਆਂ ਚ ਧਸ ਜਾਂਦਾ ਹੈ। ਧੀ ਵ੍ਹੇਲ ਗੇਮ ਚ ਗ੍ਰਸੀ ਮੌਤ ਦੇ ਮੂੰਹ ਵੱਲ ਜਾ ਰਹੀ ਹੈ ਪਰ ਲੇਖਕ ਦਾ ਉਸਾਰੂ/ਆਦਰਸ਼ਕ ਦ੍ਰਿਸ਼ਟੀਕੋਣ ਕਹਾਣੀ ਦੇ ਅੰਤ ਉੱਪਰ ਧੀ ਨੂੰ ਬਚਾ ਨਵੀਂ ਜ਼ਿੰਦਗੀ ਦੇ ਰਾਹ ਵੱਲ ਤੋਰਦਾ ਹੈ। 'ਪਿਲਟਕਾ' ਤੇ 'ਅੱਕ ਦਾ ਸੁਆਦ' ਵੀ ਲੇਖਕ ਦੀਆਂ ਵਿਕਲੋਤਰੇ ਵਿਸ਼ਿਆਂ ਨੂੰ ਸਮੇਟਦੀਆਂ ਚੰਗੀਆਂ ਕਹਾਣੀਆਂ ਹਨ।

ਅਨੇਮਨ ਸਿੰਘ ਸੰਵੇਦਨਸ਼ੀਲ ਮਸਲਿਆਂ ਉੱਪਰ ਕਹਾਣੀ ਲਿਖਣ ਸਮੇਂ ਸੁਚੇਤ ਤੌਰ 'ਤੇ ਭਾਸ਼ਾ ਦੀ ਵਰਤੋਂ ਕਰਦਾ ਅਜਿਹਾ ਕੁੱਝ ਕਹਿ ਜਾਂਦਾ ਹੈ ਜਿਸ ਬਾਰੇ ਸਾਡਾ ਸਮਾਜ ਜਾਂ ਤਾਂ ਚੁੱਪ ਰਹਿੰਦਾ ਹੈ ਜਾ ਜ਼ਿਕਰ ਕਰਨ ਤੋਂ ਗੁਰੇਜ਼ ਕਰਦਾ ਹੈ। ਇਹ ਕਹਾਣੀਆਂ ਇਨਸਾਨੀ ਜਿਸਮ, ਸਮਾਜਿਕ ਬੰਧਨ, ਆਰਥਿਕ ਮਜਬੂਰੀਆਂ ਦੇ ਸ਼ਿਕਾਰ ਇਨਸਾਨਾਂ ਬਾਰੇ ਸਸ਼ਕਤ ਕਹਾਣੀਆਂ ਹਨ।



## ਅਦਬੀ ਚਿਹਰੇ: ਹਰਜਿੰਦਰ ਸਿੰਘ ਸੂਰੇਵਾਲੀਆ
### ਨਵਯੁਗ ਪਬਲੀਕੇਸ਼ਨਜ਼: ਨਵੀਂ ਦਿੱਲੀ
### ਮੁੱਲ: ਰੁ 300/- ਪੰਨੇ: 152

ਹਰਜਿੰਦਰ ਸਿੰਘ ਸੂਰੇਵਾਲੀਆ ਪੰਜਾਬੀ ਸਾਹਿਤਕ ਜਗਤ 'ਚ ਕਹਾਣੀਕਾਰ ਦੇ ਤੌਰ 'ਤੇ ਜਾਣਿਆ ਜਾਂਦਾ ਨਾਮ ਹੈ ਪਰ ਉਸ ਦੀ ਵਾਰਤਕ ਨੇ ਵੀ ਆਪਣਾ ਵੱਖਰਾ ਮੁਕਾਮ ਹਾਸਲ ਕੀਤਾ ਹੈ। 'ਪਾਪਾ ਆਪਾਂ ਬਰਾੜ ਹੁੰਨੇ ਆਂ' ਕਹਾਣੀ ਪੜ੍ਹਦਿਆਂ ਉਸ ਦੀ ਪਹਿਚਾਣ ਪਾਠਕ ਦੀ ਨਜ਼ਰ 'ਚ ਡੂੰਘੀ ਹੀ ਨਹੀਂ ਉੱਤਰਦੀ ਸਗੋਂ ਪਕੇਰੀ ਹੋ ਗਈ। ਅਦਬੀ ਚਿਹਰੇ ਉਸ ਦੀ ਰੇਖਾ ਚਿੱਤਰਾਂ ਦੀ ਨਵੀਂ ਪੁਸਤਕ ਹੈ। ਜਿਸ 'ਚ ਲੇਖਕ ਨੇ 10 ਅਦਬੀ ਸ਼ਖ਼ਸੀਅਤਾਂ ਸੰਗ ਮਾਣੇ ਪਲਾਂ ਨੂੰ ਆਪਣੀ ਕਲਮ ਰਾਹੀਂ ਬਾਖ਼ੂਬੀ ਉਘੇੜਿਆ ਹੈ। ਉਦਾਸ ਸ਼ਾਮਾਂ ਦਾ ਸੂਰਜ' ਗੁਰਦਿਆਲ ਸਿੰਘ ਦਾ ਰੇਖਾ ਚਿੱਤਰ ਹੈ। ਜਿਸ 'ਚ ਲੇਖਕ ਗੁਰਦਿਆਲ ਸਿੰਘ ਦੀ ਹਲੀਮੀ, ਸ਼ਰਾਫ਼ਤ, ਬਿਮਾਰੀ ਤੇ ਜੁਆਨੀ ਵੇਲੇ ਲੁਹਾਰਾ ਕੰਮ ਕਰਦੇ ਸਮੇਂ ਦੀ ਸਖ਼ਤ ਮਿਹਨਤ ਨੂੰ ਬਿਆਨਦਾ ਹੈ ਉੱਥੇ ਉਨ੍ਹਾਂ ਦੀ ਆਲੋਚਕ ਮੰਡਲੀ ਦੀ ਜਾਣਕਾਰੀ ਵੀ ਦਿੰਦਾ ਹੈ। ਰਾਮ ਸਰੂਪ ਅਣਖੀ ਨਵੇਂ ਕਹਾਣੀਕਾਰਾਂ ਦਾ ਪਿਉ 'ਚ ਲੇਖਕ ਅਣਖੀ ਦੇ ਗਿਣਨਾਤਮਕ ਤੇ ਗੁਣਨਾਤਮਕ ਸਾਹਿਤਕ ਰਚਨਾਵਾਂ ਬਾਰੇ ਦੱਸਦਾ ਹੈ। ਗੁਰਦੇਵ ਸਿੰਘ ਰੁਪਾਣਾ ਤੇ ਗੁਰਬਚਨ ਸਿੰਘ ਭੁੱਲਰ ਦੇ ਰੇਖਾ ਚਿੱਤਰਾਂ 'ਚ ਇਹਨਾਂ ਦੋ ਜ਼ਹੀਨ ਲੇਖਕਾਂ ਦੀਆਂ ਦਿੱਲੀ ਵਿਚਲੀਆਂ ਅਦਬੀ ਸ਼ਖ਼ਸੀਅਤਾਂ ਨਾਲ ਸਾਂਝ ਅਤੇ ਇਹਨਾਂ ਦੋਵਾਂ ਦੇ ਆਪਸੀ ਸੰਬੰਧ ਅਤੇ ਨਿੱਜੀ ਵਿਵਹਾਰ ਜਿਵੇਂ ਅੜਬਪੁਣੇ, ਬੌਧਿਕਤਾ ਆਦਿ ਦਾ ਜ਼ਿਕਰ ਕਰਦਾ ਹੈ। 'ਪੰਜਾਬੀ ਸਾਹਿਤ ਦਾ ਅਫ਼ਲਾਤੂਨ' ਲੇਖ 'ਚ ਬਲਦੇਵ ਸਿੰਘ ਦੇ ਵਿਭਿੰਨ ਤਖ਼ੱਲਸਾਂ, ਸੜਕਨਾਮਾ, ਲਾਲ ਬੱਤੀ, ਕਲਕੱਤੇ ਵਾਲਾ ਦੇ ਮੁੱਢਲੇ ਜੀਵਨ ਦੀਆਂ ਤੰਗੀ-ਤੁਰਸੀਆਂ ਨੂੰ ਉਭਾਰਦਾ ਹੈ। 'ਮੋਗੇ ਦਾ ਮਸਖ਼ਰਾ ਬਾਣੀਆ' ਕੇ. ਐਲ. ਗਰਗ ਤੇ ਬ੍ਰਹਮ ਜਗਦੀਸ਼ ਮਸਖ਼ਰਾ ਵਿਦਵਾਨ ਲੇਖਕ 'ਚ ਦੋਵੇਂ ਵਿਦਵਾਨਾਂ ਦੀ ਸ਼ਖ਼ਸੀਅਤ ਦੇ ਅਨੇਕਾਂ ਕੋਨੇ ਫਰੋਲਦਾ ਹੈ ਉੱਥੇ ਬ੍ਰਹਮ ਜਗਦੀਸ਼ ਨੂੰ ਗੱਲ ਓੜਨ ਦੀ ਸਮਰੱਥਾ ਨੂੰ ਉਸਾਰਦਾ ਹੈ। ਪ੍ਰੋ. ਲੋਕ ਨਾਥ ਉਰਫ਼ ਲੋਕੀ ਉਰਫ਼ ਨੰਗਾ ਆਦਮੀ ਰੇਖਾ ਚਿੱਤਰ 'ਚ ਲੇਖਕ ਲੋਕ ਨਾਥ ਦੇ ਨੰਗ ਨੂੰ ਨਾ ਚਿੱਤਰ ਕੇ ਉਸ ਦੀ ਸ਼ਖ਼ਸੀ ਅਮੀਰੀ ਨੂੰ ਚਿਤਰਦਾ ਹੈ। 'ਯਾਰਾਂ ਲਈ ਜਿੰਦ ਹਾਜ਼ਰ ਕਰਨ ਵਾਲਾ ਜਿੰਦਰ' 'ਚ ਜਿੰਦਰ ਦੀ ਜ਼ਿੰਦਗੀ ਦੇ ਰੰਗ ਉਸ ਦੀ ਜ਼ਿੰਦਾ-ਦਿਲੀ ਤੇ ਪਾਕ ਰੂਹ ਦੇ ਅਨੇਕ ਪਹਿਲੂ ਉੱਭਰਦੇ ਹਨ। ਦਲਿਤ ਭਾਈਚਾਰੇ ਦੇ ਜੀਵਨ ਦੀਆਂ ਦੁਸ਼ਵਾਰੀਆਂ 'ਐਨਾ ਸੱਚ ਨਾ ਲਿਖ' ਬਲਵੀਰ ਮਾਧੋਪੁਰੀ ਦੇ ਰੇਖਾ ਚਿੱਤਰ 'ਚ ਬਾਖ਼ੂਬੀ ਉੱਘੜਦੀਆਂ ਹਨ ਉੱਥੇ ਲੇਖਕ ਦੇ ਬਚਪਨ ਦੇ ਸੰਘਰਸ਼, ਉਸ ਦੀ ਸਮਾਜ ਤੇ ਖਾਸ ਤੌਰ 'ਤੇ ਦਲਿਤ ਭਾਈਚਾਰੇ ਨੂੰ ਦੇਣ ਵੀ ਬਾਖ਼ੂਬੀ ਉੱਭਰਦੀ ਹੈ। ਇਹਨਾਂ ਰੇਖਾ ਚਿੱਤਰਾਂ 'ਚ ਲੇਖਕ ਦੀ ਅਦਬੀ ਸ਼ਖ਼ਸੀਅਤਾਂ ਨਾਲ ਵਿਭਿੰਨ ਤਰ੍ਹਾਂ ਦੀ ਸਾਂਝ, ਅਪਣੱਤ ਦੇ ਵੇਰਵੇ ਤਾਂ ਦਰਜ਼ ਹਨ ਹੀ ਪਰ ਨਾਲ ਹੀ ਲੇਖਕ ਚੁਟਕਲਿਆਂ, ਮਸਖ਼ਰੇ ਪੱਖ ਨੂੰ ਤਰਜੀਹ ਦਿੰਦਾ ਕਿਤੇ ਨਾ ਕਿਤੇ ਅਸਲ ਵੇਰਵਿਆਂ ਤੋਂ ਥਿੜਕਦਾ ਨਜ਼ਰੀ ਪੈਂਦਾ ਹੈ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਰੇਖਾ ਚਿੱਤਰਾਂ ਦੀ ਵਿਧਾ 'ਚ ਇਸ ਪੁਸਤਕ ਦਾ ਆਪਣਾ ਵੱਖਰਾ ਰੰਗ ਤਾਂ ਜ਼ਰੂਰ ਹੈ।

# ਪ੍ਰੇਮ ਕਵਿਤਾ ਦੇ ਅਨੂਠੇ ਅਨੁਭਵ 'ਚੋਂ ਲੰਘਦਿਆਂ : ਬਿਰਸਾ ਮੁੰਡਾ ਦਾ ਪੁਨਰ ਜਨਮ

**-ਜਸਵੀਰ ਸ਼ੀਰੀ**

ਮੱਖਣ ਮਾਨ ਦੀਆਂ ਕਵਿਤਾਵਾਂ ਮੂਲ ਰੂਪ ਵਿੱਚ ਪ੍ਰੇਮ ਕਵਿਤਾਵਾਂ ਹਨ। ਕਾਵਿ-ਭਾਸ਼ਾ ਬੜੀ ਵੇਗਮੱਤੀ ਹੈ। ਕਈ ਸਾਲ ਪਹਿਲਾਂ ਮੱਖਣ ਦੀ ਕਹਾਣੀਆਂ ਦੀ ਕਿਤਾਬ ਵੀ ਪੜ੍ਹੀ ਸੀ। ਉਸ ਕਿਤਾਬ ਬਾਰੇ ਇੱਕ ਛੋਟੀ ਜਿਹੀ ਲਿਖਤ ਵਿੱਚ ਮੈਂ ਕਿਹਾ ਵੀ ਸੀ ਕਿ ਇਹਨਾਂ ਕਹਾਣੀਆਂ ਦੀ ਭਾਸ਼ਾ ਵਿੱਚ ਬੜੀ ਕਾਵਿਕਤਾ ਮੌਜੂਦ ਹੈ। ਲੇਖਕ ਆਮ ਤੌਰ 'ਤੇ ਕਵਿਤਾ ਤੋਂ ਕਹਾਣੀ, ਨਾਵਲ ਵੱਲ ਸਫਰ ਕਰਦੇ ਹਨ। ਇਸ ਮਾਮਲੇ ਵਿੱਚ ਮੱਖਣ ਮਾਨ ਨੇ ਉਲਟ ਰੁਖ ਸਫਰ ਤਹਿ ਕੀਤਾ ਹੈ।

ਉਦੋਂ ਮੱਖਣ ਮਾਨ ਦੀਆਂ ਕਹਾਣੀਆਂ ਵੀ ਚੰਗੀਆਂ ਲੱਗੀਆਂ ਸਨ, ਪਰ ਉਸਦੀਆਂ ਕਵਿਤਾਵਾਂ ਦੀ ਕਿਤਾਬ ਕਹਾਣੀਆਂ ਨਾਲੋਂ ਵਧੇਰੇ ਪੁਖਤਾ ਹੈ। ਉਸਨੇ ਭਾਸ਼ਾਈ ਹੁਨਰ, ਭਾਸ਼ਾਕਾਰੀ ਅਤੇ ਚਿੰਤਨ ਦੀ ਤਾਜ਼ਗੀ ਦੇ ਮਾਮਲੇ ਵਿੱਚ ਵਿਕਾਸ ਕੀਤਾ ਹੈ । ਇਸਤੋਂ ਵੀ ਅੱਗੇ ਉਸਦੀ ਸੋਚਣੀ/ਚਿੰਤਨਸ਼ੀਲਤਾ ਨੇ ਅਨੇਕਾਂ ਦਵਾਰ ਖੋਲ੍ਹ ਲਏ ਹਨ। ਕਈ ਹੋਰ ਲਾਂਘੇ ਭੰਨ ਲਏ ਹਨ। ਕਿਸੇ ਲੇਖਕ ਦੀ ਲੇਖਣੀ ਦੀਆਂ ਤਹਿਆਂ ਓਨੀਆ ਹੀ ਗਹਿਰੀਆਂ, ਬਹੁ-ਧਿਰੀਆਂ, ਬਹੁ-ਪਰਤੀ ਹੋਣਗੀਆਂ, ਜਿੰਨੀਆਂ ਜ਼ਿਆਦਾ ਉਸਨੇ ਆਪਣੇ ਮਨ ਦੀਆਂ ਖਿੜਕੀਆਂ ਖੁੱਲ੍ਹੀਆਂ ਰੱਖੀਆਂ ਹੋਣਗੀਆਂ। ਮਨ ਦੇ ਬੂਹੇ ਬਾਰੀਆਂ ਭੇੜ ਕੇ ਕੋਈ ਲੇਖਕ/ਮਨੁੱਖ ਵਿਕਾਸ (ਖਿੜ) ਨਹੀਂ ਸਕਦਾ ਅਤੇ ਬਿਨਾਂ ਖੇੜੇ ਦੇ ਕਵਿਤਾ ਕਹੀ ਨਹੀਂ ਜਾ ਸਕਦੀ।

ਮੱਖਣ ਮਾਨ ਦੀ ਕਵਿਤਾ ਦੇ ਸ਼ਬਦਾਂ/ਛੋਹਾਂ ਵਿੱਚ ਮੁਕੰਮਲ ਤਾਜ਼ਗੀ ਹੈ। ਇਸ ਕਵਿਤਾ ਨੂੰ ਪੜ੍ਹਦਿਆਂ ਇਹ ਸੱਜਰਾਪਨ ਹੀ ਮਨ ਉੱਤੇ ਤੇਜ ਕਾਵਿਕ ਅਸਰ ਕਰਦਾ ਹੈ। ਮੱਖਣ ਮਾਨ ਦਾ ਇਹ ਕਾਵਿਕ ਤੇਜ ਪੰਜਾਬ ਦੀ ਸੱਭਿਆਚਾਰਕ ਧਰਾਤਲ ਦੇ ਬਹੁਤ ਨਜ਼ਦੀਕ ਹੈ।

ਮੈਂ ਇੱਕ-ਇੱਕ ਕਰਕੇ ਪੰਜ ਖਤ ਲਿਖੇ ਉਸ ਨਦੀ ਨੂੰ
ਇਹਨਾਂ ਖਤਾਂ ਦੀਆਂ ਮੈਂ ਕਿਸ਼ਤੀਆਂ ਬਣਾਈਆਂ
ਨਦੀ ਦੇ ਪਾਣੀਆਂ 'ਚ ਠੇਲ ਦਿੱਤੀਆਂ
ਤੈਰਦੀਆਂ ਕਿਸ਼ਤੀਆਂ 'ਚ ਸ਼ਬਦਾਂ ਦੇ ਅਰਥ ਏਨੇ ਗਹਿਰੇ
ਪੰਜ ਪੀਰ ਉਸਨੂੰ ਪੜ੍ਹਨ ਆਏ
ਹਰ ਕਿਸ਼ਤੀ 'ਚ , ਦੀਵੇ ਜਗਾਏ
ਸ਼ਬਦ ਚਮਕ ਪਏ
ਸ਼ਬਦ ਮਹਿਕ ਪਏ
ਸ਼ਬਦ ਪਾਣੀਆਂ ਸੰਗ ਖੇਡਣ ਲੱਗੇ
ਸ਼ਬਦ ਨਦੀ ਅੰਦਰ ਵਗਣ ਲੱਗੇ
ਸ਼ਬਦ ਪੰਜ ਤੱਤ ਬਣ ਨਦੀ 'ਚ ਘੁੰਮੇ
ਨਦੀ ਸ਼ਬਦਾਂ ਸੰਗ ਖੇਡਦੀ
ਉਹਨਾਂ 'ਚ ਹੀ ਅਭੇਦ ਹੋ ਗਈ।

ਕਵਿਤਾ ਨੂੰ ਪੜ੍ਹਦਿਆਂ ਉਹ ਕਿਹੜੀ ਸ਼ੈਅ ਹੈ, ਜਿਹੜੀ ਚੰਗੀ ਚੰਗੀ ਲੱਗਦੀ ਹੈ।



ਕਵਿਤਾ ਦੇ ਅਰਥ, ਸ਼ਬਦਾਂ ਦੀ ਲੈਅ, ਜਾਂ ਵਿਚਾਰਧਾਰਾ ? ਮੇਰੇ ਹਿਸਾਬ 'ਚ ਕਵਿਤਾ ਵਿੱਚ ਕੋਈ ਹੋਰ, ਉਚੇਰੀਵੱਧ ਮਹੀਨ ਸ਼ੈਅ ਹੁੰਦੀ, ਜਿਹੜੀ ਕਵਿਤਾ ਨੂੰ ਕਵਿਤਾ ਬਣਾਉਂਦੀ ਹੈ। ਕਵਿਤਾ ਪਾਠ ਜਦੋਂ ਅਨੰਤ ਖਿੜਕੀਆਂ ਸਾਂਭੀ ਬੈਠਾ ਹੋਵੇ, ਤਾਂ ਹਰ ਨਵੇਂ ਪਾਠਕ ਲਈ ਇੱਕ ਨਵੀਂ, ਉਹਦੀ ਆਪਣੀ ਖਿੜਕੀ ਖੁੱਲ੍ਹ ਜਾਂਦੀ ਹੈ, ਜਿਸ ਵਿੱਚੋਂ ਉਸ ਨੂੰ ਜ਼ਿੰਦਗੀ ਸੱਜਰੀ ਵਿਖਾਈ ਦਿੰਦੀ। ਇਸਦੇ ਉਲਟ ਸੀਮਤ ਅਰਥਾਂ ਵਾਲੀ ਕਵਿਤਾ ਜ਼ਿੰਦਗੀ ਦੀ ਨੀਰਸਤਾ ਦੇ ਦਰਸ਼ਨ ਕਰਵਾਉਣ ਲੱਗ ਪਈ।

ਭਲਾ ਕਿੰਨਾ ਕੁ ਚਿਰ
ਰਿਸ਼ਤੇ ਦੀ ਲਾਸ਼ ਚੁੱਕੀ ਫਿਰਾਂਗੀ ਮੈਂ
ਆਖਰ ਹੱਡ ਮਾਸ ਦੀ ਪੁਤਲੀ ਹਾਂ
ਥੱਕ ਗਈ ਹਾਂ
ਹੰਭ ਗਈ ਹਾਂ
ਮੈਂ ਟੁੱਟੀ ਹੋਈ ਪੁਲੀ ਵਾਂਗ
ਜਾਂ ਖੰਡਰ ਇਮਾਰਤ ਵਾਂਗ
ਅੱਖਾਂ 'ਚ ਕੰਕਰ ਲਈ
ਉਡੀਕ ਦਾ ਫਲਸਫਾ ਪੜ੍ਹਦੀ
ਤੜਫਦੀ
ਵਿਲਕਦੀ
ਸੋਚਦੀ
ਤੇਰੇ ਬੱਲ ਕਿੰਨੇ ਸੋਹਣੇ ਸਨ
ਉਹਨਾਂ ਦੇ ਬੋਲ ਓਨੇ ਹੀ ਕੋਹਝੇ

ਬੋਲ, ਰਿਸ਼ਤੇ, ਅਰਥ ਜਦੋਂ 'ਫਿਕਸ' ਹੋ ਜਾਂਦੇ ਹਨ, ਉਹਨਾਂ ਦਾ ਕੋਹਝਾ ਯਥਾਰਥ ਉਘੜਨ ਲੱਗਦਾ ਅਤੇ ਕਾਵਿਕਤਾ, ਕਵਿਤਾ ਦੀ ਮੌਤ ਹੋਣ ਲੱਗਦੀ ਹੈ।

ਮੱਖਣ ਮਾਨ ਦੀ ਕਵਿਤਾ ਦਾ ਆਵੇਸ਼ 'ਪ੍ਰੇਮ' ਦਾ ਹੈ। ਇਸਨੂੰ 'ਰੂਹਾਨੀ' ਪ੍ਰੇਮ ਵੀ ਕਹਿ ਸਕਦੇ ਹਾਂ। 'ਰੂਹਾਨੀ' ਸ਼ਬਦ ਮੇਰੀ ਸਮਝ ਵਿੱਚ ਦੋ ਸ਼ਬਦਾਂ ਤੋਂ ਬਣਿਆ ਹੈ, ਰੂਹ + ਹਾਣੀ। ਇਹ ਰੂਹ ਦੇ ਹਾਣੀ ਲਈ ਲਿਖੀਆਂ ਗਈਆਂ ਕਵਿਤਾਵਾਂ ਹਨ। ਜਦੋਂ ਕਵਿਤਾ ਰੂਹਾਨੀ ਹੋ ਜਾਂਦੀ ਹੈ, ਤਾਂ ਜਨਮਾਂ ਦੀ ਕੰਧ ਟੱਪ ਜਾਂਦੀ ਹੈ। ਇਸ ਕਿਤਾਬ ਵਿੱਚ ਸ਼ਬਦ 'ਰੂਹ' ਸੱਭ ਤੋਂ ਵੱਧ ਵਾਰ ਦੁਹਰਾਇਆ ਗਿਆ ਹੈ। ਸ਼ਾਇਦ ਹੀ ਕੋਈ ਹੋਰ ਸ਼ਬਦ ਏਨੀ ਵਾਰ ਦੁਹਰਾਇਆ ਗਿਆ ਹੋਵੇ।

ਉਹ ਰੂਹ ਦਾ ਚੋਲਾ ਪਾਈ
ਜੁੰਮੇ ਦੀ ਰਾਤ ਮੇਰੇ ਕੋਲ ਆਈ
ਉਸਦੇ ਬੋਝੇ ਵਿੱਚ ਕਵਿਤਾਵਾਂ ਸਨ
ਪੌਣ ਵਾਂਗ ਬੇਖੌਫ ਸੀ ਉਹ
ਜ਼ਿੰਦਗੀ ਦਾ ਅਨੁਭਵ ਵੀ
ਨਿੰਮ ਵਾਂਗ ਕੌੜਾ ਸੀ
ਉਹ ਤੇ ਮੈਨਾ ਸੀ
ਕੱਚੀਆਂ ਅੰਬੀਆਂ ਟੁੱਕਦੀ

ਮੇਰੀ ਰੂਹ ਦੀ ਸ਼ਾਖ਼ 'ਤੇ ਆ ਬੈਠੀ ਸੀ।

ਰੂਹ ਦਾ ਹਾਣ ਸਿਰਫ ਔਰਤ-ਮਰਦ ਦੇ ਰਿਸ਼ਤੇ ਦੀ ਤਾਸੀਰ ਨਹੀਂ, ਮਰਦਾਂ ਵਿਚਕਾਰ ਵੀ ਅਜਿਹੇ ਰਿਸ਼ਤੇ ਹੋ ਸਕਦੇ ਹਨ। ਪਤਾ ਉਦੋਂ ਲੱਗਦਾ, ਜਦੋਂ ਸਧਾਰਨ ਦੋਸਤੀਆਂ ਗੂੜ੍ਹੀਆਂ ਯਾਰੀਆਂ ਵਿੱਚ ਬਦਲ ਜਾਂਦੀਆਂ ਹਨ, ਅਤੇ ਸਿਰਾਂ ਦੇ ਮੁੱਲ ਦੇ ਕੇ ਨਿਭਾਈਆਂ ਜਾਂਦੀਆਂ ਹਨ। ਅਜਿਹੇ ਰਿਸ਼ਤਿਆਂ ਦੇ ਇਹੋ ਜਿਹੇ ਹੀ ਇਮਤਿਹਾਨ ਹੁੰਦੇ।


ਰੂਹ ਦਾ ਹਾਣ ਗੈਬੀ ਹੁੰਦਾ ਹੈ। ਇਸ ਰਿਸ਼ਤੇ ਦਾ ਰਹੱਸ ਮਨੁੱਖ ਦੀ ਚੇਤਨਾ ਨੂੰ ਉੱਲਾਸ/ ਉੱਥਾਨ ਬਖਸ਼ਦਾ ਹੈ। ਪਰ ਇਹੋ ਜਿਹੇ ਰਿਸ਼ਤਿਆਂ ਦੀ ਇਹ ਤਰਾਸਦੀ ਵੀ ਹੁੰਦੀ ਕਿ ਜੇ ਉਹਨਾਂ ਨੂੰ ਜਬਰਦਸਤੀ ਦੇ ਬੰਧਨ ਵਿੱਚ ਬੱਨ੍ਹਣ ਦਾ ਯਤਨ ਕਰੋ, ਤਾਂ ਇਹਨਾਂ ਦਾ 'ਗੈਬ' ਗੁੰਮ ਜਾਂਦਾ, ਇਹ ਰਹੱਸ/ਗੈਬ ਹੀ ਜ਼ਿੰਦਗੀ ਨੂੰ ਤਾਜ਼ਗੀ ਬਖਸ਼ਦਾ। ਇਸੇ ਨਾਲ ਕਵਿਤਾ ਵਿੱਚ ਦਿਲ ਲੁਭਾਉਣੀ ਕੋਮਲਤਾ ਉਪਜਦੀ।

ਮੇਰੇ ਜਿਸਮ ਦੀਆਂ ਕੰਧਾਂ 'ਚ
ਤੇਰਾ ਵੀ ਨਾਂ ਚਿਣਿਆ ਗਿਆ
ਤੇ ਉਸਦਾ ਵੀ
ਮੈਂ ਕਿਵੇਂ ਖੁਰਚ ਦੇਵਾਂ ਇਹ ਨਾਂ
ਮੇਰੇ ਮਨ ਦੇ ਕੁਰੂਕਸ਼ੇਤਰ ਵਿੱਚ ਘਮਸਾਨ ਚੱਲ ਰਿਹਾ
ਤੂੰ ਹੀ ਦੱਸ ਕੰਬਦੇ ਹੱਥਾਂ ਨਾਲ ਕਿਸਨੂੰ ਵਿੰਨ ਦੇਵਾਂ ਤੀਰਾਂ ਨਾਲ।
.. .. ..
ਅਵਾਰਗੀ ਦਾ ਸਿਤਮ ਦੇਖੋ
ਤੇਰੇ ਰਾਹਾਂ 'ਚ ਵੀ ਖੜੀ ਹਾਂ
ਤੈਥੋਂ ਦੂਰ ਵੀ ਕਿੰਨੀ ਹਾਂ

ਪ੍ਰੇਮ ਉਲਾਸ ਵਿੱਚ ਕਈ ਵਾਰ ਤਾਂ ਇਹ ਕਵਿਤਾ ਏਨੀ ਜਲਵਾਮਈ ਹੋ ਜਾਂਦੀ ਹੈ ਕਿ ਪੰਜਾਬ ਦੇ ਇਤਿਹਾਸਕ ਪਿਆਰ ਅਨੁਭਵਾਂ ਨੂੰ ਪ੍ਰੋ. ਪੂਰਨ ਸਿੰਘ ਜਾਂ ਬੁੱਲ੍ਹੇ ਸ਼ਾਹ ਦੇ ਸੂਫੀ ਅਨੁਭਵ ਦੇ ਨੇੜੇ ਚਲੇ ਜਾਂਦੀ ਹੈ।


ਮੈਂ ਜੋਗ ਹਾਂ ਪੰਜ ਪੀਰਾਂ ਦਾ
ਤੂੰ ਧੂਣੀ ਹੈ ਫਕੀਰ ਦੀ
ਦੀਵਾ ਹੈ ਗਿਆਨ ਦਾ
ਜਿੱਥੇ ਸਿੱਧ ਗੋਸ਼ਟਿ ਹੁੰਦਾ
ਜਿੱਥੇ ਨਾਨਕ ਹੁੰਦਾ
ਕਬੀਰ ਹੁੰਦਾ
ਮਜਲਸ ਹੁੰਦੀ
ਤੂੰ ਪੰਜਵਾਂ ਚਿਰਾਗ਼ ਹੈਂ
ਜਿਹੜਾ ਬਲਦਾ ਨਾਥਾਂ ਦੇ ਡੇਰੇ
.. .. ..
ਤੂੰ ਰਾਂਝੇ ਨੂੰ ਹੀਰ ਵੱਲੋਂ ਖਵਾਈ ਚੂਰੀ ਏਂ






ਜਿਸਦੀ ਮਿਠਾਸ ਪੰਜਾਬ ਦੀ ਜੀਭ 'ਤੇ ਵੱਸਦੀ ਹੈ


ਮੱਖਣ ਮਾਨ ਦੀ ਕਵਿਤਾ ਦਾ ਇੱਕ ਪੱਖ ਦਲਿਤ, ਦਮਿਤ ਚੇਤਨਾ ਦਾ ਵੀ ਹੈ। ਇਹ ਉਸਦੇ ਕਾਵਿਕ ਆਵੇਸ਼/ਬਹਾਓ ਵਿੱਚ ਸੁਚੇਤ ਦਖਲ ਹੈ। ਇਸ ਵਿੱਚ ਉਹ ਇਹ ਦਰਸਾਉਣ ਦਾ ਯਤਨ ਕਰਦਾ ਹੈ ਕਿ ਉਹ ਕਿਸ ਧਿਰ ਨਾਲ ਖੜਾ ਹੈ। ਕੁੱਝ ਕਵਿਤਾਵਾਂ ਵਿੱਚ ਇਹ ਦਖਲ ਸਹਿਜ ਲੱਗਦਾ ਹੈ, ਜਿਵੇਂ ਬਿਰਸਾ ਮੁੰਡਾ ਵਾਲੀ ਕਵਿਤਾ ਵਿੱਚ ਹੈ। ਕੁੱਝ ਥਾਵਾਂ 'ਤੇ ਇਉਂ ਲੱਗਦਾ ਹੈ ਜਿਵੇਂ ਕਵਿਤਾ 'ਤੇ ਵਾਧੂ ਭਾਰ ਲੱਦਿਆ ਹੋਵੇ। ਉਸ ਤੋਂ ਬਚਿਆ ਜਾ ਸਕਦਾ ਸੀ। ਮਰਹੂਮ ਹਰਿੰਦਰ ਸਿੰਘ ਮਹਿਬੂਬ ਦੇ ਸ਼ਬਦਾਂ ਵਿੱਚ, 'ਤੁਹਾਡੀ ਕਵਿਤਾ 'ਚ ਵਿਚਾਰਧਾਰਾ ਇੰਝ ਛੁਪੀ ਹੋਣੀ ਚਾਹੀਦੀ ਹੈ ਜਿਵੇਂ ਹਰੇ ਪੱਤਿਆਂ 'ਚ ਮਹਿੰਦੀ ਦਾ ਰੰਗ ਛੁਪਿਆ ਹੁੰਦਾ।'




**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**



## ਆਵਾਜ਼ਾਂ (2014) ਤੋਂ ਬਾਅਦ
## ਜਿੰਦਰ ਦਾ ਨਵਾਂ ਕਹਾਣੀ ਸੰਗ੍ਰਹਿ




**ਸੰਗਮ ਪਬਲੀਕੇਸ਼ਨਜ਼, ਸਮਾਣਾ**

ਹਰਜੀਤ ਅਟਵਾਲ ਮਾਲਕ ਤੇ ਪ੍ਰਕਾਸ਼ਕ ਨੇ ਅਰਨਾ ਪ੍ਰਿੰਟਿੰਗ ਪ੍ਰੈਸ, ਪਟਿਆਲਾ ਤੋਂ ਛਪਵਾ ਕੇ 67, Hillside Road, Southall, Middlesex , England. UB1 2PE ਤੋਂ ਜਾਰੀ ਕੀਤਾ।